ਪ੍ਰਕਾਸ਼ਕ ਹਰਮਿੰਦਰ ਸਿੰਘ ਵਿਰਦੀ ਅਤੇ ਬਸੰਤ ਸੁਹੇਲ ਪਬਲੀਕੇਸ਼ਨਜ਼ ਦੀ ਪੇਸ਼ਕਸ਼

# ਸੁਖ਼ਨ ਦੇ ਵਾਰਿਸ

## ਅੰਤਰ-ਰਾਸ਼ਟਰੀ ਸਾਂਝਾ ਕਾਵਿ-ਸੰਗ੍ਰਹਿ



**ਸੰਪਾਦਕੀ ਮੰਡਲ :**


ਚਰਨ ਸਿੰਘ (ਕੈਨੇਡਾ)
ਰਮਿੰਦਰ ਵਾਲੀਆ (ਕੈਨੇਡਾ)
ਡਾ. ਮਨਦੀਪ ਸਿੰਘ
ਭੁਪਿੰਦਰ ਸਿੰਘ ਸੱਗੂ (ਯੂ.ਕੇ)
ਸੰਧੂ ਵਰਿਆਣਵੀ
ਸਾਬੀ ਈਸਪੁਰੀ

# ਸੁਖ਼ਨ ਦੇ ਵਾਰਿਸ
2024

(ਅੰਤਰ-ਰਾਸ਼ਟਰੀ ਸਾਂਝਾ ਕਾਵਿ-ਸੰਗ੍ਰਹਿ)

BS PUBLICATIONS

# ਸੁਖ਼ਨ ਦੇ ਵਾਰਿਸ

ਅੰਤਰ-ਰਾਸ਼ਟਰੀ ਸਾਂਝਾ ਕਾਵਿ-ਸੰਗ੍ਰਹਿ
ਪ੍ਰਕਾਸ਼ਕ - ਹਰਮਿੰਦਰ ਸਿੰਘ ਵਿਰਦੀ

©
*Imprint owned by the Publisher*

**All rights are reserved. No part of this publication may be reproduced, stored in a retrieval system or transmitted, in any form or by any means, mechanical, photocopying, recording or otherwise, without prior written permission of the publisher & author.**

Edition : 2024
ISBN : 978-81-948385-5-8 (Gracious)
Price : Rs. 650/-
Published By : Basant-Suhail Publications
Phagwara (Kapurthala)
Mobile : +91 98885-56801
e-mail : harmindersvirdi@gmail.com

Printed at : Basant-Suhail Press, Satnampura,
Phagwara
Mobile : +91 98885-56801

# ਤਤਕਰਾ


1. ਸੁਖਦੇਵ ਸਿੰਘ ਗੰਢਵਾਂ 1
2. ਜਸਵੰਤ ਸਿੰਘ ਰੌਲੀ 6
3. ਭੂਪਿੰਦਰ ਸਿੰਘ ਸੱਗੂ 11
4. ਬਾਬਾ ਗੁਲਾਮ ਹੁਸੈਨ ਨਦੀਮ 16
5. ਚਰਨ ਸਿੰਘ 21
6. ਸਾਬੀ ਈਸਪੁਰੀ 26
7. ਡਾ. ਸੁਧਾਮਨੀ ਸੂਦ 31
8. ਮੀਤ ਮਨਦੀਪ 36
9. ਡਾ. ਅਖ਼ਤਰ ਹੁਸੈਨ ਸੰਧੂ 41
10. ਅਮਨਦੀਪ ਸਿੰਘ ਅਮਨ 46
11. ਰਿੰਪੀ ਗਿੱਲ 51
12. ਅਮਰਜੀਤ ਸਿੰਘ 56
13. ਪਰਮਜੀਤ ਕਾਤਿਬ 61
14. ਸਤਿੰਦਰਜੀਤ ਕੌਰ 66
15. ਕੈਂਥ ਰਾਵਿੰਦਰ ਜਗਰਾਉਂ 71
16. ਪੰਮੀ ਖੁਸ਼ਹਾਲਪੁਰੀ 76
17. ਗੁਰਸ਼ਰਨ ਸਿੰਘ ਅਜੀਬ 81
18. ਡਾ. ਮਹਿੰਦਰ ਗਿੱਲ 86
19. ਦਰਸ਼ਨ ਬੁਲੰਦਵੀ (ਧੰਜਲ) 91
20. ਡਾ. ਦੇਵਿੰਦਰ ਕੌਰ 96
21. ਸੁਖਵਿੰਦਰ 101
22. ਜਸਬੀਰ ਮੀਰਾਂਪੁਰ 106
23. ਸੁਖਦੇਵ ਭਾਮ 111
24. ਸੁਰਜੀਤ ਸਿੰਘ ਬਲਾੜ੍ਹੀ ਕਲਾਂ 116

25. ਸਗਲੀ ਰਾਮ 121
26. ਗੁਰਮੇਲ ਕੌਰ ਸੰਘਾ 126
27. ਮਹਿੰਦਰ ਸਿੰਘ ਦਿਲਬਰ 131
28. ਕੇਵਲ ਰਾਮ 136
29. ਪ੍ਰਿੰਸੀਪਲ ਆਰ. ਕੇ. ਪਵਾਰ 141
30. ਰਮਿੰਦਰ ਕੌਰ ਵਾਲੀਆ 146
31. ਹਰਮਿੰਦਰ ਸਾਹਿਲ 151
32. ਸਿਮਰਤ ਸੁਮੈਰਾ 156
33. ਬੁੱਧ ਸਿੰਘ ਨਡਾਲੋਂ 161
34. ਰੈਪੀ ਰਾਜੀਵ 166
35. ਸਿੰਮੀ ਬਾਂਸਲ 171
36. ਸ਼ਾਇਰ ਭੱਟੀ 176
37. ਸੰਧੂ ਉਰਜੀਵ 181
38. ਅਨੀਤਾ ਜੱਖੂ 186
39. ਡਾ. ਸੰਗੀਤਾ 191
40. ਨਵਤੇਜ ਗੜ੍ਹਦੀਵਾਲ਼ਾ 196
41. ਰਾਜਿੰਦਰਜੀਤ 201
42. ਸਫ਼ੀਆ ਹਯਾਤ 206
43. ਕਵਿੰਦਰ ਚਾਂਦ 211
44. ਸੰਧੂ ਵਰਿਆਣਵੀ 216
45. ਨਕਸ਼ ਵਰਿਆਣਵੀ 221
46. ਪ੍ਰਭਾਤ ਵਰਮਾ 226
47. ਅਮਰਿੰਦਰ ਸਿੰਘ 'ਵਿੱਕੀ' 231
48. ਸੀਤਲ ਲੋਈ 236
49. ਪਰਵੀਨ ਕੁਮਾਰ ਗਰਗ 241
50. ਗੁਰਦਰਸ਼ਨ 'ਬਾਦਲ' 246

51. ਸੁਰਿੰਦਰ ਪਾਲ ਸਿੰਘ ਕਵੈਂਟਰੀ 251
52. ਹੈਦਰ ਅਲੀ ਸਾਹਿਰ 256
53. ਜਾਵੇਦ ਆਰਿਫ਼ 261
54. ਅੰਮ੍ਰਿਤ ਪਾਲ ਸਿੰਘ 266
55. ਆਰਿਫ਼ ਗੋਬਿੰਦਪੁਰੀ 271
56. ਚਰਨਜੀਤ ਸਮਾਲਸਰ 276
57. ਜਸਵੰਤ ਵਾਗਲਾ 281
58. ਅਜ਼ੀਮ ਸ਼ੇਖਰ 286
59. ਗੁਰਭਜਨ ਗਿੱਲ 291
60. ਜਗਦੀਸ਼ ਰਾਣਾ 296
61. ਪਿਆਰਾ ਸਿੰਘ ਕੁੱਦੋਵਾਲ 301
62. ਬਿੰਦੂ ਮਠਾਰੂ 306
63. ਹਰਸ਼ਰਨ ਕੌਰ 311
64. ਸੁਰਿੰਦਰ ਸੋਹਲ 316
65. ਹਰਵਿੰਦਰ ਸਿੰਘ 321
66. ਸਰਵਣ ਸਿੱਧੂ 326
67. ਸੱਤਪਾਲ ਸਾਹਲੋਂ 331
68. ਮਨੋਜ ਫਗਵਾੜਵੀ 336
69. ਗੁਰਦਿਆਲ ਰੌਸ਼ਨ 341
70. ਰਜਨੀ ਸ਼ਰਮਾ 346
71. ਅਮਰਜੀਤ ਕੌਰ 351
72. ਦਵਿੰਦਰ ਸਕੋਹਪੁਰੀ 356
73. ਨੀਲੂ ਜਰਮਨੀ 361
74. ਸੰਤੋਖ ਸਿੰਘ 'ਵੀਰ ਜੀ' 366
75. ਗੁਰਨੇਕ ਸਿੰਘ ‘ਲਾਲੀ’ 371
76. ਸੁਖਵਿੰਦਰ ਕੰਬੋਜ 376

| | | |
|---|---|---|
| 77. | ਮਨਦੀਪ ਕੌਰ ਭੰਮਰਾ | 381 |
| 78. | ਨਿਆਣਾ ਹਰਜਿੰਦਰ | 386 |
| 79. | ਸਿਮਰਜੀਤ ਕੌਰ | 391 |
| 80. | ਆਸ਼ਾ ਅਰਮਾਨ | 396 |
| 81. | ਰਾਜ ਸੰਧੂ | 401 |
| 82. | ਸ਼ੰਮੀ ਜਲੰਧਰੀ | 406 |
| 83. | ਹਰਭਜਨ ਕੌਰ ਗਿੱਲ | 411 |

ਸੰਪਾਦਕੀ

# *ਕਵੀ ਤੇ ਕਵਿਤਾ*

'ਬੋਲੀ ਸਦਾ ਪੰਜਾਬੀ ਭੁੱਲੀਂ ਨਾ, ਇਸ ਨੂੰ ਦਿਲ 'ਚੋਂ,
ਹੋਰਾਂ ਲਈ ਵੀ ਭਾਵੇਂ ਹਿਰਦਾ ਵਿਸ਼ਾਲ ਰੱਖੀਂ !'

ਭੁਪਿੰਦਰ ਸਿੰਘ ਸੱਗੂ, ਵੁਲਵਰਹੈਂਪਟਨ

ਹਰ ਇਕ ਜੀਵ ਦਾ ਰਿਸ਼ਤਾ ਆਪਣੇ ਜਿਸਮ ਅਤੇ ਪਰਛਾਵੇਂ ਦੇ ਨਾਲ਼ ਬਹੁਤ ਹੀ ਗੂੜ੍ਹਾ ਅਤੇ ਨਜ਼ਦੀਕੀ ਹੁੰਦਾ ਹੈ। ਤੁਸੀਂ ਉਸ ਸੰਬੰਧ ਨੂੰ ਨਿਖੇੜ ਜਾਂ ਜੁਦਾ ਨਹੀਂ ਕਰ ਸਕਦੇ। ਇਹ ਰਿਸ਼ਤਾ ਤਾਂ ਬਹੁਤ ਹੀ ਪਾਕ ਅਤੇ ਮਜ਼ਬੂਤ ਹੁੰਦਾ ਹੈ। ਇਹ ਤਾਂ ਅਸਲੀਅਤ ਵਿੱਚ ਨਹੁੰ ਅਤੇ ਮਾਸ ਜਿਹੇ ਰਿਸ਼ਤੇ ਦੀ ਮਹੱਤਤਾ ਰੱਖਦਾ ਹੈ। ਤੁਸੀਂ ਨਹੁੰ ਨੂੰ ਮਾਸ ਨਾਲ਼ੋਂ ਜੁਦਾ ਨਹੀਂ ਕਰ ਸਕਦੇ, ਪ੍ਰੇਮੀ ਅਤੇ ਪ੍ਰੇਮਿਕਾ ਜਾਂ ਕਵੀ ਤੇ ਕਵਿਤਾ ਦਾ ਰਿਸ਼ਤਾ ਵੀ ਬਹੁਤ ਰਹੱਸਮਈ, ਕਰਾਮਾਤੀ ਅਤੇ ਮਜ਼ਬੂਤ ਹੁੰਦਾ ਹੈ। ਕਵੀ ਦੀ ਕਵਿਤਾ ਰੂਹਾਨੀ ਰੂਹ ਦੀ ਖ਼ੁਰਾਕ ਜਾਂ ਸੱਚੀ ਪ੍ਰੀਤ, ਲਗਨ ਜਾਂ ਇਬਾਦਤ ਦਾ ਦਰਜਾ ਰੱਖਦੀ ਹੈ। ਕਵਿਤਾ ਕਵੀ ਦਾ ਟੀਚਾ, ਇਸ਼ਟ ਜਾਂ ਮੰਜ਼ਿਲ ਬਣ ਜਾਂਦੀ ਹੈ। ਕਵੀ ਆਪਣੀ ਤਹਿਰੀਰ ਜਾਂ ਰਚਨਾ ਵਿੱਚ ਮਸਤ ਹੋ ਕੇ ਖੀਵਾ ਹੋ ਜਾਂਦਾ ਹੈ। ਕਵੀ ਆਪਣੀ ਰਚਨਾ ਦੇ ਅਨਮੋਲ ਮੋਤੀ ਪਾਠਕਾਂ ਨੂੰ ਵੰਡ ਕੇ ਖ਼ੁਸ਼ੀ ਤੇ ਸਕੂਨ (ਸ਼ਾਂਤੀ) ਪ੍ਰਾਪਤ ਕਰਕੇ, ਦੂਸਰਿਆਂ ਨੂੰ ਵੀ ਖ਼ੁਸ਼ੀ, ਖੇੜਾ ਅਤੇ ਸ਼ਾਂਤੀ ਮੁਹੱਈਆ ਕਰਵਾਉਂਦਾ ਹੈ।

ਪੰਜਾਬੀ ਇਕ ਮਹਾਨ ਭਾਸ਼ਾ ਹੈ। ਇਹ ਸਾਰੀਆਂ ਭਾਸ਼ਾਵਾਂ ਦੀ ਪਟਰਾਣੀ ਹੈ। ਇਸ ਦਾ ਹਿਰਦਾ ਬਹੁਤ ਹੀ ਵਿਸ਼ਾਲ ਹੈ। ਇਸ ਦੀਆਂ 36 ਉਪ-ਭਾਸ਼ਾਵਾਂ ਹਨ। 70% ਪੰਜਾਬੀ ਦੀ ਸ਼ਬਦਾਵਲੀ ਉਰਦੂ, ਫ਼ਾਰਸੀ ਅਤੇ ਅਰਬੀ ਭਾਸ਼ਾਵਾਂ ਵਿੱਚੋਂ ਆਈ ਹੈ। ਪੰਜਾਬੀ ਭਾਸ਼ਾ ਦਾ ਦਾਮਨ ਬਹੁਤ ਵਿਸ਼ਾਲ ਹੈ। ਜਿਸ ਤਰ੍ਹਾਂ ਅਨੇਕਾਂ ਨਦੀਆਂ-ਨਾਲ਼ੇ, ਸਮੁੰਦਰ ਵਿੱਚ ਸਮੋਅ ਜਾਂਦੇ ਹਨ ਤਾਂ ਸਾਗਰ ਦਾ ਰੂਪ ਹੀ ਬਣ ਜਾਂਦੇ ਹਨ। ਇਸ ਤਰ੍ਹਾਂ ਹੀ ਬਾਕੀ ਭਸ਼ਾਵਾਂ ਵਿੱਚ ਸ਼ਿਰਕਤ (ਸਮੋਅ) ਕਰਕੇ ਉਸ ਦਾ ਰੂਪ ਹੀ ਬਣ ਜਾਂਦੀਆਂ ਹਨ। ਜਿਸ ਤਰ੍ਹਾਂ ਸੱਤ ਸੁਰਾਂ ਮਿਲ਼ ਕੇ ਰਾਗ ਪੈਦਾ ਕਰਦੀਆਂ ਹਨ ਇਸੇ ਤਰ੍ਹਾਂ ਬਾਕੀ ਭਾਸ਼ਾਵਾਂ ਪੰਜਾਬੀ ਵਿੱਚ ਮਿਲ ਕੇ ਸੱਤਰੰਗੀ ਪੀਂਘ ਬਣ ਕੇ, ਬਾਕੀ ਭਾਸ਼ਾਵਾਂ ਦੇ ਮੁਕਾਬਲੇ ਵਿੱਚ ਇੱਕ ਨਿਵੇਕਲਾ ਮੁਕਾਮ ਹਾਸਿਲ ਕਰ ਲਿਆ ਹੈ। ਇਸ ਦੇ ਸ਼ਬਦਾਂ ਅਤੇ ਖ਼ਜ਼ਾਨੇ ਵਿਚ ਵਾਧਾ, ਅਮੀਰਤਾਈ, ਫ਼ਲਸਫ਼ਾ ਅਤੇ ਗਹਿਰਾਈ ਪ੍ਰਦਾਨ ਕੀਤੀ ਹੈ। ਜੇਕਰ ਕਲਮਕਾਰ ਅਸ਼ਲੀਲਤਾ ਨੂੰ ਤਿਲਾਂਜਲੀ ਦੇ ਦੇਣ ਅਤੇ ਉੱਚਾ-ਸੁੱਚਾ ਰੂਹਾਨੀ

ਰੰਗ ਪੈਦਾ ਕਰਨ ਤਾਂ ਪਾਠਕ ਬਹੁਤ ਹੀ ਅਲੌਕਿਕ ਦ੍ਰਿਸ਼ ਦਾ ਅਨੰਦ ਮਾਣ ਸਕਦੇ ਹਨ।

ਪੰਜਾਬੀ ਭਾਸ਼ਾ ਵਿੱਚ ਬੇ-ਸ਼ੁਮਾਰ ਸ਼ਾਇਰ ਹੋਏ ਹਨ। ਉਨ੍ਹਾਂ ਨੇ ਅਲੱਗ ਵਿਧਾ ਜਾਂ ਰੰਗ ਵਿਚ ਕਵਿਤਾ ਦੀ ਰਚਨਾ ਕਰਕੇ ਪੰਜਾਬੀ ਭਾਸ਼ਾ ਦੇ ਦਾਮਨ ਨੂੰ ਅਮੀਰਤਾਈ ਪ੍ਰਦਾਨ ਕਰਕੇ ਪੰਜਾਬੀ ਭਾਸ਼ਾ ਨੂੰ ਦੂਸਰੀਆਂ ਭਾਸ਼ਾਵਾਂ ਦੇ ਮੁਕਾਬਲੇ ਵਿੱਚ ਉੱਚਾ ਅਤੇ ਸੁੱਚਾ ਸਥਾਨ ਪ੍ਰਾਪਤ ਕਰਵਾਇਆ ਹੈ। ਸ਼ਾਇਰ ਸਾਡੇ ਸਮਾਜ ਦੇ ਮਾਰਗ ਦਰਸ਼ਕ ਹੁੰਦੇ ਹਨ। ਉਨ੍ਹਾਂ ਦੇ ਦਿਲ ਵਿਚ ਮਾਨਵਤਾ, ਪ੍ਰਕਿਰਤੀ, ਕੁਚਲੇ ਜਾਂ ਲਿਤਾੜੇ ਹੋਏ ਲੋਕਾਂ, ਮਜ਼ਦੂਰਾਂ, ਕਿਰਤੀਆਂ, ਕਾਮਿਆਂ, ਗ਼ਰੀਬ ਲੋਕਾਂ ਲਈ ਬੇਹੱਦ ਪਿਆਰ, ਹਮਦਰਦੀ ਤੇ ਭਲਾਈ ਦਾ ਜਜ਼ਬਾ ਹੁੰਦਾ ਹੈ। ਉਹ ਹਮੇਸ਼ਾ ਹੀ ਬੇਈਮਾਨੀ, ਬੇਇਨਸਾਫ਼ੀ, ਰਿਸ਼ਵਤਖ਼ੋਰੀ, ਸਿਆਸੀ ਗ਼ੁੰਡੇ ਨੇਤਾਵਾਂ ਦੇ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕਰਦੇ ਹਨ। ਸਾਹਿਤਕਾਰ ਆਪਣੀ ਕਲਮਕਾਰੀ ਦੀ ਕਲਾ ਦੇ ਨਾਲ਼ ਲੋਕ ਭਲਾਈ ਲਈ ਪ੍ਰਚਾਰ ਅਤੇ ਪਾਸਾਰ ਜ਼ਰੂਰ ਕਰਦੇ ਹਨ। ਸ਼ਾਇਰ ਦੀ ਕਲਮਕਾਰੀ ਸਹੀ ਮਾਅਨਿਆਂ ਵਿੱਚ ਸਮਾਜ ਦੀ ਤਕਦੀਰ ਅਤੇ ਤਦਬੀਰ ਬਦਲ ਸਕਦੇ ਹਨ। ਸੋਚਵਾਨ, ਸੂਝਵਾਨ ਚੇਤੰਨ ਅਤੇ ਸੰਜੀਦਾ ਸ਼ਾਇਰ ਹਮੇਸ਼ਾ ਹੀ ਸਮਾਜ ਦੀ ਭਲਾਈ ਬਾਰੇ ਫ਼ਿਕਰਮੰਦ ਹੋ ਕੇ ਸਹੀ ਅਰਥਾਂ ਵਿੱਚ ਆਪਣਾ ਫ਼ਰਜ਼ ਸੱਚਾਈ ਤੇ ਸਦਾਕਤ ਨਾਲ਼ ਅਦਾ ਕਰਕੇ ਸਮਾਜ ਦੇ ਸਮਾਜਿਕ ਢਾਂਚੇ ਨੂੰ ਬਦਲ ਕੇ ਰੱਖ ਦਿੰਦੇ ਹਨ।

ਕਵੀ ਦੀ ਕਵਿਤਾ ਹਮੇਸ਼ਾ ਫ਼ਿਰਕਾ-ਪ੍ਰਸਤੀ, ਊਚ-ਨੀਚ, ਜ਼ਾਤ-ਪਾਤ, ਬਲਾਤਕਾਰੀ, ਸਿਆਸਤਦਾਨਾਂ ਦੀਆਂ ਸਿਆਸੀ ਚਾਲਾਂ, ਮਜ਼੍ਹਬੀ ਝਗੜਿਆਂ, ਜਬਰ ਤੇ ਜ਼ੁਲਮ ਦੇ ਖ਼ਿਲਾਫ਼ ਸਖ਼ਤ ਅਲੋਚਨਾ ਹੋਣੀ ਚਾਹੀਦੀ ਹੈ। ਫਿਰ ਇਸ ਸੰਸਾਰ ਦਾ ਕਲਿਆਣ ਹੋ ਸਕਦਾ ਹੈ।

ਮੇਰੀ ਖ਼ੁਸ਼ਕਿਸਮਤੀ ਹੈ ਕਿ ਇਸ ਕਾਵਿ ਪੁਸਤਕ "ਸੁਖ਼ਨ ਦੇ ਵਾਰਿਸ" ਦੇ ਵਿੱਚ ਸੰਪਾਦਕ ਮੰਡਲ ਵਿੱਚ ਸ. ਹਰਮਿੰਦਰ ਸਿੰਘ ਵਿਰਦੀ ਜੀ ਨੇ ਮੈਨੂੰ ਇਸ ਯੋਗ ਸਮਝ ਕੇ ਇਸ ਪੁਸਤਕ ਵਿੱਚ ਸ਼ਿਰਕਤ ਕਰਨ ਦਾ ਮੌਕਾ ਪ੍ਰਦਾਨ ਕਰਕੇ ਮੈਨੂੰ ਅਤੇ ਸਾਡੀ ਕੇਂਦਰੀ ਪੰਜਾਬੀ ਸਾਹਿਤ ਸਭਾ, ਵੂਲਵਰਹੈਂਪਟਨ (ਯੂ ਕੇ) ਨੂੰ ਬਹੁਤ ਮਾਣ ਬਖ਼ਸ਼ਿਆ ਹੈ।

ਇਹ ਪੁਸਤਕ ਨਵੀਨ ਪੀੜ੍ਹੀ ਲਈ ਪ੍ਰੇਰਣਾਦਾਇਕ ਮੀਲ ਪੱਥਰ ਸਾਬਿਤ ਹੋਵੇਗੀ। ਮੈਨੂੰ ਪੂਰਨ ਆਸ ਹੈ ਕਿ ਆਉਣ ਵਾਲ਼ੀਆਂ ਪੀੜ੍ਹੀਆਂ ਤੁਹਾਡੇ ਇਸ

ਸੰਘਰਸ਼ਸ਼ੀਲ ਅਤੇ ਮਹੱਤਵਪੂਰਨ ਕਾਰਜ ਤੋਂ ਕਾਫ਼ੀ ਗਿਆਨ ਹਾਸਿਲ ਕਰਨਗੀਆਂ। ਮਾਤ ਭਾਸ਼ਾ ਪੰਜਾਬੀ ਦੇ ਸਾਹਿਤਕ ਖ਼ਜ਼ਾਨੇ ਵਿੱਚ ਕਾਫ਼ੀ ਇਜ਼ਾਫ਼ਾ (ਵਾਧਾ) ਕਰਨ ਵਿੱਚ ਕਾਮਯਾਬੀ ਦੇ ਸਿਖ਼ਰ ਨੂੰ ਛੋਹਣ ਵਿੱਚ ਸਫ਼ਲਤਾ ਪ੍ਰਾਪਤ ਕਰਨਗੀਆਂ। ਸਮਾਜਿਕ ਯਥਾਰਥ ਦੀ ਮੂੰਹ ਬੋਲਦੀ ਤਸਵੀਰ ਹੋਵੇਗੀ। ਹੱਕ ਅਤੇ ਸੱਚ ਲਈ ਜੂਝਣ ਦਾ ਸੰਦੇਸ਼ ਦੇਣਗੀਆਂ।

ਮੈਂ ਆਪਣੇ ਵਲੋਂ ਅਤੇ ਪੂਰੀ ਕੇਂਦਰੀ ਪੰਜਾਬੀ ਸਾਹਿਤ ਸਭਾ, ਵੂਲਵਰਹੈਂਪਟਨ ਵਲੋਂ ਸ. ਹਰਮਿੰਦਰ ਸਿੰਘ ਵਿਰਦੀ ਜੀ ਦਾ ਰਿਣੀ, ਅਹਿਸਾਨਮੰਦ ਅਤੇ ਸ਼ੁਕਰਗੁਜ਼ਾਰ ਹਾਂ। ਮੈਂ ਸਾਰੇ ਹੀ ਕਵੀਆਂ ਜਿਨ੍ਹਾਂ ਨੇ ਇੰਗਲੈਂਡ, ਕੈਨੇਡਾ, ਅਮਰੀਕਾ, ਪਾਕਿਸਤਾਨ ਅਤੇ ਆਸਟ੍ਰੇਲੀਆ ਤੋਂ ਇਸ ਪੁਸਤਕ ਵਾਸਤੇ ਆਪਣੀਆਂ ਕੀਮਤੀ ਰਚਨਾਵਾਂ ਭੇਜੀਆਂ ਹਨ, ਸਾਰੇ ਹੀ ਕਵੀਆਂ ਦਾ ਵੀ ਦਿਲ ਦੀਆਂ ਗਹਿਰਾਈਆਂ 'ਚੋਂ ਧੰਨਵਾਦੀ ਹਾਂ। ਆਪਣੀਆਂ ਅਨਮੋਲ ਕਿਰਤਾਂ ਜਾਂ ਰਚਨਾਵਾਂ ਭੇਜ ਕੇ ਮੈਨੂੰ ਵੀ ਮਾਣ ਬਖ਼ਸ਼ਿਆ ਹੈ। ਮੈਂ ਸਦਾ ਹੀ ਉਹਨਾਂ ਕਵੀਆਂ ਦਾ ਰਿਣੀ ਰਹਾਂਗਾ। ਉਨ੍ਹਾਂ ਦੀ ਕਲਮਕਾਰੀ ਲਈ ਪ੍ਰਮਾਤਮਾ ਪਾਸ ਦੁਆ ਕਰਦਾ ਹਾਂ।

ਮੈਂ ਪੰਜਾਬੀ ਭਾਸ਼ਾ ਦੇ ਪਿਆਰਿਆਂ ਨੂੰ ਪੁਰਜ਼ੋਰ ਸ਼ਬਦਾਂ ਦੇ ਨਾਲ਼ ਬੇਨਤੀ ਅਤੇ ਫ਼ਰਿਆਦ ਕਰਦਾ ਹਾਂ ਕਿ ਇਸ ਪੁਸਤਕ ਨੂੰ ਖ਼ਰੀਦ ਕੇ ਪੰਜਾਬੀ ਜ਼ੁਬਾਨ ਦੀ ਸ਼ਾਨ ਤੇ ਮਾਣ ਵਿੱਚ ਵਾਧਾ ਕਰਨ ਦੀ ਕ੍ਰਿਪਾਲਤਾ ਕਰਨ ਤਾਂ ਜੋ ਨਵੇਂ ਨਰੋਏ ਤੇ ਸਿਹਤਮੰਦ ਸਾਹਿਤ ਦੀ ਰਚਨਾ ਜ਼ੋਰ-ਸ਼ੋਰ ਨਾਲ਼ ਕੀਤੀ ਜਾ ਸਕੇ।

ਅਖ਼ੀਰ ਦੇ ਵਿੱਚ ਮੈਂ ਆਪਣੇ ਉਸਤਾਦ ਜਨਾਬ ਗੁਰਦਿਆਲ ਰੌਸ਼ਨ ਸਾਹਿਬ ਜੀ ਦਾ ਸ਼ਿਅਰ ਦਰਜ ਕਰਕੇ ਖ਼ਿਮਾ ਦਾ ਜਾਚਕ ਹੋਵਾਂਗਾ।

"ਵੱਡੇ ਅਰਥ ਛੁਪੇ ਹੋਏ ਨੇ ਇਹਨਾਂ ਵਿੱਚ,
ਸਭ ਰੰਗਾਂ ਦੀ ਆਪੋ ਆਪਣੀ ਭਾਸ਼ਾ ਹੈ।"

**-ਭੁਪਿੰਦਰ ਸਿੰਘ ਸੱਗੂ (ਚੇਅਰਮੈਨ)**
**ਕੇਂਦਰੀ ਪੰਜਾਬੀ ਸਾਹਿਤ ਸਭਾ,**
**ਵੂਲਵਰਹੈਂਪਟਨ (ਯੂ.ਕੇ.)**
**ਈ-ਮੇਲ -bssagoo1@googlemail.com**

# 1 ਸੁਖਦੇਵ ਸਿੰਘ ਗੰਢਵਾਂ



| | |
|---|---|
| ਨਾਮ ਅਤੇ ਕਲਮੀ ਨਾਮ | : ਸੁਖਦੇਵ ਸਿੰਘ ਗੰਢਵਾਂ |
| ਪਤਾ | : 89, ਗਲੀ ਨੰ. 2 ਸੀ, ਪੁਰਾਣਾ ਸਤਨਾਮਪੁਰਾ<br>ਫਗਵਾੜਾ, ਜ਼ਿਲ੍ਹਾ ਕਪੂਰਥਲਾ |
| ਮੋਬਾਇਲ | : +91 62830-66607 |
| ਈ-ਮੇਲ | : **sukhdevsinghgandhwa@gmail.com** |
| ਵਿੱਦਿਅਕ ਯੋਗਤਾ | : ਮੈਟ੍ਰਿਕ, A.C.T |
| ਕਾਰੋਬਾਰ | : ਰਿਟਾਇਰ ਅਧਿਆਪਕ |
| ਸਾਹਿਤਕ ਪ੍ਰਾਪਤੀਆਂ | : ਸਾਹਿਤਕ ਪਿੜ ਨਡਾਲਾ,<br>ਸਕੇਪ ਸਾਹਿਤਕ ਸੰਸਥਾ, ਫਗਵਾੜਾ (ਰਜਿ.) ਪੰਜਾਬ<br>ਪ੍ਰੀਤ ਸਾਹਿਤ ਸਭਾ, ਫਗਵਾੜਾ<br>ਸ਼੍ਰੋਮਣੀ ਲਿਖਾਰੀ ਸਭਾ (ਰਜਿ.) ਪੰਜਾਬ |
| ਪੁਸਤਕਾਂ | : ਲੋਕ ਹਿੱਤਾਂ ਦੇ ਸੰਗ ਅਤੇ ਹੋਰ ਸਾਂਝੇ ਕਾਵਿ-ਸੰਗ੍ਰਹਿ |

# ਜ਼ੁਬਾਨ ਦੇ ਰੰਗ

ਲੱਗਦੇ ਨੇ ਚੰਗੇ ਬੋਲ ਮਿੱਠੀ ਜ਼ੁਬਾਨ ਦੇ
ਵੱਖਰੇ ਸੁਭਾਅ ਹੁੰਦੇ ਹਰ ਇੱਕ ਇਨਸਾਨ ਦੇ

ਸੱਚ ਦੇ ਸੁਭਾਅ ਵਾਲੇ ਨੇਕ ਬੋਲੀ ਬੋਲਦੇ
ਰਜਿੰਸ਼ਾਂ ਦੇ ਵਾਲੇ ਜ਼ਹਿਰ ਦਿਲਾਂ ਵਿੱਚ ਘੋਲਦੇ
ਹੁੰਦੇ ਨੁਕਸਾਨ ਤਾਨਾਸ਼ਾਹੀ ਫੁਰਮਾਨ ਦੇ
ਲੱਗਦੇ ਨੇ ਚੰਗੇ ਬੋਲ ਮਿੱਠੀ ਜ਼ੁਬਾਨ ਦੇ

ਰੰਗ-ਬਿਰੰਗੇ ਦੁਨੀਆਂ ਦੇ ਬੋਲ ਏ,
ਜਿਹੋ ਜਿਹੀ ਸੋਚ ਬੰਦਾ ਕਰਦਾ ਉਹ ਰੋਲ ਏ,
ਜ਼ਿੰਦਗੀ ਦੇ ਰੰਗ-ਢੰਗ ਵੱਖ ਇਨਸਾਨ ਦੇ
ਲੱਗਦੇ ਨੇ ਚੰਗੇ ਬੋਲ ਮਿੱਠੀ ਜ਼ੁਬਾਨ ਦੇ

ਫਿਰਕਾ-ਪ੍ਰਸਤੀ ਧੜਿਆਂ ਵੰਡਦੀ
ਸਾਂਝੀਵਾਲਤਾ ਦੀ ਭਾਸ਼ਾ ਦਿਲਾਂ ਨੂੰ ਏ ਗੰਢਦੀ
ਹੁੰਦੇ ਨੇ ਫਰੇਬੀ ਬੋਲ ਬੋਲੇ ਹੁੰਦੇ ਸ਼ੈਤਾਨ ਦੇ
ਲੱਗਦੇ ਨੇ ਚੰਗੇ ਬੋਲ ਮਿੱਠੀ ਜ਼ੁਬਾਨ ਦੇ

ਰਹਿੰਦੇ ਨੇ ਅਡੋਲ 'ਸੁੱਖਿਆ' ਤੋਲ ਕੇ ਜੋ ਬੋਲਦੇ,
ਭੱਦੀ ਸ਼ਬਦਾਵਲੀ ਦੇ ਬੋਲ ਖ਼ੁਦ ਨੂੰ ਹੀ ਰੋਲਦੇ
ਸੱਚੀ ਕਹੀ ਨਾ ਜਰਦੇ ਲੋਕ ਕਈ ਜਹਾਨ ਦੇ
ਲੱਗਦੇ ਨੇ ਚੰਗੇ ਬੋਲ ਮਿੱਠੀ ਜ਼ੁਬਾਨ ਦੇ

# ਪੰਜਾਬੀ ਸਭਿਆਚਾਰ

ਮਾਂ ਪੰਜਾਬੀ ਬੋਲੀ ਵਾਲਾ ਸਭਿਆਚਾਰ ਬਣਾਈਏ।
ਕਵਿਤਾ, ਗੀਤ, ਗ਼ਜ਼ਲਾਂ ਦੀ ਸੁੰਦਰ ਫੁਲਵਾੜੀ ਲਾਈਏ।
ਮਾਂ ਬੋਲੀ ਪੰਜਾਬੀ ਲਿਖੀਏ ਪੜ੍ਹੀਏ ਗਾਈਏ।
ਕਰੋ ਪ੍ਰਾਪਤ ਸਿੱਖਿਆ ਅੱਗੇ ਕਦਮ ਵਧਾਈਏ।
ਹਰ ਖੇਤਰ ਨੂੰ ਹੁੰਦਾ ਆਪਣੀ ਬੋਲੀ ਨਾਲ ਪਿਆਰ।
ਹੋਰ ਬੋਲੀਆਂ ਦਾ ਵੀ ਬਣਦਾ ਕਰਨਾ ਸਤਿਕਾਰ।
ਇਸ ਗੱਲ ਦੇ ਵਿੱਚ ਸ਼ੱਕ ਕੋਈ,
ਤਾਂ ਕਲਾਕਾਰੀ ਰੁਜ਼ਗਾਰ।
ਸਭਿਆਚਾਰ ਪੰਜਾਬੀ ਬੋਲੀ ਕਦੇ ਨਾ ਮਨੋ ਵਿਸਾਰ।
ਵਿੱਚ ਪੰਜਾਬੀ ਚੰਗੇ ਲਿਖ ਕੇ ਐਸੇ ਗੀਤ ਗਾਈਏ।
ਆਪਣੇ ਪਰਿਵਾਰਾਂ ਦੇ ਵਿੱਚ ਬਹਿ,
ਸੁਣੀਏ ਅਤੇ ਸੁਣਾਈਏ।
ਮਾਂ ਬੋਲੀ ਪੰਜਾਬੀ ਦਾ ਕਰੀਏ ਸਭ ਪ੍ਰਚਾਰ
ਵਿੱਚ ਦੁਨੀਆ ਦੇ ਸੁਖਿਆ ਹੋ ਜਾਵੇ।
ਇਸ ਦੀ ਜੈ ਜੈ ਕਾਰ.....

# ਇਤਬਾਰ

ਜੇ ਖ਼ੁਸ਼ੀਆਂ ਮਾਨਣੀ ਬਹਾਰ ਮਿੱਤਰੋ
ਜਣੇ-ਕਣੇ 'ਤੇ ਨਾ ਕਰੋ ਇਤਬਾਰ ਮਿੱਤਰੋ
ਹੁੰਦੀਆਂ ਏ ਜਿਨ੍ਹਾਂ ਦੀਆਂ ਨੀਤਾਂ ਮਾੜੀਆਂ।
ਕਾਲੇ ਦਰਿਆਵਾਂ ਵਿੱਚ ਲਾਉਂਦੇ ਤਾਰੀਆਂ
ਫਰੇਬੀਆਂ ਦਾ ਵਧਿਆ ਪਾਸਾਰ ਮਿੱਤਰੋ।
ਜੇ ਖ਼ੁਸ਼ੀਆਂ ਮਾਨਣੀ---------------।
ਝੂਠ ਦਰਿਆਂ ਦੀਆਂ ਚਲਣ ਹਨ੍ਹੇਰੀਆਂ
ਕਈ ਕਰਦੇ ਨੇ ਲੋਕ ਹੇਰਾ-ਫੇਰੀਆਂ
ਗੱਲ ਸੱਚੀ ਨਾ ਕੋਈ ਰਿਹਾ ਏ ਸਹਾਰ ਮਿੱਤਰੋ
ਜੇ ਖ਼ੁਸ਼ੀਆਂ ਮਾਨਣੀ---------------।
ਮਾਇਆ ਧਾਰੀਆਂ ਦਾ ਉੱਚਾ ਨਾਮ ਕਰਦੇ।
ਸੱਚਿਆਂ ਨੂੰ ਕਈ ਬਦਨਾਮ ਕਰਦੇ।
ਫੋਕੀ ਚੋਧਰਾਂ ਦਾ ਵਧਿਆ ਪਾਸਾਰ ਮਿੱਤਰੋ
ਜੇ ਖ਼ੁਸ਼ੀਆਂ ਮਾਨਣੀ---------------।
ਹੋ ਰਹੇ ਕਈ ਹੁਣ ਘਾਲੇ-ਮਾਲੇ ਏ
ਲੋਟੂਆਂ ਨੇ ਹੁਣ ਕੱਢੇ ਕਈਆਂ ਦੇ ਦਿਵਾਲੇ ਏ
ਕਹਿੰਦਾ "ਸੁੱਖਾ" ਪੈਣਾਂ ਕਰਨਾ ਸੁਧਾਰ ਮਿੱਤਰੋ
ਜੇ ਖ਼ੁਸ਼ੀਆਂ ਮਾਨਣੀ---------------।

# ਮਾਂ ਬੋਲੀ

ਮਾਂ ਬੋਲੀ ਮਨ ਨੂੰ ਭਾਉਂਦੀ ਏ।

ਮਹਿਕ ਗੁਲਾਬ ਵਰਗੀ ਆਓਂਦੀ ਏ।

ਮਾਂ ਬੋਲੀ ਲਗਦੀ ਪਿਆਰੀ ਏ

ਜਾਂਦੀ ਸਾਹਿਤ ਦੇ ਵਿੱਚ ਸਤਿਕਾਰੀ ਏ।

ਜੋ ਮਾਂ ਬੋਲੀ ਲਿਖਦੇ ਪੜ੍ਹਦੇ ਨੇ

ਉਹ ਮਾਣ ਪ੍ਰਾਪਤ ਕਰਦੇ ਨੇ।

ਜੋ ਮਾਂ ਬੋਲੀ ਨੂੰ ਭੁੱਲ ਜਾਂਦੇ

ਉਹ ਸਮਾਜ ਦੇ ਲੋਕ ਰੁਲ ਜਾਂਦੇ।

ਜੋ ਮਾਂ ਬੋਲੀ ਅਪਣਾਉਂਦੇ ਨੇ

ਉਹ ਉੱਚੀਆਂ ਪਦਵੀਆਂ ਪਾਉਂਦੇ ਨੇ।

ਜੋ ਬੋਲਦੇ ਮਾਂ ਬੋਲੀ ਏ

ਖੁਸ਼ੀਆਂ ਨਾਲ ਭਰਦੀ ਝੋਲੀ ਏ।

ਹਰ ਬੋਲੀ ਦਾ ਸਤਿਕਾਰ ਕਰੋ

ਮਾਂ ਬੋਲੀ ਦਾ ਪ੍ਰਚਾਰ ਕਰੋ।

ਮਾਂ ਬੋਲੀ ਲਿਖਣੀ ਪੜ੍ਹਨੀ ਏ।

ਸ਼ਾਨ ਸੁੱਖਿਆ, ਪੰਜਾਬੀ ਦੀ ਉੱਚੀ ਕਰਨੀ ਏ।

2

# ਜਸਵੰਤ ਸਿੰਘ ਰੌਲੀ




ਨਾਮ ਅਤੇ ਕਲਮੀ ਨਾਮ : ਜਸਵੰਤ ਸਿੰਘ ਰੌਲੀ

ਪਤਾ : ਮਕਾਨ ਨੰ. 7242, ਨਿਊ ਆਜ਼ਾਦ ਨਗਰ,
ਨਕੋਦਰ, ਜ਼ਿਲ੍ਹਾ ਜਲੰਧਰ

ਮੋਬਾਇਲ : +91 94171–67408

ਈ–ਮੇਲ : **jassrauli43@gmail.com**


ਵਿੱਦਿਅਕ ਯੋਗਤਾ : **MA Music**

ਕਾਰੋਬਾਰ : **Head Teacher**

ਪੁਸਤਕਾਂ : ਵਿੱਦਿਆ ਦਾ ਗਹਿਣਾ, ਚੰਨ ਤਾਰੇ

ਸ਼ੌਕ : ਕੀਰਤਨ ਕਰਨਾ ਅਤੇ ਸੰਗੀਤ ਸਿਖਾਉਣਾ

# ਤਿਰੰਗਾ

ਵਾਹ ਬਈ ਤਿਰੰਗਿਆਂ, ਤਿੰਨ ਰੰਗ ਤੇਰੇ।
ਤੇਰੇ ਅੱਗੇ ਸੀਸ, ਸਦਾ ਝੁਕਦੇ ਨੇ ਮੇਰੇ
ਵਾਹ ਬਈ ਤਿਰੰਗਿਆਂ, ਤਿੰਨ ਰੰਗ ਤੇਰੇ!

ਕੇਸਰੀ ਹੈ ਰੰਗ, ਸਦਾ ਦੱਸੇ ਬਲੀਦਾਨ
ਹੋਣਾ ਦੇਸ਼ ਲਈ ਕੁਰਬਾਨ, ਹੈ ਬੜਾ ਹੀ ਮਹਾਨ
ਬਲੀਦਾਨ ਵਾਲੇ ਰਾਹ, ਬੜੇ ਔਖੇ ਤੇ ਲੰਮੇਰੇ
ਵਾਹ ਬਈ ਤਿਰੰਗਿਆਂ, ਤਿੰਨ ਰੰਗ ਤੇਰੇ!

ਚਿੱਟਾ ਰੰਗ ਸ਼ਾਤੀ ਦਾ, ਰੱਖੋ ਸ਼ਾਂਤੀ ਅਮਾਨ
ਸ਼ਾਂਤੀ ਬਹਾਲੀ ਲਈ, ਕਰੋ ਆਪਾ ਕੁਰਬਾਨ
ਸ਼ਾਂਤੀ ਦੇ ਨਾਲ ਤੱਕੋ, ਸਦਾ ਚਾਰ ਤੇ ਚੁਫੇਰੇ
ਵਾਹ ਬਈ ਤਿਰੰਗਿਆਂ, ਤਿੰਨ ਰੰਗ ਤੇਰੇ!

ਹਰਾ ਰੰਗ ਹਰਿਆਲੀ, ਸਦਾ ਰਹੇ ਖੁਸ਼ਹਾਲੀ
ਦੇਸ਼ ਰਹੇ ਖੁਸ਼ਹਾਲ, ਰੁੱਖੋ ਉਸਦਾ ਖਿਆਲ
ਲੈਕੇ ਵਿੱਦਿਆ ਦਾ ਗਹਿਣਾ, ਦੂਰ ਕਰਨੇ ਹਨੇਰੇ
ਵਾਹ ਬਈ ਤਿਰੰਗਿਆਂ, ਤਿੰਨ ਰੰਗ ਤੇਰੇ!

ਵਿਚ ਚੱਕਰ ਅਸ਼ੋਕ, ਜਿਹੜਾ ਤੱਕਦੇ ਨੇ ਲੋਕ
ਇਸਦੇ ਵਿੱਚ 24 ਆਰਾਂ, ਜੋ ਚੱਲਣ ਬੇਰੋਕ
ਵਾਂਗ ਇਸਦੇ ਵੀ ਕੰਮ, "ਜੱਸ" ਅਸੀਂ ਕਰਨੇ ਬਥੇਰੇ
ਵਾਹ ਬਈ ਤਿਰੰਗਿਆਂ, ਤਿੰਨ ਰੰਗ ਤੇਰੇ!

ਤੇਰੇ ਅੱਗੇ ਸੀਸ, ਸਦਾ ਝੁਕਦੇ ਨੇ ਮੇਰੇ
ਵਾਹ ਬਈ ਤਿਰੰਗਿਆਂ, ਤਿੰਨ ਰੰਗ ਤੇਰੇ!

# ਖ਼ਾਲਸਾ ਸਾਜਣਾ ਦਿਵਸ

13 ਅਪ੍ਰੈਲ 1699 ਨੂੰ,
ਦਿਨ ਵਿਸਾਖੀ ਦਾ ਆਇਆ ।
ਦਸ਼ਮੇਸ਼ ਪਿਤਾ ਜੀ ਨੇ,
ਇੱਕ ਮਤਾ ਪਕਾਇਆ ।
ਐਸਾ ਮੈਂ ਇਕ ਪੰਥ ਸਜਾਉਣਾ,
ਚਿੜੀਆਂ ਨੂੰ ਬਾਜ਼ਾਂ ਨਾਲ ਲੜਾਉਣਾ ।
ਸੰਗਤ ਵਿਚ ਇਕ ਅਵਾਜ਼ ਲਗਾਈ,
ਪੰਜ ਸਿਰਾਂ ਦੀ ਲੋੜ ਹੈ ਭਾਈ ।
ਜੋ ਪ੍ਰੇਮੀ ਸੀ ਕੁਣਕੇ ਕੇ,
ਭੱਜ ਗਏ ਇਕ ਠੁਣਕੇ ਸੇ ।
ਦਇਆ ਸਿੰਘ ਨੇ ਦਇਆ 'ਚ ਆਕੇ,
ਸੀਸ ਦਿੱਤਾ ਗੁਰੂ ਜੀ ਨੂੰ ਜਾ ਕੇ ।
ਧਰਮ ਸਿੰਘ ਨੇ ਧਰਮ ਨਿਭਾਇਆ,
ਸੀਸ ਗੁਰੂ ਜੀ ਦੇ ਲੇਖੇ ਲਾਇਆ ।
ਹਿੰਮਤ ਸਿੰਘ ਨੇ ਹਿੰਮਤ ਦਿਖਾਈ,
ਸੀਸ ਗੁਰੂ ਜੀ ਕੇ ਚਰਨ ਟਿਕਾਈ ।
ਮੁਹਕਮ ਸਿੰਘ ਸੀਸ ਕੀਤਾ ਅਰਪਨ,
ਗੁਰੂ ਜੀ ਦਿਖਾਏ ਦੀਆ ਹੈ ਦਰਪਨ ।
ਸਾਹਿਬ ਸਿੰਘ ਜੀ ਦੀ ਵਾਰੀ ਆਈ,
ਵਾਰ ਕੇ ਸੀਸ ਸਾਹਿਬੀ ਪਾਈ ।
ਪੰਜਾਂ ਦੇ ਸੀ ਖੇਲ ਨਿਆਰੇ,
ਬਣ ਗਏ ਸਿੱਖ ਪੰਥ ਦੇ ਪਿਆਰੇ ।
ਗੁਰੂਜੀ ਨੇ ਪਾਕੇ ਪਤਾਸੇ,ਫੇਰ ਕੇ ਖੰਡਾ,
ਅੰਮ੍ਰਿਤ ਸੀ ਬਣਾ ਦਿੱਤਾ ।
ਬਣਾ ਕੇ ਅੰਮ੍ਰਿਤ ਪੰਜਾਂ ਨੂੰ ਛਕਾ ਦਿੱਤਾ ।
ਦੁਨੀਆ ਦਾ ਰਾਖਾ ਉਸ
ਖਾਲਸਾ ਬਣਾ ਦਿੱਤਾ ,
ਗਿੱਦੜਾਂ ਤੋਂ ਗੂਰੂ ਜੀ ਨੇ,
ਸਿੰਘ ਸੀ ਸਜਾਅ ਦਿੱਤਾ ।
ਸਵਾ ਸਵਾ ਲੱਖ ਨਾਲ ,
ਇਕੱਲੇ ਇਕੱਲੇ ਨੂੰ ਲੜਾ ਦਿੱਤਾ ।
ਸਾਰੇ ਹੀ ਚੋਜਾਂ ਉਸਨੂੰ
ਸ਼ਹਿਨਸ਼ਾਹ ਬਣਾ ਦਿੱਤਾ ।
"ਜੱਸ" ਦੁਨੀਆਂ ਦੇ ਉੱਤੇ ਉਸਨੇ
ਖਾਲਸਾ ਸਜਾ ਦਿੱਤਾ ।
ਦੁਨੀਆਂ ਦੇ ਉੱਤੇ ਉਸਨੇ
ਖਾਲਸਾ ਸਜਾ ਦਿੱਤਾ

# ਮਾਪੇ ਨਹੀਂ ਲੱਭਣੇ

ਮੈਂ ਮਾਪਿਆਂ ਦੀ ਕਰਾਂ ਤਰੀਫ ਕਿਵੇ ?
ਮੇਰੇ ਸ਼ਬਦਾਂ ਵਿੱਚ ਕੋਈ ਜ਼ੋਰ ਨਹੀ ।
ਦੁਨੀਆਂ ਵਿੱਚ ਭਾਵੇਂ ਲੱਖ ਰਿਸ਼ਤੇ,
ਪਰ ਮਾ-ਪਿਓ ਜਿਹਾ ਕੋਈ ਹੋਰ ਨਹੀਂ ।

ਮਾਂ ਜਿਹਾ ਨਹੀਂ ਮੰਦਰ ਕੋਈ,
ਨਹੀ ਪਿਉ ਜਿਹਾ ਕੋਈ ਮੱਕਾ ।
ਕਿਹੜੇ ਰੱਬ ਨੂੰ ਸਿਜਦੇ ਕਰਦਾ,
ਮਾਂ-ਪਿਉ ਨਾਲ ਕਰਕੇ ਧੱਕਾ ?

ਮਾਂ ਬਿਨਾਂ ਨਾ ਕੋਈ ਘਰ ਬਣਦਾ,
ਪਿਊ ਬਿਨਾਂ ਨਾ ਕੋਈ ਤਾਜ ।
ਮਾਂ ਦੇ ਸਿਰ ਤੇ ਐਸ਼ਾਂ ਹੁੰਦਿਆਂ,
ਤੇ ਪਿਉ ਕਰਵਾਉਦਾ ਰਾਜ ।

ਮਾਂ ਦੀ ਪੂਜਾ ਰੱਬ ਦੀ ਪੂਜਾ,
ਕਹਿ ਗਏ ਲੋਕ ਸਿਆਣੇ,
ਜਿਸ ਦੇ ਸਿਰ ਤੋਂ ਉਠ ਜੇ ਸਾਇਆ,
''ਜੱਸ'' ਉਹ ਦੁੱਖ ਮਾਪਿਆ ਦਾ ਜਾਣੇ ।

# ਅਣਖੀਲੇ ਯੋਧੇ

ਸੁਣ ਉਡਵਾਇਰ ਪਾਪੀ ਗੋਰਿਆ,
ਮੈਂ ਹਾਂ ਊਧਮ ਸਿੰਘ ਸਨਾਮ ।

ਆ ਕੇ ਜਲ੍ਹਿਆਂ ਵਾਲੇ ਬਾਗ ਵਿੱਚ,
ਤੂੰ ਕੀਤਾ ਬਹੁਤ ਨਕੁਸਾਨ ।

ਬੇਕਸੂਰ ਨਹੱਥੇ ਲੋਕਾਂ ਉੱਪਰ,
ਤੂੰ ਗੋਲੀ ਦਿੱਤੀ ਚਲਾਅ ।

ਕਈ ਲਿਤੜ ਲਿਤੜ ਕੇ ਮਰ ਗਏ,
ਕਈ ਖੂਹ ਵਿੱਚ ਡਿੱਘੇ ਜਾ.. ।

ਮੈਂ ਵੀਹ ਸਾਲ ਤੋਂ ਤੈਨੂੰ ਲੱਭਦਾ ਹਾਂ,
ਤੂੰ ਅੜਿੱਕੇ ਗਿਆ ਅੱਜ ਆ..।

ਤੂੰ ਭੱਜਣਾ ਜਿੱਥੇ ਭੱਜ ਲੈ,
ਤੇਰੇ ਆ ਗਏ ਆਖਰੀ ਸਾਹ ।

ਤੈਨੂੰ ਕੁੱਤੇ ਦੀ ਮੌਤ ਮਾਰਣਾ,
ਜਿਵੇਂ ਤੂੰ ਮਾਰੇ ਤੜਫਾ ਤੜਫਾ ।

ਮੈ ਬਣਿਆ ਕਾਲ ਅੱਜ ਤੇਰੇ ਲਈ,
ਮੈਂ ਗੋਲੀ ਲਈ ਪਿਸਟਲ ਵਿੱਚ ਪਾ..।

ਮੈਂ ਤੇਰੇ ਤੋਤੇ ਅੱਜ ਉਡਾਵਣੇ,
ਤੇਰਾ ਆਖਰੀ ਮੌਕਾ ਗਿਆ ਆ..।

ਅਸੀਂ ਅਣਖੀਲੇ ਪੰਜਾਬੀ ਯੋਧੇ ਹਾਂ,
31 ਦੇ 51 ਦਿੰਦੇ ਅਸੀ ਪਾ...।

ਅਸੀ ਦੇਸ਼ ਲਈ ਮਰਣਾ ਜਾਣਦੇ,
ਸਾਨੂੰ ਗੋਡੇ ਗੋਡੇ ਚਾਅ...।

''ਜੱਸ'' ਸਾਨੂੰ ਗੋਡੇ ਗੋਡੇ ਚਾਅ...।
ਸਾਨੂੰ ਗੋਡੇ ਗੋਡੇ ਚਾਅ...।

3

# ਭੁਪਿੰਦਰ ਸਿੰਘ ਸੱਗੂ



ਭੁਪਿੰਦਰ ਸਿੰਘ ਸੱਗੂ
ਪਿੰਡ ਆਲੋਵਾਲ, ਤਹਿਸੀਲ ਨਕੋਦਰ,
ਜ਼ਿਲ੍ਹਾ ਜਲੰਧਰ
**61 Fowler Street, Wolverhampton**
**WV2 3JD, England**
**+44 7501-038048**
**bssagoo1@googlemail.com**

ਪਬਲਿਕ ਟਰਾਂਸਪੋਰਟ ਕੰਪਨੀ

## ਪੁਸਤਕਾਂ

1. ਰਿਸ਼ਤਿਆਂ ਦਾ ਜੰਗਲ (ਕਵਿਤਾ-ਗ਼ਜ਼ਲ)
2. ਸੱਚ ਤੇ ਸੂਲੀ (ਕਾਵਿ ਸੰਗ੍ਰਹਿ)
3. ਸਿਮਟੇ ਹੋਏ ਪਲ (ਕਾਵਿ ਸੰਗ੍ਰਹਿ)
4. ਕਤਰਾ ਕਤਰਾ ਨੂਰ (ਗ਼ਜ਼ਲ ਸੰਗ੍ਰਹਿ)
5. ਫੁੱਲ ਬਣੇ ਅੰਗਿਆਰ (ਕਾਵਿ ਸੰਗ੍ਰਹਿ)
6. ਨਿਰੰਜਨ ਸਿੰਘ ਨੂਰ ਸਿਮਰਤੀ ਗ੍ਰੰਥ (ਸੰਪਾਦਨਾ)
7. ਉਸ ਨੇ ਕਿਹਾ (ਸੰਵਾਦੀ ਕਵਿਤਾ)
8. ਚਾਨਣ ਦੀ ਬਾਤ (ਗ਼ਜ਼ਲ ਸੰਗ੍ਰਹਿ)
9. ਮਸ਼ਾਲ (ਗ਼ਜ਼ਲ ਸੰਗ੍ਰਹਿ)
10. ਵਗਦੀ ਰਹੇ ਝਨਾਂ (ਗ਼ਜ਼ਲ ਸੰਗ੍ਰਹਿ)
11. ਵਗਦੀ ਰਹੇ ਝਨਾਂ (ਗ਼ਜ਼ਲ ਸੰਗ੍ਰਹਿ ਸ਼ਾਹਮੁਖੀ)
12. (ਦਿੱਲੀ ਯੂਨੀਵਰਸਟੀ ਵਲੋਂ ਐੱਮ ਫ਼ਿਲ ਮੇਰੀ ਕਵਿਤਾ-ਗ਼ਜ਼ਲ 'ਤੇ)
13. ਦਰਦ ਜਾਗਦਾ ਹੈ (ਕਾਵਿ ਸੰਗ੍ਰਹਿ)
14. ਕਹਿਕਸ਼ਾਂ (ਉਰਦੂ ਸ਼ਿਅਰ ਸੰਪਾਦਨਾ)
15. In The Land of Proimse (ਮੌਲਿਕ ਕਵਿਤਾਵਾਂ ਦਾ ਅਨੁਵਾਦ)
16. ਤੇਰੀ ਇਬਾਦਤ (ਗ਼ਜ਼ਲ ਸੰਗ੍ਰਹਿ)
17. ਭੁਪਿੰਦਰ ਸਿੰਘ ਸੱਗੂ ਦੀ ਕਵਿਤਾ ਦਾ ਆਲੋਚਨਾਤਮਿਕ ਅਧਿਐਨ, ਸੰਪਾਦਕ, ਡਾ. ਜੋਤੀ ਸ਼ਰਮਾ

- ਪੰਜਾਬੀ ਸਾਹਿਤ ਸਭਾ ਨਕੋਦਰ (1974-77)
- ਮੈਂਬਰ-ਤਿਰੰਗਾ ਗਰੁੱਪ ਵਿੱਚ ਅਲਗੋਜ਼ੇ ਵਜਾਉਣੇ, ਬ੍ਰਮਿੰਘਮ 1982
- ਪ੍ਰਗਤੀਸ਼ੀਲ ਲਿਖਾਰੀ ਸਭਾ ਵੁਲਵਰਹੈਂਪਟਨ (1982-2000)
- ਸਹਾਇਕ ਸਕੱਤਰ ਅਤੇ ਫ਼ਾਉਂਡਰ ਪੰਜਾਬੀ ਅਕੈਡਮੀ ਵੁਲਵਰਹੈਂਪਟਨ, (2000-2005)
- ਜਨਰਲ ਸਕੱਤਰ-ਪ੍ਰਗਤੀਸ਼ੀਲ ਲਿਖਾਰੀ ਸਭਾ, ਬ੍ਰਮਿੰਘਮ-ਸੈਂਡਵੈਲ (2009-2013)
- ਸਟੇਜ ਸਕੱਤਰ-ਕੇਂਦਰੀ ਪੰਜਾਬੀ ਸਾਹਿਤ ਸਭਾ, ਵੁਲਵਰਹੈਂਪਟਨ (2013-2022)
- ਚੇਅਰਮੈਨ-ਕੇਂਦਰੀ ਪੰਜਾਬੀ ਸਾਹਿਤ ਸਭਾ ਵੁਲਵਰਹੈਂਪਟਨ, ਮਈ 2022 ਤੋਂ

ਸ਼ੌਂਕ : ਅਲ਼ਗੋਜ਼ੇ ਵਜਾਉਣੇ ਸ਼ੌਕ ਅਤੇ ਸੂਫ਼ੀਆਨਾ ਕਲਾਮ ਸੁਣਨਾ

# ਸੂਰਜਾ ਵੇ ਸੂਰਜਾ

ਸੂਰਜਾ ਵੇ ਸੂਰਜਾ
ਦੇਵੀਂ ਸਾਨੂੰ ਊਰਜਾ
ਲਬ੍ਹਾਂ ਉੱਤੇ ਆਈ ਸਾਡੀ ਜਾਨ ।

ਰਾਹਾਂ ਵਿੱਚ ਕੰਡੇ ਨੇ
ਦੁੱਖ ਅਣਵੰਡੇ ਨੇ,
ਚੱਪੇ ਚੱਪੇ ਬੈਠੇ ਨੇ ਸ਼ੈਤਾਨ
ਲਬ੍ਹਾਂ ਉੱਤੇ ਆਈ ਸਾਡੀ ਜਾਨ ।

ਰਾਤਾਂ ਨੇ ਹਨੇਰੀਆਂ
ਯਾਦਾਂ ਆਉਂਣ ਤੇਰੀਆਂ,
ਸਾਡੇ ਕੋਲ਼ੋਂ ਰੁੱਸੀ ਮੁਸਕਾਨ
ਲਬ੍ਹਾਂ ਉੱਤੇ ਆਈ ਸਾਡੀ ਜਾਨ ।

ਲੀਰਾਂ ਲੀਰਾਂ ਧਰਤੀ ਨੂੰ
ਲਾਉਂਣੀਆਂ ਨੇ ਟਾਕੀਆਂ,
ਚੁੰਮ ਕੇ ਵਿਰਾਉਂਣਾ ਅਸਮਾਨ
ਲਬ੍ਹਾਂ ਉੱਤੇ ਆਈ ਸਾਡੀ ਜਾਨ ।

ਸਾਡੀਆਂ ਆਜ਼ਾਦੀਆਂ ’ਤੇ
ਪਹਿਰਾ ਹੈ ਗ਼ੁਲਾਮੀਆਂ ਦਾ,
ਦੁੱਖਾਂ ਵਿੱਚ ਜੀਵੇ ਇਨਸਾਨ
ਲਬ੍ਹਾਂ ਉੱਤੇ ਆਈ ਸਾਡੀ ਜਾਨ ।

ਮੰਦਰ-ਮਸੀਤ ਫ਼ੋਲ਼ੇ
ਪੂਜਾ ਤੇ ਨਿਵਾਜ਼ ਪੜ੍ਹੀ,
ਲੱਭਿਆ, ਖ਼ੁਦਾ ਨਾ ਭਗਵਾਨ
ਲਬ੍ਹਾਂ ਉੱਤੇ ਆਈ ਸਾਡੀ ਜਾਨ ।

ਬੀਬਿਆਂ ਤੇ ਰਾਣਿਆਂ ਦੇ
ਖੋਖਲੇ ਜ਼ਮੀਰ ਦੇਖੇ ,
ਮਹਿਲਾਂ ਵਾਲੇ ਤੱਕੇ ਬੇ-ਈਮਾਨ
ਲਬ੍ਹਾਂ ਉੱਤੇ ਆਈ ਸਾਡੀ ਜਾਨ ।

ਛੱਡ ਦਈਏ ਆਪਾਂ ਕਈਆਂ
ਸਦੀਆਂ ਦੀ ਨੀਂਦ ਹੁਣ,
ਰੌਸ਼ਨੀ ਦਾ ਲੱਭੀਏ ਨਿਸ਼ਾਨ
ਲਬ੍ਹਾਂ ਉੱਤੇ ਆਈ ਸਾਡੀ ਜਾਨ ।

ਅਹਿਦ ਹੁਣ ਫੇਰ ਲਈਏ
ਫ਼ਾਸਲੇ ਨੂੰ ਮੇਟ ਦਈਏ,
ਜਾਂਦੀ ਹੈ ਤਾਂ ਜਾਵੇ ਸਾਡੀ ਸ਼ਾਨ
ਲਬ੍ਹਾਂ ਉੱਤੇ ਆਈ ਸਾਡੀ ਜਾਨ ।

"ਸੱਗੂ" ਦਾ ਸਵਾਲ ਵੀ ਹੈ
ਜ਼ਿੰਦਗੀ ਕੰਗਾਲ ਵੀ ਹੈ,
ਚੇਤਨਾਂ ਨੂੰ ਮਿਲੂ ਕਦੋਂ ਵਰਦਾਨ
ਲਬ੍ਹਾਂ ਉੱਤੇ ਆਈ ਜਾਨ ।

# ਪਰਵਾਸੀ-ਕੂੰਜਾਂ

ਪਾਕਿ- ਪਵਿੱਤਰ ਅੰਬਰ ਉੱਤੇ, ਕੂੰਜਾਂ ਭਰਨ ਉਡਾਰੀ
ਚੇਤਰ ਮਹਿਕੇ ਕਣ ਕਣ ਵਿੱਚ, ਮੈਂ ਕੁਦਰਤ ਤੋਂ ਬਲਿਹਾਰੀ ,
ਮਾਨ-ਸਰੋਵਰ ਝੀਲ ਕਿਨਾਰੇ, ਆ ਕੇ ਪਿਆਸ ਬੁਝਾਈ
ਪਰਬਤ, ਜੰਗਲ, ਸਹਿਰਾਵਾਂ ਦੀ, ਸਰ ਕੀਤੀ ਦੁਸ਼ਵਾਰੀ ।

ਪੀੜ ਹਿਜਰ ਦੀ ਨੈਣਾਂ ਵਿੱਚ ਹੈ, ਫਿਰ ਵੀ ਹਿੰਮਤ ਪੱਲੇ
ਕੀ ਹੋਇਆ ਜੇ ਵਾਟ ਲੰਮੇਰੀ, ਬਾਜ਼ਾਂ ਨੇ ਰਾਹ ਮੱਲੇ ,
ਖ਼ੰਭ ਜਿਹਨਾਂ ਦੇ ਦਮਖ਼ਮ ਵਾਲੇ, ਨਾ ਹੰਭੇ, ਨਾ ਹਾਰੇ
ਸੱਤ-ਸਮੁੰਦਰ ਟੱਪੇ, ਕੀਤੀ ਪੌਣ ਦੀ ਅਸਵਾਰੀ ।

ਆਈਆਂ ਨੇ ਪਰਵਾਸੀ ਬਣ ਕੇ, ਵਿਚਰਨ ਵਾਂਗ ਫ਼ਕੀਰਾਂ
ਤਨ ਮਨ ਵਿੱਚ ਹੈ ਚਾਨਣ, ਭਾਵੇਂ ਵਸਤਰ ਲੀਰਾਂ ਲੀਰਾਂ ,
ਸੁਪਨ-ਹੀਣ ਦਾ ਕੀ ਹੈ ਜੀਣਾ, ਜਿਸ ਵਿੱਚ ਕਪਟ- ਖ਼ੁਆਰੀ
ਓਹੀ ਖਾਣਾ, ਓਹੀ ਚੁਗਣਾ, ਜਿੱਥੇ ਚੋਗ਼ ਖ਼ਿਲਾਰੀ ।

ਲੰਮੀ ਭਟਕਣ ਪਿੱਛੋਂ ਇਹਨਾਂ, ਅਪਣੀ ਮੰਜ਼ਿਲ ਪਾਉਂਣੀ
ਸਗਲ-ਸ੍ਰਿਸਟੀ ਅੰਦਰ ਪੈਂਦੀ, ਸੱਭ ਨੂੰ ਆਉਧ ਹੰਢਾਉਣੀ,
ਨੀਂਦ-ਵਿਗੁੱਤੀ ਮਮਤਾ ਗੋਦੀ, ਦਿਲ ਤੋਂ ਦੂਰ ਨਾ ਹੋਵੇ
ਪੈਰਾਂ ਵਿੱਚ ਥਰਕਣ ਹੈ, ਸਿਰ 'ਤੇ ਬੋਝ ਬੜਾ ਹੈ ਭਾਰੀ ।

ਮੋਹ ਦੀਆਂ ਤੰਦਾਂ ਦੇ ਪਰਛਾਵੇਂ, ਪਲ ਪਲ ਚੇਤੇ ਰੱਖਣ
ਪੀੜ ਪਰੁੱਚੇ ਹੱਥ, ਇਹਨਾਂ ਦੇ ਨਿਸਪਲ ਮੁਹਰਾ ਚੱਖਣ,
ਪ੍ਰਦੇਸਾਂ ਵਿੱਚ ਆ ਕੇ ਵੀ, ਇਹ ਭੁੱਲਦੀਆਂ ਨਾ ਪੇਕੇ
ਇਹਨਾਂ ਦੇ ਬੋਲਾਂ ਤੋਂ "ਸੱਗੂ", ਮੈਂ ਸਦਕੇ ਲੱਖਵਾਰੀ ।

## ਗ਼ਜ਼ਲ

ਤੂੰ ਜਦੋਂ ਵੀ ਰਾਤ ਨੂੰ ਗਾਈ ਗ਼ਜ਼ਲ ।
ਕਹਿਕਸ਼ਾਂ ਦਾ ਰੂਪ ਬਣ ਆਈ ਗ਼ਜ਼ਲ ।

ਧੂੜ, ਧੂੰਆਂ, ਧੰਦ ਪਿੱਛੇ ਰਹਿ ਗਏ ,
ਦੇਖ ਲੈ ਹੁਣ ਹਰ ਤਰਫ਼ ਛਾਈ ਗ਼ਜ਼ਲ ।

ਪੱਥਰਾਂ ਨੂੰ ਵੀ ਰੁਆ ਦੇਵੇਗੀ ਇਹ ,
ਵਜਦ 'ਚੋਂ ਹੋ ਕੇ ਜਦੋਂ ਆਈ ਗ਼ਜ਼ਲ ।

ਹੋਰਨਾਂ ਨੇ ਫੁੱਲ ਬੂਟੇ ਲਾ ਲਏ ,
ਮੈਂ ਮਗਰ ਵਿਹੜੇ ਦੇ ਵਿਚ ਲਈ ਗ਼ਜ਼ਲ ।

ਖ਼ੂਨ ਦਿੱਤਾ ਏਸ ਨੂੰ ਮੈਂ ਆਪਣਾ ,
ਦੇਖਦਾਂ ਮੈਂ ਫਿਰ ਵੀ ਤ੍ਰਿਹਾਈ ਗ਼ਜ਼ਲ ।

ਏਸ ਦੇ ਰਸੀਆਂ ਦੀ ਭਾਵੇਂ ਭੀੜ ਹੈ ,
ਹੈ ਹੰਢਾਉਂਦੀ ਅਜ ਵੀ ਤਨਹਾਈ ਗ਼ਜ਼ਲ ।

ਬੰਸਰੀ ਲਗਦੀ ਹੈ "ਸੱਗੂ" ਸ਼ਾਮ ਦੀ ,
ਜਾਪਦੀ ਮੈਨੂੰ ਹੈ ਸ਼ਹਿਨਾਈ ਗ਼ਜ਼ਲ ।

# ਗ਼ਜ਼ਲ

ਮਸ਼ਾਲਾਂ ਬਾਲ ਕੇ ਰਾਹ ਆਪਣਾ ਰੁਸ਼ਨਾ ਲਿਆ ਕਰਨਾ ।
ਮੁਸੀਬਤ ਦੇ ਸਮੇਂ ਥੋੜਾ ਜਿਹਾ ਮੁਸਕਾ ਲਿਆ ਕਰਨਾ ।

ਅਜ਼ਲ ਤੋਂ ਜਾਣਦਾ ਹਾਂ ਮੈਂ, ਕਲਾਬਾਜ਼ਾਂ ਦੀ ਸਾਜ਼ਿਸ਼ ਨੂੰ ,
ਤੁਹਾਡੀ ਜ਼ਿਦ ਹੈ ਜੇ ਫਿਰ ਵੀ ਤਾਂ ਧੋਖਾ ਖਾ ਲਿਆ ਕਰਨਾ ।

ਇਹ ਮੁੱਦਤ ਤੋਂ ਕਿਨਾਰੇ ’ਤੇ ਨਾ ਹੀ ਬੇਕਾਰ ਹੋ ਜਾਵਣ ,
ਜਦੋਂ ਤੂਫ਼ਾਨ ਆਵੇ ਕਿਸ਼ਤੀਆਂ ਅਜ਼ਮਾ ਲਿਆ ਕਰਨਾ ।

ਜ਼ੁਬਾਨ ਦੇ ਤੀਰ ਵਿੱਚੋਂ ਜੰਮਿਆ ਨਾਸੂਰ ਆਕੀ ਹੈ ,
ਤੁਸੀਂ ਇਸ ਦੀ ਹਕੀਕਤ ਏਸ ਨੂੰ ਦਿਖਲਾ ਲਿਆ ਕਰਨਾ ।

ਤੁਸੀਂ ਜਿਸ ਰਾਹ ਦੇ ਪਾਂਧੀ ਹੋ ਉਦ੍ਹੀ ਮੰਜ਼ਿਲ ਦੁਰੇਡੀ ਹੈ ,
ਤੁਸੀਂ ਤੁਰਦੇ ਸਮੇਂ ਦਿਲ ਨੂੰ ਇਹ ਗੱਲ ਸਮਝਾ ਲਿਆ ਕਰਨਾ ।

ਜਿਨ੍ਹਾਂ ਨੇ ਸੂਲੀਆਂ ਚੁੰਮੀਆਂ ਲੱਗਾ ਕੇ ਹੱਕ ਦਾ ਨਾਹਰੇ ,
ਮੇਰੇ ਬੱਚਿਓ ! ਉਨ੍ਹਾਂ ਦੀ ਸੋਚ ਨੂੰ ਅਪਨਾ ਲਿਆ ਕਰਨਾ ।

ਤੁਸੀਂ ਰੌਸ਼ਨ ਸਦੀ ਵਿਚ ਵੀ ਅਜੇ ਪੂਜੋਂ ਪ੍ਰੇਤਾਂ ਨੂੰ ,
ਕਦੀ ਮਸਤਕ ਵੀ “ਸੱਗੂ” ਆਪਣੇ ਰੁਸ਼ਨਾ ਲਿਆ ਕਰਨਾ ।

# 4 ਬਾਬਾ ਗੁਲਾਮ ਹੁਸੈਨ ਨਦੀਮ



ਨਾਮ ਅਤੇ ਕਲਮੀ ਨਾਮ : ਬਾਬਾ ਗੁਲਾਮ ਹੁਸੈਨ ਨਦੀਮ

ਪਤਾ : ਵਾਰਡ ਨੰ. 1, ਰਾਵੀ ਮੁਹੱਲਾ, ਸਮੁੰਦਰੀ,
ਜ਼ਿਲ੍ਹਾ ਫੈਸਲਾਬਾਦ, ਪੰਜਾਬ, ਪਾਕਿਸਤਾਨ

ਮੋਬਾਇਲ : 03336694250

ਵਿੱਦਿਅਕ ਯੋਗਤਾ : ਮੈਟ੍ਰਿਕ

ਕਾਰੋਬਾਰ : ਮਜ਼ਦੂਰੀ

ਸਾਹਿਤਕ ਪ੍ਰਾਪਤੀਆਂ : ਬੁੱਲ੍ਹੇ ਸ਼ਾਹ ਅਵਾਰਡ, ਬੁੱਲ੍ਹੇ ਸ਼ਾਹ ਮਜਲਸ ਕਸੂਰ ਵੱਲੋਂ।
ਪੰਜਾਬੀ ਸੇਵਕ ਅਵਾਰਡ, ਪੰਜਾਬੀ ਪ੍ਰਚਾਰ ਲਾਹੌਰ ਵੱਲੋਂ।
ਪੰਜਾਬੀ ਲੋਕ ਸੁਜ਼ਾਗ ਅਵਾਰਡ, ਆਰਟ ਕੌਂਸਲ ਫੈਸਲਾਬਾਦ ਵੱਲੋਂ।
ਪਰਾਈਡ ਆਫ਼ ਸਮੁੰਦਰੀ ਅਵਾਰਡ, ਸਮੁੰਦਰੀ ਸ਼ਹਿਰ ਵੱਲੋਂ।
ਉਮਰੋ ਲੰਬੇ ਰੋਗ ਪੁਸਤਕ ਨੂੰ, ਅਮੀਰ ਅਲੀ ਅਰਸ਼ਦ ਮੀਰ ਅਵਾਰਡ।
ਅਦਬੀ ਅਵਾਰਡ, ਗੋਜਾਰਾ ਮੁਸੱਬਰ ਵੈਲਫੇਅਰ ਵੱਲੋਂ।
ਕੁਕਨੂਸ ਅਵਾਰਡ। ਰੋਜਨਾਮ ਮੁਲਤਾਨ ਵੱਲੋਂ।

ਪੁਸਤਕਾਂ : ਉਮਰੋਂ ਲੰਬੇ ਰੋਗ (ਉਰਦੂ)। ਉਮਰੋਂ ਲੰਬੇ ਰੋਗ ਪੁਸਤਕ
(ਗੁਰਮੁਖੀ ਵਿੱਚ ਤਰਜ਼ਮਾ)।
ਪਰਛਾਵਿਆਂ ਦਾ ਭਾਰ (ਗ਼ਜ਼ਲ ਸੰਗ੍ਰਹਿ) ਛਪਾਈ ਅਧੀਨ।
ਨੱਚ ਨੀ ਜਿੰਦੇ ਨੱਚ (ਕਵਿਤਾ) ਛਪਾਈ ਅਧੀਨ ।

# ਅਸਾਂ ਆਪਣੇ ਵੈਰੀ ਆਪੇ

ਦਿਲ ਦੇ ਵਿਹੜੇ, ਫੂਹੜੀ ਪਾ ਕੇ
ਯਾਦਾਂ ਕਰਨ ਸਿਆਪੇ।
ਗਲ਼ ਆਪਣੇ ਵਿੱਚ ਇਸ਼ਕ ਦਾ ਫੰਦਾ
ਬੁਣ ਪਾਇਆ ਅਸਾਂ ਆਪੇ।
ਸੀਨਾ ਪਾਣੀ ਮਲ-ਮਲ ਹੋਇਆ
ਸਾਹ ਕੰਢਿਆਲੇ ਛਾਪੇ।
ਮੇਲਾ ਸਾਨੂੰ ਵੱਢ ਵੱਢ ਖਾਵੇ
ਰਾਸ ਨਹੀਂ ਅਕਲਾਪੇ।
ਲੱਖਾਂ ਠੀਕਰ ਯਾਰਾਂ ਭੰਨੇ
ਰੋਕ ਰਹੇ ਸਨ ਮਾਪੇ।
ਹੁਣ ਦੋਸ਼ ਕਿਸੇ ਸਿਰ ਕਿਉਂ ਧਰੀਏ ?
ਅਸਾਂ ਆਪਣੇ ਵੈਰੀ ਆਪੇ !

# ਪੀੜਾਂ ਨਾਲ ਯਾਰਾਨੇ

ਦਿਲ ਲੋਗੜ ਨੂੰ ਪੂਣੀ ਕਰਕੇ
ਤਨ ਦਾ ਚਰਖ਼ਾ ਡਾਹਿਆ,
ਪੰਜੇ ਤੱਤ ਅਲਹਿਦਾ ਕੀਤੇ
ਗਿਆਨ ਧਿਆਨੇ ਲਾਇਆ।
ਪੀੜਾਂ ਉਣ-ਉਣ ਖੇਸ ਹਿਜ਼ਰ ਦਾ,
ਕੱਤਿਆ ਏਸ ਬਹਾਨੇ
ਪੀੜਾਂ ਨਾਲ ਯਾਰਾਨੇ ਸਾਡੇ
ਪੀੜਾਂ ਨਾਲ ਯਾਰਾਨੇ।

ਦਿਲ ਬਾਗ਼ੇ ਦੇ ਹਰ ਬੂਟੇ ਨੂੰ
ਖਿੜ੍ਹ ਖਿੜ੍ਹ ਫ਼ੁੱਟਣ ਪੀੜਾਂ,
ਇਹ ਪੀੜਾਂ ਦੇ ਸਦਕੇ ਜੱਗ 'ਤੇ
ਕੱਟੀਆਂ ਗਈਆਂ ਭੀੜਾਂ,
ਇਹ ਪੀੜਾਂ ਦੇ ਵਟਣੇ ਸਾਨੂੰ
ਚਾੜ੍ਹੇ ਰੂਪ ਸੁਹਾਣੇ
ਪੀੜਾਂ ਨਾਲ ਯਾਰਾਨੇ ਸਾਡੇ
ਪੀੜਾਂ ਨਾਲ ਯਾਰਾਨੇ।

ਪੰਛੀ ਪਿਆਰ ਪ੍ਰੀਤਾਂ ਦਾ ਮੈਂ
ਕੂਕਾਂ ਡਾਲੀ ਡਾਲੀ,
ਦਰ ਦਰ ਯਾਰ ਸਦਾਵਾਂ ਦੇ ਕੇ
ਫਿਰ ਵੀ ਪੱਲਾ ਖ਼ਾਲੀ,
ਹਰ ਸਾਹ ਦੁੱਖ ਦੇ ਤੀਰਾਂ ਦੇ ਮੈਂ
ਝੱਲੇ ਯਾਰ ਨਿਸ਼ਾਨੇ।
ਪੀੜਾਂ ਨਾਲ ਯਾਰਾਨੇ ਸਾਡੇ
ਪੀੜਾਂ ਨਾਲ ਯਾਰਾਨੇ।

# ਮਾਂ ਬੋਲੀ

ਉੱਠ ਸ਼ਾਹ ਹੁਸੈਨਾਂ ਦੇਖ ਲੈ,
ਅਸੀਂ ਬਲਦੇ ਬੈਠੇ ਭੇਸ।
ਸਾਡੀ ਜ਼ਿੰਦ ਨਿਮਾਣੀ ਕੂਕਦੀ,
ਅਸੀਂ ਰੁਲ਼ ਵਿਚ ਪ੍ਰਦੇਸ।
ਸਾਡਾ ਹਰ ਦਮ ਜੀਅ ਕੁਰਲਾਉਂਦਾ,
ਸਾਡੀ ਨੀਰ ਵਿਖਾਵੇ ਅੱਖ।
ਅਸੀਂ ਜੀਉਂਦੀ ਜਾਨੇ ਮਰ ਗਏ,
ਸਾਡਾ ਮਾਧੋ ਹੋਇਆ ਵੱਖ।
ਸਾਨੂੰ ਸੱਪ ਸਮੇਂ ਦਾ ਡੰਗਦਾ,
ਸਾਨੂੰ ਪਲ-ਪਲ ਚੜ੍ਹਦਾ ਜ਼ਹਿਰ।
ਸਾਡੇ ਅੰਦਰ ਬੇਲੇ ਖ਼ੌਫ ਦੇ,
ਸਾਡੇ ਜੰਗਲ ਬਣ ਗਏ ਸ਼ਹਿਰ।
ਅਸੀਂ ਸ਼ੌਹ ਗ਼ਮਾਂ ਵਿੱਚ ਡੁੱਬਦੇ,
ਸਾਡੀ ਨਾਉ ਰੁੜ੍ਹੀ ਪਤਿਵਾਰ।
ਸਾਡੇ ਬੋਲਣ 'ਤੇ ਪਾਬੰਦੀਆਂ,
ਸਾਡੇ ਸਿਰ ਲਟਕੇ ਤਲਵਾਰ।
ਅਸੀਂ ਨੈਣਾਂ ਦੇ ਖੂਹ ਗੇੜ ਕੇ,
ਕੀਤੀ ਵੱਤਰ ਦਿਲ ਦੀ ਭੋਂਅ।
ਇਹ ਬੰਜਰ ਰਹੀ ਨਮਾਨੜੀ,
ਸਾਨੂੰ ਸੱਜਣ ਤੇਰੀ ਸੌਂਹ।
ਸ਼ਾਂਤ ਉੱਤੋਂ ਅਸੀਂ ਜਾਪਦੇ,
ਸਾਡੇ ਅੰਦਰ ਲੱਗੀ ਜੰਗ,
ਸਾਨੂੰ ਚੁੱਪ ਚੁਪੀਤਾ ਦੇਖ ਕੇ
ਪਏ ਆਖਣ ਲੋਕ ਮਲੰਗ।
ਅਸੀਂ ਖੁੱਭੇ ਗ਼ਮ ਦੇ ਖੋਭੜੇ,
ਸਾਡੇ ਲੰਮੇ ਹੋ ਗਏ ਕੇਸ
ਪਾ ਭਾਣੇ ਬਾਣੇ ਸੋਚ ਦੇ
ਅਸੀਂ ਬੁਣਦੇ ਰਹਿੰਦੇ ਖੇਸ।

ਤੂੰ ਮਾਣ ਵਧਾਇਆ ਪੁਰਸ਼ ਦਾ
ਤੂੰ ਵੰਡਿਆ ਅੱਤ ਪਿਆਰ।
ਪਾ ਸੱਚ ਦੀ ਛਾਨਣੀ ਪਾਪ 'ਚੋਂ
ਤੂੰ ਲੀਤਾ ਪੁੰਨੇ ਨਿਤਾਰ
ਤੇਰਾ ਉੱਚਾ ਹੋਵੇ ਨਾਅ
ਦਿਨ ਰਾਤੀਂ ਸੀਸਾਂ ਦੇਵੰਦੀ
ਤੈਨੂੰ, ਨਾਨਕ ਬੋਲੀ ਮਾਂ

# ਸ਼ਿਵ ਕੁਮਾਰਾ ਪਿਆਰਿਆ

ਮੰਗ ਮਾਂ-ਬੋਲੀ ਦੀ ਖੈਰ
ਅਸੀਂ ਦੂਰ ਪਏ ਤੇਰੀ ਰਾਹ 'ਤੇ
ਅਸੀਂ ਨੱਪੀ ਤੇਰੀ ਪੈੜ
ਤੂੰ ਛੋਟੀ ਉਮਰੇ ਪਿਆਰਿਆ
ਕੀਤਾ ਉਮਰੋਂ ਵੱਧ ਕਮਾਲ
ਤੂੰ ਮਾਂ-ਬੋਲੀ ਦਾ ਬੂਟੜਾ
ਲਿਆ ਲਹੂ ਆਪਣੇ ਨਾ ਪਾਲ਼
ਤੂੰ ਭੁੰਨੇ ਪੀੜੇ ਪ੍ਰਾਗੜੇ
ਤੂੰ ਪੀਤੀ ਘੋਲ ਔਂਤ
ਤੇਰਾ ਲਿਖਿਆ ਕੱਢਦੇ
ਕਈ ਸੁਰ ਦੇ ਸ਼ਾਹ ਕਲੌਂਤ
ਪਾ ਛਾਪਾਂ, ਛੱਲੇ, ਪੈਂਖੜਾ
ਲਾ ਟਿੱਕਾ, ਨੱਥ ਪਜੇਬ
ਤੁਸੀਂ ਸਭ ਸੁੱਚੇ ਸੁੱਚੜੇ
ਰਲ਼ ਪੇਸ਼ ਕਰੋ ਫਰਿਯਾਦ
ਰੱਬ ਮਾਂ ਬੋਲੀ ਦਾ ਉਜਾੜਿਆ
ਘਰ ਫੇਰ ਕਰੇ ਆਬਾਦ
ਚੱਲ ਛੱਡ ਨਦੀਮ ਕਾਦਰੀ
ਕਰਦੇ ਪੁਰ ਕਲਾਮ
ਤੂੰ ਸੇਵਕ ਬੋਲੀ ਮਾਂ ਦਾ
ਤੇਰਾ ਜੱਗ 'ਤੇ ਰਹਿਣ ਨਾਮ

ਤੂੰ ਵਰਤ ਕੇ ਲਫ਼ਜ਼ ਅਨੋਖੜੇ
ਭਰੀ ਮਾਂ ਬੋਲੀ ਦੀ ਜੇਬ।

# 5 ਚਰਨ ਸਿੰਘ




ਨਾਮ ਅਤੇ ਕਲਮੀ ਨਾਮ : ਚਰਨ ਸਿੰਘ

ਪਤਾ : ਕੈਨੇਡਾ

ਮੋਬਾਇਲ : +1 778-926-4331

ਈ-ਮੇਲ : **virdycharan@gmail.com**

ਵੈਬਸਾਇਟ : **charansingh.ca**


ਵਿੱਦਿਅਕ ਯੋਗਤਾ : ਐੱਮ. ਏ. ਪੰਜਾਬੀ

ਪੁਸਤਕਾਂ : ਹੁਣ ਤੱਕ ਚਰਨ ਸਿੰਘ ਦੀਆਂ 75 ਪੁਸਤਕਾਂ ਛਪ ਚੁੱਕੀਆਂ ਹਨ ਅਤੇ ਛਪਾਈ ਅਧੀਨ 25 ਪੁਸਤਕਾਂ ਹਨ।

# ਕੰਧਾਂ

ਤੁਰਨਾ ਚਾਹੁੰਦੀ ਹਾਂ
ਮੇਰੀ ਹੋਂਦ ਵੰਡ ਦੀ ਪ੍ਰਤੀਕ ਹੈ
ਆਪਣੀ ਹੋਂਦ ਤਿਆਗ
ਵਿਹੜਾ ਹੋਣਾ ਚਾਹੁੰਦੀ ਹਾਂ
–0–
ਪਰ ਹਰ ਸਾਲ ਹੀ ਘਰ ਦੇ ਲੋਕ
ਮੈਨੂੰ ਲਿੱਪ ਦਿੰਦੇ ਹਨ ਪੋਚ ਦਿੰਦੇ ਹਨ
ਕਿ ਬਰਸਾਤਾਂ 'ਚ ਮੈਂ ਖੁਰ ਨਾ ਜਾਵਾਂ
ਭੁਰ ਨਾ ਜਾਵਾਂ
ਕਿਤੇ ਤੁਰ ਨਾ ਜਾਵਾਂ
–0–
ਲੋਕ ਆਪਣੇ ਲਾਲਚ ਲਈ
ਮੇਰੀ ਹੋਂਦ ਕਾਇਮ ਰੱਖਣਾ ਚਾਹੁੰਦੇ ਹਨ
ਜਦ ਮੈਂ ਖੜੀ ਖੜੋਤੀ ਅੱਕ ਗਈ ਹਾਂ
ਥੱਕ ਗਈ ਹਾਂ ਜੜ ਹੋ ਗਈ ਹਾਂ
ਆਪਣੀ ਗਤੀ ਤੋਂ ਵੱਖ ਹੋ ਗਈ ਹਾਂ

–0–
ਮੈਂ ਕੰਧ ਜੋ ਸਿਰਜਦੀ ਹਾਂ ਬੀਜਦੀ ਹਾਂ
ਉਹ ਵੰਡੀਆਂ ਹਨ ਸਮਾਜਕ ਭੰਡੀਆਂ ਹਨ
ਫਿਰ ਵੀ ਵੰਡੀਆਂ ਦੇ ਪੁਜਾਰੀ ਨੇ
ਇਨ ੍ਹਾਂ ਘਰਾਂ ਦੇ ਲੋਕ ਜੋ ਕਰਤਾਰੀ ਨੇ
–0–
ਮੇਰੇ ਜਜ਼ਬਾਤ ਮੇਰੇ ਸੁਫ਼ਨੇ
ਮੇਰੀਆਂ ਨਹੀਂ ਹੇਠ ਆ ਗਏ ਹਨ
ਘਰਾਂ ਦੇ ਲੋਕ
ਮੇਰਾ ਝੂਠਾ ਮਾਖੋਟਾ ਕਾਇਮ ਰੱਖਣ ਲਈ
ਮੇਰੇ ਜਿਸਮ ਦਾ ਸੱਚ ਖਾ ਗਏ ਹਨ।

# ਬਾਰੀ

ਬਾਰੀ 'ਚੋਂ ਦੋ ਨੈਣ ਝਾਕਦੇ ਹਨ
ਸੂਰਜਾਂ ਦੇ ਦੀਵੇ ਗਲੀਆਂ 'ਚ ਬਾਲਦੇ ਹਨ
ਗੋਰੇ ਰੰਗ ਦੀਆਂ ਕਿਰਨਾਂ
ਗਲ਼ੀਆਂ 'ਚ ਭੌਂਦੀਆਂ ਹਨ
ਆਪਣਾ ਬ੍ਰਿਹਾ ਗਾਉਂਦੀਆਂ ਹਨ
-0-
ਹੁਸਨ ਇਸ਼ਕ ਦੀ ਭਾਲ 'ਚ ਹੈ
ਆਪਣੀ ਅੱਗ ਦੇ ਉਬਾਲ਼ 'ਚ ਹੈ
ਇਸ਼ਕ ਹੁਸਨ ਦੇ ਲਿਬਾਸ 'ਚ ਹੈ
ਹੁਸਨ ਸਾਹਾਂ ਦੇ ਤਾਲ 'ਚ ਹੈ
ਇਸ਼ਕ ਦਾ ਹੁਸਨ ਦੀ ਨਸ ਨਸ 'ਚ ਵਸੇਰਾ ਹੈ
ਇਸ਼ਕ ਹੁਸਨ ਦੇ ਲਹੂ ਦੀ ਰਫ਼ਤਾਰ 'ਚ ਹੈ
ਹੁਸਨ ਆਪਣੀਆਂ ਪਲਕਾਂ
ਛਾਤੀ ਤੇ ਝੁਕਾਉਂਦਾ ਹੈ
ਬੱਦਲ ਇਸ਼ਕ ਦਾ ਹੁਸਨ ਦੇ ਅੰਦਰ
ਵਰ ਜਾਂਦਾ ਹੈ
ਦੋ ਨੈਣ ਬਾਰੀ ਢੋਅ ਲੈਂਦੇ ਹਨ
ਆਪਣੇ ਜਿਸਮ 'ਚੋਂ ਇਸ਼ਕ ਦੀ ਖੁਸ਼ਬੂ ਲੈਂਦੇ ਹਨ
-0-
ਹੁਸਨ ਬਾਰ ਬਾਰ ਆਪਣਾ
ਚਿਹਰਾ ਤੱਕਦਾ ਹੈ
ਦਰਪਣ ਬਾਰ ਬਾਰ ਦੱਸਦਾ ਹੈ
ਤੇਰੇ 'ਚ ਇਸ਼ਕ ਜਿਉਂਦਾ ਹੈ
ਤੇਰੇ 'ਚ ਇਸ਼ਕ ਵੱਸਦਾ ਹੈ
-0-
ਇਸ਼ਕ ਨੂੰ ਬਾਹਰ ਨਹੀਂ
ਆਪਣੇ ਪਿੰਡੇ 'ਚੋਂ ਭਾਲ
ਤੇਰੇ ਹੁਸਨ 'ਚ ਹੀ ਤੇਰਾ ਇਸ਼ਕ ਆਬਾਦ ਹੈ
ਜਿਸ 'ਚ ਤੇਰੇ ਹੁਸਨ ਦੀ ਜੜ੍ਹ ਹੈ
ਸੁਰ ਹੈ ਗੀਤ ਸਾਜ਼ ਹੈ

# ਮਦਰੱਸਾ

ਮਦਰੱਸਾ
ਇੱਟਾਂ ਵੱਟਿਆਂ ਦਾ ਬਣਿਆਂ ਵਜੂਦ ਨਹੀਂ
ਮਦਰੱਸੇ ਦੀ ਨੀਂਹ 'ਚ
ਗਿਆਨ, ਵਿਗਿਆਨ ਤੇ ਚਾਨਣ ਦਾ ਭੰਡਾਰ ਹੈ
ਮਦਰੱਸਾ, ਜੀਵਨ ਦਾ ਅਧਾਰ ਹੈ
ਵਿੱਦਿਆ ਦਾ ਦਰਬਾਰ ਹੈ
-0-
ਵਿਸ਼ਵ ਦਾ ਚਾਨਣ
ਮਦਰੱਸੇ ਦੇ ਲਹੂ 'ਚ ਸਮਾਇਆ ਹੈ
ਮਦਰੱਸਾ, ਵੇਦਾਂ ਸ਼ਾਸਤਰਾਂ ਗ੍ਰੰਥਾਂ ਦੀ ਰੂਹ ਹੈ
ਨੱਨੀਆਂ ਨੱਨੀਆਂ ਜੋਤਾਂ ਦਾ ਘਰ ਹੈ
ਸੂਰਜਾਂ ਦੇ ਸੂਰਜ ਦਾ ਦਰ ਹੈ
ਜਿਸ 'ਚ ਸੱਚ ਖੰਡ ਦਾ ਵਸੇਰਾ ਹੈ
ਨੂਰ ਤੇ ਰੱਬਤਾ ਦਾ ਡੇਰਾ ਹੈ
-0-
ਰੱਬੀ ਨੂਰ ਦਾ ਤੀਰਥ ਹੈ
ਤੀਸਰੀ ਅੱਖ ਦਾ ਦੁਆਰ ਹੈ
ਸੂਰਜਾਂ, ਚੰਨਾਂ, ਤਾਰਿਆਂ ਦੀ ਲੋਅ ਦਾ
ਭੰਡਾਰ ਹੈ
ਜ਼ਿੰਦਗੀ ਤੇ ਸਿਰਜਣਹਾਰ ਦੇ ਭੇਦ ਖੋਲ ਦਾ ਹੈ
ਸੱਚ ਸਿਖਾਉਂਦਾ ਹੈ ਸੱਚ ਬੋਲਦਾ ਹੈ
ਧਰਤੀ ਤੇ ਸੂਰਜਾਂ ਦੀ ਪਨੀਰੀ ਲਾਉਂਦਾ ਹੈ
ਮਦਰੱਸਾ ਸੱਚ ਦਾ ਘਰ ਕਹਾਉਂਦਾ ਹੈ
-0-
ਮਦਰੱਸਾ
ਇੱਟਾਂ ਵੱਟਿਆਂ ਦਾ ਬਣਿਆਂ ਵਜੂਦ ਨਹੀਂ
ਮਦਰੱਸੇ ਦੀ ਨੀਂਹ 'ਚ ਗਿਆਨ ਵਿਗਿਆਨ
ਦਰਸ਼ਨ ਤੇ ਚਾਨਣ ਦਾ ਭੰਡਾਰ ਹੈ
ਮਦਰੱਸਾ ਜੀਵਨ ਦਾ ਅਧਾਰ ਹੈ
ਵਿੱਦਿਆ ਦਾ ਦਰਬਾਰ ਹੈ।

# ਸੁਰਮਾਂ

ਸੁਰਮਾਂ ਅੱਖ ਨਹੀਂ ਪਾਉਂਦੀ
ਸੁਰਮਾਂ ਤੇਰੀ ਅੱਖ ਨੂੰ ਪਾਉਂਦਾ ਹੈ
ਤੋਰ 'ਚ ਮਟਕ ਭਰਦਾ ਹੈ
ਸਾਹਾਂ 'ਚ ਖੁਸ਼ਬੂ ਧਰਦਾ ਹੈ
ਅੱਖਾਂ ਨੂੰ ਮਟਕਣਾ ਦੱਸਦਾ ਹੈ
–0–
ਨਜ਼ਰ ਪੱਥਰ 'ਤੇ ਪੈਂਦੀ ਹੈ
ਪੱਥਰ ਤੁਰਨਾ ਬੋਲਣਾ ਸੁਣਨਾ ਸ਼ੁਰੂ ਕਰਦਾ ਹੈ
ਹਵਾ 'ਚ ਉੱਡਦਾ ਹੈ ਪਾਣੀ ਤੇ ਤਰਦਾ ਹੈ
ਰੁੱਖ ਆਪਣੇ ਅਕਸ ਸੁਰਮੇਂ ਵਾਲੀ
ਅੱਖ 'ਚ ਉਤਾਰਦੇ ਹਨ
ਆਪਣੀ ਹਰਿਆਵਲ ਤੇ ਖੁਸ਼ਬੂ
ਨਜ਼ਰਾਂ ਦੇ ਪੈਰੀਂ ਖਿਲਾਰਦੇ ਹਨ
ਮੌਸਮ ਬਹਾਰਾਂ ਰੰਗ ਤੇ ਰੁੱਤਾਂ
ਆਪਣਾ ਵਜੂਦ ਸੁਰਮੇਂ ਵਾਲੀ
ਅੱਖ 'ਚ ਧਰਦੀਆਂ ਹਨ
ਸੁਰਮੇਂ ਵਾਲੀ ਅੱਖ ਦਾ
ਪੌਣਾਂ ਪਾਣੀ ਭਰਦੀਆਂ ਹਨ
–0–
ਨਜ਼ਰ ਸੁਰਮੇਂ ਜਿਹਾ ਅਕਸ
ਦੁਆਲੇ 'ਚੋਂ ਭਾਲ਼ਦੀ ਹੈ
ਦੀਵੇ ਦੀ ਲੋਅ ਜਿਹਾ ਰੂਪ
ਨੈਣਾਂ 'ਚ ਉਤਾਰਦੀ ਹੈ
ਸ਼ਰਬਤੀ ਰੰਗ ਦਾ ਸੁਫ਼ਨਾ ਸਹਿਕਾਰਦੀ ਹੈ
–0–
ਅੱਖ ਜਦ ਸੁਰਮੇ 'ਚ ਢਲਦੀ ਹੈ
ਸੁਰਮਾ ਜਦ ਅੱਖ 'ਚ ਢਲਦਾ ਹੈ
ਆਪਣੇ ਹੀ ਜਿਸਮ 'ਚ ਖੁਸ਼ਬੂ ਆਉਂਦੀ ਹੈ
ਸੱਚ ਸੁੰਦਰਤਾ ਕਹਾਉਂਦਾ ਹੈ
ਸੁੰਦਰਤਾ ਸੱਚ ਕਹਾਉਂਦੀ ਹੈ।

# 6 ਸਾਬੀ ਈਸਪੁਰੀ



ਨਾਮ : ਸਰਬਜੀਤ ਸਿੰਘ
ਪਤਾ : ਪਿੰਡ ਈਸਪੁਰ, ਜ਼ਿਲ੍ਹਾ ਹੁਸ਼ਿਆਰਪੁਰ
ਮੋਬਾਇਲ : +91 94171-16476
ਵਿੱਦਿਅਕ ਯੋਗਤਾ : ਐਮ. ਏ. ਬੀ. ਐੱਡ
ਕਾਰੋਬਾਰ : ਅਧਿਆਪਕ
ਸਾਹਿਤਕ ਪ੍ਰਾਪਤੀਆਂ : ਦੋਆਬਾ ਲਿਖਾਰੀ ਸਭਾ ਗੜ੍ਹਸ਼ੰਕਰ (ਬਾਲ ਸਾਹਿਤ ਪੁਰਸਕਾਰ)
ਕਾਵਿ-ਸ਼ਾਸਤਰ, ਫਗਵਾੜਾ (ਬਾਲ ਸਾਹਿਤ ਪੁਰਸਕਾਰ)

**ਸੰਪਾਦਿਤ ਪੁਸਤਕਾਂ-**

ਮੇਰੇ ਹਿੱਸੇ ਦਾ ਅਕਾਸ਼ (2013) ਬਾਲ ਸਾਹਿਤ, ਫੱਟੀ ਕਲਮ ਦਵਾਤ (2013) ਬਾਲ ਸਾਹਿਤ
ਵੰਝਲੀ (ਸਾਂਝਾ ਕਾਵਿ-ਸੰਗ੍ਰਹਿ (2014), ਮਤਵਾਲਾ ਕਮਲ (ਸਾਂਝਾ ਕਾਵਿ-ਸੰਗ੍ਰਹਿ 2014)
ਪੱਥਰਾਂ ਦਾ ਸ਼ਹਿਰ (ਹਾਇਕੂ ਸੰਗ੍ਰਹਿ), ਮਾਰੂਥਲ ਦੀ ਭਾਸ਼ਾ (ਸਾਂਝਾ ਹਾਇਕੂ ਸੰਗ੍ਰਹਿ)

**: ਸੰਪਾਦਕ-**

ਤਨੀਸ਼ਾ (ਤ੍ਰੈ-ਮਾਸਿਕ ਬਾਲ ਪੁਸਤਕ ਲੜੀ), ਦਾਨਿਸ਼ ਹਾਇਕੂ ਸੰਸਾਰ (ਤ੍ਰੈ-ਮਾਸਿਕ ਪੁਸਤਕ ਲੜੀ)
ਦਾਨਿਸ਼ ਬਾਲ ਹਾਇਕੂ ਸੰਸਾਰ (ਤ੍ਰੈ-ਮਾਸਿਕ ਬਾਲ ਪੁਸਤਕ ਲੜੀ)

**: ਉਪ-ਸੰਪਾਦਕ-**

ਕਾਵਿ-ਸ਼ਾਸਤਰ (ਤ੍ਰੈ-ਮਾਸਿਕ ਰਿਸਰਚ ਜਨਰਲ)

**: ਪ੍ਰਕਾਸ਼ਿਕ ਪੁਸਤਕਾਂ-**

ਮਾਂ ਮੇਰੀ ਸਭ ਤੋਂ ਸੋਹਣੀ -2014 (ਬਾਲ ਸਾਹਿਤ) , ਮਾਂ ਮੇਰੀ ਸਭ ਤੋਂ ਸੋਹਣੀ-2020 (ਦੂਸਰਾ ਐਡੀਸ਼ਨ)
ਹੰਝੂਆਂ ਦਾ ਕਾਫ਼ਲਾ-2020 (ਹਾਇਕੂ ਕਾਵਿ ਸੰਗ੍ਰਹਿ)
ਦੂਰੀਆਂ (ਕਤੋਤਾ ਕਾਵਿ ਸੰਗ੍ਰਹਿ 2021), ਦਾਨਿਸ਼ ਹਾਇਕੂ ਮਾਲ਼ਾ (ਹਾਇਕੂ ਕਾਵਿ ਸੰਗ੍ਰਹਿ 2021),
ਮਨ-ਮੰਥਨ (ਹਾਇਕੂ ਕਾਵਿ ਸੰਗ੍ਰਹਿ 2021)

ਕਿਸ਼ਤੀ (ਬਾਲ ਹਾਇਕੂ ਨਰਸਰੀ ਗੀਤ 2023), ਗ਼ਬਾਰੇ (ਬਾਲ ਚੋਕਾ ਸੰਗ੍ਰਹਿ 2023), ਮੇਰੀ ਕਿਤਾਬ (ਬਾਲ ਹਾਇਕੂ ਮਾਲ਼ਾ)
ਮਿੱਟੀ ਦੇ ਘਰ (ਬਾਲ ਸੈਦੋਕਾ ਸੰਗ੍ਰਹਿ 2023), ਤਿਤਲੀਆਂ (ਬਾਲ ਤਾਂਕਾ ਸੰਗ੍ਰਹਿ 2023)
ਡੋਰਾਂ (ਬਾਲ ਕਤੋਤਾ ਸੰਗ੍ਰਹਿ 2023), ਕਾਕੇ ਦੀ ਬੱਸ (ਬਾਲ ਹਾਇਕੂ ਕਵਿਤਾ 2023)
ਲੁੱਕਣ-ਮੀਚੀ(ਬਾਲ ਹਾਇਕੂ ਸੰਗ੍ਰਹਿ 2023), ਖਿਡੌਣੇ (ਬਾਲ ਹਾਇਬਨ 2023)
ਰੇਲ ਗੱਡੀ (ਬਾਲ ਰੇਂਗਾ ਸੰਗ੍ਰਹਿ 2023), ਦਾਣੇ (ਬਾਲ ਹਾਇਗਾ ਸੰਗ੍ਰਹਿ 2023)

**ਹੋਰ ਸਾਂਝੀਆਂ ਪੁਸਤਕਾਂ-**

ਸ਼ਬਦ ਸੰਵਾਦ, ਕਲਮਾਂ ਦੇ ਯੋਧੇ, ਸ਼ਾਇਰੀ ਦੇ ਸਤਰੰਗ
ਸ਼ਿਅਰ ਅਰਜ਼ ਹੈ, ਸ਼ਿਅਰ ਪੰਜਾਬੀ, ਪੰਜਾਬੀ ਹਾਇਕੂ ਰਿਸ਼ਮਾਂ

# ਗ਼ਜ਼ਲ

ਥਾਂ - ਥਾਂ ਧੋਖੇ ਖਾ ਕੇ ਰੋਏ।
ਸ਼ਹਿਰ ਤੇਰੇ ਵਿੱਚ ਆ ਕੇ ਰੋਏ।

ਮੈਂ ਦੇ ਮਹਿਲ ਬਣਾ ਕੇ ਰੋਏ।
ਫਿਰ ਉਹਨਾਂ ਨੂੰ ਢਾਹ ਕੇ ਰੋਏ।

ਜਿਹੜਾ ਸਾਡੇ ਹਾਲ ਤੇ ਹੱਸਦਾ,
ਉਸਨੂੰ ਹਾਲ ਸੁਣਾ ਕੇ ਰੋਏ।

ਖ਼ੁਦ ਹੀ ਕਿੰਨੀ ਵਾਰੀ ਅਪਣੇ,
ਅੱਖੀਂ ਘੱਟਾ ਪਾ ਕੇ ਰੋਏ।

ਦੂੱਧੋਂ ਚਿੱਟੇ ਸੱਜਣ ਸਾਨੂੰ,
ਹੱਥੀਂ ਜ਼ਹਿਰ ਪਿਲਾ ਕੇ ਰੋਏ।

ਦਿਲ ਦੇ ਕਬਰਸਤਾਨ ਦੇ ਅੰਦਰ,
ਰੀਝਾਂ ਨੂੰ ਦਫ਼ਨਾ ਕੇ ਰੋਏ।

ਅੱਲੇ ਫੱਟ ਕੁੱਝ ਮਲਮਾਂ ਉੱਤੇ,
ਕੋੜੇ ਦੋਸ਼ ਲਗਾ ਕੇ ਰੋਏ।

ਹਾਸੇ ਗਲ਼ ਵਿੱਚ ਗ਼ਮ ਦੀ ਤਖ਼ਤੀ,
ਕਿੰਨਾ ਚਿਰ ਲਟਕਾ ਕੇ ਰੋਏ।

ਸ਼ੀਸ਼ੇ ਮੂਹਰੇ ਖੜ੍ਹ ਕੇ ਸ਼ੀਸ਼ੇ,
ਸ਼ੀਸ਼ੇ 'ਨਾ ਟਕਰਾ ਕੇ ਰੋਏ।

ਸਭ ਦੇ ਮੂਹਰੇ ਹੱਸਣ ਵਾਲੇ।
ਖ਼ਬਰੇ ਕਿੱਥੇ ਜਾ ਕੇ ਰੋਏ।

ਖ਼ਬਰੇ ਤੇਰੇ ਮਗਰੋਂ ਸਾਬੀ '
ਕੀ - ਕੀ ਰੋਜ਼ ਗੁਆ ਕੇ ਰੋਏ।

# ਗ਼ਜ਼ਲ

ਜਾਂਦਾ ਨੀਂ ਲੁਕੋਇਆ ਪਾਣੀ।
ਬੁੱਕਾਂ ਵਿੱਚ ਸਮੋਇਆ ਪਾਣੀ।

ਕੱਚੀ ਛੱਤ ਦੀ ਅੱਖ ਦੇ ਵਿੱਚੋਂ,
ਤਿਪ-ਤਿਪ ਕਰਕੇ ਚੋਇਆ ਪਾਣੀ।

ਖ਼ਬਰੇ ਕਿਹੜਾ ਆਇਆ ਚੇਤੇ,
ਖ਼ਬਰੇ ਕਿਸ ਨੂੰ ਰੋਇਆ ਪਾਣੀ।

ਰੱਬ ਜਾਣੇ ਕੀ ਦੇਖ ਲਿਆ ਏ,
ਪਾਣੀ-ਪਾਣੀ ਹੋਇਆ ਪਾਣੀ।

ਦਿਲ ਤੋਂ ਲੈ ਕੇ ਨੈਣਾਂ ਤੀਕਰ,
ਕਿਸ ਹਸਰਤ ਨੇ ਢੋਇਆ ਪਾਣੀ।

ਚੀਕਾਂ, ਚੀਸਾਂ ਰੋਵਣ ਕਾਹਤੋਂ,
ਕਿਸ ਦੀ ਅੱਖ ਦਾ ਮੋਇਆ ਪਾਣੀ।

ਆਉਣੇ ਵਾਲਾ ਕੱਲ੍ਹ ਦੱਸੇਗਾ,
ਕਿਸ ਦੇ ਭਾਗੀਂ ਹੋਇਆ ਪਾਣੀ।

ਕਿੰਨੀ ਵਾਰੀ ਮੇਰੀ ਮਾਂ ਨੇ,
ਪਾਣੀ ਦੇ ਨਾਲ ਧੋਇਆ ਪਾਣੀ।

# ਗ਼ਜ਼ਲ

ਪਾਗ਼ਲ, ਸ਼ੌਕ, ਅਵਾਰਾ ਸੀ।
ਫਿਰਦਾ ਮਾਰਾ - ਮਾਰਾ ਸੀ।

ਕੁੱਝ ਜ਼ਖ਼ਮਾਂ ਦਾ ਹਾਸਿਲ ਸੀ,
ਪੀੜਾਂ ਦਾ ਵਣਜਾਰਾ ਸੀ।

ਨੈਣਾਂ ਵਿੱਚ ਸਮੁੰਦਰ ਸਨ,
ਹੰਝੂ ਤਾਂ ਹੀ ਖ਼ਾਰਾ ਸੀ।

ਬੁੱਲ੍ਹਾਂ ਉੱਤੇ ਹਾਸਾ ਸੀ,
ਸਿਰ ਦੇ ਉੱਤੇ ਆਰਾ ਸੀ।

ਲੱਖਾਂ ਸਨ ਤੂਫ਼ਾਨ ਛੁਪੇ,
ਚੁੱਪ ਕਾਹਦੀ ਲਲਕਾਰਾ ਸੀ।

ਦਰਦਾਂ ਉਹ ਵੀ ਢਾਹ ਦਿੱਤਾ,
ਯਾਦਾਂ ਦਾ ਇੱਕ ਢਾਰਾ ਸੀ।

ਜਿਸ ਨੂੰ ਰੋਂਦੀ ਰਾਤ ਰਹੀ,
ਅਰਸ਼ੋਂ ਟੁਟਿਆ ਤਾਰਾ ਸੀ।

ਜਿਸਨੇ ਲੁਟਿਆ 'ਸਾਬੀ' ਨੂੰ,
ਜਾਨੋਂ ਵੱਧ ਪਿਆਰਾ ਸੀ।

# ਗ਼ਜ਼ਲ

ਅੱਖਰਾਂ ਦੇ ਮਹਿਮਾਨ ਗੁਆਚੇ।
ਸ਼ਬਦਾਂ ਦੇ ਸਨਮਾਨ ਗੁਆਚੇ।

ਪੈਰਾਂ ਹੇਠੋਂ ਧਰਤੀ ਖਿਸਕੀ,
ਸਿਰ ਉੱਤੋਂ ਅਸਮਾਨ ਗੁਆਚੇ।

ਦੇਖ ਨਕਾਬਾਂ ਹੇਠਾਂ ਲੁਕਦੇ,
ਕਿੰਨੇ ਹੀ ਇਨਸਾਨ ਗੁਆਚੇ।

ਹੰਝੂ-ਹੰਝੂ ਭਟਕਣ ਹੋਈ,
ਰੁਮਾਲਾਂ ਦੇ ਥਾਨ ਗੁਆਚੇ।

ਥਾਂ-ਥਾਂ ਉੱਤੇ ਤੜਫਣ ਲਾਸ਼ਾਂ,
ਚੀਕਾਂ ਤੇ ਸ਼ਮਸ਼ਾਨ ਗੁਆਚੇ।

ਉਹਨਾਂ ਦੀ ਵੀ ਖ਼ੈਰ ਮਨਾਓ,
ਜਿਹਨਾਂ ਦੀ ਮੁਸਕਾਨ ਗੁਆਚੇ।

ਉਸਦਾ ਜੀਣਾ ਵੀ ਕੀ ਜੀਣਾ,
ਜਿਸਦੀ ਅਪਣੀ ਜਾਨ ਗੁਆਚੇ।

ਦੋ ਨੈਣਾਂ ਦੇ ਮਹਾਂਸਾਗਰ ਵਿੱਚ,
ਰੀਝਾਂ, ਚਾਅ, ਅਰਮਾਨ ਗੁਆਚੇ।

ਮਨ ਦੀ ਰਣਭੂਮੀ ਵਿੱਚ ਲੜਦੇ,
ਲੱਖਾਂ ਹੀ ਸੁਲਤਾਨ ਗੁਆਚੇ।

ਹੰਕਾਰ, ਦਿਖਾਵੇ, ਆਕੜ ਵਿੱਚ,
ਹਮਦਰਦੀ, ਮੋਹ, ਦਾਨ ਗੁਆਚੇ।

ਉਸ ਤੋਂ ਬਚਣਾ ਚੰਗਾ 'ਸਾਬੀ',
ਜਿਸ ਦਾ ਦੀਨ-ਇਮਾਨ ਗੁਆਚੇ।

# 7 ਡਾ. ਸੁਧਾਮਨੀ ਸੂਦ 'ਚਾਂਦ'




ਨਾਮ ਅਤੇ ਕਲਮੀ ਨਾਮ : ਡਾ. ਸੁਧਾਮਨੀ ਸੂਦ 'ਚਾਂਦ'

ਪਤਾ : ਮਕਾਨ ਨੰਬਰ 221 ਏ, ਗਲੀ ਨੰ. 3,
ਗੁਰੂ ਨਾਨਕ ਪੁਰਾ, ਫਗਵਾੜਾ, ਜ਼ਿਲ੍ਹਾ ਕਪੂਰਥਲਾ

ਮੋਬਾਇਲ : +91 98881-73197

ਈ-ਮੇਲ : **sudhamanisood@gmail.com**


ਵਿੱਦਿਅਕ ਯੋਗਤਾ : ਪੀਐੱਚ.
ਐਮ. ਏ ਫਾਇਨ ਆਰਟਸ, ਐਮ. ਏ
ਹਿਸਟਰੀ ਆਫ਼ ਆਰਟਸ,
ਐਮ.ਏ. ਪੋਲੀਟਿਕਲ ਸਾਇੰਸ

ਕਾਰੋਬਾਰ : ਅਸਿੰ. ਪ੍ਰੋਫੈਸਰ,
ਮੁਖੀ ਫਾਇਨ ਆਰਟ ਵਿਭਾਗ
ਕਮਲਾ ਨਹਿਰੂ ਕਾਲਜ ਫਾਰ ਵੂਮੈਨ, ਫਗਵਾੜਾ

ਸ਼ੌਂਕ : ਚਿੱਤਰਕਾਰੀ ਅਤੇ ਸ਼ਾਇਰੀ

## ਜ਼.ਖ਼ਮ

ਕਿਤਨਾ ਟੂਟੇ ਹੈਂ ਹਮ,
ਕਿਸੇ ਬਤਾਏਂ ਭੀ ਕਯਾ!
ਜ਼ਖ਼ਮੇ ਦਿਲ ਗਹਰੇ ਹੈਂ,
ਅਬ ਛਿਪਾਏਂ ਭੀ ਕਯਾ!!
ਬਾਤ ਗ਼ੈਰੋਂ ਕੀ ਹੋਤੀ ਤੋ,
ਸਬਰ ਹੋਤਾ,
ਖ਼ੰਜ਼ਰ ਅਪਨੋਂ ਕੋ ਹੈਂ,
ਅਬ ਦਿਖਾਏਂ ਭੀ ਕਯਾ!!

## *ਦੇਖਤੇ-ਦੇਖਤੇ*

ਵਕਤ ਯੂਹੀਂ ਗੁਜ਼ਰ ਗਯਾ, ਦੇਖਤੇ–ਦੇਖਤੇ !
ਬਹੁਤ ਕੁਛ ਬਦਲ ਗਯਾ, ਦੇਖਤੇ–ਦੇਖਤੇ !

ਬਾਦ ਮੁਦਤੋਂ ਆਜ ਫਿਰ ਵਾਦੀਓਂ ਸੇ ਗੁਜ਼ਰੇ,
ਬਿਖਰਾ ਸਮਾਂ ਸਿਮਟ ਗਯਾ, ਦੇਖਤੇ–ਦੇਖਤੇ !

ਬੁਲੰਦ ਇਮਾਰਤੋਂ ਕੇ ਹੌਂਸਲੋਂ ਸਾ ਥਾ ਕਭੀ ਗੁਮਾਨ ਜੋ,
ਜ਼ਰ–ਜ਼ਰਾ ਸਬ ਹੋ ਗਯਾ, ਦੇਖਤੇ–ਦੇਖਤੇ !

ਮੰਜ਼ਰ ਜੋ ਉਭਰਤਾ ਰਹਾ ਯਾਦੋਂ ਕੇ ਸਮੰਦਰ ਮੇਂ ਮੇਰੇ,
ਸਾਮਨੇ ਵੋ ਹੀ ਡੂਬ ਗਯਾ, ਦੇਖਤੇ–ਦੇਖਤੇ !

ਉਧੇੜ ਬੁਨ ਮੇਂ ਲਗ ਗਯਾ ਯੂੰ ਨਾਜ਼ੁਕ ਹਾਲਾਤ ਹੈਂ,
ਕੈਸੇ ਸਭ ਬਿਖਰ ਗਯਾ, ਦੇਖਤੇ–ਦੇਖਤੇ !

ਮੇਰੇ ਦਿਲ ਕੇ ਮੌਜੂ ਔਰ ਵੋ ਜੈਸੇ ਏਕ ਸੇ ਰਹੇ,
ਵੋਹ ਭੀ ਬੰਜਰ ਹੋ ਗਯਾ, ਦੇਖਤੇ–ਦੇਖਤੇ !

"ਚਾਂਦ" ਕਬ ਤਕ ਝੁਕਤਾ, ਵਕਤ ਕੇ ਸਾਮਨੇ,
ਆਖਿਰ , ਵੁਹ ਵੀ ਤਨ ਗਯਾ, ਦੇਖਤੇ–ਦੇਖਤੇ !

# *ਅਪਨੋਂ ਕਾ ਇੰਤਜ਼ਾਰ ਹੈ*

ਇਮਾਰਤੋਂ ਕੀ ਜੰਗ ਹੈ।
ਅਪਨੋਂ ਕੇ ਹੀ ਸੰਗ ਹੈ।
ਹਾਲ ਜੋ ਬੇਹਾਲ ਹੈ,
ਜ਼ਰ-ਜ਼ਰੇ ਹਾਲ ਹੈ।
ਵਕਤ ਕੀ ਹੀ ਮਾਰ ਹੈ,
ਬਨਾ ਜੋ ਐਸਾ ਹਾਲ ਹੈ।
ਰਾਸਤੋਂ ਕੀ ਪੁਕਾਰ ਹੈ,
ਅਪਨੋਂ ਕਾ ਇੰਤਜ਼ਾਰ ਹੈ।
ਮੌਸਮ ਭੀ ਤੋਂ ਪਿਆਰਾ ਹੈ,
ਬਸ ਰਿਸ਼ਤੋਂ ਕਾ ਸਹਾਰਾ ਹੈ।
ਯਾਦੋਂ ਕਾ ਸਮੰਦਰ ਹੈ,
ਕਯਾ ਖ਼ੂਬਸੂਰਤ ਮੰਜ਼ਰ ਹੈ।
ਵਾਦੀਓਂ ਕਾ ਰਾਸਤਾ ਹੈ,
ਅਪਨੋਂ ਸੇ ਹੀ ਵਾਸਤਾ ਹੈ।
ਯਾਦੋਂ ਕਾ ਫ਼ਰਮਾਨ ਹੈ,
ਦਿਲ ਕਾ ਅਰਮਾਨ ਹੈ।
ਵਕਤ ਕੀ ਨੁਮਾਇਸ਼ ਹੈ,
ਅਪਨੀ ਭੀ ਫਰਮਾਇਸ਼ ਹੈ।
ਵਾਦੀਓਂ ਮੇਂ ਠਹਿਰ ਜਾਊਂ,
ਕਾਸ਼! ਮੈਂ ਯਹਾਂ ਰੁਕ ਪਾਊਂ।
ਖ਼ੁਸ਼ਬੂ ਕੇ ਝੋਕੋਂ ਮੇਂ ਜੀ ਲੂੰ,
ਖੁਲੀ ਹਵਾ ਮੇਂ ਸਾਂਸ ਲੇ ਲੂੰ!
ਸਮਾਂ ਠਹਰ ਕਿਉਂ ਨਹੀਂ ਜਾਤਾ,
ਸਕੂੰ ਕਿਉਂ ਨਹੀਂ ਆ ਜਾਤਾ।

## ***ਕੁਛ ਤੋ.....***

ਰੁਖ ਸਬਾਂ ਕਾ ਬਦਲ ਗਯਾ ਕੁਛ ਤੋ,
ਯੂੰ ਮੌਸਮ ਸਾ ਬਦਲ ਗਯਾ ਕੁਛ ਤੋ!

ਛਟ ਗਯਾ ਧੂੰਆਂ ਧੁੰਧਲੇ ਖਯਾਲੋਂ ਕਾ,
ਨਸ਼ਾ ਫ਼ਰੇਬ ਕਾ ਉਤਰ ਗਯਾ ਕੁਛ ਤੋ!

ਬਾਤ ਬੇ-ਬਾਤ ਪੇ ਯੂੰ ਝਿਝਕਨਾ ਮੇਰਾ,
ਦਿਲ ਮੇਂ ਵੋ ਭੀ ਛੁਪਾ ਗਯਾ ਕੁਛ ਤੋ!

ਸਮੰਦਰ ਨੇ ਕੀਏ ਥੇ ਵਾਅਦੇ ਵਫ਼ਾਓਂ ਕੇ,
ਖ਼ਾਰਾ ਸਾ ਚਸ਼ਮ ਮੇਂ ਭਰ ਗਯਾ ਕੁਛ ਤੋ!

ਹਰੇਕ ਕੋ "ਚਾਂਦ" ਸੇ ਸ਼ਿਕਵੇ ਹੈਂ ਬਹੁਤ,
ਕੁਦਰਤ ਕੋ ਵੀ ਸਬਸੇ ਗਿਲਾ ਰਹਾ ਕੁਛ ਤੋ!

ਮੂਲ ਹਿੰਦੀ ਤੋਂ ਪੰਜਾਬੀ ਲਿਪੀਅੰਤਰ-
ਐੱਚ.ਐੱਸ. ਵਿਰਦੀ

# 8 ਮੀਤ ਮਨਦੀਪ



ਨਾਮ : ਡਾ. ਮਨਦੀਪ ਸਿੰਘ

ਪਤਾ : ਪਿੰਡ ਲਾਡਪੁਰ, ਡਾਕ. ਸ਼ਮਸ਼ਪੁਰ, ਤਹਿ. ਅਮਲੋਹ,
ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ

ਮੋਬਾਇਲ : +91 94174-12445

ਈ-ਮੇਲ : **meetmandeep08@gmail.com**

ਵਿੱਦਿਅਕ ਯੋਗਤਾ : **M.A., M.Ed., Ph.D.**

ਕਾਰੋਬਾਰ : ਐਸੋਸੀਏਟ ਪ੍ਰੋਫ਼ੈਸਰ
(ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ)
ਖਿਆਲਾ, ਜਲੰਧਰ

ਸਾਹਿਤਕ ਪ੍ਰਾਪਤੀਆਂ : ਪੰਜਾਬੀ ਗ਼ਜ਼ਲ ਸ਼ਬਦ ਸਨਮਾਨ-2018

# ਸੰਵਾਦ

ਵਿਗਿਆਨੀ ਅਤੇ ਕਵੀ ਵਿਚਕਾਰ
ਸੰਵਾਦ ਨੇ ਫ਼ੜੀ ਰਫ਼ਤਾਰ..
ਵਿਗਿਆਨੀ ਨੇ ਕਿਹਾ
ਮੈਂ ਫੁੱਲਾਂ ਦੀ ਨਸਲ ਨੂੰ ਪਹਿਚਾਣਦਾਂ,
ਪੱਤੀਆਂ ਦਾ ਅਧਿਐਨ ਕਰਨਾ ਜਾਣਦਾਂ,
ਪਰਾਗ ਕਣਾਂ ਦੀਆਂ ਹਰਕਤਾਂ ਸਮਝਦਾਂ,
ਜ਼ਿੰਦਗੀ ਦੀਆਂ ਨਵੀਆਂ ਸੰਭਾਵਨਾਵਾਂ ਲੱਭਦਾਂ........
ਕਵੀ ਨੇ ਕਿਹਾ
ਮੈਂ ਫੁੱਲਾਂ ਦੇ ਕਿਰਦਾਰ ਨੂੰ ਪਹਿਚਾਣਦਾਂ,
ਮੁਕੰਮਲ ਸੁੰਦਰਤਾ ਨੂੰ, ਮੁਕੰਮਲ ਮਾਣਦਾਂ,
ਰੁੱਖਾਂ- ਬੂਟਿਆਂ ਨਾਲ ਗੱਲ ਕਰਨੀ ਜਾਣਦਾਂ,
ਗ਼ਜ਼ਲਾਂ ਬਣਾ ਕੇ, ਨਜ਼ਮਾਂ ਸੁਣਾ ਕੇ
ਜ਼ਿੰਦਗੀ ਜਿਉਣ ਦੀਆਂ ਸੰਭਾਵਨਾਵਾਂ ਲੱਭਦਾਂ.......

# ਇਜ਼ਹਾਰ

ਉਸਨੇ ਕਿਹਾ
ਪਿਆਰ ਦਾ ਇਜ਼ਹਾਰ
ਪਵਿੱਤਰ ਤੇ ਸੱਚੇ ਢੰਗ ਨਾਲ ਕਰ.. ... ... ...
ਮੈਂ ਚੁੱਪ ਹੋ ਗਿਆ ਤੇ ਅੱਖਾਂ ਬੰਦ ਕਰ ਲਈਆਂ।

# ਕਰਫ਼ਿਊ

ਅੱਜ ਮੇਰੇ ਅੰਦਰ ਭੜਥੂ ਪਿਆ ਹੋਇਐ
ਬੜਾ ਰੌਲ਼ਾ ਪੈ ਰਿਹੈ....
ਐਸਾ ਸ਼ੋਰ ਹੈ
ਜਿਵੇਂ ਕਿਸੇ ਟਰੈਫ਼ਿਕ ਜਾਮ ਹੋਣ ਤੇ
ਹਾਰਨਾਂ ਦਾ ਮੂੰਹ ਖੁੱਲ  ਗਿਆ ਹੋਵੇ.....
ਸ਼ਾਇਦ
ਸ਼ਬਦਾਂ ਨੇ ਹੜਤਾਲ ਕਰ ਦਿੱਤੀ ਹੋਵੇ,
ਇਹ ਸ਼ਬਦ ਆਪਣੀ ਹੋਂਦ ਨੂੰ ਰੋਈ ਜਾਂਦੇ ਨੇ
ਇੱਕ ਮੈਂ ਵੀ ਤਾਂ ਹਾਂ
ਜਿਸਦੇ ਬੁੱਲ ਾਂ ਦੀਆਂ ਡੰਡੀਆਂ
ਹਾਸਿਆਂ ਲਈ ਕਰਫ਼ਿਊ ਬਣ ਗਈਆਂ ਨੇ....

---

# ਗ਼ਜ਼ਲ

ਮੌਤ ਵਰਗੀ ਚੁੱਪ ਹੈ ਚਾਰੋਂ ਤਰਫ਼।
ਜਾਨਲੇਵਾ ਰੁੱਤ ਹੈ ਚਾਰੋਂ ਤਰਫ਼।
ਆਦਮੀ ਨੇ ਆਦਮੀ ਨੂੰ ਖਾ ਲਿਆ,
ਸ਼ੋਰ ਪਾਂਦੀ ਚੁੱਪ ਹੈ ਚਾਰੋਂ ਤਰਫ਼।
ਰੂਹ ਤੱਕ ਦਾ ਰਾਹਗ਼ੀਰ ਕੋਈ ਨਹੀਂ,
ਲੁੱਚ ਹੀ ਬਸ ਲੁੱਚ ਹੈ ਚਾਰੋਂ ਤਰਫ਼।
ਜੋ ਸਿਰਫ਼ ਲੱਗੇ ਨਹੀਂ ਬਸ ਪੈ ਜਵੇ ,
ਇਸ ਤਰ ਾਂ ਦੀ ਭੁੱਖ ਹੈ ਚਾਰੋਂ ਤਰਫ਼।
ਬੰਦਸ਼ਾਂ, ਕੰਧਾਂ, ਤੇ ਰੋਕਾਂ ਇਸ਼ਕ ਨੂੰ,
ਨਫ਼ਰਤਾਂ ਦਾ ਬੁੱਤ ਹੈ ਚਾਰੋਂ ਤਰਫ਼।
ਕੜਕਦੀ ਧੁੱਪਾਂ 'ਚ ਦੇਵੇ ਛਾਂ ਬੜੀ,
ਇਸ਼ਕ ਬਾਝੋਂ ਧੁੱਪ ਹੈ ਚਾਰੋਂ ਤਰਫ਼।
'ਮੀਤ' ਫੇਰੀ ਜਾ ਕਲਮ ਤੂੰ ਆਪਣੀ,
ਜੋੜ ਦੇ ਜੋ ਟੁੱਟ ਹੈ ਚਾਰੋਂ ਤਰਫ਼।

# ਡਰਾਇੰਗ ਰੂਮ

ਚਾਰ ਸੋਫ਼ੇ
ਦੋ ਕੁਰਸੀਆਂ
ਇੱਕ ਮੇਜ਼,
ਚਾਹ ਦੇ ਕੱਪ,
....
ਚਿੰਤਨ ਦੇ ਬਦਲਦੇ ਘੇਰੇ.........

ਏ. ਸੀ. ਦੀ ਠੰਡਕ,
ਪੱਖੇ ਦੀ ਮੱਧਮ ਹਵਾ,
ਵੰਨ ਸੁਵੰਨੀਆਂ ਲਾਈਟਾਂ,
.....
ਗਲੋਬਲ ਵਾਰਮਿੰਗ ਦਾ ਵਿਸ਼ਲੇਸ਼ਣ.........

ਕੱਚ ਦੀਆਂ ਬੱਤਖਾਂ,
ਕੱਪੜੇ ਦੇ ਫੁੱਲ,
ਪਲਾਸਟਿਕ ਦੇ ਬੂਟੇ,
.....
ਮੌਸਮਾਂ ਦੀ ਪੜਚੋਲ..........

ਬੰਦ ਖਿੜਕੀਆਂ,
ਢੋਇਆ ਬੂਹਾ,
ਪਰਦਿਆਂ ਦਾ ਪਰਦਾ,
.....
ਖੁੱਲ੍ਹ ਦਿਲੀ ਦੇ ਅਡੰਬਰ..........

ਗੂੰਗੀਆਂ ਗੱਲਾਂ,
ਰਸਮੀ ਮੁਸਕਰਾਹਟ,
ਚੀਕਦੀਆਂ ਕੰਧਾਂ,
ਬੋਲੇ ਕੰਨ,
.....

ਦੂਰਦ੍ਰਿਸ਼ਟੀ ਦੇ ਦਾਅਵੇ...........

# ਗ਼ਜ਼ਲ

ਅੱਜ ਮੇਰੇ ਸਾਹਵੇਂ ਉਹ ਫੇਰ ਆ ਕੇ ਮਰ ਗਿਆ।
ਆਪ ਉਹ ਮੁਰਝਾ ਗਿਆ ਮੈਨੂੰ ਕਿ ਪੱਥਰ ਕਰ ਗਿਆ।
ਕਹਿ ਗਿਆ ਇਕ ਲਾਸ਼ ਮੇਰੇ ਘਰ ਪਈ ਹੈ ਸਾਂਭ ਲੀਂ,
ਲਾਸ਼ ਨਾ ਇਕ ਲਾਸ਼ ਦਾ ਮੈਂ ਫੇਰ ਸੌਦਾ ਕਰ ਗਿਆ।
ਉਸਦਿਆਂ ਨੈਣਾਂ ’ਚ ਤਿੱਖੀ ਹਾਸਿਆਂ ਦੀ ਭੁੱਖ ਸੀ,
ਹਾਸਿਆਂ ਤੋਂ ਤਰਸਦਾ ਉਹ ਜੀਣ ਤੋਂ ਮੁੱਕਰ ਗਿਆ।
ਵਿਲਕਦੇ ਲਫ਼ਜ਼ਾਂ ਕਿ ਮੈਨੂੰ ਦੂਰ ਤੀਕਰ ਢੂੰਡਿਆ,
ਹਿੱਕ ਤਾਈਂ ਸਾੜਦਾ ਹਰ ਲਫ਼ਜ਼ ਧੁਰ ਤੀਕਰ ਗਿਆ।
ਰੋਜ਼ ਦਾ ਹੈ ਤੜਪਣਾ ਹਰ ਰੋਜ਼ ਦਾ ਹੈ ਵਿਲਕਣਾ,
ਪੇਟ ਖ਼ਾਤਰ ਲੜ ਪਿਆ ਤੇ ਪੇਟ ਖ਼ਾਤਰ ਜਰ ਗਿਆ।
ਖੂਹ ਅੰਨੇ ਦੀ ਤਰਾਂ ਉਹ ਨੀਰ ਬਾਝੋਂ ਤਰਸਿਆ,
ਅੰਦਰੋਂ ਖਾਲੀ ਕਿ ਫਿਰ ਉਹ ਚੁੱਪ ਦੇ ਨਾ ਭਰ ਗਿਆ।
ਟੁੱਟਿਆ ਜਦ ਰੁੱਖ ਉਹ ਆਵਾਜ਼ ਆਈ ਚੀਕ ਦੀ,
‘ਮੀਤ’ ਦਾ ਅਸਮਾਨ ਪੂਰਾ ਰਾਖ਼ ਦੇ ਨਾ ਭਰ ਗਿਆ।

9

# ਡਾ. ਅਖ਼ਤਰ ਹੁਸੈਨ ਸੰਧੂ



ਨਾਮ : ਡਾ. ਅਖ਼ਤਰ ਹੁਸੈਨ ਸੰਧੂ

ਪਤਾ : Govt. Islamia College, Civil Line
Lahore, Pakistan

ਮੋਬਾਇਲ : 03004263797

ਈ-ਮੇਲ : Akhtar.Sandhu@gmail.com

ਕਾਰੋਬਾਰ : ਪ੍ਰਿੰਸੀਪਲ, ਇਸਲਾਮੀਆ ਕਾਲਜ, ਸਿਵਲ ਲਾਈਨ ਲਾਹੌਰ।

ਸਾਹਿਤਕ ਪ੍ਰਾਪਤੀਆਂ : ਅੰਤਰਰਾਸ਼ਟਰੀ ਪੱਧਰ 'ਤੇ ਜਿੱਥੇ ਵੀ ਪੇਪਰ ਪੜ੍ਹੇ ਸਨਮਾਨਿਤ ਕੀਤਾ ਗਿਆ।

ਪੁਸਤਕਾਂ :
* ਦਿਲ ਦਾ ਚਾਨਣ
* ਕਭੀ ਤੋ ਆਓ
* ਹਮ ਗਏ ਇੰਗਲੈਂਡ
* ਮੁਹੰਮਦ ਹੁਸੈਨ ਚਥਾ, ਏ ਹਦਸ਼ਜ਼ ਸਖਸ਼ੀਅਤ
* Martin Luther King Jr
* Punjab An Anatomy of Muslim-Sikh Politics
* ਫਿਕਰਤ

# ਗ਼ਜ਼ਲ

ਕੁੱਛ ਨਾ ਕੁੱਛ ਤੇ ਭਾਰ ਵੰਡੀਜੇ
ਮੁੱਢੋ ਲਾ ਸੰਸਾਰ ਵੰਡੀਜੇ।

ਅੱਪੜੇ ਹੱਕ ਦਾਰ ਦੇ ਬੂਹੇ
ਬੰਦਾ ਇੱਕ ਵਾਰ ਵੰਡੀਜੇ

ਕਦ ਫਿਰ ਭਾਈ ਲੜ ਸਕਦੇ ਨੇ
ਜੇ ਹੱਥ ਦੀ ਤਲਵਾਰ ਵੰਡੀਜੇ

ਮਿੱਟੀ ਰੁਲੀਆਂ ਅੱਥਰਾਂ ਸਦਕੇ
ਚੰਗਿਆਂ ਵਿੱਚ ਦਸਤਾਰ ਵੰਡੀਜੇ

ਕੁੱਲ ਦੌਲਤ ਦੀ ਮੇਜ਼ ਦੇ ਉੱਤੇ
ਕਸਮਾਂ ਤੇ ਅਤਵਾਰ ਵੰਡੀਜੇ

ਬਾਲਾਂ ਵਾਂਗਰ ਦਿਲ ਪਿਆ ਰੋਵੇ
ਅਖ਼ਤਰ ਕਿਉਂ ਘਰ-ਬਾਰ ਵੰਡੀਜੇ

# ਗ਼ਜ਼ਲ

ਸਿਰ ਨੇਜ਼ੇ 'ਤੇ ਟੰਗਣਾ ਔਖਾ
ਅੱਜ ਤੇ ਹੱਕ ਵੀ ਮੰਗਣਾ ਔਖਾ

ਜਿਹਦੇ ਨਾਲ ਨਿਭਾਉਣੀ ਹੋਵੇ
ਉਹਦੇ ਕੋਲੋਂ ਮੰਗਣਾ ਔਖਾ

ਭਾਵੇਂ ਟੁੱਟ ਵੀ ਜਾਵਣ ਬਾਹਾਂ
ਇਸ਼ਕ ਦਾ ਲਹਿਣਾ ਰੰਗਣਾ ਔਖਾ

ਇੱਕੋ ਨਾਲ ਇੱਕ ਮਿੱਕ ਹੋ ਜਾਈਏ
ਬੂਹੇ ਬੂਹੇ ਖੰਘਣਾ ਔਖਾ

ਅੱਜ ਦੇ ਦੌਰ 'ਚ ਹਰ ਬੰਦੇ ਨੂੰ
ਆਪਣੇ ਰੰਗ 'ਚ ਰੰਗਣਾ ਔਖਾ

ਦੁਨੀਆ ਪਲ ਸਰਾਤ ਹੈ ਅਖ਼ਤਰ
ਇਹਦੇ ਉੱਤੋਂ ਲੰਘਣਾ ਔਖਾ

# ਗ਼ਜ਼ਲ

ਆ ਗਏ ਮੇਰਿਆਂ ਨੀਰਾਂ ਵਿੱਚ
ਲੋਕੀ ਹੱਸਦੇ ਲੀਰਾਂ ਵਿੱਚ

ਖੌਰੇ ਲੱਭ ਲਏਂ ਆਪਣਾ ਆਪ
ਝਾਤੀ ਮਾਰ ਜ਼ਮੀਰਾਂ ਵਿੱਚ

ਯਾਦ ਲੁਕੀ ਐ ਬਚਪਨ ਦੀ
ਚੀਚੀ ਆਏ ਚੀਚਾਂ ਵਿੱਚ

ਆਪ ਮਿਲ਼ੇ ਤੇ ਕੁਝ ਦੱਸਾਂ
ਕੀ ਰੁਕੇ, ਤਸਵੀਰਾਂ ਵਿੱਚ

ਇੱਕ ਦੇ ਕਈ ਰਾਂਝੇ ਨੇ
ਅੱਜਕਲ੍ਹ ਸ਼ਰਮ ਨਹੀਂ ਹੀਰਾਂ ਵਿੱਚ

ਮਾਪਿਆਂ ਮੁੰਡ ਬੰਨ੍ਹ ਦਿੱਤਾ
ਦਾਜ ਦੀਆਂ ਜ਼ੰਜ਼ੀਰਾਂ ਵਿੱਚ

# ਗ਼ਜ਼ਲ

ਲੋੜਾਂ ਭਰੀਆਂ ਛੱਟਾਂ ਦੇਖ
ਵਿਹੜੇ ਖਿੱਲਰੀਆਂ ਖੱਟਾਂ ਦੇਖ

ਭੁੱਖਾਂ ਰੱਤ ਵੀ ਸਾੜ ਦਿੱਤੀ
ਪੁੱਤਰ ਵਿਕਦੇ ਹੱਟਾਂ ਵੇਖ

ਵੇਲਾ ਹੈ ਖ਼ੁਦ ਗ਼ਰਜ਼ੀ ਦਾ
ਮੈਂ ਮੈਂ ਲੱਗੀਆਂ ਰੱਟਾਂ ਵੇਖ

ਵਾਹੀ ਦੇਵੇ ਝਾੜ ਕਿਵੇਂ
ਛਾਂਗਣ ਵਾਲੀਆਂ ਵੱਟਾਂ ਵੇਖ

ਕਿੱਥੋਂ ਕਿੱਥੇ ਆ ਗਏ ਹਾਂ
ਲੇਖਾਂ ਮਾਰਿਆ ਕੱਟਾਂ ਵੇਖ

ਗੈਰਾਂ ਹੱਥ ਨਾ ਆਵਾਂ ਮੈਂ
ਆਪਣੇ ਲਾਵਟ ਸੱਟਾਂ ਦੇਖ

ਅਖ਼ਤਰ ਵੇਲਾ ਨਿਕਲ ਗਿਆ।

# 10 ਅਮਨਦੀਪ ਸਿੰਘ ਅਮਨ




ਨਾਮ : ਅਮਨਦੀਪ ਸਿੰਘ ਅਮਨ

ਪਤਾ : ਗਲਾਸਗੋ, ਸਕੌਟਲੈਂਡ

ਮੋਬਾਇਲ : 07455192588

ਈ-ਮੇਲ : **Amandhesi47@gmaill.com**


ਵਿੱਦਿਅਕ ਯੋਗਤਾ : ਬੀ. ਏ -2

ਕਾਰੋਬਾਰ : ਟਰਾਂਸਪੋਰਟ

ਪੁਸਤਕਾਂ : ਜੰਗ ਜਾਰੀ ਰਹੇਗੀ ਨਾਵਲ 2010
ਸਫ਼ਰ (ਕਾਵਿ ਸੰਗ੍ਰਹਿ) 2015
ਪੌਣ ਦਾ ਸਿਮਰਨ (ਗ਼ਜ਼ਲ ਸੰਗ੍ਰਹਿ) 2018
ਕੁਦਰਤ (ਗ਼ਜ਼ਲ ਸੰਗ੍ਰਹਿ) 2019

# ਗ਼ਜ਼ਲ

ਤੇਰੇ ਤੁਰ ਜਾਣ ਦੇ ਮਗਰੋਂ, ਇਵੇਂ ਅਹਿਸਾਸ ਹੋਇਆ ਸੀ ।
ਜਿਵੇਂ ਕੁਝ ਘਟ ਗਿਆ ਹੋਵੇ, ਤੇ ਦਿਲ ਬੇ ਆਸ ਹੋਇਆ ਸੀ ।

ਜਿਵੇਂ ਪੰਛੀ ਪਿਆਸੇ ਨੂੰ, ਕਿਤੇ ਦਰਿਆ ਦਿਸੇ ਵਗਦਾ,
ਤੇਰਾ ਮੁੜ ਆਉਣ ਦਾ ਸੁਣ ਕੇ, ਉਵੇਂ ਧਰਵਾਸ ਹੋਇਆ ਸੀ ।

ਜਿਨ੍ਹਾਂ ਦਾ ਜ਼ੋਰ ਅਕਲਾਂ ਤੇ, ਉਹ ਗੱਲਾਂ ਸੋਚ ਕੇ ਕਰਦੇ,
ਮੇਰਾ ਦਿਲ ਤਾਂ ਬਿਨਾਂ ਸੋਚੇ, ਹੀ ਤੇਰਾ ਦਾਸ ਹੋਇਆ ਸੀ ।

ਮੈਂ ਬਿਰਖਾਂ ਵਾਂਗ ਉਮਰਾਂ ਤੋਂ, ਰਿਹਾ ਅਣਜਾਣ ਇਸ ਗੱਲੋਂ,
ਕਿ ਮੇਰੇ ਵਿੱਚ ਅਗਨੀ ਦਾ, ਕਿਵੇਂ ਇਹ ਵਾਸ ਹੋਇਆ ਸੀ ।

ਕਿਵੇਂ ਦੱਸਾਂ ਹਲਾਤਾਂ ਨੇ, ਹੀ ਬਚਪਨ ਖੋਹ ਲਿਆ ਸਾਥੋਂ,
ਵਰੇਸਾਂ ਅੱਲੜਾਂ ਜਿਹੀਆਂ, ਦੇ ਵਿਚ ਪਰਵਾਸ ਹੋਇਆ ਸੀ ।

ਖਿਆਲੀਂ ਪੁਖਤਗੀ ਆਵਣ, ਦਾ ਸੌਖਾ ਢੰਗ ਨਾ ਪੁੱਛੀਂ,
ਕਿ ਅੱਖਾਂ ਨਾਲ ਕੱਚ ਚੁਗਣੇ ਦਾ ਹੀ ਅਭਿਆਸ ਹੋਇਆ ਸੀ ।

# ਗ਼ਜ਼ਲ

ਜੇ ਬੈਠਣ ਦੀ ਚਾਹਤ ਹੈ, ਤੇਗਾਂ ਦੀ ਛਾਂਵੇ ।
ਇਹ ਸਮਝੀਂ ਕਿ ਰਹਿਮਤ ਹੈ, ਤੇਗਾਂ ਦੀ ਛਾਂਵੇ ।

ਇਹ ਅਕਲਾਂ ਸਿਆਣਪ ਘਰੇ ਛੱਡ ਕੇ ਆ ਜਾ,
ਕਿ ਇਸ਼ਕੇ ਦੀ ਦਾਅਵਤ ਹੈ, ਤੇਗਾਂ ਦੀ ਛਾਂਵੇ ।

ਇਲਾਹੀ ਇਹ ਸੱਦੇ, ਨਾ ਮੰਗਣ ਤੇ ਆਵਣ,
ਕਿ ਜੂਨਾਂ ਤੋਂ ਰਾਹਤ ਹੈ ਤੇਗਾਂ ਦੀ ਛਾਂਵੇ ।

ਸ਼ਮ੍ਹਾਂ ਤੋਂ ਪਤੰਗੇ ਦਾ ਕੁਰਬਾਨ ਹੋਣਾ,
ਇਹ ਵਰਤੀ ਕਿਆਮਤ ਹੈ, ਤੇਗਾਂ ਦੀ ਛਾਂਵੇ ।

ਜੋ ਚਰਨਾਂ 'ਚ ਸੀਸਾਂ ਦੀ ਭੇਟਾ ਚੜਾਵਣ,
ਇਹ ਕੈਸੀ ਲਿਆਕਤ ਹੈ, ਤੇਗਾਂ ਦੀ ਛਾਂਵੇ ।

ਇਹ ਹਾਕਮ, ਇਹ ਤਖਤਾਂ, ਦੇ ਮਾਲਕ ਵੀ ਜਾਣੂ,
ਕਿ ਜੰਮਦੀ ਬਗਾਵਤ ਹੈ, ਤੇਗਾਂ ਦੀ ਛਾਂਵੇ ।

ਨਾ ਜੰਗਲ, ਨਾ ਬੇਲੇ, ਪਹਾੜੀਂ ਨਾ ਮਿਲਦੀ,
ਜੋ ਮਿਲਦੀ ਨਫਾਸਤ ਹੈ ਤੇਗਾਂ ਦੀ ਛਾਂਵੇ ।

ਅਮੀਰਾਂ, ਫ਼ਕੀਰਾਂ ਸਰੀਰਾਂ 'ਚੋਂ ਲੱਭਦੈਂ,
ਕਿ ਅਸਲੀ ਮੁਹੱਬਤ ਹੈ, ਤੇਗਾਂ ਦੀ ਛਾਂਵੇ ।

ਇਹ ਝੂਠੇ ਮੁਖੌਟੇ ਨੂੰ ਲਾਹ ਦੇ 'ਅਮਨ' ਹੁਣ,
ਕਿ ਸੁੱਚੀ ਸ਼ਰਾਫਤ ਹੈ, ਤੇਗਾਂ ਦੀ ਛਾਂਵੇ ।

# ਗ਼ਜ਼ਲ

ਰਾਤਾਂ ਦਾ ਵਣਜਾਰਾ ਲੋਅ ਦੇ ਕੋਲੋਂ ਡਰਦਾ ਹੈ ।
ਕੌਣ ਅਜੇਹਾ ਜਿਸਨੂੰ ਸੂਰਜ ਅੰਨ੍ਹਾ ਕਰਦਾ ਹੈ ?

ਸੂਰਮਿਆਂ ਨੇ ਇੱਕੋ ਵਾਰੀ ਮਰਨਾ ਹੁੰਦਾ ਹੈ,
ਐ ਪਰ ਬੁਜ਼ਦਿਲ ਰੋਜ਼ ਹਜ਼ਾਰਾਂ ਵਾਰੀ ਮਰਦਾ ਹੈ ।

ਜਿਹੜਾ ਕੋਸੀ ਧੁੱਪ ਤੋਂ ਵੀ ਘਬਰਾਹਟ ਮੰਨਦਾ ਏ,
ਆਪਣੇ ਮੂੰਹੋਂ ਕਿੰਝ ਕਹੇਗਾ ਪਿੰਡਾ ਠਰਦਾ ਹੈ ।

ਸਰਕਸ ਵਾਲੇ ਸ਼ੇਰਾਂ ਨੇ ਕੀ ਲੈਣਾ ਜੰਗਲ ਤੋਂ,
ਉਹ ਕਹਿੰਦੇ ਨੇ, ਸਾਡਾ ਪਿੰਜਰਿਆਂ ਵਿਚ ਸਰਦਾ ਹੈ ।

ਕੋਹਲੂ ਵਾਲੇ ਬੈਲ ਨੂੰ ਆਖਰ ਦੱਸਣਾ ਹੀ ਪੈਣਾ,
ਤੇਰੀਆਂ ਅੱਖਾਂ ਉੱਤੇ ਚੜ੍ਹਿਆ ਹੋਇਆ ਪਰਦਾ ਹੈ ।

ਤੈਨੂੰ ਹੌਲੀ-ਹੌਲੀ ਆਪੇ ਸਮਝ ਆ ਜਾਵੇਗਾ,
ਕੌਣ ਕਿਸੇ ਦਾ ਕਿਹੜੀ ਗੱਲੋਂ ਪਾਣੀ ਭਰਦਾ ਹੈ ।

ਗ਼ੈਰਤ ਵਾਲ਼ੀ ਖੇਡ 'ਅਮਨ' ਤਾਂ ਖੁੱਲ ਕੇ ਖੇਡ ਰਿਹਾ,
ਦੁਨੀਆਂ ਸੋਚੇ, ਦੇਖੋ ਕਿੰਨੇ ਚਿਰ ਤੱਕ ਹਰਦਾ ਹੈ ।

# ਗ਼ਜ਼ਲ

ਖੁਦ ਉਡਾਰੂ, ਆਖਦੇ ਨੇ, ਇੱਕ ਉਡਿਆ ਹੋਰ ਕਿਉਂ ।
ਇੱਕ ਪੰਛੀ ਦੇ ਹੀ ਕਰਕੇ, ਅੰਬਰਾਂ ਵਿਚ ਸ਼ੋਰ ਕਿਉਂ ।

ਸੌ ਦਿਨਾਂ ਤੱਕ, ਚੋਰੀਆਂ ਕਰਦੇ ਰਹੇ ਬੇਖ਼ੌਫ਼ ਹੋ,
ਇੱਕ ਸਾਧੂ ਆ ਗਿਆ ਤਾਂ, ਕੰਬਦੇ ਨੇ ਚੋਰ ਕਿਉਂ ।

ਪੁਰਖਿਆਂ ਦੇ ਬੋਲ ਜੇਕਰ, ਮੈਂ ਕਹਾਂ ਫਿਰ ਤੋਂ ਉਵੇਂ,
ਦੱਸ ਮੇਰੇ ਵਾਸਤੇ ਉਹ, ਪਾਪ ਬਣਿਆ ਘੋਰ ਕਿਉਂ ।

ਬੁਜ਼ਦਿਲਾਂ ਦੇ ਘਰ ਦੇ ਅੰਦਰ, ਭੀੜ ਬੈਠੀ ਸੋਚਦੀ,
ਸੂਰਮੇ ਦਾ ਹੌਂਸਲਾ ਹੁੰਦਾ ਨਹੀਂ ਕਮਜ਼ੋਰ ਕਿਉਂ ।

ਗੂੰਗਿਆਂ ਦੇ ਸ਼ਹਿਰ ਅੰਦਰ, ਗੂੰਜਦੀ ਲਲਕਾਰ ਸੁਣ,
ਲੋਕ ਕੰਧਾਂ ਵਾਂਗ ਦੇਖਣ, ਆ ਗਿਆ ਮੂੰਹਜ਼ੋਰ ਕਿਉਂ ।

ਬੰਦਸ਼ਾਂ ਵਿੱਚ ਰਹਿਣ ਵਾਲੇ, ਇਹ ਕਿਵੇਂ ਸਮਝਣ ਭਲਾ,
ਰੋਜ਼ ਦਰਿਆ ਕੰਢਿਆਂ ਨੂੰ, ਆਪ ਦੇਵਣ ਖੋਰ ਕਿਉਂ ।

ਰੇਤ ਦਾ ਕਿਰਦਾਰ ਲੈ ਕੇ, ਆਪ ਫਿਰਦੈਂ ਭਟਕਦਾ,
ਤੇ ਅਮਨ ਤੋਂ ਪੁੱਛਦਾ ਏਂ ਲੋਕ ਜਾਂਦੇ ਭੋਰ ਕਿਉਂ ।

11

# ਰਿੰਪੀ ਗਿੱਲ



ਨਾਮ : ਰਿੰਪੀ
ਪਤਾ : ਪਿੰਡ ਈਸਪੁਰ, ਜ਼ਿਲ੍ਹਾ ਹੁਸ਼ਿਆਰਪੁਰ
ਮੋਬਾਇਲ : +91 94171-16476
ਵਿੱਦਿਅਕ ਯੋਗਤਾ : ਐਮ. ਏ. ਹਿੰਦੀ, ਬੀ. ਐੱਡ
ਕਾਰੋਬਾਰ : ਅਧਿਆਪਕਾ
ਸਾਹਿਤਕ ਪ੍ਰਾਪਤੀਆਂ : ਸਹਿ ਸੰਪਾਦਕ-

1. ਤਨੀਸ਼ਾ (ਤ੍ਰੈ-ਮਾਸਿਕ ਬਾਲ ਪੁਸਤਕ ਲੜੀ)
2. ਦਾਨਿਸ਼ ਹਾਇਕੂ ਸੰਸਾਰ (ਤ੍ਰੈ-ਮਾਸਿਕ ਪੁਸਤਕ ਲੜੀ)
3. ਦਾਨਿਸ਼ ਬਾਲ ਹਾਇਕੂ ਸੰਸਾਰ (ਤ੍ਰੈ-ਮਾਸਿਕ ਬਾਲ ਪੁਸਤਕ ਲੜੀ)

ਪੁਸਤਕਾਂ : ਮਤਵਾਲਾ ਕਮਲ (ਸਾਂਝਾ ਕਾਵਿ-ਸੰਗ੍ਰਹਿ)

# ਦੇਖ ਲਈਂ

ਡੁੱਬਣੇ ਤੋਂ ਪਹਿਲਾਂ ਕਿਨਾਰਾ ਦੇਖ ਲਈਂ।
ਉਜੜਨੇ ਤੋਂ ਪਹਿਲਾਂ ਸਹਾਰਾ ਦੇਖ ਲਈਂ।

ਪੈਰ-ਪੈਰ 'ਤੇ ਮਿਲ਼ਦੇ ਨੇ ਧੋਖ਼ੇ ਇੱਥੇ,
ਜਿੱਤਣ ਤੋਂ ਪਹਿਲਾਂ ਕੁੱਝ ਹਾਰਾਂ ਦੇਖ ਲਈਂ।

ਮੇਰੇ ਪਿਆਰ 'ਚ ਜਦੋਂ ਕਮੀ ਤੈਨੂੰ ਜਾਪੇ,
ਡੁੱਲ੍ਹਦਾ ਪਿਆ ਕੋਈ ਹੰਝੂ-ਖ਼ਾਰਾ ਦੇਖ ਲਈਂ।

ਤੇਰੇ ਬਿਨ ਕਿੰਝ ਹਾਲਤ ਹੋਣੀ ਏ ਮੇਰੀ,
ਦੇਖਣ ਲਈ ਕੋਈ ਬੇਸਹਾਰਾ ਦੇਖ ਲਈਂ।

'ਰਿੰਪੀ' ਨੇ ਕਿੰਨੀਆਂ ਕੀਤੀਆਂ ਦੁਆਵਾਂ,
ਟੁੱਟਦਾ ਹੋਇਆ ਅੰਬਰੋਂ ਕੋਈ ਤਾਰਾ ਦੇਖ ਲਈਂ।

# ਅੱਜ-ਕੱਲ੍ਹ ਕੌਣ?

ਰੁੱਸੇ ਹੋਏ ਨੂੰ ਮਨਾਉਂਦਾ ਅੱਜ-ਕੱਲ੍ਹ ਕੌਣ?
ਸਿਰਾਂ ਨਾਲ ਯਾਰੀਆਂ ਨਿਭਾਉਂਦਾ ਅੱਜ-ਕੱਲ੍ਹ ਕੌਣ?

ਦਿਲੋਂ ਇੱਕ-ਦੂਜੇ ਨੂੰ ਚਾਹੁੰਦਾ ਅੱਜ-ਕੱਲ੍ਹ ਕੌਣ?
ਪਿਆਰ ਦੀ ਦੁਨੀਆ ਵਸਾਉਂਦਾ ਅੱਜ-ਕੱਲ੍ਹ ਕੌਣ?

ਭਟਕੇ ਨੂੰ ਰਾਹ ਦਿਖਾਉਂਦਾ ਅੱਜ-ਕਲ੍ਹ ਕੌਣ?
ਮਹਿਫ਼ਲ 'ਚ ਆਪਣੇ ਮਜ਼ਾਕ ਬਣਾਉਂਦਾ ਅੱਜ-ਕੱਲ੍ਹ ਕੌਣ?

ਝੂਠੇ 'ਤੇ ਉਂਗਲੀ ਉਠਾਉਂਦਾ ਅੱਜ-ਕੱਲ੍ਹ ਕੌਣ?
ਸੱਚਿਆਂ ਦੀ ਮਹਿਮਾ ਗਾਉਂਦਾ ਅੱਜ-ਕੱਲ੍ਹ ਕੌਣ?

ਹੱਕ ਮੇਰੇ ਵਾਂਗ ਜਤਾਉਂਦਾ ਅੱਜ-ਕੱਲ੍ਹ ਕੌਣ?
'ਰਿੰਪੀ' ਦੱਸ ਤੈਨੂੰ ਭਾਉਂਦਾ ਅੱਜ-ਕੱਲ੍ਹ ਕੌਣ?

# ਲਾਲਚ ਦੀ ਦੁਨੀਆ ਵਿੱਚ

ਲਾਲਚ ਦੀ ਦੁਨੀਆ ਦੇ ਵਿੱਚ ਅੱਜ-ਕੱਲ੍ਹ ਤਾਂ,
ਕੌਡੀਆਂ ਦੇ ਭਾਅ ਵਿਕਦਾ ਹੋਇਆ ਪਿਆਰ ਦਿਸੇ।

ਝੂਠੀਆਂ ਰਸਮਾਂ, ਝੂਠੀਆਂ ਕਸਮਾਂ, ਝੂਠੇ ਲੋਕ,
ਪਰਦੇ ਪਾਉਂਦਾ ਝੂਠਾ ਏ ਸੰਸਾਰ ਦਿਸੇ।

ਪਾਗ਼ਲ ਬਣ-ਬਣ ਬਹਿੰਦਾ ਏ ਤੂੰ ਜਿਹਦੇ ਲਈ,
ਉਹ ਥਾਂ-ਥਾਂ ਉੱਤੇ-ਨਿੱਤ ਬਦਲਦਾ ਯਾਰ ਦਿਸੇ।

ਹਰ ਰੁੱਖ ਤੋਂ ਪੱਤਾ ਝੜਿਆ, ਟਾਹਣੀ ਖ਼ਾਲੀ ਏ,
ਫਿਰ ਕਿਉਂ ਤੈਨੂੰ ਪੱਤਝੜ ਪਈ ਬਹਾਰ ਦਿਸੇ।

ਦੂਜੇ ਦੇ ਘਰ ਦੀ ਤੂੰ ਸਾਰ ਲਵੇਂ, ਐਪਰ,
ਤੇਰੇ ਆਪਣੇ ਘਰ ਹੋਈ ਤਕਰਾਰ ਦਿਸੇ।

ਤੇਰੀ ਕੀ ਔਕਾਤ ਉਹਨਾਂ ਵਿੱਚ ਦੱਸ ਦਿਲਾ,
'ਰਿੰਪੀ' ਤੇਰੇ ਜਿਹੇ ਤਾਂ ਸਾਨੂੰ ਬੇਸ਼ੁਮਾਰ ਦਿਸੇ।

# ਦੋਸਤਾ

ਜ਼ਿੰਦਗੀ ਦੇ ਵੱਖਰੇ ਨੇ ਢੰਗ ਦੋਸਤਾ।
ਨਿੱਤ ਹੀ ਦਿਖਾਉਂਦੀ ਨਵੇਂ ਰੰਗ ਦੋਸਤਾ।

ਬਚ-ਬਚ ਲੰਘੀਂ ਜ਼ਰਾ ਜ਼ੁਲਮਾਂ ਦੇ ਸ਼ਹਿਰ 'ਚੋਂ,
ਸੋਚਾਂ ਦੀਆਂ ਗ਼ਲੀਆਂ ਨੇ ਤੰਗ ਦੋਸਤਾ।

ਦਾਅਵੇ ਜਿਹੜੇ ਕਰਦੇ ਨੇ ਸਭ ਛੱਡ ਜਾਣਗੇ,
ਸਾਇਆ ਵੀ ਨਾ ਰਹਿਣਾ ਤੇਰੇ ਸੰਗ ਦੋਸਤਾ।

ਕਰ ਕੁਝ ਐਸਾ ਰਹੇ ਜ਼ਮਾਨਾ ਯਾਦ ਕਰਦਾ,
ਜ਼ਿੰਦਗੀ ਨਾ ਜਾਵੇ ਐਵੀਂ ਲੰਘ ਦੋਸਤਾ।

ਰਿੰਪੀ' ਛੱਡ ਫ਼ਿਕਰਾਂ ਨੂੰ, ਛੱਡ ਗੋਲ਼ੀ ਮਾਰ ਤੂੰ,
ਟੁੱਟ ਕੇ ਨਾ ਬਹਿ ਤੂੰ ਵਾਂਗ ਵੰਗ ਦੋਸਤਾ।

# ਕੀ ਸ਼ਿਕਵਾ ?

ਕੀ ਸ਼ਿਕਵਾ ਕਰੀਏ ਗੈਰਾਂ 'ਤੇ?
ਇੱਥੇ ਆਪਣੇ ਪੱਲਾ ਛੁਡਾ ਜਾਂਦੇ।

ਮੈਂ ਦੱਸ ਤੇਰੇ ਹੰਝੂ ਕਿੰਝ ਪੂੰਝਾਂ,
ਦੁੱਖ ਤੇਰੇ ਰੂਹ ਹਿਲਾ ਜਾਂਦੇ।

ਆਸ ਮੇਰੇ 'ਤੇ ਕੋਈ ਰੱਖੀਂ ਨਾ,
ਮਹਿਲ ਰੇਤ ਦੇ ਰੋਸੇ ਢਾਹ ਜਾਂਦੇ।

ਮੁਰਝਾਏ ਹੋਏ ਫੁੱਲ ਨੂੰ,
ਪੱਥਰ ਵੀ ਠੋਕਰ ਲਾ ਜਾਂਦੇ।

ਵਾਂਗ ਬੱਚਿਆਂ ਗ਼ਮ ਨਾਲ ਖੇਡਣ ਜੋ,
ਸਾਰ ਜ਼ਿੰਦਗੀ ਦਾ ਉਹ ਪਾ ਜਾਂਦੇ।

# ਅਫ਼ਸਾਨਾ

ਦਿਲ 'ਚੋਂ ਖ਼ਿਆਲ ਕੱਢ ਕੇ ਮੈਂ ਪੱਤਝੜ ਦੀ ਮਾਰ ਦਾ।
ਅੱਜ ਫਿਰ ਅਫ਼ਸਾਨਾ ਛੇੜ ਲਿਆ ਰੰਗਲੀ ਬਹਾਰ ਦਾ।

ਕਈ ਵਾਰ ਘਰ ਤੋਂ ਬਾਹਰ ਹੀ ਨਿਕਲ਼ੇ ਨਾ ਇਹ ਨਜ਼ਰ,
ਕਈ ਵਾਰ ਕਰਦੀ ਏ ਸਫ਼ਰ ਸਰਹੱਦ ਤੋਂ ਪਾਰ ਦਾ।

ਬੰਦਿਸ਼ਾਂ ਦੀ ਅੱਗ ਵਿੱਚ ਜਦੋਂ ਸੜਦੀ ਏ ਜ਼ਿੰਦਗੀ,
ਤੇਰਾ ਖ਼ਿਆਲ ਤਪਦੇ ਮੇਰੇ ਦਿਲ ਨੂੰ ਠਾਰਦਾ।

ਬੇਦਰਦਾ ਤੇਰੇ ਆਉਣ ਦੀ ਆਉਂਦੀ ਨਹੀਂ ਤਰੀਕ,
ਲੰਘ ਚੱਲਿਆ ਇਹ ਵੀ ਸਾਲ ਤੇਰੇ ਇੰਤਜ਼ਾਰ ਦਾ।

ਤੂੰ ਕਾਹਤੋਂ ਨੰਗੇ ਪੈਰੀਂ ਭਲਾ 'ਰਿੰਪੀ' ਏਂ ਤੁਰ ਪਈ,
ਫਿਰਦਾ ਜ਼ਮਾਨਾ ਰਾਹਾਂ ਵਿੱਚ ਕੰਡੇ ਖਿਲਾਰਦਾ।

12

# ਅਮਰਜੀਤ ਸਿੰਘ




ਨਾਮ ਅਤੇ ਕਲਮੀ ਨਾਮ : ਅਮਰਜੀਤ ਸਿੰਘ / ਅਮਰਜੀਤ ਸਿੰਘ ਕਸਕ

ਪਤਾ : 40 ਡੀ ਪ੍ਰੋਫੈਸਰ ਕਲੋਨੀ
ਸਾਹਮਣੇ ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਮੋਬਾਇਲ : +91 95498-95275

ਈ-ਮੇਲ : **amarjitkasak0121@gmail.com**


ਵਿੱਦਿਅਕ ਯੋਗਤਾ : ਐਮ ਏ ਪੰਜਾਬੀ

ਸਰਵਿਸ : ਆਰਮੀ ਤੋਂ ਸੇਵਾਮੁਕਤ ਬਤੌਰ ਕੈਪਟਨ

ਪੁਸਤਕਾਂ : ਮਾਂਗੀਂ ਬਲੇ ਸੰਧੂਰ (ਕਵਿਤਾਵਾਂ)
ਆਪਣੀ ਆਪਣੀ ਲੋਅ (ਕਵਿਤਾਵਾਂ)
ਗਹਿਰ (ਕਵਿਤਾਵਾਂ)
ਸਾਣ 'ਤੇ ਲੱਗਿਆ ਸਵੈ (ਕਵਿਤਾਵਾਂ)

# ਚਾਨਣ ਦੀ ਯਾਤਰਾ

ਦੀਵਾ ਜਗਾਉਣ ਤੋਂ ਪਹਿਲਾਂ
ਇੰਝ ਵੀ ਵੇਖਿਆ ਜਾ ਸਕਦਾ
ਦੀਵੇ ਨੂੰ
ਕਿ ਯਾਦ ਆ ਜਾਏ
ਮਿੱਟੀ ਘੁਮਿਆਰ ਚੱਕ ਆਵਾ
ਦੀਵਾ ਹੋ ਜਾਣ ਤੱਕ ਦੀ
ਯਾਤਰਾ ਮਿੱਟੀ ਦੀ

ਵੱਤਰੀ ਭੋਇੰ ਦੇ
ਗਰਭ ਪਿਆ ਵੜੇਵਾਂ ਕੋਈ
ਪੁੱਗਿਆ ਹੱਸਿਆ ਖਿੜਿਆ
ਬੋਚ-ਬੋਚ ਚੁਗਿਆ ਸਿੱਕਰੀਆਂ 'ਚੋਂ

ਵੇਲਨਾ ਪੇਂਜਾ ਰੂੰ
ਕਿੰਨੇ ਹੱਥਾਂ
ਕਿੰਨੇ ਹਾਲਾਂ 'ਚੋਂ ਲੰਘਿਆ
ਵੱਟੀ ਬਣਿਆ ਪਿਆ
ਦੀਵੇ 'ਚ ਸਾਹਮਣੇ

ਤੇਲ
ਮਿੱਟੀ ਦੀ ਥੰਧਿਆਈ
ਸਰ੍ਹੋਂ ਦੇ ਦਾਣਿਆਂ ਰਾਹੀਂ
ਕੋਹਲੂ ਦੀ ਹੋਣੀ ਸਹਿ
ਦੀਵੇ 'ਚ ਹੱਸ ਰਹੀ

ਚਾਨਣ ਦੀ ਯਾਤਰਾ ਹੈ ਇਹ!

# ਹੰਝੂ

ਹੰਝੂ
ਜਿਊਂਦੇ ਬੰਦੇ ਦੀ
ਅੱਖ 'ਚ ਆਉਂਦਾ

ਚਾਇਨਾ ਬਾਰਡਰ ਤੋਂ
ਬਾਪ ਨੂੰ ਮਿਲਣ ਆਏ
ਜਵਾਨ ਦੀ
ਅਤੇ ਦਿੱਲੀ ਬਾਰਡਰ ’ਤੇ ਖੜ੍ਹੇ
ਬਾਪ ਕਿਸਾਨ ਦੀ
ਅੱਖ ਵਿੱਚ
ਜੋ ਹੰਝੂ ਹੈ
ਇਹ ਬਾਪ ਪੁੱਤ ਦੀ ਅੱਖ ਦਾ ਨਹੀਂ
ਮੇਰੇ ਦੇਸ਼ ਦੀ ਮਿੱਟੀ ਦਾ ਹੰਝੂ ਹੈ

ਇੱਕ ਅੱਖ ਜਾਗਦਿਆਂ ਹੀ
ਡਰਾਉਣਾ ਸੁਪਨਾ ਵੇਖਦੀ
ਇਸ ਅੱਖ ਦੇ ਨੀਰ ਨੂੰ
ਦੇਸ਼ ਵੇਖਦਾ
ਤੇ ਵੇਖਦੇ ਵੇਖਦਿਆਂ ਸਾਰੇ ਦਰਿਆ
ਸਮੁੰਦਰ ਹੋ ਜਾਂਦੇ ਨੇ

ਰਾਜਨੇਤਾ
ਐਨਕ ਹੇਠੋਂ
ਹੰਝੂ ਪੂੰਝਣ ਦਾ ਨਾਟਕ ਕਰਦਾ
ਭੁੱਲ ਜਾਂਦਾ
ਕਿ ਪੱਥਰ ਦੀ ਅੱਖ 'ਚ
ਹੰਝੂ ਨਹੀਂ ਆਉਂਦਾ ।

# ਭਗੌੜੇ

ਉਹ ਹੁਣ
'ਧੰਨ ਲੇਖਾਰੀ ਨਾਨਕਾ ਕਹਿ ਕੇ'
ਆਪਣੀ ਪਿੱਠ ਥਾਪੜ ਲੈਂਦੇ ਨੇ

ਕੁਝ ਇੱਕ ਦੂਜੇ ਦੀ ਪਿੱਠ
ਖੁਰਕ ਵੀ ਦਿੰਦੇ ਨੇ

ਏਦਾਂ ਪਿੱਠ-ਪਿੱਠ ਖੇਡਦਿਆਂ
ਹਿੱਕ ਤੇ ਮੱਥੇ ਭੁੱਲ ਜਾਂਦੇ ਨੇ

ਸੱਚ ਦੇ ਅਧੂਰੇ
'ਨਾਮ' ਤੋਂ ਕੋਰੇ
''ਧਨ ਲੇਖਾਰੀ ਨਾਨਕਾ
ਜਿਨਿ ਨਾਮੁ ਲਿਖਾਇਆ ਸਚੁ''
ਦੇ ਸੱਚ ਤੋਂ
ਇਸੇ ਪੰਕਤੀ ਦੇ ਅੱਧ ਤੋਂ
ਭਗੌੜੇ ਨੇ।

# ਮੈਨੂੰ ਜੰਮਣ ਇੱਛਾਵਾਂ

ਸਭ ਤੋਂ ਪਹਿਲਾਂ
ਸਤਿ ਸੱਤਾ
ਆਦਿ ਅਸਤਿੱਤਵ
ਮੇਰੀ ਮਾਂ
ਨਿਰਮਤ ਕਰ ਜਿਸ ਮੈਨੂੰ
ਆਪਣੀ ਕਾਰੇ ਲਾਇਆ
ਜਿਸ ਦੀ ਕਾਰ
ਮੈਂ ਜਾਣਾ ਵੀ ਨਾ

ਕਾਰ ਕਰਦਿਆਂ
ਅੱਗੇ ਫਿਰ
ਵਿੱਚ ਵਿਚਕਾਰ
ਆ ਗਈਆਂ ਮੇਰੀਆਂ ਇੱਛਾਵਾਂ

ਇੱਛਾਵਾਂ ਚੰਗੀਆਂ ਬੁਰੀਆਂ
ਦੋਸਤਾਂ ਦੁਸ਼ਮਣਾਂ ਵਰਗੀਆਂ
ਵਾਰ ਵਾਰ ਫੇਰ ਮੈਨੂੰ
ਜੰਮਣ ਲੱਗੀਆਂ ਇੱਛਾਵਾਂ
ਮੇਰੀਆਂ ਮਾਵਾਂ

ਦੇਹੀ ਦੀ ਮਾਂ ਹੀ
ਮਾਂ ਨਹੀਂ ਹੁੰਦੀ।

# 13 ਪਰਮਜੀਤ ਕਾਤਿਬ



ਨਾਮ ਅਤੇ ਕਲਮੀ ਨਾਮ : ਪਰਮਜੀਤ ਕਾਤਿਬ
ਪਤਾ : ਮਕਾਨ ਨੰ. ਬੀ-9, 374 ਬੀ, ਵਾਰਡ ਨੰ. 1
ਪਿੱਛੇ ਹੈਰੀ-ਗੈਰੀ ਪੈਲੇਸ, ਮਾਹਿਲਪੁਰ,
ਹੁਸ਼ਿਆਰਪੁਰ
ਮੋਬਾਇਲ : +91 94633-09767
ਵਿੱਦਿਅਕ ਯੋਗਤਾ : ਐਮ. ਏ., ਬੀ. ਐੱਡ.
ਕਾਰੋਬਾਰ : ਈ ਟੀ ਟੀ ਅਧਿਆਪਕ
ਸਰਕਾਰੀ ਪ੍ਰਾਇਮਰੀ ਸਕੂਲ ਨੰਗਲ ਖੁਰਦ,
ਬਲਾਕ ਮਾਹਿਲਪੁਰ 2
ਸਾਹਿਤਕ ਪ੍ਰਾਪਤੀਆਂ : ਵੱਖ-ਵੱਖ ਕਵੀ ਦਰਬਾਰਾਂ ਵਿੱਚ ਸ਼ਮੂਲਿਅਤ
ਪੁਸਤਕਾਂ : ਤਨੀਸ਼ਾ ਮੈਗਜ਼ੀਨ ਵਿੱਚ ਬਾਲ ਰਚਨਾਵਾਂ

# ਗ਼ਜ਼ਲ

ਛਾਤੀ ਛਣੀ ਹੋਈ, ਗਰਦਨ ਤਣੀ ਹੋਈ'
ਬੇਦਰਦ ਜਵਾਨੀ ਹੈ ਬੇਜਾਨ ਬਣੀ ਹੋਈ।

ਮੈਂ ਬਸ ਡਰਾਇਆ ਸੀ, ਥੋੜ੍ਹਾ ਸ਼ੋਰ ਮਚਾਇਆ ਸੀ,
ਤੁਸੀਂ ਹੱਥ ਉਤਾਂਹ ਕੀਤੇ, ਮੈਂ ਝੱਟ ਕਣੀ ਹੋਈ।

ਕੁਸ਼ ਲੋਕ ਦੀਵਾਨੇ ਸੀ, ਬੜੇ ਮਸਤ ਜ਼ਮਾਨੇ ਸੀ।
ਅੱਜ ਛੱਤ ਵੀ ਸਾਂਝੀ ਦੇ ਥੱਲੇ ਠਣੀ ਹੋਈ।

ਜਿਸ ਦੀ ਖਾਤਿਰ ਉਸ ਨੇ ਸਾਰੀ ਉਮਰ ਗਵਾਈ ਹੈ,
ਵਿੱਚ ਮੁਸ਼ਕਲ ਨਾਲ਼ ਨਹੀਂ, ਕੁੱਖੋਂ ਜਣੀ ਹੋਈ।

ਕਿੰਝ ਰੋਕਦਾ ਮੈਂ 'ਕਾਤਿਬ', ਅੱਗ ਪਿਠ ਤੇ ਬਾਲ਼ੀ ਸੀ,
ਮੈਂ ਚੀਕ ਜਦੋਂ ਮਾਰੀ ਇਹ ਹੋਰ ਘਣੀ ਹੋਈ।

# ਗ਼ਜ਼ਲ
# ਇੱਕ ਤਰਾਸਦੀ

ਲਗਾ ਕੇ ਅੱਗ ਨਾੜਾਂ ਨੂੰ ਬੜਾ ਨੁਕਸਾਨ ਕਰ ਬੈਠਾ
ਉਹ ਹੱਸਦੀ ਵੱਸਦੀ ਧਰਤੀ ਨੂੰ ਨਿਰੀ ਸ਼ਮਸ਼ਾਨ ਕਰ ਬੈਠਾ।

ਪਤਾ ਹੈ ਉਸ ਨੂੰ ਇਹ ਮੇਰਾ ਗੁਨਾਹ ਨਹੀਂ ਬਖ਼ਸ਼ਿਆ ਜਾਣਾ
ਬੜੇ ਕੀਟਾਂ ਪਤੰਗਾਂ ਦਾ ਜਹਾਂ ਸੁਨਸਾਨ ਕਰ ਬੈਠਾ।

ਇਹ ਕਾਲ਼ੇ ਧੂੰਏ ਦੀ ਚਾਦਰ ਲਪੇਟੇ ਸੌਂ ਨਹੀਂ ਹੋਣਾ
ਉਹ ਹਲਕੇ ਹਲਕੇ ਸਾਹਾਂ ਨੂੰ ਬੜਾ ਤੂਫਾਨ ਕਰ ਬੈਠਾ।

ਉਸ ਨੇ ਛੇੜ ਕੇ ਕੁਦਰਤ ਕਮਾਇਆ ਵੈਰ ਲਗਦਾ ਹੈ
ਕਿ ਤਾਹੀਂਓ ਵਿਗੜਦਾ ਮੌਸਮ ਉਸ ਨੂੰ ਹੈਰਾਨ ਕਰ ਬੈਠਾ।

ਉਹ ਸੜ ਕੇ ਮਰ ਗਿਆ ਨਾ ਬਿਰਖ ਵੀ ਉਸਦੇ ਹਿੱਸੇ ਆਇਆ
ਜੋ ਆਪਣੇ ਨਾਮ ਧਰਤੀ ਤੇ ਸਾਰਾ ਅਸਮਾਨ ਕਰ ਬੈਠਾ।

ਜੇ 'ਕਾਤਿਬ' ਸਾਂਭ ਨਾ ਹੋਈ ਤਾਂ ਲਾਹਣਤ ਹੈ ਅਸਾਡੇ ਤੇ
ਖ਼ੁਦਾ ਨਵਾਜ਼ ਕੇ ਕੁਦਰਤ ਬੜਾ ਅਹਿਸਾਨ ਕਰ ਬੈਠਾ।

# ਗ਼ਜ਼ਲ

ਥੋੜ੍ਹਾ ਬਹੁਤਾ ਫਿਰ ਵੀ ਕਿੰਨਾ।
ਮੈਂ ਤੇਰੇ ਕੋਲ਼ ਗਿਰਵੀ ਕਿੰਨਾ।

ਕਦ ਆਵੇਂਗਾ ਦੱਸ ਕੇ ਜਾਵੀਂ,
ਸਾਲ ਮਹੀਨੇ ਚਿਰ ਵੀ ਕਿੰਨਾ।

ਉਸ ਦੇ ਸਿਰ ਤੇ ਛੱਤ ਨਹੀਂ ਹੈ,
ਦੇਖੋ ਉਸ ਦਾ ਸਿਰ ਵੀ ਕਿੰਨਾ।

ਲੁੱਟ, ਨਸ਼ਾ ਤੇ ਰਿਸ਼ਵਤਖੋਰੀ,
ਬੰਦਾ ਜਾਵੇ ਘਿਰ ਵੀ ਕਿੰਨਾ।

ਪੁੱਤਰਾਂ ਹੱਥੋਂ ਮਾਪੇ ਮਰਦੇ,
ਬੰਦਾ ਗਿਆ ਹੈ ਗਿਰ ਵੀ ਕਿੰਨਾ।

ਦੁੱਖ ਦੀ ਧਰਤੀ ਪਿਆਸੀ ਰਹਿੰਦੀ,
ਅੱਥਰੂ ਜਾਵਣ ਕਿਰ ਵੀ ਕਿੰਨਾ।

'ਕਾਤਿਬ' ਤੇਜ਼ ਹਵਾ ਦੇ ਸਾਹਵੇਂ,
ਦੀਵਾ ਰਹੇ ਸਥਿਰ ਵੀ ਕਿੰਨਾ।

# ਗ਼ਜ਼ਲ

ਤੇਰੇ ਮੇਰੇ ਪਿੜ ਦੀਆਂ ਗੱਲਾਂ।
ਟਿੰਡਾਂ ਵਾਗੂੰ ਗਿੜਦੀਆਂ ਗੱਲਾਂ।

ਛਿੜ ਪੈਂਦਾ ਹਾਂ ਮੈਂ ਵੀ ਅਕਸਰ
ਜਦੋਂ ਤੇਰੀਆਂ ਛਿੜਦੀਆਂ ਗੱਲਾਂ।

ਜਦ ਨਾ ਮਿਲਦੇ ਰਾਮ ਤੇ ਅੱਲਾ
ਕੱਠੀਆਂ ਹੋ ਕੇ ਭਿੜਦੀਆਂ ਗੱਲਾਂ।

ਵਰ੍ਹਿਆਂ ਬਾਅਦ ਮਿਲੇ ਜਦ ਕੋਈ
ਫੁੱਲਾਂ ਵਾਗੂੰ ਖਿੜਦੀਆਂ ਗੱਲਾਂ।

ਜਦ ਮੌਕੇ ਤੇ ਕਹਿ ਨਾ ਹੋਵਣ
ਚੁੱਪ ਅੰਦਰ ਹੀ ਚਿੜਦੀਆਂ ਗੱਲਾਂ।

'ਕਾਤਿਬ' ਸਾਂਝ ਜਦੋਂ ਨਾ ਰਹਿੰਦੀ
ਸ਼ੀਸ਼ੇ ਵਾਗੂੰ ਤਿੜਦੀਆਂ ਗੱਲਾਂ।

# 14 ਸਤਿੰਦਰਜੀਤ ਕੌਰ



ਨਾਮ ਅਤੇ ਕਲਮੀ ਨਾਮ : ਸਤਿੰਦਰਜੀਤ ਕੌਰ

ਪਤਾ : **603, G-1 block, Surya Enclave Jalandhar**

ਮੋਬਾਇਲ : +91 99153-37733

ਈ-ਮੇਲ : **babbuaujla72@yahoo.in**

ਵਿੱਦਿਅਕ ਯੋਗਤਾ : ਐਮ. ਏ. ਪੰਜਾਬੀ

ਕਾਰੋਬਾਰ : ਫੈਸ਼ਨ ਡਿਜਾਇਨਰ

ਸ਼ੌਂਕ : ਸਾਹਿਤ ਨਾਲ ਪਿਆਰ
ਕੁਦਰਤ ਦੀ ਕਦਰ

# ਬਚਪਨ

ਗੱਲ ਜ਼ਰੂਰੀ ਅੱਜ ਇੱਕ ਦੱਸਾਂ
ਜਾਣਿਓ ਨਾ ਇਸਨੂੰ ਕੋਈ ਵੀ ਫਜ਼ੂਲ।
ਹਰ ਇਨਸਾਨ ਦੀ ਜ਼ਿਦਗੀ ਦੇ
ਵੱਖੋ ਵੱਖਰੇ ਹੁੰਦੇ ਨੇ ਅਸੂਲ।
ਔਲਾਦ ਚੰਗੀ ਨਿਕਲੇ
ਬਸ ਇਹੋ ਹੀ ਦੁਆ ਹੋ ਜਾਵੇ ਕਬੂਲ।
ਜੇ ਬੁਢਾਪਾ ਕੱਲ੍ਹਾ ਰਹਿ ਗਿਆ
ਤਾਂ ਜ਼ਿੰਦਗੀ 'ਚ ਫੇਰ ਕੀਤਾ ਕੀ ਵਸੂਲ।

ਫੜਕੇ ਉਂਗਲ ਉਹਨੂੰ ਤੁਰਨਾ ਸਿਖਾਇਆ
ਜੀਵਣੇ ਦੇ ਪਾਠ ਪੜਾਏ ਹੋਰ ਹੋਰ
ਕੀਤੀ ਜੇ ਸ਼ਰਾਰਤ ਕੀਤੀ ਜੇ ਸ਼ੈਤਾਨੀ
ਗੋਦੀ ਚ ਬਿਠਾਇਆ ਬੰਦ ਕੀਤਾ ਉਹਦਾ ਸ਼ੋਰ।
ਤਾੜਿਆ ਵੀ...... ਮਾਰਿਆ ਵੀ...
ਪੂਰਾ ਸਾਰਾ ਲਾਇਆ ਫੇਰ ਮਮਤਾ ਦਾ ਜ਼ੋਰ।
ਰੋਂਦੇ ਨੂੰ ਵਰਾਇਆ ਤੇ ਮਨਾਇਆ
ਚਲਣੀ ਸਿਖਾਈ ਉਹਨੂੰ ਜ਼ਿੰਦਗੀ ਦੀ ਤੋਰ।

ਕਿਤਾਬ ਪੜ੍ਹਾਈ ਅਤੇ ਜੀਣਾ ਵੀ ਸਿਖਾਇਆ,
ਲੈਣੇ ਵੀ ਸਿਖਾਏ ਉਹਨੂੰ ਜ਼ਿਦਗੀ ਦੇ ਹੱਕ।
ਪਹੁੰਚ ਗਿਆ ਅੱਜ ਉਹ ਉੱਚੇ ਮੁਕਾਮ,
ਸਫਲਤਾ ਦਾ ਪਾ ਲਿਆ ਉਹਨੇ ਇੱਕ ਟੱਕ।
ਕਹਿੰਦਾ ਮਰਜ਼ੀ ਚਲਾਊਂ ਤੇ ਆਪਣੀ ਮਨਾਊਂ,
ਬਹੁਤਾ ਨਾ ਤੂੰ ਬੋਲ ਮਾਏ ਮੈਨੂੰ ਨਾ ਤੂੰ ਡੱਕ।
ਮਾਪਿਆਂ ਨੇ ਪਾਲਿਆ ਸੁਪਨੇ ਸਜਾਏ
ਉਹੀ ਮਿੱਠੀ ਲੋਰੀ ਹੁਣ ਲੱਗੇ ਬਕਬੱਕ।

ਯੁੱਗ ਨਾਲ ਚੱਲਣਾ ਕਬੂਲ ਇਹਨੂੰ ਕਰਨਾ,
ਦੁਨੀਆ ਦਾ ਹੁੰਦਾ ਇੱਕ ਇਹੇ ਦਸਤੂਰ ।
ਮਾਪਿਆਂ ਦੀ ਆਸ ਤੁਹਾਡੇ ਉੱਤੇ ਲੱਗੀ,
ਹੋ ਨਾ ਜਾਇਓ ਤੁਸੀਂ ਕਿਤੇ ਏਨੇ ਮਗਰੂਰ।
ਮਾਂ ਦੀਆਂ ਗਾਲ਼ਾਂ ਘਿਉ ਦੀਆਂ ਨਾਲਾਂ
ਬਾਪ ਦੀ ਚਪੇੜ ਵੀ ਏਡਾ ਵੱਡਾ ਨਾ ਕਸੂਰ।
ਤੁਹਾਡੀ ਕਾਮਯਾਬੀ ਉਹਨਾਂ ਦਾ ਹੈ ਸਦਕਾ
ਕਿਤੇ ਰੋਲ ਵੀ ਨਾ ਦਿਓ ਤੁਸੀਂ ਉਹਨਾਂ ਨੂੰ ਹਜ਼ੂਰ

# ਇਸ਼ਕ

ਹਰ ਇਸ਼ਕ ਦੀ ਹੁੰਦੀ ਹੈ ,
ਆਪਣੀ ਇੱਕ ਕਹਾਣੀ ,
ਕੋਈ ਹੁੰਦੀ ਅੱਖੋਂ ਅੰਨ੍ਹੀ ,
ਤੇ ਕੋਈ ਦਿਲ ਦੀ ਰਾਣੀ,
ਕੋਈ ਅੱਧ ਵਿਚਾਲੇ ਟੁੱਟਦੀ ,
ਕੋਈ ਬਣਜੇ ਇੱਕ ਬੁਝਾਰਤ
ਕੋਈ ਗੁਫਤਗੂ ਕਰਦੀ ਕਰਦੀ,
ਬਣਜੇ ਕਲਮਾਂ ਦੀ ਪਟਰਾਣੀ॥

ਇੱਕ ਹੁੰਦੀ ਸੂਰਜ ਦੀ ਤਲਖੀ,
ਇੱਕ ਚੰਨ ਅਤੇ ਚਕੋਰ ਜਿਹੀ,
ਇੱਕ ਵਗਦੇ ਦਰਿਆ ਦਾ ਪਾਣੀ,
ਇੱਕ ਖੜ੍ਹੇ ਤਲਾਬ ਜਿਹੀ,
ਹਵਾ ਆਦਮ ਦੀ ਪ੍ਰੇਮ ਕਹਾਣੀ,
ਸਦੀਆਂ ਤੋਂ ਇਹ ਹੈ ਪੁਰਾਣੀ,
ਕੋਈ ਕਲਾਮ ਬੁੱਲ੍ਹੇ ਦਾ ਬਣ ਜਾਏ,
ਤੇ ਕੋਈ ਰਾਂਝੇ ਹੀਰ ਜਿਹੀ॥

# ਆਰਜ਼ੂ

ਇਹ ਆਰਜ਼ੂ ਦੇ ਨੇ ਗੀਤ
ਤੇ ਦੁਨੀਆ ਦੀ ਹੈ ਇੱਕ ਰੀਤ
ਇਹਨੇ ਕਦੇ ਵੀ ਨਾ ਰੁਕਣਾ
ਇਹ ਤਾਂ ਵਹਿੰਦੇ ਝਰਿਨਆਂ ਦਾ ਸੰਗੀਤ ।

ਇਹ ਤਾਂ ਚਲਦਾ ਰਹਿੰਦਾ ਮਾਮਲਾ
ਪਤਾ ਨਹੀਂ ਕਾਹਦਾ ਹੈ ਮੁਕਾਬਲਾ
ਇਹਨਾਂ ਨੇ ਕਦੇ ਵੀ ਨਾ ਰੁਕਣਾ
ਆਪਣੀਤੋਰ ਤੁਰਿਆ ਰਹਿਣਾ ਕਾਫ਼ਲਾ ।

ਏਥੇ ਵੇਖੇ ਮਸਲਿਆਂ ਦੇ ਹੁੰਦੇ ਹੱਲ
ਸਿਲਸਿਲੇ ਤਾਂ ਰਹਿੰਦੇ ਚਲੋ ਚਲ
ਇਹਨਾਂ ਨੇ ਤਾਂ ਕਦੇ ਵੀ ਨਾ ਰੁਕਣਾ
ਕਿਸੇ ਨੇ ਨਾ ਲੈਣੀ ਏਥੇ ਥਾਂ ਮੱਲ ।

ਇਹ ਤਾਂ ਭੋਲੇ ਮਨਾਂ ਦੇ ਨੇ ਭੁਲੇਖੇ
ਸਭ ਕਰਮਾਂ ਦੇ ਹੀ ਤਾਂ ਨੇ ਲੇਖੇ
ਇਹ ਤਾਂ ਕਦੇ ਵੀ ਨਾ ਰੁਕਣੇ
ਜਨਮ ਮਰਣ ਏਥੇ ਕਿਸੇ ਨੇ ਨਾ ਦੇਖੇ ।

ਰੰਗਲੀ ਦੁਨੀਆ ਦਾ ਈ ਮੇਲਾ
ਇਹ ਚਿੱਤ ਵੀ ਇੱਕ ਅਲਬੇਲਾ
ਇਹਨੇ ਤਾਂ ਕਦੀ ਵੀ ਨਾ ਰੁਕਣਾ
ਇਹ ਸਭ ਚਲੋ ਚਲੀ ਦਾ ਝਮੇਲਾ ।

# ਲਾਰੇ

ਦਿਲ ਵਿੱਚ ਕੁੜੱਤਣ
ਅਤੇ ਬੁੱਲਾਂ ਤੇ ਮਿਠਾਸ
ਸਾਨੂੰ ਨਹੀਂਓ ਆਉਂਦੀ
ਇਹੇ ਲੀਲਾ ਜਿਹੀ ਰਾਸ ।

ਚਿਹਰੇ ਉੱਤੇ ਰੌਣਕਾਂ
ਤੇ ਮਨ ਵਿੱਚ ਵਿਸ਼ਵਾਸ
ਬੰਦੀ ਹਾਂ ਮੈਂ ਪੂਰੀ
ਪੂਰੀ ਬਿੰਦਾਸ ।

ਕਾਲੇ ਜਿਹੇ ਬੱਦਲ ਪਿੱਛੇ
ਚਾਂਦੀ ਰੰਗੀ ਆਸ
ਝੂਠੇ ਜਿਹੇ ਲਾਰੇ
ਅਤੇ ਸੱਚਾ ਅਹਿਸਾਸ ।

ਗਿਰਝਾਂ ਨੇ ਨੋਚਣਾ
ਹੱਡ ਲਹੂ ਅਤੇ ਮਾਸ
ਕੋਈ ਵੀ ਨਾ ਦਿੰਦਾ ਇੱਥੇ
ਕੋਈ ਧਰਵਾਸ ।

ਬੁੱਲ੍ਹਾਂ ਤੇ ਕੁੜੱਤਣ
ਅਤੇ ਦਿਲ 'ਚ ਖਟਾਸ
ਸਾਨੂੰ ਤਾਂ ਨਹੀਂ ਆਉਂਦੀ
ਇਹੇ ਲੀਲਾ ਜਿਹੀ ਰਾਸ ।

# 15 ਕੈਂਥ ਰਾਵਿੰਦਰ ਜਗਰਾਉਂ



ਨਾਮ ਅਤੇ ਕਲਮੀ ਨਾਮ : ਕੈਂਥ ਰਾਵਿੰਦਰ ਜਗਰਾਉਂ

ਪਤਾ : ਮਕਾਨ ਨੰਬਰ 875/ਏ, ਮੁਹੱਲਾ ਰਵਿਦਾਸਪੁਰਾ ਜਗਰਾਉਂ ਜ਼ਿਲਾ ਲੁਧਿਆਣਾ

ਮੋਬਾਇਲ : +91 75086-20332

ਈ-ਮੇਲ : **kainthjagraon1992@gmail.com**

ਵਿੱਦਿਅਕ ਯੋਗਤਾ : **B.Sc., B.Ed., M.Sc (Maths)**

ਕਾਰੋਬਾਰ : ਅਧਿਆਪਕ

ਸਾਹਿਤਕ ਪ੍ਰਾਪਤੀਆਂ : ਸਰਦਲ ਟੰਗੇ ਸ਼ਬਦ (ਕਾਵਿ ਸੰਗ੍ਰਹਿ) ਵਿੱਚ ਕਵਿਤਾਵਾਂ ਅਤੇ ਗ਼ਜ਼ਲਾਂ ਦਰਜ ਹਨ। ਇਸ ਤੋਂ ਇਲਾਵਾ ਕਵਿਤਾਵਾਂ, ਗ਼ਜ਼ਲਾਂ ਤੇ ਲੇਖ ਅਖ਼ਬਾਰਾਂ ਵਿੱਚ ਛਪ ਚੁਕੇ ਹਨ।

# ਮੇਰਾ ਸ਼ਹਿਰ

ਤਿੰਨ ਸਦੀਆਂ ਪਹਿਲਾਂ, ਹੋਂਦ ’ਚ ਆਇਆ ਨਾਂ ਮੇਰੇ ਸ਼ਹਿਰ ਦਾ।
ਪੰਜਾਬ ਦੇ ਨਾਮੀਂ ਮੇਲਿਆਂ 'ਚ, ਆਉਂਦਾ ਨਾਂ ਮੇਰੇ ਸ਼ਹਿਰ ਦਾ।

ਨਕੋਦਰ ਜਾਂ ਲੁਧਿਆਣੇ ਤੋਂ, ਰਾਏਕੋਟ ਜਾਂ ਮੋਗੇ ਤੋਂ,
ਲਗਭਗ ਬਰਾਬਰ ਜਿਹਾ, ਪੈੜਾ ਮੇਰੇ ਸ਼ਹਿਰ ਦਾ।

ਕਮਲ ਦੀ ਸੁਗੰਧ, ਰਾਣੀ ਝਾਂਸੀ ਜਜ਼ਬੇ ਦੀ ਬੁਲੰਦ,
ਲਾਲਾ ਲਾਜਪਤ ਰਾਏ ਦਾ ਘਰ ਵਿਰਾਸਤ ਮੇਰੇ ਸ਼ਹਿਰ ਦਾ।

ਤੇਰਵੀਂ ਤੋਂ ਪੰਦਰਵੀਂ ਦਾ ਰੰਗਲਾ ਜਿੱਥੇ ਸਫ਼ਰ ਹੰਢਾਇਆ,
ਸਾਇੰਸ ਕਾਲਜ ਇਲਮਾਂ ਦਾ ਬਾਗ ਮੇਰੇ ਸ਼ਹਿਰ ਦਾ।

ਲਿਬਾਸ, ਸੋਚ ਤੇ ਸ਼ੋਹਰਤ ਦੀ ਕੋਈ ਘਾਟ ਨਹੀਂ,
ਸ਼ਾਹੀ ਪਕਵਾਨ ਮਕਬੂਲ ਮੇਰੇ ਸ਼ਹਿਰ ਦਾ।

ਜਨਮ ਤੋਂ ਹੀ ਸਾਹਾਂ ਦੀ ਗੂੜ੍ਹੀ ਸਾਂਝ ਐ ਪੈਗੀ ,
ਦੱਸ ਹੀ ਦਿੰਦਾ ਆ, ਜਗਰਾਉਂ ਨਾਂ ਮੇਰੇ ਸ਼ਹਿਰ ਦਾ।

# ਮੈਂ ਤੇ ਉਹ

ਮੱਠੀ ਮੱਠੀ ਲੋਅ ਸੀ, ਮਿਲਣ ਦੀ ਤਾਰੀਕ ਉਹ ਸੀ,
ਸਵੇਰ ਢਲੀ ਇਉਂ ਸੀ, ਜਦ ਮਿਲੇ ਮੈਂ ਤੇ ਉਹ।

ਵੱਖਰਾ ਜਿਹਾ ਮਾਹੌਲ ਸੀ, ਮਾਸੂਮੀਅਤ ਦੀ ਨਾ ਥੋੜ ਸੀ,
ਵਕਤ ਨੂੰ ਇਸਦੀ ਲੋੜ ਸੀ, ਜਦ ਮਿਲੇ ਮੈਂ ਤੇ ਉਹ।

ਪਹਿਲੀ ਮੁਲਾਕਾਤ ਦੀਆਂ, ਬਾਤਾਂ ਮੇਲ ਮਿਲਾਪ ਦੀਆਂ,
ਕੁੱਝ ਕੁ ਘੜੀਆਂ ਬਣੀਆਂ ਸਾਥ ਦੀਆਂ, ਜਦ ਮਿਲੇ ਮੈਂ ਤੇ ਉਹ।

ਐਸੀ ਸੁਰ ਤੋਂ ਤਾਲ ਹੋਈ, ਗੱਲ ਲਫ਼ਜ਼ਾਂ 'ਚ ਨਾ ਬਿਆਨ ਹੋਈ,
ਕਈ ਜਨਮ ਪੁਰਾਣੀ ਸਾਂਝ ਹੋਈ, ਜਦ ਮਿਲੇ ਮੈਂ ਤੇ ਉਹ।

ਅੱਖੀਆਂ 'ਚ ਨੂਰ ਝਲਕਦਾ, ਸੰਗ ਹੋਇਆ ਤੇਰੀ ਮੜ੍ਹਕ ਦਾ,
ਸਾਡਾ ਪਹਿਲਾ ਪੋਜ਼ ਦੱਸਦਾ, ਜਦ ਮਿਲੇ ਮੈਂ ਤੇ ਉਹ।

ਸੱਜਣਾਂ ਦਾ ਵਿਹੜਾ ਜਾਣਦਾ, ਸੰਦੂਰ ਲੱਗਿਆ ਤੇਰੇ ਨਾਂ ਦਾ,
27 ਅਕਤੂਬਰ ਠਾਠਾਂ ਮਾਰਦਾ, ਜਦ ਮਿਲੇ ਮੈਂ ਤੇ ਉਹ।

ਸੂਹੇ ਹੱਥ ਰੰਗ ਗਏ, ਸੱਜਣਾਂ ਦੇ ਸਾਥੀ ਬਣ ਗਏ,
ਨਵੇਂ ਸਫ਼ਰ ਦੀ ਪੌੜੀ ਚੜ੍ਹ ਗਏ, ਜਦ ਮਿਲੇ ਮੈਂ ਤੇ ਉਹ।

# ਮੈਂ ਤੇ ਮੇਰਾ ਪਿਉ

ਉਂਗਲ ਫੜ ਕੇ ਚਲਦੇ ਕਿੰਨੇ ਮੇਲੇ ਦੇਖੇ ,
ਪੰਘੂੜੇ ਜਿਹਾ ਬਚਪਨ ਚਾਂਵਾਂ ਨਾਲ ਝੁਟਾਇਆ।

ਬਾਦਸ਼ਾਹੀ ਜ਼ਿੰਦਗੀ ਦਿਨ ਚੜੇ ਹੁਕਮ ਸੁਣਾਉਂਦੇ,
ਹਰ ਰੀਝ ਨੂੰ ਖਿੜੇ ਮੱਥੇ ਕਬੂਲ ਕਰਵਾਇਆ।

ਹਨੇਰੀ, ਝੱਖੜ ਜਿਹੀਆਂ ਕਿੰਨੀਆਂ ਆਫ਼ਤਾਂ ਆਈਆ,
ਰੁੱਖ ਵਾਂਗ ਖੜ੍ਹ ਕੇ ਹਰ ਆਫਤ ਨੂੰ ਢਾਇਆ।

ਵਕਤ, ਹਾਲਾਤ ਦੀ ਤਰਜ਼ ਕਿੱਦਾਂ ਬਿਆਨ ਕਰਾਂ,
ਬਹੁਤ ਔਖਾ ਪੈੜਾ ਕਿੱਥੋਂ ਕਿੱਥੇ ਆਇਆ।

ਹੌਂਸਲੇ ਦਾ ਸ਼ਬਦਾਂ ਵਿੱਚ ਬਿਆਨ ਕੋਈ ਨਾ,
ਹੱਕ, ਸੱਚ ਦੀ ਤਾਲੀਮ ਦਾ ਬੂਟਾ ਏ ਲਾਇਆ।

ਲੰਘ ਗਈ ਉਮਰ ਤਾਂ ਮਿਹਨਤ ਕਰਦੇ,
ਹੱਡ ਹੰਢਾ ਕੇ ਹੀ  ਚੰਗਾ ਕਿਰਦਾਰ ਏ ਪਾਇਆ।

ਕਰੀਜਾਂ ਖੜੀਆਂ ਕਰ ਕੇ ਕਾਫ਼ਲਿਆਂ ਚੋਂ ਲੰਘਦੇ,
ਐਸਾ ਰੁਤਬਾ ਮੈਨੂੰ ਮੇਰੇ ਪਿਉ ਨੇ ਦੁਆਇਆ।

# ਮੈਂ ਤੇ ਮੇਰੀ ਮਾਂ

ਕੁੱਛੜ ਚੁੱਕ ਕੇ, ਲਾਡ ਲਡਾ ਕੇ, ਤੁਰਨੇ ਪਾਇਆ,
ਬਚਪਨ ਦੀ ਹਰ ਰੀਝ ਨੂੰ ਚਾਵਾਂ ਨਾਲ ਪਾਇਆ ਏ।

ਗ਼ਲਤੀ ਭੁਲਾ ਕੇ ਸਬਕ ਸਿੱਖਣ ਦੀ ਆਦਤ ਪਾਉਣੀ,
ਜ਼ਮਾਨੇ ਦੀ ਪਰਖ ਦਾ ਵੀ ਅਧਿਆਏ ਸਮਝਾਇਆ ਏ।

ਸਮਾਂ, ਹਾਲਾਤ ਤੇ ਜਿੰਦਗੀ ਦੇ ਸਫ਼ਰ ਚੋਂ ਲੰਘਦੇ ਹੋਏ,
ਕਿੰਨੀ ਵਾਰੀ ਹਾਰੇ ਨੂੰ ਹੌਂਸਲੇ ਨਾਲ ਜਿਤਾਇਆ ਏ।

ਲੋਕਾਂ ਨੂੰ ਪੜ੍ਹਨ-ਪੜ੍ਹਾਉਣ ਦੀ ਬਹੁਤੀ ਜਾਂਚ ਨਹੀਂ ਸੀ,
ਆਪਣੇ ਚਾਅ ਮਾਰ ਕੇ ਮੈਨੂੰ ਖ਼ੂਬ ਪੜ੍ਹਾਇਆ ਏ।

ਮੇਰੇ ਹਰ ਇੱਕ ਇਮਤਿਹਾਨ ਦਾ ਫ਼ਿਕਰ ਸੀ ਉਹਨੂੰ,
ਮੇਰੀ ਨਹੀਂ ਉਹਨਾਂ ਦੀ ਮਿਹਨਤ ਨੂੰ ਬੂਰ ਲਾਇਆ ਏ।

ਤਲੀਆਂ ਘਸ ਗਈਆ ਵਾਰ ਵਾਰ ਰਾਹਾਂ ਨੂੰ ਤੱਕਦੇ,
ਮੋਢੇ ਨਾਲ ਮੋਢਾ ਲਾ ਕੇ, ਮੇਰਾ ਜਨੂੰਨ ਵਧਾਇਆ ਏ।

ਭੀੜ ਵਿਚੋਂ ਲੰਘ ਕੇ, ਕਿਸੇ ਮੁਕਾਮ ਤੇ ਬੈਠੇ ਹਾਂ,
ਮੇਰੀ ਮਾਂ ਦੇ ਹੌਂਸਲੇ ਤੇ ਦੁਆਵਾਂ ਨੇ ਬਿਠਾਇਆ ਏ।

# 16 ਪੰਮੀ ਖੁਸ਼ਹਾਲਪੁਰੀ



| | |
|---|---|
| ਨਾਮ ਅਤੇ ਕਲਮੀ ਨਾਮ | : ਪਰਮਜੀਤ ਸਿੰਘ |
| ਪਤਾ | : ਪਿੰਡ ਅਤੇ ਡਾਕਖਾਨਾ ਪਚਨੰਗਲ, ਖੁਸ਼ਹਾਲਪੁਰ<br>ਜ਼ਿਲ੍ਹਾ ਹੁਸ਼ਿਆਰਪੁਰ |
| ਹੁਣ ਪਤਾ | : ਗਰੀਨ ਐਵਨੀਊ, ਪੱਤੀ ਚੱਕ ਮਸਮੁੱਲਾ,<br>ਮਾਹਿਲਪੁਰ (ਹੁਸ਼ਿਆਰਪੁਰ) |
| ਮੋਬਾਇਲ | : +91 94637-75760, +91 77173-60133 |
| ਈ-ਮੇਲ | : parmjitsingh5121959@gmail.com |
| ਵਿੱਦਿਅਕ ਯੋਗਤਾ | : ਮੈਟ੍ਰਿਕ |
| ਕਾਰੋਬਾਰ | : ਰਿਟਾਇਰ ਇੰਸਪੈਕਟਰ (ਪੰਜਾਬ ਰੋਡਵੇਜ਼, ਨਵਾਂਸ਼ਹਿਰ) |
| ਸਾਹਿਤਕ ਪ੍ਰਾਪਤੀਆਂ | : ਨਿੱਕੀਆਂ ਕਰੂੰਬਲਾਂ |
| ਪੁਸਤਕਾਂ | : ਮਿੱਟੀ ਰੁੱਸ-ਰੁੱਸ ਬਹਿੰਦੀ (ਕਾਵਿ ਸੰਗ੍ਰਹਿ)<br>ਸਿਫ਼ਤਾਂ ਦੇ ਪਾਰ (ਕਾਵਿ ਸੰਗ੍ਰਹਿ)<br>ਛੱਪਣ-ਛਪਾਈ-ਗੁਰਮੁਖੀ ਅਖ਼ਬਾਰ, ਨਿੱਕੀਆਂ ਕਰੂੰਬਲਾਂ<br>ਤਨੀਸ਼ਾ, ਚੜ੍ਹਦੀ ਕਲਾ, ਸੱਚ ਦੀ ਪਟਾਰੀ,<br>ਟਾਇਮ ਆਫ਼ ਪੰਜਾਬ, ਅਕਾਲੀ ਪੱਤ੍ਰਕਾ |

# ਛੱਡ ਦੇ ਸ਼ਰਾਬ

ਕੋਠੇ ਜਿੱਡੀ ਹੋ ਗਈ ਤੇਰੀ ਧੀ ਵੇ ਬਾਬਲਾ!
ਛੱਡ ਦੇ ਛੱਡ ਦੇ ਸ਼ਰਾਬ ਨਾ ਤੂੰ ਪੀ ਵੇ ਬਾਬਲਾ!

ਘਰ ਨੂੰ ਲਿਆਇਆ ਕਰ, ਪੈਸਾ ਜੋ ਤੂੰ ਰੋੜ੍ਹਦਾਂ
ਵੱਢ ਫਾਹਾ ਲੱਗੇ ਹੋਏ ਨਸ਼ੇ ਵਾਲੇ ਕੋਹੜ ਦਾ
ਮਿਲੇ ਤੈਨੂੰ ਇਹਦੇ ਵਿੱਚੋਂ ਕੀ ਵੇ ਬਾਬਲਾ!

ਚੰਦਰੀ ਸ਼ਰਾਬ ਨੇ ਕਈਆਂ ਦੇ ਘਰ ਪੱਟ 'ਤੇ
ਫੇਰ ਵੀ ਪਤਾ ਨਹੀਂ ਲੋਕੀਂ ਪੀਣੋਂ ਕਿਉਂ ਨਹੀਂ ਹੱਟ ਦੇ
ਪਾਵਾਂ ਤੈਨੂੰ ਪੈ ਜਾ ਲੀਹੋ ਲੀਹ ਵੇ ਬਾਬਲਾ!

ਸੋਨੇ ਜਿਹੇ ਸਰੀਰ ਨੂੰ ਫਿਰੇਂ ਤੂੰ ਕਿਉਂ ਗਾਲਦਾ
ਰੋਕਾਂ ਮੈਂ ਬਥੇਰਾ ਤੈਨੂੰ ਰਹਿੰਨਾ ਏਂ ਤੂੰ ਟਾਲਦਾ
ਸਿੱਖਿਆ ਦੇਣੀ ਤੂੰ ਮੈਨੂੰ ਸੀ ਵੇ ਬਾਬਲਾ!

ਜਿਨ੍ਹਾਂ ਸੰਗ ਪੀਵੇਂ ਰਲ਼, ਉਹਨਾਂ ਕੋਲੇ ਜਾ ਨਾ,
ਲੇਬਲ ਸ਼ਰਾਬੀ ਦਾ ਤੂੰ, ਆਪਣੇ 'ਤੇ ਲਾ ਨਾ,
ਦੁਨੀਆਂ ਜੋ ਲਾਉਂਦੀ ਏ ਫਰੀ ਵੇ ਬਾਬਲਾ!

ਬਹਿ ਕੇ ਪਰਿਵਾਰ ਵਿੱਚ ਖੇਲ੍ਹ ਅਤੇ ਹੱਸ ਵੇ!
ਨਸ਼ਿਆਂ ਦੀ ਦਲਦਲ ਵਿੱਚ ਨਾ ਤੂੰ ਪੰਮੀ ਧੱਸ ਵੇ!
ਸ਼ਾਨ ਨਾਲ ਦੁਨੀਆਂ 'ਤੇ ਜੀਅ ਵੇ ਬਾਬਲਾ!

# ਮਾਪੇ

ਸੱਸ ਸਹੁਰੇ ਵੀ ਮਾਪੇ ਹੁੰਦੇ, ਵੱਧ ਤੋਂ ਵੱਧ ਸਤਿਕਾਰ ਕਰੋ!
ਲੱਭਦੇ ਨੀ ਮੁੜ ਮਾਪੇ, ਮਾਪਿਆਂ ਨੂੰ ਵੀ ਰੱਜਵਾਂ ਪਿਆਰ ਕਰੋ!

ਧੀਆਂ ਪੁੱਤਰਾਂ ਖਾਤਰ ਮਾਪੇ, ਸੌ ਸੌ ਤੰਗੀਆਂ ਝੱਲ ਲੈਂਦੇ,
ਰੋਵਣ ਅੰਦਰ ਵੜ ਕੇ ਜਦ ਨਹੀਂ, ਧੀਆਂ ਪੁੱਤਰ ਗੱਲ ਸਹਿੰਦੇ,
ਸਮਝ ਕਰੋ ਕੁੱਝ ਮਾਪਿਆਂ ਤਾਈਂ, ਐਨਾ ਨਾ ਲਾਚਾਰ ਕਰੋ!

ਜਦੋਂ ਵਿਆਹੀਆਂ ਜਾਵਣ ਧੀਆਂ, ਰਹਿਣ ਜੇ ਪੇਕੀਂ ਜੱਚਦੀਆਂ ਨਾ,
ਸਹੁਰਿਆਂ ਘਰ ਜਾਂ ਰਹੇ ਜਵਾਈ, ਇਹ ਵੀ ਗੱਲਾਂ ਪੱਚਦੀਆਂ ਨਾ,
ਬਿਰਧ ਘਰਾਂ ਵਿੱਚ ਰੁਲ਼ਣ ਵਡੇਰੇ, ਐਸਾ ਨਾ ਵਿਵਹਾਰ ਕਰੋ!

ਚਾਚੇ ਚਾਚੀਆਂ, ਤਾਏ-ਤਾਈਆਂ, ਮਾਪਿਆਂ ਤੋਂ ਵੀ ਵੱਧ ਹੁੰਦੇ,
ਰਲ ਬੈਠੇ ਜੇ ਸਾਰਾ ਟੱਬਰ, ਸਭ ਦੇ ਉੱਚੇ ਕੱਦ ਹੁੰਦੇ,
ਕਰੋ ਪੀਡੀਆਂ ਸਾਝਾਂ, ਰਿਸ਼ਤਿਆਂ ਨੂੰ ਨਾ ਤਾਰੋ ਤਾਰ ਕਰੋ

ਭੈਣਾਂ ਲਈ ਭਰਜਾਈਆਂ, ਭਾਈ ਮਾਪਿਆਂ ਪਿੱਛੋਂ ਰੱਬ ਹੁੰਦੇ,
ਭੂਆ ਫੁੱਫੜ ਸਾਂਢੂ ਸਾਲੀਆਂ, ਸੋਂਹਦੇ ਨਹੀਂ ਅਲੱਗ ਹੁੰਦੇ,
ਜੇਠ-ਜਠਾਣੀਆਂ, ਜੀਜੇ, ਭਤੀਜੇ ਨਣਦਾਂ ਸੋਚ ਵਿਚਾਰ ਕਰੋ!

# ਫ਼ਸਲ

ਬਦਲ ਬਦਲ ਕੇ ਬੀਜ ਫ਼ਸਲ, ਮਿੱਟੀ ਦੀ ਪਰਖ ਕਰਾਈ ਜਾਹ
ਕੁੱਝ ਰਕਬੇ ਵਿੱਚ ਫ਼ਲਦਾਰ ਬੂਟੇ, ਕੁੱਝ ਵਿੱਚ ਫੁੱਲ ਉਗਾਈ ਜਾਹ।

ਸੂਝ ਬੂਝ ਨਾਲ ਕਰ ਖੇਤੀ, ਨਹੀਂ ਕੰਮ ਜ਼ੋਰ ਦਾ ਰਹਿ ਗਿਆ,
ਮਾਹਿਰਾਂ ਦਾ ਜੋ ਮੰਨਦਾ ਕਹਿਣਾ, ਉਹੀ ਫਾਇਦਾ ਲੈ ਗਿਆ,
ਕਹਿਣ ਜੋ ਮਾਹਿਰ ਖੇਤੀ ਦੇ, ਉਹ ਨੀਤੀ ਅਪਣਾਈ ਜਾਹ

ਤੇਲ, ਬੀਜ, ਦਾਲਾਂ ਦੀ ਫ਼ਸਲ ਨੂੰ ਰੱਖ ਇੱਕ ਨੰਬਰ ਉੱਤੇ,
ਛਾਂ ਵਾਲੇ ਰੁੱਖ ਲਾ ਕੇ, ਛਾਂ ਵੀ ਮਾਣ ਤੂੰ ਗਰਮੀ ਰੁੱਤੇ,
ਦੋਹਰਾ ਫਾਇਦਾ ਲੈ ਕਿਸਾਨਾ, ਕਰ ਲੈ ਕੰਮ ਭਲਾਈ ਦਾ

ਪੈਸੇ ਦੇ ਨਾਲ ਜੇਬਾਂ ਭਰੀਆਂ ਰਹਿਣ, ਹੋਣ ਨਾ ਖਾਲੀ,
ਕਿਰਸਾਨੀ ਦੇ ਨਾਲ ਨਾਲ ਬਣ ਬਾਗਾਂ ਦਾ ਵੀ ਮਾਲੀ,
ਤੱਤ ਫ਼ਲਾਂ ਵਿੱਚ ਮਿਲਣ ਵਧੇਰੇ, ਖਾ ਕੇ ਸਿਹਤ ਬਣਾਈ ਜਾਹ

ਖੇਤਾਂ ਦੇ ਵਿਗਿਆਨੀ ਲਾਉਣ ਜੋ ਕੈਂਪ, ਉਨ੍ਹਾਂ ਵਿੱਚ ਜਾ ਕੇ,
ਨੀਤੀ ਨੁਕਤਾ ਜੋ ਸਮਝਾਉਂਦੇ, ਵਿੱਚ ਦਿਮਾਗ ਬਿਠਾ ਦੇ,
ਉੱਦਮ ਮਿਹਨਤ ਨਾਲ ਕਿਸਾਨਾਂ, ਦੇਸ਼ ਦਾ ਨਾਂ ਚਮਕਾਈ ਜਾਹ

ਸੂਅਰ, ਬੱਕਰੀਆਂ, ਮੱਝਾਂ ਗਾਵਾਂ, ਪਾਲ ਮੁਰਗੀਆਂ ਮੱਛੀ,
ਬੇ-ਮੌਸਮੀਆਂ ਲਾ ਸਬਜ਼ੀਆਂ, ਆਮਦਨ ਹੋਵੇ ਅੱਛੀ,
ਬਣ ਕੇ ਸਫਲ ਕਿਸਾਨ ਤੂੰ, ਸੱਚੇ ਰੱਬ ਨਾਮ ਧਿਆਈ ਜਾਹ

ਮਹਿਕ ਚੌਗਿਰਦੇ ਵਿੱਚੋਂ ਆਵੇ, ਇੰਝ ਸ਼ਿੰਗਾਰ ਦੇ ਧਰਤੀ,
'ਪੰਮੀ ਪਿੰਡ ਖ਼ੁਸ਼ਹਾਲਪੁਰੀ ਨੇ ਦਿਲ ਵਾਲੀ ਗੱਲ ਕਰਤੀ
ਧਰਤੀ ਮਾਤਾ ਕਰੇ ਪੁਕਾਰਾਂ, ਜ਼ਹਿਰ ਨਾ ਵਿੱਚ ਮਿਲਾਈ ਜਾਹ

# ਬਰਕਤ ਪਾਉਂਦਾ ਰੱਬ

ਬਰਕਤ ਪਾਉਂਦਾ ਰੱਬ, ਹੱਕ ਦੀ ਕਮਾਈ ਵਿੱਚ
ਹੱਕ ਕਦੇ ਦੂਜਿਆਂ ਦਾ, ਭੁੱਲ ਕੇ ਵੀ ਖਾਈਏ ਨਾ।
ਦੁਖੀਆਂ ਦੇ ਨਾਲ ਦੁਖ ਦਰਦ ਵੰਡਾਉਂਦੇ ਰਹੀਏ,
ਦਿਲ ਕਦੇ ਕਿਸੇ ਵੀ ਗਰੀਬ ਨਾ ਦੁਖਾਈਏ ਨਾ।
ਕਰੇ ਅਹਿਸਾਨ ਜੇ ਕੋਈ ਰਹੀਏ ਅਹਿਸਾਨਮੰਦ,
ਕੀਤੇ ਹੋ ਕਿਸੇ ਦੇ ਅਹਿਸਾਨ ਨੂੰ ਭੁਲਾਈਏ ਨਾ।
ਸੱਥ ਵਿੱਚ ਬੈਠੀਏ ਤਾਂ ਕਰੀਏ ਸਿਆਣੀ ਗੱਲ,
ਮੁੱਕਦੀ ਜੇ ਹੋਵੇ ਗੱਲ ਗੱਲ ਨੂੰ ਵਧਾਈਏ ਨਾ।
ਮਿੱਠਾ ਮਿੱਠਾ ਬੋਲ ਗੱਲ ਤੋਲ ਮੋਲ ਕਰੀਏ,
ਓਏ ਆਖ ਮੁੱਖੋਂ ਕਦੇ ਕਿਸੇ ਨੂੰ ਬੁਲਾਈਏ ਨਾ।
ਸੱਚੇ ਨਾਲ ਖੜ੍ਹੀਏ ਹਮੇਸ਼ਾ ਹਿੱਕ ਠੋਕ ਕੇ ਤੇ,
ਮੂਰਖ ਦੇ ਨਾਲ ਐਵੇਂ ਮਗਜ਼ ਖਪਾਈਏ ਨਾ।
ਖਾਣ ਲੱਗੇ ਖਾਣਾ ਧੱਕਾ ਕਰੀਏ ਨਾ ਢਿੱਡ ਨਾਲ,
ਚੁੱਕ ਵਿੱਚ ਆ ਕੇ, ਚੀਜ਼ ਲੋੜੋਂ ਵੱਧ ਖਾਈਏ ਨਾ।
ਸਾਦਗੀ ਦੇ ਵਿੱਚ ਦਿਨ ਜ਼ਿੰਦਗੀ ਦੇ ਕੱਟ ਲਈਏ,
ਕਰਜ਼ਾ ਚੜ੍ਹਾ ਕੇ ਸਿਰ ਟੌਹਰ ਨੂੰ ਬਣਾਈਏ ਨਾ।
ਨੱਚੀਏ ਨਾ ਜਾ ਕੇ ਕਦੇ ਜੰਞ ਵੀ ਬੇਗਾਨੀ ਵਿੱਚ,
ਬਿਨਾਂ ਸੱਦੇ ਘਰ ਵੀ ਕਿਸੇ ਦੇ ਕਦੇ ਜਾਈਏ ਨਾ।
ਪਤਾ ਨਹੀਂ ਜ਼ਿੰਦਗੀ ਦੀ ਡੋਰ ਕਦੋਂ ਟੁੱਟ ਜਾਣੀ,
ਮਿਲੇ ਹੋਏ ਸਵਾਸ, ਅਨਮੋਲ ਜੋ ਗਵਾਈਏ ਨਾ।
ਪੀਣਾ ਹੀ ਜੇ ਹੋਵੇ 'ਪੰਮੀ', ਗੁੱਸੇ ਤਾਂਈਂ ਪੀ ਲਈਏ,
ਪੀ ਕੇ ਨਸ਼ੇ ਰੋਗ ਐਵੇਂ ਤਨ ਤਾਈਂ ਲਾਈਏ ਨਾ।

# 17 ਗੁਰਸ਼ਰਨ ਸਿੰਘ ਅਜੀਬ




ਨਾਮ : ਗੁਰਸ਼ਰਨ ਸਿੰਘ ਅਜੀਬ

ਪਤਾ : **367 Katherine Road Forest Gate, London E7 8LT England U.K.**

ਮੋਬਾਇਲ : +44 7932–752850

ਈ–ਮੇਲ : **gsajeeb@gmail.com**


ਵਿੱਦਿਅਕ ਯੋਗਤਾ : ਬੀ. ਏ.

ਕਾਰੋਬਾਰ : ਮੈਨੇਜਰ ਡਾਇਰੈਕਟਰ

ਸਾਹਿਤਕ ਪ੍ਰਾਪਤੀਆਂ : ਗ਼ਜ਼ਲ ਖੇਤਰ ਵਿੱਚ ਅਨੇਕਾਂ ਬਾਰੀ ਸਨਮਾਨਿਤ

ਪੁਸਤਕਾਂ : ਰਮਜ਼ਾਂਵਲੀ (256 ਗ਼ਜ਼ਲਾਂ ਦਾ ਗ਼ਜ਼ਲ ਸੰਗ੍ਰਹਿ) 2021
ਗ਼ਜ਼ਲਾਂਜਲੀ (312 ਗ਼ਜ਼ਲਾਂ ਦਾ ਗ਼ਜ਼ਲ ਸੰਗ੍ਰਹਿ) 2018
ਪੁਸ਼ਪਾਂਜਲੀ (189 ਗ਼ਜ਼ਲਾਂ ਦਾ ਗ਼ਜ਼ਲ ਸੰਗ੍ਰਹਿ) 2014
ਕੂਜਾਂਵਲੀ (120 ਗ਼ਜ਼ਲਾਂ ਦਾ ਗ਼ਜ਼ਲ ਸੰਗ੍ਰਹਿ) 2008
ਬੰਦਗੀ (ਗ਼ਜ਼ਲ ਸੰਗ੍ਰਹਿ) 2023
ਬਰਤਾਨਵੀ ਪੰਜਾਬੀ ਗ਼ਜ਼ਲ, ਸੰਪਾਦਨਾ 1997

ਭਾਰਤੀ ਤੇ ਪਾਕਿਸਤਾਨੀ ਪੰਜਾਬ ਦੇ ਬਰਤਾਨਵੀ ਪੰਜਾਬੀ ਗ਼ਜ਼ਲਗੋਆਂ ਦਾ ਸ਼ਾਹਮੁਖੀ ਤੇ ਗੁਰਮੁਖੀ ਲਿੱਪੀ ਵਿੱਚ ਸਾਂਝਾ ਗ਼ਜ਼ਲ ਸੰਗ੍ਰਹਿ।

# ਗ਼ਜ਼ਲ

ਸ਼ਬਦਾਂ ਦਾ ਹੈ ਕਸੀਦਾ ਤੇਰੀ ਗ਼ਜ਼ਲ 'ਅਜੀਬਾ'।
ਸੁੰਦਰ ਸਰੂਪ ਬੀਬਾ ਤੇਰੀ ਗ਼ਜ਼ਲ 'ਅਜੀਬਾ।

ਰਹਿ ਕੇ ਅਰੂਜ਼ ਦੇ ਵਿਚ ਰਚਦੀ ਅਮੋਲ ਨਗ਼ਮੇ,
ਸੁਥਰੀ! ਵੀ ਹੈ ਸੰਜੀਦਾ ਤੇਰੀ ਗ਼ਜ਼ਲ 'ਅਜੀਬਾ'।

ਜੁੱਗਾਂ ਤੋਂ ਕਰ ਰਹੀ ਜੋ ਪੂਜਾ ਕਵੀਸ਼ਰੀ ਦੀ,
ਮਿਹਨਤ ਦਾ ਹੈ ਨਤੀਜਾ ਤੇਰੀ ਗ਼ਜ਼ਲ 'ਅਜੀਬਾ'।

ਮਹਿਕਾਂ ਖਿਲਾਰਦੀ ਨਿਤ ਪੈਲ਼ਾਂ ਹਮੇਸ਼ ਪਾਉਂਦੀ,
ਕੱਚੀ ਨਾ ਹੈ ਪਚੀਦਾ ਤੇਰੀ ਗ਼ਜ਼ਲ 'ਅਜੀਬਾ'।

ਮਿੱਤਰ ਅਜ਼ੀਮ ਸਾਰੇ ਪੜ੍ਹਦੇ ਤੇ ਸੁਣਦੇ ਇਸ ਨੂੰ,
ਰਖਦੀ ਗ਼ਜ਼ਬ ਅਕੀਦਾ ਤੇਰੀ ਗ਼ਜ਼ਲ 'ਅਜੀਬਾ'।

ਪੱਟੜੀ ਅਰੂਜ਼ ਦੀ ਇਹ ਜੰਕਸ਼ਨ ਤਖ਼ੱਈਅਲ਼ਾਂ ਦਾ,
ਨਾ ਰੂਪ ਕੋਈ ਤੀਜਾ ਤੇਰੀ ਗ਼ਜ਼ਲ 'ਅਜੀਬਾ'।

'ਗੁਰਸ਼ਰਨ' ਸੰਗ ਇਸ ਦੇ ਤੈਨੂੰ ਮੁਹੱਬਤ ਸੱਚੀ,
ਹੈ ਗੁਲਬਦਨ ਹਬੀਬਾ ਤੇਰੀ ਗ਼ਜ਼ਲ 'ਅਜੀਬਾ'।

# ਗ਼ਜ਼ਲ

ਭੋਗਦਾਂ ਪਰਵਾਸ ਤੇਰੇ ਸ਼ਹਿਰ ਵਿਚ।
ਘਰ ਤੇਰੇ ਦੇ ਪਾਸ ਤੇਰੇ ਸ਼ਹਿਰ ਵਿਚ।

ਪਰਤ ਜਾਣਾ ਹੈ ਪਿਛਾਂਹ ਸੀ ਸੋਚਿਆ,
ਕਰ ਲਿਆ ਪਰ ਵਾਸ ਤੇਰੇ ਸ਼ਹਿਰ ਵਿਚ।

ਜਿਸਮ ਏਥੇ ਰੂਹ ਵਤਨਾਂ ਵਿੱਚ ਹੈ,
ਦਿਲ ਰਹੇ ਉੱਦਾਸ ਤੇਰੇ ਸ਼ਹਿਰ ਵਿਚ।

ਬੋਟ ਪਾਲੇ ਸਨ ਅਸਾਂ ਜੋ ਉਡ ਗਏ,
ਨੋਚ ਸਾਡਾ ਮਾਸ ਤੇਰੇ ਸ਼ਹਿਰ ਵਿਚ।

ਬਾਲਿਆ ਹੱਡਾਂ ਦਾ ਬਾਲਣ ਫੇਰ ਵੀ,
ਕੁਝ ਨਾ ਆਇਆ ਰਾਸ ਤੇਰੇ ਸ਼ਹਿਰ ਵਿਚ।

ਦਿਲ-ਵਿਹੂਣੇ ਤੇ ਬਨਾਉਟੀ ਲੋਕ ਇਹ,
ਘਰ ਮੇਰੇ ਦੇ ਪਾਸ ਤੇਰੇ ਸ਼ਹਿਰ ਵਿਚ।

ਕੀ ਪਤਾ ਸੀ ਹੋਊ ਸਾਡਾ ਇਹ ਹਸ਼ਰ,
ਅਹੁੜਿਆ ਨਾ ਕਿਆਸ ਤੇਰੇ ਸ਼ਹਿਰ ਵਿਚ।

ਜਾਮ ਤਾਂ ਭਰ-ਭਰ ਕੇ ਪੀਂਦੇ ਹਾਂ ਸਦਾ,
ਪਰ ਮਿਟੇ ਨਾ ਪਿਆਸ ਤੇਰੇ ਸ਼ਹਿਰ ਵਿਚ।

ਦਿਲ ਮੇਰਾ ਰੌਸ਼ਨ-ਮੁਨਾਰੇ ਭਾਲ਼ਦਾ,
ਮਰ ਗਿਆ ਪਰਗਾਸੁ ਤੇਰੇ ਸ਼ਹਿਰ ਵਿਚ।

ਕਿੰਝ ਕੱਟਾਂ ਇਸ 'ਅਜੀਬਾ' ਧਰਤ 'ਤੇ,
ਅਜਬ ਇਹ ਬਨਵਾਸ ਤੇਰੇ ਸ਼ਹਿਰ ਵਿਚ।

# ਗ਼ਜ਼ਲ

ਗੁਲਸ਼ਨ ਵਰਗਾ ਰੂਪ ਹੈ ਤੇਰਾ ਸੁੱਚੇ ਮੋਤੀ ਦੰਦ।
ਵੇਖ ਕੇ ਤੈਨੂੰ ਚਾਅ ਚੜ੍ਹ ਜਾਂਦੈ ਐ ਪੂਰਨਮ ਦੇ ਚੰਦ।

ਕਾਇਆ ਤੇਰੀ ਕੰਚਨ ਵਰਗੀ ਸੋਨੇ ਰੰਗੇ ਵਾਲ਼,
ਲੋੜ ਨਾ ਤੈਨੂੰ ਪਾਰਲ਼ਰਾਂ ਦੀ ਕਰਦੇ ਜਾਣਾ ਬੰਦ।

ਗਹਿਣੇ ਆਦਿ ਨਾ ਪੈਦਾ ਹੋਏ ਤੇਰੀ ਖ਼ਾਤਰ ਹਮਦਮ,
ਤੇਰਾ ਜੋਬਨ ਪੁਸ਼ਪ-ਸੁਗੰਧਾ ਬੋਲ ਨਿਰੇ ਗੁਲਕੰਦ।

ਪਾਕ ਉਹ ਸਾਰੇ ਰਾਹ ਹੋ ਜਾਵਣ ਜਿਧਰੋਂ ਜਾਵੇਂ ਲੰਘ,
ਅੱਗੇ ਪਿੱਛੇ ਖ਼ਲ਼ਕਤ ਤੇਰੇ ਲੋਕ ਤਿਰੇ ਚਾਹਵੰਦ।

ਨੂਰ-ਨੂਰਾਨੀ! ਚਮਕੇ ਤੇਰੇ ਮੁਖ 'ਤੇ ਰਿਸ਼ਮਾਂ ਵਾਂਗ,
ਤੈਨੂੰ ਆਖਾਂ ਚੰਦ ਅਸਮਾਨੀਂ ਜਾਂ ਤਿੱਲੇ ਦੀ ਤੰਦ।

ਤੇਰੇ ਰੂਪ ਸੁਹਾਨੇ ਉੱਤੇ ਹੁਸਨ ਦੀ ਬਲ਼ਦੀ ਲਾਟ,
ਵੇਖ ਜ਼ਮਾਨਾ ਅਸ਼ ਅਸ਼ ਕਰਦੈ ਮੁਖ ਤੇਰਾ ਪੁਰ-ਚੰਦ।

ਲਗਦੈ ਰੱਬ ਨੇ ਵਿਹਲੇ ਬਹਿ ਕੇ ਘੜਿਆ ਤੇਰਾ ਬੁੱਤ,
ਬਾਦ 'ਚ ਹੋਰ ਨਾ ਘੜਿਆ ਕੋਈ ਸੁਟ 'ਤੇ ਹੋਸਣ ਸੰਦ।

ਰੂਪ ਤਿਰੇ 'ਤੇ ਆਖ ਹੈ ਦਿੱਤੀ ਅੱਜ ਗ਼ਜ਼ਲ 'ਗੁਰਸ਼ਰਨ',
ਮੁਤਦਾਰਿਕ ਜੋ ਬਹਿਰ 'ਚ ਪੂਰੀ ਉੱਤਰੀ ਹੈ ਪਾਬੰਦ।

ਪੋਚ-ਪਾਚ ਕੇ ਤੋਲ-ਤੂਲ ਕੇ ਗ਼ਜ਼ਲਾਂ ਆਖ 'ਅਜੀਬ',
ਮਿਲਸੀ ਫੇਰ ਗ਼ਜ਼ਲ ਹਰ ਵਿੱਚੋਂ ਆਨੰਦ ਹੀ ਆਨੰਦ।

# ਗ਼ਜ਼ਲ

ਅਪਣੇ ਗ਼ਮਾਂ 'ਚ ਆਪੇ ਗ਼ਮਨੀਕ ਹੋ ਗਏ ਹਾਂ।
ਏਨਾਂ ਬੜਾ ਕਿ ਤੈਥੋਂ ਤਸਦੀਕ ਹੋ ਗਏ ਹਾਂ।

ਦੇ ਦੇ ਸਦਾ ਹੀ ਜ਼ਰ੍ਹਬਾਂ ਪੌਂਡਾਂ ਤੇ ਡਾਲਰਾਂ ਨੂੰ,
ਖਟ ਖਟ ਕੇ ਦੌਲ਼ਤਾਂ ਵੀ ਤਫ਼ਰੀਕ ਹੋ ਗਏ ਹਾਂ।

ਤੇਰੇ ਬਗ਼ੈਰ ਹੁਣ ਤਾਂ ਹੁੰਦਾ ਨਹੀਂ ਗੁਜ਼ਾਰਾ,
ਤਦ ਹੀ ਤਾਂ ਦੂਰ ਹੋ ਕੇ ਨਜ਼ਦੀਕ ਹੋ ਗਏ ਹਾਂ।

ਲੱਕੜ ਦੇ ਵਾਂਗ ਖਾਵੇ ਘੁਣ ਜ਼ਿੰਦਗੀ ਨੂੰ ਭਾਂਵੇਂ,
ਲੋਕਾਂ ਨੂੰ ਦੱਸਦੇ ਹਾਂ ਕੁਝ ਠੀਕ ਹੋ ਗਏ ਹਾਂ।

ਕੋਈ ਕਹੇ ਨਾ ਅਪਣਾ ਸਭ ਆਖਦੇ ਬੇਗ਼ਾਨਾ,
ਤੇਰੇ ਨਗਰ ਦੇ ਭਾਂਵੇਂ ਵਸਨੀਕ ਹੋ ਗਏ ਹਾਂ।

ਸਭ ਕੁਝ ਗੁਆ ਲਿਆ ਹੈ ਤੇ ਹੋਂਦ ਵੀ ਗੁਆਈ,
ਪਾਣੀ 'ਤੇ ਵਾਈ੍ਹ ਹੋਈ ਇਕ ਲੀਕ ਹੋ ਗਏ ਹਾਂ।

ਖਾ ਠੋਕਰਾਂ 'ਅਜੀਬਾ' ਸ਼ਿਕਵੇ ਤੇ ਕੁਝ ਗਿਲੇ ਵੀ,
ਹੁਣ ਬੇਅਵਾਜ਼ ਜੇਹੀ ਇਕ ਚੀਕ ਹੋ ਗਏ ਹਾਂ।

# 18 ਡਾ. ਮਹਿੰਦਰ ਗਿੱਲ



ਨਾਮ : ਡਾ. ਮਹਿੰਦਰ ਗਿੱਲ

ਪਤਾ : **1 Hartwood Crescent, Penn, Wolverhampton WV4 5QN**

ਮੋਬਾਇਲ : +44 7860–139384

ਈ–ਮੇਲ : **drmohindergill@hotmail.co.uk**

ਵਿੱਦਿਅਕ ਯੋਗਤਾ : **MBBS**

ਕਾਰੋਬਾਰ : **Doctor**

ਸਾਹਿਤਕ ਪ੍ਰਾਪਤੀਆਂ : **I.W.A BEST POET AWARD WINNER: 1988**

ਪੁਸਤਕਾਂ : ਮੇਰੇ ਲੋਕ (ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ) 1985
ਬਿਨ ਬਰਸਾਤੀਂ ਮੇਘਲੇ (ਸੁਰਤਾਲ ਪ੍ਰਕਾਸ਼ਨ, ਪਰਤਾਬਪੁਰਾ ਜ਼ਿਲ੍ਹਾ ਜਲੰਧਰ) 1989
ਅੱਖ ਦੇ ਬੋਲ (ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ)1998
ਬਿਨ ਬਰਸਾਤੀਂ ਮੇਘਲੇ (ਦੂਜੀ ਐਡੀਸ਼ਨ) 2005
ਉਦੋਂ ਤੇ ਹੁਣ (ਲੋਕ ਗੀਤ ਪ੍ਰਕਾਸ਼ਨ) 2009
ਬੱਦਲਾਂ ਤੋਂ ਪਾਰ (**Gracious Books, Patiala**) 2014
ਕਈ ਸੰਪਾਦਿਤ ਕਾਵਿ ਕਿਤਾਬਾਂ ਵਿੱਚ ਛੱਪ ਚੁੱਕੇ ਹਨ।

# ਕੋਈ ਕਵਿਤਾ

ਗੀਤ ਕਦ ਦਰੱਖਤਾਂ ਨੂੰ ਲਗਦੇ ਹਨ
ਕਵਿਤਾ ਕਦ ਭੂਰ ਬਣ
ਅਸਮਾਨੋ ਡਿਗਦੀ ਹੈ।

ਅੰਬਰ ਗਹਿਰਾ
ਪੀੜ ਅਨੇਕਾਂ ਬਸਤਰ ਪਾਈ
ਹਰੇ ਕਚੂਰ ਲਾਨ ਤੇ ਟਹਿਲਦੀ;
ਲਾਲ ਸੂਹੇ ਫੁੱਲ ਡਸਦੇ।
ਸਭ ਤੋਂ ਤੇਜ਼ ਹੈ ਗੁਲਾਬੀ ਪੀੜ।
ਗੁਲਾਬ ਦੂਰੋਂ ਵੀ ਡੰਗ ਜਾਂਦਾ।
ਕਿਰਮਚੀ ਕਿਰਨਾਂ ਚਾਰੋ ਤਰਫ-
ਸ਼ਾਇਦ ਮੇਰੀ ਰੂਹ ਲਾਲ ਹੈ,
ਫਾਂਊਡਰੀ ਦੀ ਭੱਠੀ,
ਅੱਧ-ਪਚੱਧੀ ਜਲ ਚੁੱਕੀ,
ਇਕ ਦਿਨ ਚਿੱਟੀ ਰਾਖ ਹੋਵੇਗੀ।

ਬਾਹਰ ਨਿਰੰਤਰ ਚਲਦੀ ਹੈ ਦੁਨੀਆਂ
ਚਿੜੀਆਂ ਉੱਡਣ ਟਾਹਣੋ ਟਾਹਣੀ
ਬੱਚਿਆਂ ਦੀ ਖੇਲ ਉਚੀਓਂ ਉਚੀ
ਸੜਕ ਦੀ ਸੁੱਕੀ ਹਿਕ ਤੇ
ਸੂਰਜ ਚਮਕਦਾ।

ਘੰਟੀ ਖੜਕੀ
ਪਰ ਬੂਹੇ ਤੇ ਕੋਈ ਨਹੀਂ
ਮੈਨੂੰ ਲਗਦਾ
ਕੋਈ ਕਵਿਤਾ ਮੈਨੂੰ
ਮਿਲਣ ਆਈ ਸੀ।

# ਹੋਂਦ ਦਾ ਹੱਠ

ਕਿਲੀ ਤੇ ਟੰਗੀ ਦਾਤੀ ਦੀ ਧਾਰ ਖੁੰਡ੍ਹੀ ਹੈ।
ਮੈਂ ਤਿੱਖੀ ਕਰ ਲਈ ਅਤੇ ਚਲਿਆ
ਬਗੀਚੇ ਦੀ ਕੰਧ ਕੋਲ ਜੰਮਿਆਂ ਘਾਹ
ਇਸਦੀ ਭੇਟਾ ਕਰਨ।

ਸਾਲ ਭਰ ਕਿਲੀ ਟੰਗੀ ਰਹੀ
ਹੁਣ ਪੂਰੇ ਜੋਸ਼ ਵਿਚ
ਆਪਣੀ ਪਿਆਸ ਮਿਟਾਉਣ ਲਈ ਤੱਤਪਰ!
ਪਰ ਇਸਦਾ ਹੱਥਾ ਧੂੜ ਅਤੇ ਮਕੜੀਆਂ ਦੇ ਜਾਲੇ
ਨਾਂਲ ਲਿਬੜਿਆ; ਲੀਰ ਨਾਂਲ ਝਾੜ
ਮੁੜ ਚਮਕੀਲਾ;
ਪੰਜੇ ਨਾਲ ਫੜ
ਸ਼ਿਕਾਰੀ ਨੂੰ ਦਿਖਾਇਆ ਸ਼ਿਕਾਰ।

ਗੋਡੀ ਲਹਿਰਾਉਂਦਾ ਹਰਾ ਹਰਾ
ਇਕ ਰੁਗ ਭਰ ਝਟ ਕੱਟਿਆ ਗਿਆ।
ਇਸਦੀ ਕੀ ਲੋੜ ਸੀ?
ਇਹ ਤਾਂ ਸ਼ਾਇਦ ਉਦਾਂ ਹੀ ਖਿਚ ਹੋ ਜਾਦਾ
ਫਿਰ ਵੀ ਮੇਰਾ ਹੱਥ ਚਲਦਾ ਜਾਂਦਾ ਹੈ।
ਇੱਟ-ਰੋੜੇ ਤੋਂ ਆਖਰ ਹਾਰ ਗਈ,
ਮੈਂ ਰਖ ਦਿੰਦਾਂ ਹਾ ਦਾਤੀ,
ਧੂਹ ਕੇ ਪਟ ਦਿੰਦਾ ਹਾਂ ਬਚਦਾ ਘਾਹ।
ਹਰੀਆਂ ਕਰੂੰਬਲਾਂ ਫੁੱਟ ਆਈਆਂ ਉਸ ਥਾਂ
ਮੇਰੇ ਦੇਖਦੇ ਦੇਖਦੇ।

ਘਾਹ ਨੂੰ ਨਹੀਂ ਭੁੱਲੀ ਉਸਦੀ ਫਿਤਰਤ!

# ਸ਼ਬਦ ਦਾ ਸੋਗ

(ਗੌਰੀ ਲੰਕੇਸ਼ ਨੂੰ)

ਅਜ ਸ਼ਬਦ ਮੋਇਆ ਅਸੀਂ ਕੀ ਕਰੀਏ
ਅਜ ਨ੍ਹੇਰਾ ਕੁਝ ਹੋਰ ਗੂੜ੍ਹਾ ਅਸੀਂ ਕੀ ਕਰੀਏ

ਇਕ ਸੱਚ ਮਹਿਫਲਾਂ 'ਚ ਬੈਠ ਖ਼ੂਬਸੂਰਤ
ਤਸਵੀਰ ਨੂੰ ਤੱਕਣਾ
ਇਕ ਸੱਚ ਹੁੰਦਾ ਚੁਪ ਕਰ
ਅੰਦਰੋਂ ਅੰਦਰ ਡੀਕ ਜਾਣਾ

ਇਕ ਸੱਚ ਹੁੰਦਾ ਸਭ ਜਾਣਦਿਆਂ
ਨਜ਼ਰਾਂ ਫੇਰ ਲੈਣਾ

ਇਕ ਸੱਚ ਹੁੰਦਾ ਜਿਸ ਦੀ ਚੀਕ
ਸਭ ਨੂੰ ਚੁੱਪ ਕਰਾਂਊਦੀ
ਇਕ ਸੱਚ ਹੁੰਦਾ
ਸ਼ਬਦ ਤੋਂ ਜ਼ਿੰਦਗੀ ਵਾਰ ਜਾਣਾ

ਇਹ ਸੱਚ ਧਰਤੀ ਦੇ ਚਿਹਰੇ ਤੇ ਪੈਂਦਾ
ਚੰਦ ਦਾ ਮਿੱਠਾ ਚਾਨਣ
ਇਹ ਸੱਚ ਬਣੇਗਾ ਸਾਡੇ ਗੀਤ
ਕਹਾਣੀਆਂ, ਨਜ਼ਮਾਂ
ਤੇ ਕੁੱਝ ਯਾਦਾਂ 'ਚ ਉਤਰ
ਮਨ ਦੇ ਗੁੰਮਟਾਂ 'ਚ ਗੂੰਜੇਗਾ
ਸ਼ਬਦ ਦੇ ਸੱਚ ਨੂੰ ਕੌਣ ਮਾਰੇਗਾ।

# ਸੋਚ

(ਇੱਕ ਮਸ਼ਹੂਰ ਸਾਹਿਤਕਾਰ ਨੂੰ ਦੇਖ ਕੇ)

ਬੁੱਢਿਆਂ ਨਾਲ ਬੈਠਾ ਪਾਰਕ 'ਚ ਬੈਂਚ 'ਤੇ।

ਜਿਸਦੇ ਪੇਟ 'ਚ ਕੋਈ ਅੱਗ ਸੀ
ਤੇ ਸੋਚਾਂ 'ਚ ਸੀ ਅਟੁੱਟ
ਉਲੱਥ ਪੁਲੱਥ
ਜੋ ਨਾ ਸੀ ਕਿਸੇ ਦਾ ਦੂਰ ਦਾ ਸਾਥੀ।
ਜਾਂ ਸ਼ਾਇਦ ਸੀ ਉਸਦੇ ਅੰਦਰ
ਕੋਈ ਗੈਰ,
ਲੜਾਈ ਉਸਦੇ ਨਾਲ ਵੀ ਕਰਦਾ ਲਗਦਾ।

ਉਸਦੀ ਕਵਿਤਾ ਗਹਿਰੀ, ਡੂੰਘੀ
ਉਹ ਸੀ ਬਹਿਰ ਦਾ ਧਨੀ,
ਗਜ਼ਲ ਦਾ ਗਿਆਨੀ
ਪਰ ਰਿਸਤਿਆਂ ਦਾ ਗਿਆਨ
ਵਿਸਰ ਗਿਆ।
ਇਸਦਾ ਦੋਸ਼ ਕਲਾ ਜਾਂ ਇਨਸਾਨ
ਦੀ ਕਮਜ਼ੋਰੀਆ?
ਖਾਣਾ ਬਣਾਉਣ ਤੋਂ ਲੈ ਕੇ
ਬਗੀਚੇ ਦੀ ਛੈੱਡ ਤਿਆਰ ਕਰਨ ਵਾਲਾ
ਅਜ ਨਾ ਜਾਣੇ ਕੀ ਗੱਲਾਂ ਕਰਦਾ
ਬੁੱਢਿਆਂ ਦੇ ਨਾਲ।

ਨਾਵਲਾਂ ਜਾਂ ਕਹਾਣੀਆਂ ਦੀਆਂ
ਅਲੋਚਨਾ ਦੀਆਂ
ਜਾਂ ਸਾਹਿਤਕ ਲੜਾਈਆਂ ਦੀਆਂ,
ਕਥਾ ਕਿਰਦਾਰਾਂ ਦੀਆਂ

ਜੋ ਉਸਦੇ ਤਨ ਮਨ ਚੋਂ ਜਨਮੇ
ਪੀੜਾ ਗਰੱਸਤ।
ਉਸਦੀ ਸੋਚ ਦੇ ਚੰਮ ਨੂੰ ਪਾੜ ਜਿਵੇਂ
ਕੋਈ-ਗੈਰ-ਮਾਨਵ ਜਿਹਾ ਵਿਸਫੋਟ ਨਾਲ
ਨਿਕਲਿਆ ਹੋਵੇ।
ਕੀ ਇਨ੍ਹਾ ਨਾਲ ਵੀ ਲੜਿਆ ਸੀ ਉਹ?
ਜਾਂ ਅੱਜ ਸ਼ਾਇਦ ਉਹ
ਕਰਦਾ ਹੋਵੇਗਾ ਧੀ ਦੀਆਂ ਗਲਾਂ
ਉਸ ਸਾਥਣ ਦੀਆਂ ਗੋਲਾ
ਜੋ ਗੀਤਾਂ 'ਚ ਕਰਦੀ ਹੈ
ਸੁੰਨੇਪਨ ਦਾ ਉਲੇਖ
ਤੇ ਸ਼ਬਦਾਂ ਨਾਲ ਕਰਦੀ ਹੈ
ਅਲਹਿਦਗੀ ਦਾ ਲੇਖਾ ਜੋਖਾ।

ਜਾਂ ਫਿਰ ਅੱਜ ਉਹ
ਕੋਈ ਵੀ ਗੱਲ ਨਹੀਂ ਕਰਦਾ।
ਆਦਤ ਦੇ ਉਲਟ
ਅੱਜ ਸਿਰਫ ਸੁਣਦਾ ਹੋਵੇਗਾ।
ਸੋਚ ਅੱਗ ਵਰ੍ਹਉਂਦੀ
ਭਵਿਖ ਦਾ ਨ੍ਹੇਰਾ ਰਾਹ ਦਿਖਾਉਂਦੀ।

# 19 ਦਰਸ਼ਨ ਬੁਲੰਦਵੀ (ਧੰਜਲ)




ਨਾਮ : ਦਰਸ਼ਨ ਬੁਲੰਦਵੀ (ਧੰਜਲ)

ਪਤਾ : 41, Wenban Road Worthing Sussex, Bn111hy. England

ਮੋਬਾਇਲ : +44 7748791804

ਈ-ਮੇਲ : Darshanbulandavi@ymail.com

ਕਾਰੋਬਾਰ : ਪੀਜ਼ਾ-ਬਾਰ ਅਤੇ ਰੈਸਟੋਰੈਂਟ।


## ਇਸੇ ਕਲਮ ਤੋਂ

| | | |
|---|---|---|
| ਲਕੀਰਾਂ ਵਾਹੰਦੀ ਪੀੜ | (ਕਾਵਿ-ਸੰਗ੍ਰਹਿ) | 1973 |
| ਪਾਰ ਦੇ ਸਫ਼ਰ | (ਕਾਵਿ-ਸੰਗ੍ਰਹਿ) | 1985 |
| ਸਮੁੰਦਰ ਨਾਲ ਗੱਲਾਂ | (ਕਾਵਿ-ਸੰਗ੍ਰਹਿ) | 1990 |
| ਧੁੱਪ 'ਚ ਜਗਦਾ ਦੀਵਾ | (ਕਾਵਿ-ਸੰਗ੍ਰਹਿ) | 2003 |
| ਕਿਰਦੀ ਮਿੱਟੀ | (ਕਾਵਿ-ਸੰਗ੍ਰਹਿ) | 2009 |
| Road to the Self | (Selected Poetry : translated in English by Bhupinder Parihar) | 2006 |
| ਹਾਰ ਕਰ ਭੀ | (ਚੋਣਵੀਂ ਕਵਿਤਾ ਹਿੰਦੀ) | 2011 |
| ਪਰ ਤੋਲਦਿਆਂ | (ਸਫ਼ਰਨਾਮਾ) | 2011 |
| ਵਰਤਮਾਨ ਦੇ ਆਰ-ਪਾਰ | (ਸੰਪਾਦਕ) | 2017 |
| Riding the crest | (Autobiographical Narrative : Translated in English by Gurpal Sandhu) | 2014 |
| ਮਹਿਕਾਂ ਦਾ ਸਿਰਨਾਵਾਂ | (ਕਾਵਿ-ਸੰਗ੍ਰਹਿ) | 2018 |
| ਡਾਇਰੀ ਦਾ ਜ਼ਖ਼ਮੀ ਪੰਨੇ | (ਨਿਬੰਧ-ਸੰਗ੍ਰਹਿ) | 2021 |
| ਚਾਨਣ ਦੇ ਪ੍ਰਛਾਵੇ | (ਕਵਿਤਾ) | 2022 |

# ਬੁਰਕੇ ਵਿੱਚ ਔਰਤ

ਉਹਨਾਂ ਭਾਣੇ
ਬੁਰਕੇ ਵਿਚਲੀ ਔਰਤ
ਬੁਰਕੇ ਦੇ ਅੰਦਰ ਏ
ਮੇਰੇ ਭਾਣੇ
ਬੁਰਕੇ ਤੋਂ ਬਾਹਰ ਏ

ਬੁਰਕੇ ਵਿਚਲੀ ਔਰਤ ਨੂੰ
ਮੈਂ ਜਦ ਵੀ ਵੇਖਦਾ ਹਾਂ
ਮੈਨੂੰ ਬੁਰਕਾ ਨਹੀਂ
ਔਰਤ ਦਿਸਦੀ ਏ
ਇਹ ਮੇਰੀ ਧੀ ਰਾਣੀ
ਮਾਂ-ਭੈਣ ਜਾਂ ਤ੍ਰੀਮਤ ਵੀ ਹੋ ਸਕਦੀ
ਇਹ ਮਮਤਾ ਦੀ ਮੂਰਤ ਏ
ਸੁੰਦਰਤਾ ਦੀ ਸਿਰਜਣਾ ਏ
ਕੁਦਰਤ ਦੀ ਜਾਈ ਏ
ਜੱਗ ਦੀ ਜਣਨੀ ਏ
ਮੈਂ ਇਸ ਨੂੰ ਬੁਰਕੇ ਤੋਂ
ਬਾਹਰ ਕਰ ਕੇ ਵੇਖਦਾ ਹਾਂ

ਇਹ ਮੇਰੇ ਮੇਲਿਆਂ,
ਤਿਉਹਾਰਾਂ ਦਾ ਹੁਸਨ ਏ
ਇਹ ਮੇਰੇ ਜੀਵਨ ਜਾਂਚ ਦੀ
ਸਵੇਰ ਹੈ, ਸ਼ਾਮ ਏ
ਇਸ ਬਿਨ ਮੇਰਾ ਪੁਸ਼ਪ
ਪੁਸ਼ਪ ਨਹੀਂ, ਚਟਾਨ ਏ
ਇਸ ਬਿਨ ਮੇਰੀ ਅਗਨ ,
ਅਗਨ ਨਹੀਂ, ਬਰਫ਼ ਏ
ਇਸ ਬਿਨ ਮੇਰਾ ਘਰ ,
ਘਰ ਨਹੀਂ, ਮਕਾਨ ਏ
ਇਸ ਬਿਨ ਮੇਰਾ ਪਹੀਆ
ਮੇਰੇ ਰਸਤੇ ਵਿੱਚ ਜਾਮ ਏ,

ਉਹ ਜਿਹਨਾਂ ਬੁਰਕਾ ਬਣਾਇਆ
ਉਹ ਹੁੱਨਰ ਤੋਂ ਕੋਰੇ
ਸੁਹਜ ਤੋਂ ਸੱਖਣੇ ਹੱਥ ਹਨ
ਉਹ ਜਿਹਨਾਂ ਬੁਰਕਾ ਪਹਿਨਾਇਆ
ਉਹ ਆਪਣੀ ਨਜ਼ਰ ਨੂੰ
ਧੋਖਾ ਦੇਣ ਦੇ ਆਦੀ ਹਨ
ਉਹ ਝੂਠ ਦੇ ਤੰਤਰ ਅੰਦਰ ਜਿਊਂਦੇ ਹਨ
ਸੱਚ ਦੇ ਮੰਤਰ ਅੰਦਰ ਮਰਦੇ ਹਨ
ਉਹ ਏਨੇ ਕਮਜ਼ੋਰ ਹਨ
ਕਿ ਔਰਤ ਨੂੰ ਲਕੋ ਕੇ ਤੱਕਦੇ ਹਨ
ਆਪਣੇ ਅੰਦਰ ਦੀ ਖਾਈ ਨੂੰ
ਔਰਤ ਨਾਲ ਨਹੀਂ
ਬੁਰਕੇ ਨਾਲ ਭਰਦੇ ਹਨ ,

ਉਹਨਾਂ ਭਾਣੇ
ਬੁਰਕੇ ਵਿਚਲੀ ਔਰਤ
ਬੁਰਕੇ ਦੇ ਅੰਦਰ ਏ
ਮੇਰੇ ਭਾਣੇ
ਬੁਰਕੇ ਤੋਂ ਬਾਹਰ ਏ ।

# ਮੈ ਪਰਦੇਸੀ

ਜਦ ਵੀ ਆਪਣੇ ਦੇਸ਼ ਜਾਵਾਂ
ਉਥੇ ਸਭ ਪਰਵਾਸੀ ਕਹਿਣ
ਦੇਸ਼ੋਂ ਮੁੜਾਂ ਤਾਂ
ਏਥੇ ਸਭ ਵਿਦੇਸ਼ੀ ਕਹਿਣ
ਮੈ ਦੇਸ਼ ਅਤੇ ਵਿਦੇਸ਼ ਵਿਚਕਾਰ
ਕੱਚੇ ਪੁਲਾਂ ਦੀ ਨਿਆਈਂ ਹਾਂ
ਰੇਤਲੇ ਥੰਮ੍ਹਾਂ ਤੇ ਖੜਾ ਹਾਂ
ਉਤੋਂ ਲੰਘਦਿਆਂ ਆਪਣੇ ਪਲ ਗਿਣਾਂ,
ਜਾਂ ਰੇਤ ਦਾ ਉਸਰਿਆ ਪਹਾੜ ਹਾਂ ਕੋਈ
ਵਾਪਸੀ ਦੇ ਰਾਹ ਵਿਚ ਕਿਰਦਾ ਪਿਆ
ਰਾਹ ਦੇ ਬੰਦ ਹੋਣ ਤੱਕ ਮੇਰੀ ਕਹਾਣੀ
ਟੁੱਟ ਜਾਣੀ ਫੇਰ ਪਿਛਲੀ ਤਾਰ ਨਿਮਾਣੀ
ਮੁੱਕ ਜਾਣੀ ਪੁਸਤਾਂ ਦੀ ਬਾਤ ਪੁਰਾਣੀ
ਆਪਣਿਆਂ ਦੀ ਜਾਣੀ ਨਾ ਸੂਰਤ ਪਛਾਣੀ ।

ਉਜ ਤਾਂ ਜਦ ਵੀ ਦੇਸ਼ ਜਾਵਾਂ
ਉਹ ਵੀ ਹੁਣ ਪਰਦੇਸ ਲਗਦਾ
ਮੈਂ ਇਹਨਾਂ ਦੋਵਾਂ ਵਿਚਕਾਰ
ਉਡਦਾ ਹੋਇਆ ਪਰਿੰਦਾ ਹਾਂ
ਖੰਭਾਂ ਵਿਚ ਆਹਲਣਾਂ ਚੁੱਕੀ ਫਿਰਾਂ
ਕਦੇ ਇਸ ਰੁੱਖ ਦੀ ਸਾਖ ਤੇ
ਕਦੇ ਉਸ ਰੁੱਖ ਦੀ ਸਾਖ ਤੇ ਟਿਕਾਵਾਂ
ਇੰਜ ਜਿਊਂਣ ਦਾ ਭਰਮ ਪਾਲਾ
ਇੰਜ ਜਿਊਂਣ  ਨੂੰ ਅਰਥ ਦੇਵਾਂ
ਇਸ ਤੋਂ ਅਗਲਾ ਨਹੀਂ ਹੋਰ ਚਾਰਾ
ਮੈ ਜਿਪਸੀ ਸਦੀਆਂ ਪੁਰਾਣਾ
ਸਿਰ ਵਿਚ ਵਾਵਰੋਲੇ
ਪੈਰਾਂ ਵਿਚ ਚੱਕਰ
ਭਟਕ ਭਟਕ ਕੇ ਸਾਂਤ ਹੋ ਜਾਵਾਂ
ਮੈ ਪਰਦੇਸੀ ।

# ਰੰਗ

ਬੜੀ ਵਾਰ ਸੋਚਿਆ
ਇਹ ਰੰਗ ਨਹੀਂ ਪਾਉਣਾ
ਇਹ ਰੰਗ ਨਹੀਂ ਹੰਢਾਉਣਾ
ਆਪਣੇ ਰੰਗ ਵਿਚ ਹੀ
ਹੈ ਆਪਣਾ ਵਕਤ ਲੰਘਾਉਣਾ
ਪਰ ਆਪਣੀ ਚੇਤਨਾ ਦਾ ਬਾਜ਼ਾਰ ਲੰਘਦਿਆਂ
ਮੈ ਫੇਰ ਉਹੀ ਰੰਗ
ਦਿਲ 'ਚ ਭਰ ਲਿਆਉਦਾ ਹਾਂ
ਤੇ ਆਪਣੇ ਅੰਦਰ ਪਰਤ ਆਉਦਾ ਹਾਂ
ਆਪਣੇ ਆਪ ਨੂੰ
ਆਪਣੀ ਅੱਖ ਚ ਸਜਾਉਦਾ ਹਾਂ
ਬੱਚੇ ਹੱਸਦੇ ਹਨ
ਡੈਡ, ਇਹ ਤਾਂ ਫੇਰ ਉਹੀ ਰੰਗ ?
ਮੈ ਵੀ ਹੈਰਾਨ ਹੁੰਦਾ ਹਾਂ
ਚਕਾਚੌਂਧ ਰੋਸ਼ਨੀਆਂ 'ਚ
ਉਥੇ ਤਾਂ ਕੁਝ ਹੋਰ ਲੱਗਦਾ ਸੀ
ਥੋਹੜੇ ਜਿਹੇ ਫਰਕ ਨਾਲ
ਵੱਖਰੀ ਪਹਿਚਾਨ ਰਖਦਾ ਸੀ
ਤਨ ਮਨ ਤੇ ਸਜਾਇਆਂ ਵੀ
ਰੂਹ ਦਾ ਹਾਣ ਲੱਗਦਾ ਸੀ
ਬੱਚੇ ਫੇਰ ਹੱਸਦੇ ਹਨ
ਤੇ ਮੈਂ ਸੋਚਦਾ ਹਾਂ
ਕਿੰਜ ਸਮਝਾਵਾਂ ਬੱਚਿਆਂ ਨੂੰ
ਕਿ  ਇਸ ਰੰਗ ਵਿਚ ਹੀ
ਮੇਰੀ ਆਨ ਤੇ ਸ਼ਾਨ ਰਹਿਣ ਦਿਓ
ਮੇਰੇ ਜਿਊਣ ਦਾ ਅੰਦਾਜ਼
ਤੇ ਵਿਚਰਨ ਦਾ ਖਾਬ ਰਹਿਣ ਦਿਓ
ਖਬਰੇ ਕਦ ਕੋਈ ਇਹ ਰੰਗ
ਮੇਰੀਆਂ ਅੱਖਾਂ ਚ ਧੂੜ ਕੇ ਤੁਰ ਗਿਆ ਏ
ਇਹ ਮੇਰੀ ਤੀਜੀ ਅੱਖ ਦਾ ਨੂਰ ਬਣ ਗਿਆ ਏ
ਇਸ ਨੂਰ ਅੰਦਰ ਹੀ
ਮੇਰੀ ਕਾਇਆ ਸੁਲਗਦੀ ਏ
ਅੱਜ ਦਾ ਉਜਾਲਾ ਹੁੰਦਾ ਏ
ਤਾਰਿਆਂ ਸੰਗ ਰਾਤ ਚੱਮਕਦੀ ਏ
ਤੇ ਮੇਰੀ ਖਿੜਕਦੀ ਸੋਚ
ਆਪਣਾ ਰੰਗ ਪਹਿਨਦੀ ਏ
ਬੱਚਿਓ, ਤੁਹਾਡਾ ਰੰਗ ਤੁਹਾਨੂੰ ਮੁਬਾਰਕ
ਪਰ ਮੈਨੂੰ ਮੇਰੇ ਰੰਗ ਵਿਚ ਹੀ
ਮਸਰੂਫ਼ ਰਹਿਣ ਦਿਓ
ਮਸਰੂਫ਼ ਰਹਿਣ ਦਿਓ ।

# ਵਕਤ ਦੀ ਮੁੱਠੀ ਵਿੱਚ

ਹੁਣ ਮੈਂ ਵਕਤ ਦੀ ਮੁੱਠੀ ਵਿੱਚ ਹਾਂ
ਮੁੱਠੀ ਖੁੱਲ੍ਹੇ ਤਾਂ ਮੈਂ ਸਾਹ ਭਰਾਂ
ਮੈਂ ਤਾਂ ਐਵੇਂ ਕਹਿੰਦਾ ਰਿਹਾ
ਕਿ ਵਕਤ ਮੇਰੀ ਮੁੱਠੀ ਵਿੱਚ ਏ
ਸ਼ਾਇਦ ਹੋਵੇਗਾ ਉਦੋਂ
ਜਦੋਂ ਬਾਪ ਦੇ ਕੰਧੇੜੀ ਚੜ੍ਹਿਆ
ਦੁਨੀਆ ਨੂੰ ਟਿੱਚ ਸਮਝਦਾ ਸੀ
ਗਡੀਰੇ 'ਤੇ ਬੈਠਾ
ਪੁਲਾੜ ਦਾ ਭਰਮ ਪਾਲਦਾ ਸੀ
ਕਲਪਣਾ ਦੇ ਘੋੜੇ 'ਤੇ ਸਵਾਰ ਹੋਇਆਂ
ਸੱਤ ਸਮੁੱਦਰ ਪਾਰ ਕਰ ਜਾਂਦਾ ਸੀ
ਸ਼ਾਇਦ ਹੋਵੇਗਾ ਉਦੋਂ
ਹੁਣ ਤਾਂ ਵਕਤ ਦੀ ਮੁੱਠੀ ਵਿੱਚ ਹਾਂ ।

ਕੰਪਿਊਟਰ ਦੀ ਚਿੱਪ ਅੰਦਰ
ਕਿਤੇ ਪ੍ਰੋਗਰਾਮ ਹੋ ਗਿਆ ਹਾਂ
ਆਪਣਾ ਪਿੰਨ ਨੰਬਰ ਪਾਉਂਦਾ ਹਾਂ
ਤਾਂ ਮੇਰੇ ਹੱਥ ਪੈਰ ਹਿੱਲਦੇ ਹਨ
ਵਕਤ ਦੀ ਮਸ਼ੀਨ ਅੰਦਰ
ਮਨੁੱਖੀ ਪੁਰਜਾ ਬਣ ਗਿਆ ਹਾਂ
ਮਸ਼ੀਨ ਚੱਲੇ ਤਾਂ
ਮੇਰੇ ਦਿਨ ਰਾਤ ਨੂੰ ਗੇੜ ਆਉਂਦਾ ਏ
ਮੇਰੀ ਧਰਤੀ
ਸੂਰਜ ਦੁਆਲੇ ਘੁੰਮਣ ਲਗਦੀ ਏ
ਮੇਰੀ ਜੀਵਨ ਗਤੀ
ਲਾਲ ਬੱਤੀ 'ਤੇ ਰੁਕਣ ਲਗਦੀ ਏ
ਹਰੀ 'ਤੇ ਚੱਲਣ ਲਗਦੀ ਏ
ਮੇਰੇ ਸਮਨਾਂਤਰ ਲਾਲ ਹਾਸ਼ੀਏ ਹਨ
ਜਿਹਨਾਂ ਦੇ ਅੰਦਰ ਸਿਮਟਦਾ ਹੋਇਆ
ਮੈਂ ਨੱਕ ਦੀ ਸੇਧ ਤੁਰਦਾ ਹਾਂ
ਸੀਮਾਵਾਂ ਨਾਲ ਟੱਕਰਾਉਂਦਾ ਹੋਇਆ
ਮੈਂ ਭੋਰਾ ਭੋਰਾ ਵੰਡਿਆ ਜਾਂਦਾ ਹਾਂ
ਘਰ ਦੀਆਂ ਕਿਸ਼ਤਾਂ ਅੰਦਰ
ਬਿੱਲਾਂ ਦੇ ਭੁਗਤਾਨ ਅੰਦਰ
ਕਿਸੇ ਅਚਨਚੇਤ
ਚੇਤਾਵਨੀਂ ਦੇ ਸਹਿਮ ਅੰਦਰ
ਮੈਂ ਭੋਰਾ ਭੋਰਾ ਵੰਡਿਆ ਜਾਂਦਾ ਹਾਂ।

ਮੇਰਾ ਸਮਾਂ ,
ਮੈਥੋਂ ਵਿੱਥ ਬਣਾ ਕੇ ਖੜਾ ਹੈ
ਮੇਰੇ ਸਾਲ ,ਮਹੀਨੇ,ਅਤੇ ਦਿਨ
ਇੰਜ ਕਿਰਦੇ ਜਾ ਰਹੇ ਹਨ
ਜਿਉਂ ਛਾਨਣੀ 'ਚੋਂ ਪਾਣੀ
ਇਸ ਤੋਂ ਪਹਿਲਾਂ ਕਿ
ਕਿਰਦੇ ਨੂੰ ਬੋਚ ਲਵਾਂ
ਜਿਊਂਣ ਅੰਦਰ ਸਾਂਭ ਲਵਾਂ
ਮੈਂ ਵਕਤ ਦੀ ਮੁੱਠੀ ਵਿੱਚ ਹਾਂ ।

# 20 ਡਾ. ਦੇਵਿੰਦਰ ਕੌਰ



ਨਾਮ ਅਤੇ ਕਲਮੀ ਨਾਮ : ਡਾ. ਦੇਵਿੰਦਰ ਕੌਰ

ਪਤਾ : 239, ਦਾ ਲਾਰਲਸ, ਬਰਮਿੰਘਮ ਨਿਊ ਰੋਡ,
ਵੁਲਵਰਹੈਂਪਟਨ, ਡਬਲਯੂ ਵੀ 4 6 ਐੱਲ ਪੀ, ਯੂ. ਕੇ.

ਮੋਬਾਇਲ : +44 7877960642

ਈ-ਮੇਲ : **within_light@yahoo.co.uk**

ਵਿੱਦਿਆ : ਬੀ.ਏ., ਖ਼ਾਲਸਾ ਕਾਲਜ, ਦੇਵ ਨਗਰ, ਦਿੱਲੀ ਯੂਨੀਵਰਸਿਟੀ, (1968)
ਐਮ.ਏ. (ਪੰਜਾਬੀ), ਖ਼ਾਲਸਾ ਕਾਲਜ, ਦੇਵ ਨਗਰ, ਦਿੱਲੀ ਯੂਨੀਵਰਸਿਟੀ (1970)
ਐਮ.ਏ. (ਅੰਗਰੇਜ਼ੀ), ਮੇਰਠ ਯੂਨੀਵਰਸਿਟੀ, ਮੇਰਠ (1978)
ਪੀ-ਐਚ ਡੀ (ਪੰਜਾਬੀ ਕਵਿਤਾ) ਦਿੱਲੀ ਯੂਨੀਵਰਸਿਟੀ, 1982
ਤੁਲਨਾਤਮਕ ਸਾਹਿਤ ਉਪਰ ਡਿਪਲੋਮਾ, ਮੈਕਸਮੂਲਰ ਭਵਨ, ਦਿੱਲੀ, (1981)
ਉਰਦੂ ਵਿੱਚ ਸਰਟੀਫਿਕੇਟ ਕੋਰਸ, ਦਿੱਲੀ ਯੂਨੀਵਰਸਿਟੀ, 1983
ਯੂ. ਕੇ ਵਿੱਚ ਅੰਗਰੇਜ਼ੀ ਪੜ੍ਹਾਉਣ ਲਈ ਕੀਤਾ ਗਿਆ ਕੋਰਸ (TESLA),
ਆਕਸਫੋਰਡ, ਕੈਂਬ੍ਰਿਜ, ਰੋਇਲ ਸਕੂਲ ਆਫ਼ ਆਰਟਸ, ਯੂ. ਕੇ. 1998
ਕੰਪਿਊਟਰ ਵਿੱਚ ਕੀਤਾ ਗਿਆ ਬੇਸਿਕ ਕੋਰਸ, ਯੂ. ਕੇ. 1999

ਕਾਰੋਬਾਰ : ਅਧਿਆਪਨ

## ਅਵਾਰਡ

ਪੰਜਾਬੀ ਅਕਾਦਮੀ ਦਿੱਲੀ ਵੱਲੋਂ ਪੰਜਵਾਂ ਚਿਰਾਗ਼ ਨੂੰ ਵਾਰਤਕ ਪੁਰਸਕਾਰ (1985)
ਹਰਿਆਣਾ ਅਕਾਦਮੀ ਅਤੇ ਕਲਾਕਾਰ ਲੇਖਕ ਮੰਡਲ ਕਰਨਾਲ ਵੱਲੋਂ ਸਾਹਿਤਿਕ ਸੇਵਾਵਾਂ ਪੁਰਸਕਾਰ (1986)
ਅਲੋਚਨਾ ਵਿੱਚ ਸਾਹਿਤਿਕ ਵਿਲੱਖਣਤਾ ਅਵਾਰਡ ਇੰਡੋ ਕੈਨੇਡੀਅਨ ਟਾਈਮਜ਼ ਵੱਲੋਂ (1987)
ਕੇਂਦਰੀ ਪੰਜਾਬੀ ਲੇਖਕ ਸਭਾ, ਕੈਨੇਡਾ ਵਲੋਂ ਸਾਹਿਤਿਕ ਵਿਲੱਖਣਤਾ ਅਵਾਰਡ, (1987)
ਪੰਜਾਬ ਸਟੇਟ ਬਿਜਲੀ ਬੋਰਡ, ਲੁਧਿਆਣਾ ਵੱਲੋਂ ਆਲੋਚਨਾ ਵਿੱਚ ਸਫ਼ਦਰ ਹਾਸ਼ਮੀ ਅਵਾਰਡ (1993)
ਪੰਜਾਬੀ ਸਾਹਿਤ ਸਭਾ ਸਾਊਥ ਹੈਂਪਟਨ ਵੱਲੋਂ ਸਾਹਿਤ ਸੇਵਾਵਾਂ ਪੁਰਸਕਾਰ, (2002)
ਪੰਜਾਬੀ ਸੱਥ, ਯੂਰੋਪੀ ਇਕਾਈ ਵੱਲੋਂ ਆਲੋਚਨਾ ਵਿੱਚ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਅਵਾਰਡ ਅਤੇ ਗੋਲਡ ਮੈਡਲ, (2006)

# ਰਾਤੀਂ ਤਾਰਿਆਂ ਦੇ ਨਾਲ

ਰਾਤੀਂ ਤਾਰਿਆਂ ਦੇ ਨਾਲ ਗੱਲਾਂ ਕਰ ਕੇ ਸੌਂਦੀ ਹਾਂ
ਜਦੋਂ ਕੋਈ ਤਾਰਾ ਟੁੱਟ ਜਾਏ ਤਾਂ ਹੰਝੂ ਭਰ ਕੇ ਰੋਂਦੀ ਹਾਂ

ਅਨੇਕ ਜਜ਼ਬਿਆਂ ਸਾਹਵਾਂ ਦੇ ਮੋਤੀ ਚੁਣਦੀ ਰਹਿੰਦੀ ਹਾਂ
ਮਿਲਾ ਕੇ ਸਾਰੀਆਂ ਸੱਧਰਾਂ ਦੀ ਮਾਲਾ ਵਿੱਚ ਪਿਰੋਂਦੀ ਹਾਂ

ਜਦੋਂ ਕੋਈ ਮੋਹ ਦਾ ਧਾਗਾ ਰੁੱਸ ਜਾਏ ਹਾਰ ਬਣਨੇ ਤੋਂ
ਮੈਂ ਪਾ ਕੇ ਵਾਸਤਾ ਉਸ ਮੋਹ ਦੇ ਸੱਗੀ ਫੁੱਲ ਸਜੌਂਦੀ ਹਾਂ

ਜਦੋਂ ਕੋਈ ਈਦ ਦੇ ਚੰਨ ਨੂੰ ਦੀਵਾਲੀ ਸਾੜਨਾ ਚਾਹੇ
ਮੈਂ ਬਣ ਕੇ ਸੂਰਜਾਂ ਦੀ ਲੋਅ ਦੇ ਦੀਵੇ ਮੁੜ ਜਗੌਂਦੀ ਹਾਂ

ਜਦੋਂ ਕੋਈ ਬੰਬ ਤੇ ਬਾਰੂਦ ਦੀ ਗੱਲ ਛੇੜਨਾ ਚਾਹੇ
ਮੈਂ ਲੈ ਕੇ ਮੋਮਬੱਤੀਆਂ ਉਸ ਦੀ ਖਾਹਿਸ਼ ਜਲੌਂਦੀ ਹਾਂ

ਮੈਂ ਰਾਤੀਂ ਤਾਰਿਆਂ ਦੇ ਨਾਲ......

# ਕਵਿਤਾ ਸੰਗ ਸੰਵਾਦ

ਕਵਿਤਾ ਨੇ ਅੱਜ ਕਲ
ਮੇਰੇ ਨਾਲ
ਆਢਾ ਲਾਇਆ ਹੋਇਆ ਹੈ
ਮੈਂ ਉਸਨੂੰ ਪਿਆਰ ਨਾਲ
ਪਲੋਸਣ ਦਾ ਯਤਨ ਕਰਦੀ ਹਾਂ
ਉਹ ਆਪਣਾ ਸਿਰ ਛੰਡ
ਮੇਰੇ ਸਾਹਮਣੇ ਤਣ ਜਾਂਦੀ ਹੈ
ਮੈਂ ਉਹਦੇ ਨਾਲ
ਰੁੱਸਣ ਦਾ ਨਾਟਕ ਕਰਦੀ ਹਾਂ
ਉਹ ਮੈਨੂੰ ਮਨਾਉਂਦੀ ਨਹੀਂ
ਬਸ! ਸ਼ਹਿਰਾਂ, ਗਲੀਆਂ, ਮੁਹੱਲਿਆਂ
ਵਲ ਆਪਣਾ ਮੂੰਹ ਕਰ ਲੈਂਦੀ ਹੈ
ਤੁਰਦੀ ਨਹੀਂ
ਉਹ ਤਾਂ ਉੱਡ ਜਾਂਦੀ ਹੈ
ਕਵਿਤਾ ਦੇ ਪੈਰ ਹੀ ਨਹੀਂ
ਖੰਭ ਵੀ ਹੁੰਦੇ ਹਨ
ਕਵਿਤਾ ਅੱਜ ਕਲ
ਆਪਣੇ ਖੰਭਾਂ ਨਾਲ
ਦੁਨੀਆਂ ਦਾ ਸਫ਼ਰ ਕਰਦੀ ਹੈ
ਹਰ ਥਾਂ
ਸਿਆਸਤੀ ਤਾਂਡਵ ਦਾ
ਰਕਸ ਦੇਖ
ਉਦਾਸ ਹੋ ਜਾਂਦੀ ਹੈ

# ਗੱਲ ਕਵਿਤਾ ਦੀ

ਹੁਣੇ ਇਕ ਸੋਚ ਆਈ
ਕਹਿਣ ਲੱਗੀ
ਮੈਂ ਕਵਿਤਾ ਬਣਨ ਆਈ ਹਾਂ
ਮੈਨੂੰ ਸ਼ਬਦ ਚਾਹੀਦੇ ਹਨ
ਮੈਂ ਹੋਰ ਸੋਚੀਂ ਪੈ ਗਈ
ਕੀ ਕਵਿਤਾ ਮੰਗ ਹੈ ?
ਸ਼ਬਦਾਂ ਦੀ ਤਰਤੀਬ ਹੈ ?
ਸੋਚ ਹੋਰ ਗਹਿਰੀ ਹੋ ਗਈ
ਕੀ ਕਵਿਤਾ ਬੋਲ ਹੈ ?
ਵਾਕ ਹੈ ?
ਖਿਆਲ ਹੈ ?
ਸਵਾਲ ਹੈ ?
ਕਿੰਨੇ ਸਾਰੇ ਪ੍ਰਸ਼ਨ ਜੁੜੇ
ਕਵਿਤਾ ਟੁਕੜੇ ਟੁਕੜੇ ਹੋ ਗਈ
ਕਿਵੇਂ ਜੁੜੇ ਗੱਲ
ਧੁਰ ਅੰਦਰੋਂ ਨਿਕਲੀ ਗੱਲ
ਧੁਰ ਅੰਦਰ ਲਹਿ ਜਾਏ
ਤਾਂ ਕਿ ਕਵਿਤਾ ਬਣ ਸਕੇ।
ਫੇਰ ਮਲਕੜੇ ਜਿਹੇ
ਮੇਰੇ ਕੋਲ ਪਰਤਦੀ ਹੈ
ਸਵਾਲ ਬਣ
ਮੇਰੇ ਸਾਹਮਣੇ ਤਣ ਜਾਂਦੀ ਹੈ
ਪੁੱਛਦੀ ਹੈ
ਕਵਿਤਾ ਕੀ ਜਸ਼ਨ ਹੈ ?
ਜਾਂ ਮੇਲਾ ਹੈ ?
ਮੇਰੇ ਬਿਨ ਬੋਲਿਆਂ ਕਹਿੰਦੀ ਹੈ
ਸ਼ਬਦਾਂ ਦੇ ਲਈ
ਵਿਸ਼ਲੇਸ਼ਣ ਦਾ ਵੇਲਾ ਹੈ
ਸ਼ਬਦ ਜੇ ਭਾਵੁਕ ਹੋਣਗੇ
ਰਾਹਾਂ 'ਚ ਬਹਿ ਕੇ ਰੋਣਗੇ
ਕਵਿਤਾ ਦੀ ਗੱਲ ਸੁਣ
ਮੈਂ ਵਿਚਾਰਾਂ 'ਚ ਡੁੱਬ ਜਾਂਦੀ ਹਾਂ
ਤੇ ਸੋਚ ਦੇ ਸੁਲਗਦੇ ਮੋਤੀ
ਸਿਆਸਤ ਦੇ ਸਮੁੰਦਰੋਂ 'ਚੋਂ
ਲੱਭ ਲਿਆਉਂਦੀ ਹਾਂ
ਇਹ ਮੋਤੀ ਨਹੀਂ
ਜੋ ਗਲਾਂ 'ਚ ਸੁਹਣਗੇ
ਅੰਗਾਰੇ ਹਨ
ਪੈਰਾਂ 'ਚ ਛਾਲੇ ਹੋਣਗੇ
ਅਹਿਸਾਸ ਗੁੰਮ ਸੁੰਮ ਨੇ
ਹਵਾਵਾਂ 'ਚ ਰਲ਼ਿਆ ਜ਼ਹਿਰ ਹੈ
ਮਾਨਵਤਾ ਦੀਆਂ ਸੜਕਾਂ 'ਤੇ
ਵਰਤ ਰਿਹਾ ਕਹਿਰ ਹੈ
ਸ਼ਾਇਦ ਇਸੇ ਲਈ
ਕਵਿਤਾ ਨੇ ਅੱਜ ਕਲ
ਮੇਰੇ ਨਾਲ ਆਢਾ ਲਾਇਆ ਹੋਇਆ ਹੈ।

# ਕਿਤਾਬ ਬੋਲਦੀ ਹੈ

ਕਿਤਾਬ ਬੋਲਦੀ ਹੈ
ਹੌਲੇ-ਹੌਲੇ ਤੁਹਾਡਾ ਜ਼ਿਹਨ ਫਰੋਲਦੀ ਹੈ
ਉਦਾਸ ਭਰੇ ਪਲਾਂ ਵਿੱਚ
ਤੁਹਾਡਾ ਸਾਥ ਟੋਲਦੀ ਹੈ
ਸ਼ੈਲਫ ਤੇ ਪਈ ਕਿਤਾਬ
ਬੇਚੈਨ ਹੈ
ਤੁਹਾਡੇ ਹੱਥਾਂ ਦੀਆਂ
ਉਂਗਲਾਂ ਦੀ ਛੁਹ ਲਈ
ਬੇਜਾਨ ਪਈ ਸ਼ੈਲਫ ਤੇ ਕਿਤਾਬ
ਅੱਖਰਾਂ ਦੀ ਲੋਅ ਸਾਂਭੀ
ਚਿਰਾਂ ਤੋਂ ਤੁਹਾਨੂੰ ਓਡੀਕਦੀ ਹੈ
ਕਰਦੀ ਹੈ ਲੰਮੀ ਇੰਤਜ਼ਾਰ
ਵਧਾ ਲਿਆ ਮੈਂ ਆਪਣਾ ਹੱਥ
ਖਿੱਚ ਲਈ ਸ਼ੈਲਫ 'ਚ ਤੜਪਦੀ ਕਿਤਾਬ
ਰੱਖ ਆਪਣੀ ਝੋਲ ਵਿੱਚ
ਨਜ਼ਰਾਂ ਟਿਕਾਅ
ਮਿਲ ਪਈ ਧੜਕਣ
ਕਿਤਾਬ 'ਚ ਤੜਪਦੇ ਅੱਖਰਾਂ ਨੂੰ
ਬੋਲ ਪਈ ਕਿਤਾਬ
ਮਿਲ ਗਿਆ ਮੇਰੀ ਉਦਾਸੀ ਨੂੰ
ਅਜਬ ਅਹਿਸਾਸ।

# 21 ਸੁਖਵਿੰਦਰ




| | |
|---|---|
| ਨਾਮ ਅਤੇ ਕਲਮੀ ਨਾਮ | : ਸੁਖਵਿੰਦਰ |
| ਪਤਾ | : ਗਲੀ ਨੰਬਰ, ਸ਼ੇਖਪੁਰਾ ਕੰਪਲੈਕਸ ਪਟਿਆਲਾ |
| ਮੋਬਾਇਲ | : +91 98154-48958 |
| ਈ-ਮੇਲ | : **sukhibhikhi@gmail.com** |
| ਵਿੱਦਿਅਕ ਯੋਗਤਾ | : **M.A., M.Phil.** |
| ਕਾਰੋਬਾਰ | : ਅਸਿਸਟੈਂਟ ਪ੍ਰੋਫ਼ੈਸਰ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ |


ਪੁਸਤਕਾਂ
- ਮੱਥੇ ਉਕਰੇ ਸਵਾਲ (ਕਾਵਿ-ਸੰਗ੍ਰਹਿ)
- ਮੇਰਾ ਆੜੀ (ਬਾਲ ਕਾਵਿ-ਸੰਗ੍ਰਹਿ)
- ਆਓ ਖੇਡੀਏ (ਬਾਲ ਕਾਵਿ-ਸੰਗ੍ਰਹਿ)
- ਸਾਡੀ ਰੇਲ ਗੱਡੀ ਆਈ (ਬਾਲ ਕਾਵਿ-ਸੰਗ੍ਰਹਿ)
- ਹਾਂ! ਮੈਂ ਔਰਤ ਹਾਂ (ਅਨੁਵਾਦ)
- ਸੁਰਜੀਤ ਜੱਜ : ਕਾਵਿ-ਜੁਗਤਾਂ-ਜੀਵਨ ਤੇ ਰਚਨਾ (ਆਲੋਚਨਾ)
- ਪਰਗਟ ਸਿੰਘ ਸਤੌਜ ਦੀ ਸਿਰਜਨਕਾਰੀ
- ਜਸਵੀਰ ਰਾਣਾ ਦੀਆਂ ਚੋਣਵੀਆਂ ਕਹਾਣੀਆਂ
- ਦੇਵਨੀਤ ਚੁੱਪ ਨਹੀਂ

# ਸ਼ੀਸ਼ਿਆਂ ਦਾ ਸ਼ਹਿਰ

ਸ਼ੀਸ਼ਿਆਂ ਦੇ ਸ਼ਹਿਰ 'ਚ ਪੱਥਰ ਵੀ ਡਰਨ ਲੱਗੇ,
ਜਦੋਂ ਤੋਂ ਮਨਸੂਰ ਸੱਚ ਲਈ ਸੂਲੀ ਚੜ੍ਹਨ ਲੱਗੇ।

ਵਿਲਕਦੀਆਂ ਹਵਾਵਾਂ ਦਾ ਜਦੋਂ ਹੁੰਦਾ ਏ ਰੁਦਨ,
ਹਰੇ-ਕਚੂਰ ਰੁੱਖਾਂ ਤੋਂ ਫਿਰ ਬੂਰ ਵੀ ਝੜਨ ਲੱਗੇ।

ਭਿਆਨਕ ਜੰਗਲ 'ਚੋਂ ਬੇਖੌਫ਼ ਗੁਜ਼ਰ ਜਾਈਦਾ,
ਸੜਕਾਂ 'ਤੇ ਚਲਦਿਆਂ ਹੁਣ ਬੰਦੇ ਨੇ ਡਰਨ ਲੱਗੇ।

ਦੁਸ਼ਮਣ ਨੂੰ ਕੀ ਕਹੀਏ, ਦੁਸ਼ਮਣ ਤਾਂ ਦੁਸ਼ਮਣ ਏ,
ਆਪਣੇ ਹੀ ਅੱਜ ਕੱਲ੍ਹ ਤਾਂ ਸ਼ਾਜਿਸਾਂ ਘੜਨ ਲੱਗੇ।

ਤੇਰੇ ਸ਼ਹਿਰ ਸੁਣਿਐ ਸੱਚ ਦਾ ਵਪਾਰ ਹੁੰਦਾ ਏ,
ਇਹ ਸੁਣ ਕੇ ਪੈਰ ਓਧਰ ਜਾਂਦਿਆਂ, ਖੜ੍ਹਨ ਲੱਗੇ।

# ਸਾਡੇ ਦੋਵਾਂ 'ਚੋਂ ਕੋਈ

ਇਕ ਦੂਸਰੇ ਨਾਲ ਕਰ ਲਵੇ ਰਾਬਤਾ, ਸਾਡੇ ਦੋਵਾਂ 'ਚੋਂ ਕੋਈ।
ਕਹੇ ਨਾ, ਸਾਡਾ ਨਹੀਂ ਕੋਈ ਵਾਹ-ਵਾਸਤਾ, ਸਾਡੇ ਦੋਵਾਂ 'ਚੋਂ ਕੋਈ।

ਬੜੀ ਦੂਰ ਲੰਘ ਚੁੱਕੇ ਹਾਂ, ਮੁੜਨਾ ਬੜਾ ਮੁਸ਼ਕਿਲ ਹੈ ਹੁਣ,
ਵਿਚਕਾਰਲਾ ਕੋਈ ਲੱਭ ਲਏ ਰਾਸਤਾ, ਸਾਡੇ ਦੋਵਾਂ 'ਚੋਂ ਕੋਈ ।

ਬਹੁਤ ਕੁਝ ਟੁੱਟ ਚੁੱਕਿਆ, ਚੱਲ ਹੁਣ ਤਾਂ ਬਸ ਕਰੀਏ,
ਕੁਝ ਨਾ ਕੁਝ ਤਾਂ ਰੱਖ ਲਵੇ ਸਾਬਤਾ, ਸਾਡੇ ਦੋਵਾਂ 'ਚੋਂ ਕੋਈ।

ਗਨੀਮਤ ਜ਼ਮਾਨੇ ਦੀ ਕਿ, ਇਹ ਸਭ ਅਸੀਂ ਹੀ ਵੇਖਣਾ ਸੀ,
ਪਰ ਨਹੀਂ ਸੀ ਚਾਹੁੰਦਾ ਇਹ ਫ਼ਾਸਲਾ, ਸਾਡੇ ਦੋਵਾਂ 'ਚੋਂ ਕੋਈ।

# ਅਣਲਿਖੇ ਸ਼ਬਦ

ਚਾਵਾਂ ਦਾ ਕੀ ਏ
ਇਹ ਮਰਨ ਲਈ ਹੀ
ਤਾਂ ਹੁੰਦੇ ਨੇ ...

ਸਧਰਾਂ ਪੂਰੀਆਂ ਹੋਣ
ਮੁਹੱਬਤ ਦਾ ਅਸੂਲ ਨਹੀਂ

ਕੋਈ ਐਨਾ ਚਾਅ ਕੇ ਵੀ
ਦੂਰ ਹੋ ਜਾਂਦਾ
ਮਜਬੂਰ ਹੋ ਜਾਂਦਾ

ਬਸ
ਸ਼ਬਦਾਂ ਚੋਂ ਬੋਅ ਨਾ ਆਵੇ
ਬਚਾ ਕੇ ਰੱਖ ਲਵੀਂ
ਕੁੱਝ ਬੇਖੁਸ਼ਬੋਏ ਬੋਲ
ਗਲੇ ਸੜੇ ਨਹੀਂ...

ਕਦੇ ਰਾਹ-ਖੇੜੇ ਜਾਂਦਿਆਂ
ਮਿਲੇ ਤਾਂ
ਕਹਿ ਸਕੀਏ
ਸ਼ਬਦਾਂ ਤੋਂ ਬਿਨ ਵੀ ਕੁੱਝ ...

ਜ਼ੁਬਾਨ ਹੀ ਨਹੀਂ
ਅੱਖਾਂ ਵੀ
ਬੜਾ ਕੁੱਝ ਕਹਿ ਦਿੰਦੀਆਂ! !

# ਕਲਾਕਾਰੀਆਂ

ਮੈਨੂੰ ਲਿਖਦਿਆਂ ਵੇਖ
ਬੇਟੀ
ਹੱਥ 'ਚੋਂ ਪੈੱਨ ਖੋ ਲੈਂਦੀ

ਕੋਈ ਕਾਗਜ਼ ਚੁੱਕ
ਮਾਰਦੀ ਹੈ
ਉਸ ਉੱਪਰ
ਕਾਟੇ-ਮਾਟੇ

ਤੇ
ਕਮਰੇ ਦੀਆਂ ਕੰਧਾਂ 'ਤੇ ਵੀ
ਖਿੱਚ ਦਿੰਦੀ
ਉਘੜ ਦੁਗੜੀਆਂ ਲਕੀਰਾਂ ...

ਵਾਰ ਵਾਰ
ਦਿਖਾਉਂਦੀ ਹੈ ਮੈਨੂੰ

ਪੁੱਛਦੀ ਹੈ
ਠੀਤ ਆ
ਠੀਤ ਆ ...

ਮੈਂ 'ਵੈਰੀ ਗੁੱਡ' ਦੇ ਦਿੰਦਾ ਹਾਂ ... !!

# 22 ਜਸਬੀਰ ਮੀਰਾਂਪੁਰ




ਨਾਮ ਅਤੇ ਕਲਮੀ ਨਾਮ : ਜਸਬੀਰ ਸਿੰਘ / ਜਸਬੀਰ ਮੀਰਾਂਪੁਰ

ਪਤਾ : ਪਿੰਡ ਤੇ ਡਾਕ. ਮੀਰਾਂਪੁਰ, ਤਹਿ. ਦੁੱਧਨ ਸਾਧਾਂ,
ਜ਼ਿਲ੍ਹਾ ਪਟਿਆਲਾ

ਮੋਬਾਇਲ : +91 81988-21530, 98725-05785

ਈ-ਮੇਲ : singh.Jasbir396@gmail.com


ਵਿੱਦਿਅਕ ਯੋਗਤਾ : ਐਮ. ਏ. ਪੰਜਾਬੀ, ਐਮ. ਫਿਲ. ਨੈਟ UGC

ਕਾਰੋਬਾਰ : ਅਸਿ. ਪ੍ਰੋਫੈਸਰ, ਪੰਜਾਬੀ

ਪੁਸਤਕਾਂ : ਏਂਜਲ ਦੇ ਪੈਰ (2018), ਸਹਿਮੇ ਸਹਿਮੇ ਲੋਕ (2021)
ਗੱਲਾਂ ਜੋ ਰੋਜ਼ ਨਹੀਂ ਹੁੰਦੀਆਂ (ਛਪਾਈ ਅਧੀਨ)

ਸਨਮਾਨ : ਦੁਆਬਾ ਸਾਹਿਤ ਸਭਾ, ਗੜ੍ਹਸ਼ੰਕਰ ਵੱਲੋਂ
ਪੁਸਤਕ ਸਹਿਮੇ ਸਹਿਮੇ ਲੋਕ ਲਈ ਸਨਮਾਨ।
ਸ਼ਹੀਦ ਭਗਤ ਸਿੰਘ ਸਾਹਿਤ ਸਭਾ, ਦੋਰਾਹਾ ਵੱਲੋਂ
ਪੁਸਤਕ ਸਹਿਮੇ ਸਹਿਮੇ ਲੋਕ ਲਈ ਸਨਮਾਨ

# ਧੂਫ਼

ਤੇਰੇ ਸ਼ਹਿਰ ਦੀਆਂ ਗਲੀਆਂ 'ਚ ਸ਼ਰ੍ਹੇਆਮ ਪੰਗੇ ਨੇ
ਏਥੇ ਜਿਹੜੇ ਸਭ ਤੋਂ ਮਾੜੇ, ਵੱਜਦੇ ਉਹੀਓ ਚੰਗੇ ਨੇ।

ਛੱਡਿਆ ਹੈ ਮੈਂ ਮਾੜਾ ਕਹਿਣਾ ਹੁਣ ਤੇਰੇ ਖ਼ਿਆਲਾਂ
ਤੇਰੇ ਵਾਂਗੂੰ ਓਹ ਵੀ ਸ਼ਹਿਰ ਦੇ ਰੰਗਾਂ ਵਿੱਚ ਰੰਗੇ ਨੇ।

ਸਦਾ ਕਰਦੇ ਸੁਣਿਆ ਜਿਨ੍ਹਾਂ ਨੂੰ ਮੈਂ ਗੱਲ ਖੁੱਦਾਰੀ ਦੀ
ਵੇਖ ਪਰਾਈ ਚੀਜ਼ ਓਹ ਸਭ ਤੋਂ ਪਹਿਲਾ ਖੰਘੇ ਨੇ।

ਵਿਕਣ ਨਾ ਦੇਣਾ ਕਹਿੰਦੇ ਸੀ ਜੋ ਇਕ ਵੀ ਜ਼ਰਾ ਐ
ਐਡੀ ਕੀ ਆਫ਼ਤ ਆਈ ਜੋ ਵਿਕ ਗਏ ਤਿਰੰਗੇ ਨੇ।

ਕੱਲ੍ਹ ਰਾਤ ਆਇਆਂ ਸੁਪਨਾ ਕਿ ਮੈਂ ਬੇਵਫਾ ਹੋਇਆ
ਤੜਕੇ ਸੈਰ 'ਤੇ ਤੱਕਿਆ ਓਹ ਹੋਰਾਂ ਨਾਲ ਲੰਘੇਂ ਨੇ।

ਰੋਜ਼ ਜਗਾ ਕੇ ਧੂਫ਼ ਜਿੱਥੇ ਮਹਿਕਾ ਲੈਦੇਂ ਅੰਦਰ ਨੂੰ
ਓਸ ਜਗ੍ਹਾ 'ਤੇ ਸਮਝ ਲੈਣਾ ਮਸੀਹੇ ਸੂਲੀ ਟੰਗੇ ਨੇ।

# ਹਾਮੀ

ਮੈਨੂੰ ਪਿਆਰ ਕਰਦਿਆ ਸੱਜਣਾ
ਮੇਰੇ ਪਿੱਛੇ ਵੇ ਮਰਦਿਆ ਸੱਜਣਾ।
ਤੈਨੂੰ ਦੁਨੀਆਂ ਜਿੱਤਣ ਨਹੀਂ ਦੇਣਾ
ਵੇ ਮੇਰੇ ਪਿੱਛੇ ਹਰਦਿਆ ਸੱਜਣਾ।

ਅਣਖਾਂ ਦੇ ਬੱਝੇ ਲੋਕ ਨੇ ਇੱਥੇ
ਅੱਖਾਂ ਦਾ ਪਾਣੀ ਦਿਸਦਾ ਨਹੀਂ।
ਜ਼ਖ਼ਮ ਮੁਹਬੱਤ ਦੇ ਲੱਗਦੇ ਜਦੋਂ
ਰੂਹ ਦਾ ਹਾਣੀ ਦਿਸਦਾ ਨਹੀਂ।
ਆਉਣਾ ਨਹੀਂ ਨਾ ਵੇਖ ਰਾਹਾਂ
ਦੁੱਖ ਮੇਰੇ ਨੂੰ ਜ਼ਰਦਿਆ ਸੱਜਣਾ।
ਤੈਨੂੰ....

ਰੰਗ 'ਚ ਰੰਗੇ ਨੇ ਚਿਹਰੇ ਕਈ
ਕੀ ਕੀ ਰੰਗ ਵਿਖਾਉਂਦੇ ਲੋਕ।
ਦਿਲ ਨਾ ਮਿਲੇ ਕੋਈ ਔਖਾ ਨਹੀਂ
ਬਸ ਸ਼ਕਲਾਂ ਹੀ ਨੇ ਚਾਹੁੰਦੇ ਲੋਕ।
ਮੁੱਕ ਜਾਂਦੇ ਨੇ ਦਗਾ ਦੇ ਹੱਥੋਂ
ਹਾਮੀ ਵਫ਼ਾ ਲਈ ਭਰਦਿਆ ਸੱਜਣਾ।

# ਮਹਿਮਾਨ

ਤੂੰ ਕਦੀ ਤਾਂ ਮੇਰੇ ਵਿਹੜੇ 'ਚ, ਮਹਿਮਾਨ ਬਣਕੇ ਆ
ਮੈਂ ਇਹ ਨਹੀਂ ਕਹਿੰਦਾ ਕਿ ਮੇਰੀ, ਜਾਨ ਬਣਕੇ ਆ।

ਤੂੰ ਮੂੰਹ ਦੀ ਏ ਮਿੱਠੀ ਤੇ ਦਿਲ 'ਚ ਜ਼ਹਿਰ ਨਾ ਰੱਖੀਂ
ਆਉਣਾ ਹੈ ਲਾਜ਼ਮੀ ਬਸ, ਇਨਸਾਨ ਬਣਕੇ ਆ।

ਵੇਲਾਂ ਮੁਰਝਾ ਗਈਆਂ ਤੇ ਬਾਗਾਂ 'ਚ ਉਦਾਸੀ ਐ
ਇਹ ਮੁੜ ਖਿੜਨਗੀਆਂ ਤੂੰ, ਬਾਗਬਾਨ ਬਣਕੇ ਆ।

ਹਕੀਕਤ 'ਚ ਤਾਂ ਮੰਦਰ ਨਈ ਬਣਾਇਆ ਤੇਰੇ ਲਈ
ਮੈਂ ਦਿਲੋਂ ਤੈਨੂੰ ਮੰਨ ਲਿਆ, ਭਗਵਾਨ ਬਣਕੇ ਆ।

ਹੌਲੇ ਜਿਹੇ ਦਿਲ ਤੋਂ ਨਾ ਕੋਈ ਭਾਰ ਚੱਕਿਆ ਜਾਣਾ
ਤਾਂ ਹੀ ਕਹਿੰਦਾ ਹਾਂ ਕਿ ਨਾ, ਸ਼ੈਤਾਨ ਬਣਕੇ ਆ

ਮੈਨੂੰ ਲੋਕਾਂ ਨੇ ਕਹਿ ਬੇਈਮਾਨ ਬਹੁਤਾ ਭੰਡਿਆ ਹੈ
ਮੈਂ ਜਿਸ ਤੋਂ ਖ਼ਾਲੀ ਹੋ ਗਿਆ, ਈਮਾਨ ਬਣਕੇ ਆ।

# ਅਜ਼ਾਨ

ਤੇਰੇ ਵਲੋਂ ਜੋ ਮਿਲਦਾ ਮੈਨੂੰ ਸਨਮਾਨ ਤੋਂ ਡਰ ਲਗਦਾ ਹੈ
ਭੋਲ਼ੇ ਚਿਹਰੇ ਪਿੱਛੇ ਛੁਪਿਆ ਸ਼ੈਤਾਨ ਤੋਂ ਡਰ ਲਗਦਾ ਹੈ।

ਦੱਸ ਕੀ ਲੜਾਂਗਾ ਮੈਂ ਤੇਰੇ ਸ਼ਹਿਰ ਦੇ ਕਾਇਰ ਲੋਕਾਂ ਨਾਲ
ਇਹਨਾਂ ਵਿਚਾਰਿਆ ਨੂੰ ਤਾਂ ਅਜ਼ਾਨ ਤੋਂ ਡਰ ਲਗਦਾ ਹੈ ।

ਮਜ਼੍ਹਬ ਜਾਤੋਂ ਤਾਂ ਰੰਗ ਵੱਖਰੇ ਪਰ ਰੰਗ ਖ਼ੂਨ ਦਾ ਮਿਲਦਾ ਹੈ
ਹੱਡ ਮਾਸ ਦਾ ਹੀ ਬਣਿਆ ਇਨਸਾਨ ਤੋਂ ਡਰ ਲਗਦਾ ਹੈ।

ਵਿਕਣਾ ਇਸ ਦੁਨੀਆਂ ਲਈ ਭਾਵੇਂ ਗੱਲ ਕੋਈ ਵੱਖਰੀ ਨਹੀਂ
ਜਦੋਂ ਗੰਦੀ ਹੋਵੇ ਜ਼ਮੀਰ ਤਾਂ ਫੇਰ ਈਮਾਨ ਤੋਂ ਡਰ ਲੱਗਦਾ ਹੈ।

ਕੁਝ ਨਹੀਂ ਬਚਣਾ ਜੇ ਹਿਜ਼ਾਬ ਨਾਲ ਸ਼ਰਮ ਵੀ ਉਤਰ ਗਈ
ਦੇਵੀ ਤੋਂ ਬਣ ਜਾਏ ਚੰਡੀ ਜਦ ਰਕਾਨ ਤੋਂ ਡਰ ਲੱਗਦਾ ਹੈ।

# 23 ਸੁਖਦੇਵ ਭਾਮ



ਨਾਮ ਅਤੇ ਕਲਮੀ ਨਾਮ : ਸੁਖਦੇਵ ਭਾਮ

ਪਤਾ : ਪਿੰਡ ਅਤੇ ਡਾਕ. ਭਾਮ ਜ਼ਿਲ੍ਹਾ ਹੁਸ਼ਿਆਰਪੁਰ
ਪਿਨ ਕੋਡ- 146 103

ਮੋਬਾਇਲ : +91 98147-98945

ਵਿੱਦਿਅਕ ਯੋਗਤਾ : ਬਾਹਰਵੀਂ ਪਾਸ

ਕਾਰੋਬਾਰ : ਕਰਿਆਨਾ ਸਟੋਰ

ਸਾਹਿਤਕ ਪ੍ਰਾਪਤੀਆਂ "ਤਨੀਸ਼ਾ" ਮੈਗਜ਼ੀਨ ਵਲੋਂ ਸਨਮਾਨ ਪੱਤਰ
"ਪੰਜਾਬੀ ਸਾਹਿਤ ਸਭਾ ਸ਼੍ਰੀ ਮੁਕਤਸਰ ਸਾਹਿਬ" ਵਲੋਂ ਸਨਮਾਨ।
"ਪੰਜਾਬੀ ਸਾਹਿਤ ਸਭਾ" ਆਦਮਪੁਰ ਦੋਆਬਾ ਵਲੋਂ ਸਨਮਾਨ।
"ਅੰਤਰਰਾਸ਼ਟਰੀ ਪੰਜਾਬੀ ਹਾਇਕੂ ਰਿਸ਼ਮਾਂ" ਵਲੋਂ ਸਨਮਾਨ।
ਫੇਸਬੁੱਕ 'ਤੇ ਚੱਲ ਰਹੇ ਬਹੁਤ ਸਾਰੇ ਗਰੁੱਪਾਂ ਵਲੋਂ ਸਨਮਾਨ।

ਪੁਸਤਕਾਂ : ਸਾਂਝਾ "ਤਾਂਕਾ" ਸੰਗ੍ਰਹਿ
ਸਾਂਝਾ "ਸੇਦੋਕਾ" ਸੰਗ੍ਰਹਿ
"ਛੰਦ ਫੁੱਲਵਾੜੀ" ਸਾਂਝਾ ਸੰਗ੍ਰਹਿ
"ਕਾਵਿ ਰਿਸ਼ਮਾਂ" ਸਾਂਝਾ ਸੰਗ੍ਰਹਿ
"ਤਨੀਸ਼ਾ" ਮੈਗਜ਼ੀਨ ਵਿੱਚ ਛਪੀਆਂ ਬਾਲ ਰਚਨਾਵਾਂ

# ਕੋਰੜਾ ਛੰਦ

ਅੱਜ ਦੇ ਜੁਆਕ, ਸਤਿਕਾਰ ਭੁੱਲੇ ਜੀ।
ਕੇਸ਼ ਕਟਵਾਏ, ਦਸਤਾਰ ਭੁੱਲੇ ਜੀ।
ਲਹਿੰਗੇ ਫੁੱਲਕਾਰੀ, ਕੁੜੀਆਂ ਨੇ ਭੁੱਲੀਆਂ।
ਪੱਛਮੀ ਲਿਬਾਸਾਂ 'ਤੇ, ਫਿਰਨ ਡੁੱਲ੍ਹੀਆਂ।

ਵਿਰਸਾ ਪੰਜਾਬੀ, ਸਾਥੋਂ ਰੁੱਸੀ ਜਾਵੇ ਜੀ।
ਸਭ ਕੁਝ ਸਾਡੇ, ਕੋਲੋਂ ਖੁੱਸੀ ਜਾਵੇ ਜੀ।
ਉੱਚਿਆਂ ਮਹਿਲਾਂ 'ਚ, ਦਿਸਣ ਨਾ ਕੁੱਲੀਆਂ।
ਪੱਛਮੀ ਲਿਬਾਸਾਂ 'ਤੇ, ਫਿਰਨ ਡੁੱਲ੍ਹੀਆਂ।

ਦਸ ਵਜੇ ਬੀਬੀਆਂ, ਦਾ ਹੁੰਦਾ ਤੜਕਾ।
ਬਾਰ੍ਹਾਂ ਵਜੇ ਵਿਹੜੇ,ਵਿੱਚ ਫਿਰੇ ਰੜਕਾ।
ਚਾਹ ਦਾ ਕਟੋਰਾ, ਪੀ ਕੇ ਅੱਖਾਂ ਖੁਲ੍ਹੀਆਂ।
ਪੱਛਮੀ ਲਿਬਾਸਾਂ 'ਤੇ, ਫਿਰਨ ਡੁੱਲ੍ਹੀਆਂ।

ਗੁੱਤ 'ਤੇ ਪਰਾਂਦਾ, ਫੁੱਲਕਾਰੀ ਦਿਸੇ ਨਾ।
ਰੰਗਲੇ ਦੁੱਪਟੇ, 'ਤੇ ਲਲਾਰੀ ਦਿਸੇ ਨਾ।
ਉੱਡ ਗਿਆ ਸਭ, ਨੇਰੀਆਂ ਨੇ ਝੁੱਲੀਆਂ।
ਪੱਛਮੀ ਲਿਬਾਸਾਂ 'ਤੇ, ਫਿਰਨ ਡੁੱਲ੍ਹੀਆਂ।

ਘੜਾ 'ਤੇ ਘੜੋਲੀਆਂ, ਅਲੋਪ ਹੋ ਗਏ।
ਚੁੱਲ੍ਹੇ 'ਤੇ ਤੰਦੂਰ, ਖੌਰੇ ਕਿੱਥੇ ਖੋਹ ਗਏ।
ਪੰਜਾਬੀ ਖਾਣਿਆਂ ਨੂੰ, ਤਰਸੀਆਂ ਬੁੱਲ੍ਹੀਆਂ।
ਪੱਛਮੀ ਲਿਬਾਸਾਂ 'ਤੇ, ਫਿਰਨ ਡੁੱਲ੍ਹੀਆਂ।

ਪਿੰਡਾਂ 'ਚ ਵੀ ਪੱਛਮੀ, ਬਿਮਾਰੀ ਵੜ ਗਈ।
ਮੂੰਹ ਸਿਰ ਸਾਰਿਆਂ, ਦੇ ਵੇਖੋ ਚੜ੍ਹ ਗਈ।
ਨਵੀਂ ਪੀੜ੍ਹੀ ਦੀਆਂ, ਨੇ ਲਗਾਮਾਂ ਖੁੱਲੀਆਂ।
ਪੱਛਮੀ ਲਿਬਾਸਾਂ 'ਤੇ, ਫਿਰਨ ਡੁੱਲ੍ਹੀਆਂ।

''ਭਾਮ ਵਾਲਾ ਆਖੇ'' ਵਿਰਸਾ ਬਚਾ ਲਵੋ।
ਪੰਜਾਬੀਓ ਪੰਜਾਬ, 'ਤੇ ਤਰਸ ਖਾ ਲਵੋ।
ਵਿਰਸੇ ਖ਼ਾਤਰ, ਉਮਰਾਂ ਨੇ ਰੁੱਲੀਆਂ।
ਪੱਛਮੀ ਲਿਬਾਸਾਂ 'ਤੇ, ਫਿਰਨ ਡੁੱਲ੍ਹੀਆਂ।

ਗੀਤ

# ਚੌਂਹ ਪੁੱਤਰਾਂ ਦਾ ਬਾਪੂ

ਬੁੱਢੀ ਉਮਰੇ ਠੋਕਰਾਂ ਮਿਲੀਆਂ, ਨੀਰ ਵਹਾਉਂਦਾ ਏ।
ਚੌਂਹ ਪੁੱਤਰਾਂ ਦਾ ਬਾਪੂ ਦਰ-ਦਰ, ਧੱਕੇ ਖਾਂਦਾ ਏ।

ਲਾਡਾਂ ਨਾਲ ਸੀ ਪਾਲੇ ਜਿਹੜੇ, ਬਾਤ ਨਾ ਪੁੱਛਦੇ ਨੇ।
ਖੌਂ-ਖੌਂ ਕਰਦਾ ਰਹਿੰਦਾ ਸਾਰੀ, ਰਾਤ ਨਾ ਪੁੱਛਦੇ ਨੇ।
ਦਾਤੇ ਅੱਗੇ ਕਰੀਆਂ, ਭੁੱਲਾਂ ਬਖਸ਼ਾਉਂਦਾ ਏ।
ਚੌਂਹ ਪੁੱਤਰਾਂ ਦਾ ਬਾਪੂ ਦਰ-ਦਰ, ਧੱਕੇ ਖਾਂਦਾ ਏ।

ਚਾਵਾਂ ਨਾਲ ਵਿਆਹੇ, ਨੂੰਹਾਂ ਟੁੱਟ ਕੇ ਪੈਂਦੀਆਂ ਨੇ।
ਮੂੰਹੋਂ ਕਦੇ ਨੀਂ ਬਾਪੂ ਸੁਣਿਆ, ਬੁੱਢਾ-ਬੁੱਢਾ ਕਹਿੰਦੀਆਂ ਨੇ।
ਆਪਣੇ ਹੱਥ ਵਢਾ ਕੇ, ਅੱਜ ਬੈਠਾ ਪਛਤਾਉਂਦਾ ਏ।
ਚੌਂਹ ਪੁੱਤਰਾਂ ਦਾ ਬਾਪੂ ਦਰ-ਦਰ, ਧੱਕੇ ਖਾਂਦਾ ਏ।

ਰੋਟੀ ਨੂੰ ਅੱਜ ਤਰਸੇ, ਚੂਰੀਆਂ ਕੁੱਟ ਖਵਾਉਂਦਾ ਸੀ।
ਮੌਢੇ ਉੱਤੇ ਬਿਠਾ ਕੇ, ਮੇਲੇ ਵਿੱਚ ਘੁਮਾਉਂਦਾ ਸੀ।
ਦੁੱਖ ਗੀਤਾਂ ਦੇ ਵਿੱਚ ਲਿਖ ਕੇ, "ਭਾਮ ਵਾਲਾ" ਸੁਣਾਉਂਦਾ ਏ।
ਚੌਂਹ ਪੁੱਤਰਾਂ ਦਾ ਬਾਪੂ ਦਰ-ਦਰ, ਧੱਕੇ ਖਾਂਦਾ ਏ।

ਔਲਾਦ ਨਿਕਲ ਜਾਏ ਮਾੜੀ, ਰੋਗ ਹੱਡਾਂ ਨੂੰ ਲੱਗ ਜਾਂਦੇ।
ਸੁਪਨੇ ਨੈਣਾਂ ਵਿੱਚੋਂ, ਹੰਝੂ ਬਣ ਕੇ ਵਗ ਜਾਂਦੇ।
ਸੋਚਾਂ ਵਿੱਚ ਡੁੱਬਿਆ ਰਹਿੰਦਾ, ਕੋਈ ਨਹੀਂ ਬੁਲਾਉਂਦਾ ਏ।
ਚੌਂਹ ਪੁੱਤਰਾਂ ਦਾ ਬਾਪੂ ਦਰ-ਦਰ, ਧੱਕੇ ਖਾਂਦਾ ਏ।

# ਕਲਮ ਮੇਰੀ

ਸੱਚ ਲਿਖਣ ਤੋਂ, ਕਦੇ ਵੀ ਨਾ ਡਰਦੀ।
ਕਲਮ ਮੇਰੀ ਯਾਰੋ, ਕਦੇ ਵੀ ਨਾ ਹਰਦੀ।
ਲਿਖਦੀ ਲਫ਼ਜ਼, ਸਦਾ ਜੋਸ਼ ਭਰੇ ਜੀ।
ਤੇਜ਼ ਹਥਿਆਰ, ਜਿੰਨਾ ਕੰਮ ਕਰੇ ਜੀ।

ਰਸ ਭਰੇ ਛੰਦ, ਮਿੱਠੇ ਗੀਤ ਲਿਖਦੀ।
ਸੋਹਣੇ ਨਾਲ ਪਈ, ਜੋ ਪ੍ਰੀਤ ਲਿਖਦੀ।
ਉੱਤਲੇ ਚੁਬਾਰੇ, ਬਹਿ ਕੇ ਲਿਖੇ ਚਿੱਠੀਆਂ।
ਚਿੱਠੀਆਂ ਦੇ ਵਿੱਚ, ਗੱਲਾਂ ਲਿਖੇ ਮਿੱਠੀਆਂ।

ਛੋਟਿਆਂ ਲਈ ਦਿਲੋਂ, ਏਹੇ ਪਿਆਰ ਲਿਖਦੀ।
ਵੱਡਿਆਂ ਲਈ ਸੱਚਾ, ਸਤਿਕਾਰ ਲਿਖਦੀ।
ਲਫ਼ਜ਼ਾਂ ਦੇ ਨਾਲ, ਜਿੱਤ ਲੈਂਦੀ ਮਨ ਜੀ।
ਕਰਦੇ ਸਿਫ਼ਤ, ਦਿਲੋਂ ਗੁਰੂਜਨ ਜੀ।

ਯੋਧਿਆਂ ਦੀ ਦਿੱਤੀ, ਕੁਰਬਾਨੀ ਲਿਖਦੀ।
ਭੁੱਲਿਆ ਨਾ ਕੁਝ ਵੀ, ਜ਼ੁਬਾਨੀ ਲਿਖਦੀ।
ਹੱਕਾਂ ਬਾਰੇ ਲਿਖਣ, ਨਿਡਰ ਕਲਮਾਂ।
ਕਦੇ ਨਾ ਵਿਕਣ ਜੀ, ਨਿਡਰ ਕਲਮਾਂ।

ਸ਼ਹੀਦਾਂ ਦੀਆਂ ਵਾਰਾਂ ਤੇ ਕਹਾਣੀ ਲਿਖਦੀ
ਦਸਾਂ ਗੁਰੂਆਂ ਦੀ, ਸੁੱਚੀ ਬਾਣੀ ਲਿਖਦੀ।
ਧਰਮ ਲਈ ਕੀਤੇ, ਉਪਕਾਰ ਲਿਖਦੀ।
ਧੋਖੇਬਾਜ਼ ਬੰਦੇ ਨੂੰ, ਗਦਾਰ ਲਿਖਦੀ

ਕਲਮ ਜੋ ਸੱਚੀ, ਕਦੇ ਵੀ ਨੀ ਦੱਬਦੀ।
ਹੌਂਸਲੇ ਦੇ ਨਾਲ, ਸਦਾ ਅੱਗੇ ਵੱਧਦੀ।
ਕਰਕੇ ਪਰਖ, ਲਿਖੇ 'ਭਾਮ ਵਾਲਿਆ''।
ਬੋਲਦੇ ਹਰਫ਼, ਲਿਖੇ ''ਭਾਮ ਵਾਲਿਆ''।

## ਕੋਰੜਾ ਛੰਦ

# ਗੋਲਕ ਦੀ ਭਾਨ

ਔਂਕੜਾਂ ਦੇ ਨਾਲ, ਯਾਰੋ ਭਰੀ ਜ਼ਿੰਦਗੀ।
ਹਰ ਵੇਲੇ ਰਹਿੰਦੀ, ਡਰੀ-ਡਰੀ ਜ਼ਿੰਦਗੀ।
ਮੁਸੀਬਤ 'ਚ ਪਿਆ, ਹਰ ਇਨਸਾਨ ਜੀ।
ਕੰਮ ਧੰਦੇ ਠੱਪ, ਮਨ ਪਰੇਸ਼ਾਨ ਜੀ।

ਹਫ਼ਤੇ 'ਚ ਤਿੰਨ, ਦਿਨ ਕੰਮ ਮਿਲਦਾ।
ਬਣਿਆ ਬਣਾਇਆ ਜੀ, ਬਜਟ ਹਿਲਦਾ।
ਖੱਪਦੀ ਹੀ ਰਹਿੰਦੀ, ਸਾਰਾ ਦਿਨ ਜਾਨ ਜੀ।
ਕੰਮ ਧੰਦੇ ਠੱਪ, ਮਨ ਪਰੇਸ਼ਾਨ ਜੀ।

ਸਬਜ਼ੀਆਂ ਮਹਿੰਗੀਆਂ, ਬਣਾ ਲੋ ਦਾਲ ਜੀ।
ਦਾਲ ਵੀ ਹੈ ਮੁੱਕੀ, ਖਾ ਲੋ 'ਚਾਰ ਨਾਲ ਜੀ।
ਮਾੜਾ ਵੇਲਾ ਸਾਰੇ, ਗੋਲਕ ਦੀ ਭਾਨ ਜੀ।
ਕੰਮ ਧੰਦੇ ਠੱਪ, ਮਨ ਪਰੇਸ਼ਾਨ ਜੀ।

ਹੱਟੀ ਵਾਲਾ ਲਾਲਾ, ਦਵੇ ਨਾ ਉਧਾਰ ਜੀ।
ਗ਼ਰੀਬੜੇ ਦੀ ਜ਼ਿੰਦ, ਖੱਜਲ-ਖੁਆਰ ਜੀ।
ਮੁੜਦੇ ਨਾ ਪੈਸੇ, ਕਰਕੇ ਜ਼ੁਬਾਨ ਜੀ।
ਕੰਮ ਧੰਦੇ ਠੱਪ, ਮਨ ਪਰੇਸ਼ਾਨ ਜੀ।

ਬੱਚਿਆਂ ਦੀ ਫ਼ੀਸ, ਵੀ ਹੈ 'ਕੱਠੀ ਹੋ ਗਈ।
ਦੁੱਧ ਵਾਲੀ ਆਕੇ, ਦਰਾਂ 'ਤੇ ਖਲੋ ਗਈ।
ਫੱਟ ਗਿਆ ਟੈਰ੍ਹ, ਹੋਇਆ ਨੁਕਸਾਨ ਜੀ।
ਕੰਮ ਧੰਦੇ ਠੱਪ, ਮਨ ਪਰੇਸ਼ਾਨ ਜੀ।

ਸਮਝ ਨਾ ਆਵੇ, ਕਿੱਦਾਂ ਗੱਡੀ ਚੱਲਣੀ।
ਕਿੱਦਾਂ ਸਾਡੀ ਗੱਡੀ, ਹੋਰਾਂ ਨਾਲ ਰਲ਼ਣੀ।
ਪੂਰਾ ਨਹੀਂਓ ਹੁੰਦਾ, ਚੁੱਲ੍ਹੇ ਦਾ ਸਮਾਨ ਜੀ।
ਕੰਮ ਧੰਦੇ ਠੱਪ, ਮਨ ਪਰੇਸ਼ਾਨ ਜੀ।

ਸਾਡਿਆਂ ਮੁਕੱਦਰਾਂ, 'ਚ ਲਿਖੇ ਦੁੱਖ ਜੀ।
ਲਿਆਵੇ 'ਭਾਮ ਵਾਲਾ', ਫਿਰ ਕਿੱਥੋਂ ਸੁੱਖ ਜੀ।
ਬਦਲੂਗਾ ਲੇਖ, ਸਾਡੇ ਭਗਵਾਨ ਜੀ।
ਕੰਮ ਧੰਦੇ ਠੱਪ, ਮਨ ਪਰੇਸ਼ਾਨ ਜੀ।

## 24 ਸੁਰਜੀਤ ਸਿੰਘ ਬਲਾੜ੍ਹੀ ਕਲਾਂ




ਨਾਮ ਅਤੇ ਕਲਮੀ ਨਾਮ : ਸੁਰਜੀਤ ਸਿੰਘ ਬਲਾੜ੍ਹੀ ਕਲਾਂ

ਪਤਾ : ਮਕਾਨ ਨੰ. 25, ਗਲੀ ਨੰ. 3,
ਨੈਸ਼ਨਲ ਐਵੀਨਿਊ, ਜਲੰਧਰ-144 023

ਮੋਬਾਇਲ : +91 80540-03315

ਈ-ਮੇਲ : **balahrikalan25@gmail.com**


ਕਾਰੋਬਾਰ : ਰਿਟਾਇਰਡ ਇੰਸਪੈਕਟਰ (ਪੁਲਿਸ)

ਸਨਮਾਨ : ਸੁਰ-ਸੰਗਮ ਵਿੱਦਿਅਕ ਟ੍ਰੱਸਟ, ਮਾਹਿਲਪੁਰ (2014)

ਪੁਸਤਕਾਂ : ਰੰਗ-ਬਰੰਗੇ ਖਿੜਦੇ ਫੁੱਲ (ਬਾਲ ਕਾਵਿ-ਸੰਗ੍ਰਹਿ) 2014
ਲੰਘਣ ਖ਼ੁਸ਼ੀਆਂ ਵਿੱਚ ਦਿਹਾੜੇ (ਬਾਲ ਕਾਵਿ-ਸੰਗ੍ਰਹਿ) 2020
ਨਸ਼ੇ ਦੀਆਂ ਲਪਟਾਂ (ਕਾਵਿ-ਸੰਗ੍ਰਹਿ) 2021
ਰੰਗ ਰੰਗੀਲੇ ਬੋਲ (ਬਾਲ ਕਾਵਿ-ਸੰਗ੍ਰਹਿ) 2022
ਭਾਸ਼ਾ ਵਿਭਾਗ ਵੱਲੋਂ
ਸੁੰਗਧੀਆਂ ਭਰੇ ਫੁੱਲ (ਬਾਲ ਕਾਵਿ ਸੰਗ੍ਰਹਿ) 2022

# ਸਤਿਕਾਰ ਬਜ਼ੁਰਗਾਂ ਦਾ

ਪਾਉਣਾ ਜੇਕਰ ਚਾਹੁੰਦੇ ਹੋ ਤੁਸੀਂ ਪਿਆਰ ਬਜ਼ੁਰਗਾਂ ਦਾ ।
ਪਹਿਲਾਂ ਕਰਨਾ ਸਿੱਖੀਏ ਬਈ ਸਤਿਕਾਰ ਬਜ਼ੁਰਗਾਂ ਦਾ ॥

ਸਦਾ ਹੀ ਸਾਨੂੰ ਦਿੰਦੇ ਰਹਿਣ, ਦਿਲੋਂ ਦੁਆਵਾਂ ਨੇ,
ਜਿੱਦਾਂ ਦਿੰਦੇ ਪਿੱਪਲ-ਬੋਹੜ, ਠੰਢੀਆਂ ਛਾਵਾਂ ਨੇ,
ਘੂਰ ਕੇ ਸਿੱਧੇ ਰਾਹ ਪਾਉਣਾ, ਅਧਿਕਾਰ ਬਜ਼ੁਰਗਾਂ ਦਾ ।
ਪਹਿਲਾਂ ਕਰਨਾ ਸਿੱਖੀਏ ਬਈ ਸਤਿਕਾਰ ਬਜ਼ੁਰਗਾਂ ਦਾ ॥

ਸੇਵਾ ਕਰਦੇ ਜਿਹੜੇ, ਉਨ੍ਹਾਂ ਨੂੰ ਰਹਿੰਦੀ ਥੋੜ ਨਹੀਂ,
ਤੀਰਥਾਂ ਉਤੇ ਜਾ ਕੇ ਨਾਹੁਣ ਦੀ ਕੋਈ ਲੋੜ ਨਹੀਂ,
ਸੁਭਾ-ਸਵੇਰੇ ਉੱਠ ਕੇ, ਕਰੋ ਦੀਦਾਰ ਬਜ਼ੁਰਗਾਂ ਦਾ।
ਪਹਿਲਾਂ ਕਰਨਾ ਸਿੱਖੀਏ ਬਈ ਸਤਿਕਾਰ ਬਜ਼ੁਰਗਾਂ ਦਾ॥

ਜਿਹੜੇ ਟੱਬਰਾਂ ਵਿੱਚ, ਇਨ੍ਹਾਂ ਦੀ ਲਈ ਸਲਾਹ ਜਾਂਦੀ,
ਹੋਵੇ ਉਥੇ ਵਿਕਾਸ, ਨਾਲੇ ਖੁਸ਼ਹਾਲੀ ਆ ਜਾਂਦੀ,
ਕੀਤਾ ਹੁੰਦੈ ਹੱਥੀਂ, ਹਰ ਕੰਮ-ਕਾਰ ਬਜ਼ੁਰਗਾਂ ਦਾ ।
ਪਹਿਲਾਂ ਕਰਨਾ ਸਿੱਖੀਏ ਬਈ ਸਤਿਕਾਰ ਬਜ਼ੁਰਗਾਂ ਦਾ॥

ਹੰਢਾਇਆ ਸਿਰਾਂ ਤੇ ਹੁੰਦੈ, ਜ਼ਿੰਦਗੀ ਦੇ ਪਰਛਾਵਿਆਂ ਨੂੰ,
ਫਾਇਦਾ ਲੈਣਾ ਆਉਂਦੈ, ਉਨ੍ਹਾਂ ਤੋਂ ਟਾਂਵਿਆਂ-ਟਾਂਵਿਆਂ ਨੂੰ,
ਬਲਾੜ੍ਹੀ, ਚੁੱਕ ਲੈਂਦੇ ਨੇ ਉਹ, ਭਾਰ ਬਜ਼ੁਰਗਾਂ ਦਾ ।
ਪਹਿਲਾਂ ਕਰਨਾ ਸਿੱਖੀਏ ਬਈ ਸਤਿਕਾਰ ਬਜ਼ੁਰਗਾਂ ਦਾ ॥

ਪਾਉਣਾ ਜੇਕਰ ਚਾਹੁੰਦੇ ਹੋ ਤੁਸੀਂ ਪਿਆਰ ਬਜ਼ੁਰਗਾਂ ਦਾ ।
ਪਹਿਲਾਂ ਕਰਨਾ ਸਿੱਖੀਏ ਬਈ ਸਤਿਕਾਰ ਬਜ਼ੁਰਗਾਂ ਦਾ॥

# ਪੰਛੀਆਂ ਤੋਂ ਜੀਣਾ ਸਿੱਖੀਏ

ਸਿੱਖੀਏ ਪੰਛੀਆਂ ਤੋਂ, ਜ਼ਿੰਦਗੀ ਦੇ ਵੱਲ ਵੇ ਲੋਕੋ।
ਦੱਸਦੇ ਨੇ ਕਿੰਝ ਜੀਣਾ ਜੱਗ ਤੇ ਪਲ-ਪਲ ਵੇ ਲੋਕੋ ।

ਕਦੇ ਨਾ ਖਾਂਦੇ ਉਹ, ਤੁੰਨ-ਤੁੰਨ ਕੇ ਖਾਣੇ ਨੂੰ,
ਜਿੰਨੀ ਲੋੜ ਹੋਵੇ, ਉਨਾ ਹੀ ਖਾਂਦੇ ਨੇ ਦਾਣੇ ਨੂੰ,
ਆਉ ਪੱਲੇ ਬੰਨ੍ਹ ਲਈਏ, ਇਹ ਗੱਲ ਵੇ ਲੋਕੋ।
ਸਿੱਖੀਏ ਪੰਛੀਆਂ ਤੋਂ, ਜ਼ਿੰਦਗੀ ਦੇ ਵੱਲ ਵੇ ਲੋਕੋ॥

ਜਲਦੀ ਸੌਣ ਦੀ ਆਦਤ, ਉਨ੍ਹਾਂ ਦੀ ਹੈ ਰਾਤ ਨੂੰ,
ਸੁਵੱਖਤੇ ਉੱਠ ਕੇ ਲੈਂਦੇ ਨੇ, ਆਨੰਦ ਉਹ ਪ੍ਰਭਾਤ ਨੂੰ,
ਜਦੋਂ ਖੜਕਦੇ ਮੰਦਰਾਂ 'ਚ, ਟੱਲ ਵੇ ਲੋਕੋ।
ਸਿੱਖੀਏ ਪੰਛੀਆਂ ਤੋਂ, ਜ਼ਿੰਦਗੀ ਦੇ ਵੱਲ ਵੇ ਲੋਕੋ॥

ਫਿਕਰਾਂ ਦੇ ਵਿੱਚ ਜੀਣਾ, ਉਨ੍ਹਾਂ ਦੇ ਹਿੱਸੇ ਆਇਆ ਨਾ,
ਹਰ ਕੋਈ ਆਪਣਾ ਉਨ੍ਹਾਂ ਦਾ, ਕੋਈ ਵੀ ਪਰਾਇਆ ਨਾ,
ਜਾਇਦਾਦ ਲੈ ਡੁੱਬੀ ਸਾਨੂੰ, ਚੱਲ-ਅਚੱਲ ਵੇ ਲੋਕੋ।
ਸਿੱਖੀਏ ਪੰਛੀਆਂ ਤੋਂ, ਜ਼ਿੰਦਗੀ ਦੇ ਵੱਲ ਵੇ ਲੋਕੋ।

ਕੁੱਦਰਤ ਦੇ ਨਿਯਮਾਂ ਦਾ, ਸਦਾ ਕਰਦੇ ਨੇ ਪਾਲਣ ਉਹ,
ਰਹਿ ਕੇ ਵਿੱਚ ਰਜਾ ਜਿਉਣਾ, ਲੋਕਾਈ ਨੂੰ ਵਿਖਾਲਣ ਉਹ,
ਪਰ ਭੁੱਲਦੇ ਹਾਂ ਜਾਂਦੇ ਅਸੀ, ਉਹਨੂੰ ਅੱਜ ਕੱਲ੍ਹ ਵੇ ਲੋਕੋ।
ਸਿੱਖੀਏ ਪੰਛੀਆਂ ਤੋਂ, ਜ਼ਿੰਦਗੀ ਦੇ ਵੱਲ ਵੇ ਲੋਕੋ।

ਆਓ ਇਨ੍ਹਾਂ ਕੋਲੋਂ ਕੁੱਝ ਨਾ ਕੁੱਝ, ਆਪਾਂ ਸਿੱਖ ਲਈਏ ਜੀ,
ਸਫਲ, ਸੌਖਾ, ਸੁੰਦਰ, ਆਪਣਾ ਬਣਾ ਭਵਿੱਖ ਲਈਏ ਜੀ,
ਢੰਗ ਨਾਲ ਜੀਣ ਦਾ ਇਹ ਵੱਡਾ ਹੈ ਹੱਲ ਵੇ ਲੋਕੋ।
ਸਿੱਖੀਏ ਪੰਛੀਆਂ ਤੋਂ, ਜ਼ਿੰਦਗੀ ਦੇ ਵੱਲ ਵੇ ਲੋਕੋ।

ਸਿੱਖੀਏ ਪੰਛੀਆਂ ਤੋਂ, ਜ਼ਿੰਦਗੀ ਦੇ ਵੱਲ ਵੇ ਲੋਕੋ।
ਦੱਸਦੇ ਨੇ ਕਿੰਝ ਜੀਣ ਜੱਗ ਤੇ ਪਲ-ਪਲ ਵੇ ਲੋਕੋ॥

# ਬਦਲ ਗਿਆ ਸੰਸਾਰ

ਘਟਦਾ ਜਾਂਦੈ ਅੱਜ ਸਾਡਾ ਸਭ ਕਾਸੇ ਨਾਲੋਂ ਮੋਹ-ਪਿਆਰ ਵੇ ਲੋਕੋ ।
ਸਮੇਂ ਨਾਲ ਅੱਜ ਬਦਲ ਗਿਐ, ਬਦਲ ਗਿਐ ਸੰਸਾਰ ਵੇ ਲੋਕੋ ॥

ਇਕ ਦੂਜੇ ਪ੍ਰਤੀ ਹੋ ਗਏ ਆਂ ਅਸੀ ਅੱਜ ਦਿਲਾਂ ਚੋਂ ਖਾਲੀ,
ਸੁੱਕੇ ਸੁੱਕੇ ਅੰਦਰੋਂ, ਉੱਡਗੀ ਤਾਹੀਓਂ ਚਿਹਰਿਓਂ ਲਾਲੀ,
ਮਿਟ ਗਿਐ ਫ਼ਰਕ ਜਮਾਂ ਈ, ਸੱਚ ਝੂਠ ਵਿਚਕਾਰ ਵੇ ਲੋਕੋ ।
ਸਮੇਂ ਨਾਲ ਅੱਜ ਬਦਲ ਗਿਐ, ਬਦਲ ਗਿਐ ਸੰਸਾਰ ਵੇ ਲੋਕੋ ॥

ਸੱਜਣ-ਮਿੱਤਰ, ਰਿਸ਼ਤੇਦਾਰ, ਬਣ ਗਏ ਸਭ ਲੋਕ ਦਿਖਾਵੇ,
ਕੋਈ ਟਾਵਾਂ-ਟੱਲਾ ਹੀ ਹੈ, ਜਿਹੜਾ ਦਿਲੋਂ ਕਦਰ ਹੈ ਪਾਵੇ,
ਬੋਲੀ ਵਿੱਚ ਮਿਠਾਸ ਬੜੀ, ਪਰ ਅੰਦਰੋਂ ਖਾਂਦੇ ਖਾਰ ਵੇ ਲੋਕੋ ।
ਸਮੇਂ ਨਾਲ ਅੱਜ ਬਦਲ ਗਿਐ, ਬਦਲ ਗਿਐ ਸੰਸਾਰ ਵੇ ਲੋਕੋ ॥

ਤੇੜਾਂ ਜਿਹੀਆਂ ਪੈ ਗਈਆਂ ਨੇ, ਅੱਜ ਵਿੱਚ ਪਰਿਵਾਰਾਂ ਦੇ,
ਇਜ਼ਤਾਂ ਬਾਝੋਂ ਖਾਲੀ ਹੋ ਗਏ ਖੀਸੇ ਲਾਣੇਦਾਰਾਂ ਦੇ,
ਬਜ਼ੁਰਗਾਂ ਨੂੰ ਤਾਂ ਸਮਝਦੇ ਅੱਜ ਕੱਲ੍ਹ ਘਰ ਦੇ ਪਹਿਰੇਦਾਰ ਵੇ ਲੋਕੋ ।
ਸਮੇਂ ਨਾਲ ਅੱਜ ਬਦਲ ਗਿਐ, ਬਦਲ ਗਿਐ ਸੰਸਾਰ ਵੇ ਲੋਕੋ ॥

ਜਿੱਧਰ ਨੂੰ ਵੀ ਦੇਖੋ ਸਭ ਕੁੱਝ ਹੋਇਆ ਪਿਆ ਸਲੂਣਾ,
ਭਰਨਾ 'ਨੀ ਇਹ ਘਾਪਾ ਹੁਣ ਤਾਂ, ਰਹੂ ਊਣੇ ਦਾ ਊਣਾ,
"ਬਲਾੜ੍ਹੀ" ਨੂੰ ਵੀ ਮਿਲਦਾ ਨਾ ਹੁਣ, ਪਹਿਲਾਂ ਵਾਲਾ ਪਿਆਰ ਵੇ ਲੋਕੇ ।
ਸਮੇਂ ਨਾਲ ਅੱਜ ਬਦਲ ਗਿਐ, ਬਦਲ ਗਿਐ ਸੰਸਾਰ ਵੇ ਲੋਕੋ ॥

ਘਟਦਾ ਜਾਂਦੈ ਅੱਜ ਸਾਡਾ ਸਭ ਕਾਸੇ ਨਾਲੋਂ ਮੋਹ-ਪਿਆਰ ਵੇ ਲੋਕੋ ।
ਸਮੇਂ ਨਾਲ ਅੱਜ ਬਦਲ ਗਿਐ, ਬਦਲ ਗਿਐ ਸੰਸਾਰ ਵੇ ਲੋਕੋ ॥

# ਸਮਝੋ ਨਾ, ਮਾਪਿਆਂ ਨੂੰ

ਸਮਝੋ ਨਾ, ਮਾਪਿਆਂ ਨੂੰ, ਘਰ ਵਿੱਚ ਵਾਧੂ ਭਾਰ ।
ਲੋਕੋ ਸਮਝੋ ਨਾ,
ਅਸਲੀ ਨੇ ਸਮਰਾਇਆ ਥੋੜਾ, ਥੋੜੇ ਪਾਲਣਹਾਰ।
ਲੋਕੋ ਸਮਝੋ ਨਾ
ਸਮਝੋ ਨਾ, ਮਾਪਿਆਂ ਨੂੰ, ਘਰ ਵਿੱਚ ਵਾਧੂ ਭਾਰ ।
ਲੋਕੋ ਸਮਝੋ ਨਾ

ਘਰਾਂ ਨੂੰ ਤੱਤੀ 'ਵਾ ਨਾ ਲੱਗਦੀ, ਜਿਥੇ ਮਾਂ-ਪਿਓ ਪਿਆਰੇ ,
ਘਰ ਦੇ ਮੈਂਬਰ ਹਰ ਵੇਲੇ ਰਹਿਣ,ਚੜ੍ਹਦੀ ਕਲਾ ਵਿੱਚ ਸਾਰੇ,
ਆਪਣੇ ਧੀਆਂ-ਪੁੱਤਰਾਂ ਉੱਤੋਂ, ਦਿੰਦੇ ਸਭ ਕੁਝ ਵਾਰ ।
ਲੋਕੋ ਸਮਝੋ ਨਾ,
ਸਮਝੋ ਨਾ, ਮਾਪਿਆਂ ਨੂੰ, ਘਰ ਵਿੱਚ ਵਾਧੂ ਭਾਰ ।
ਲੋਕੋ ਸਮਝੋ ਨਾ।

ਬਹਾ ਕੇ ਖ਼ੂਨ-ਪਸੀਨਾ ਹੁੰਦੀਆਂ, ਕੀਤੀਆਂ ਨੇਕ ਕਮਾਈਆਂ,
ਔਖੇ ਹੁੰਦੇ, ਜਦੋਂ ਧੀਆਂ ਪੁੱਤ, ਕਰਦੇ ਨੇ ਮਨ ਆਈਆਂ,
ਉਸ ਵੇਲੇ ਫਿਰ ਅੱਖੀਓਂ ਡੋਲਣ, ਹੰਝੂ ਜ਼ਾਰੋ ਜ਼ਾਰ।
ਲੋਕੋ ਸਮਝੋ ਨਾ
ਸਮਝੋ ਨਾ, ਮਾਪਿਆਂ ਨੂੰ, ਘਰ ਵਿੱਚ ਵਾਧੂ ਭਾਰ ।
ਲੋਕੋ ਸਮਝੋ ਨਾ

ਫੁੱਲੇ ਨਹੀਂ ਸਮਾਉਂਦੇ ਮਾਪੇ, ਟੱਬਰ ਜਿਨ੍ਹਾਂ ਦੇ ਕੱਠੇ,
ਖ਼ੁਸ਼ੀਆਂ ਮਾਨਣ ਆਪਸ ਦੇ ਵਿੱਚ, ਕਰਦੇ ਹਾਸੇ-ਠੱਠੇ ,
ਮਣਾਂ ਮੂੰਹੀਂ ਸਤਿਕਾਰ ਦੇ ਦਿਓ, ਜੀਹਦੇ ਓਹ ਹੱਕਦਾਰ ।
ਲੋਕੋ ਸਮਝੋ ਨਾ
ਸਮਝੋ ਨਾ, ਮਾਪਿਆਂ ਨੂੰ, ਘਰ ਵਿੱਚ ਵਾਧੂ ਭਾਰ ।
ਲੋਕੋ ਸਮਝੋ ਨਾ

ਪਿੱਪਲ-ਬੋਹੜਾਂ ਨਾਲੋਂ ਵੀ ਛਾਂ, ਇਨ੍ਹਾਂ ਦੀ ਠੰਡੀ ਲੱਗੇ,
ਹਰ ਕਿਸੇ ਦਾ ਸੀਸ ਝੁਕਦਾ, ਰਹੇ ਮਾਪਿਆਂ ਅੱਗੇ,
ਬਲਾੜ੍ਹੀ ਵਾਲੇ ਲੋਕਾਂ ਲਈ ਨੇ, ਮਾਪੇ ਗਲ ਦੇ ਹਾਰ।
ਲੋਕੋ ਸਮਝੋ ਨਾ,
ਸਮਝੋ ਨਾ, ਮਾਪਿਆਂ ਨੂੰ, ਘਰ ਵਿੱਚ ਵਾਧੂ ਭਾਰ।
ਲੋਕੋ ਸਮਝੋ ਨਾ।
ਅਸਲੀ ਨੇ ਸਰਮਾਇਆ ਥੋੜਾ, ਥੋੜੇ ਪਾਲਣਹਾਰ।
ਲੋਕੋ ਸਮਝੋ ਨਾ।

25

# ਸਗਲੀ ਰਾਮ



| | |
|---|---|
| ਨਾਮ ਅਤੇ ਕਲਮੀ ਨਾਮ | : ਸਗਲੀ ਰਾਮ 'ਸੱਗੀ' |
| ਪਤਾ | : ਖੈਰੜ ਰਾਵਲਬਸੀ, ਡਾਕ. ਖੈਰੜ ਰਾਵਲਬਸੀ<br>ਜ਼ਿਲ੍ਹਾ ਹੁਸ਼ਿਆਰਪੁਰ |
| ਮੋਬਾਇਲ | : +91 94175-91868 |
| ਵਿੱਦਿਅਕ ਯੋਗਤਾ | : ਐਮ.ਏ.ਪੰਜਾਬੀ, ਐਮ.ਏ.ਇਤਿਹਾਸ, ਐਮ.ਐਡ. |
| ਕਾਰੋਬਾਰ | : ਅਧਿਆਪਕ |
| ਸਾਹਿਤਕ ਪ੍ਰਾਪਤੀਆਂ | : ਬਸੰਤ ਸੁਹੇਲ ਪਬਲੀਕੇਸ਼ਨ ਵਲੋਂ ਵਿਸ਼ੇਸ਼ ਸਨਮਾਨ। |
| ਪੁਸਤਕਾਂ | : ਮਤਵਾਲਾ ਕਮਲ, ਮਾਰੂਥਲ ਦੀ ਭਾਸ਼ਾ, ਵੰਝਲੀ<br>ਇਸ ਤੋਂ ਇਲਾਵਾ ਸ਼ੋਸ਼ਲ ਮੀਡੀਆ ਦੇ ਚਰਚਿਤ ਗਰੁੱਪ 'ਹਾਇਕੂ' ਵਲੋਂ ਪਰਮਜੀਤ ਰਾਮਗੜ੍ਹੀਆ ਦੁਆਰਾ ਸੰਪਾਦਿਤ ਸਾਂਝੇ ਹਾਇਕੂ ਸੰਗ੍ਰਹਿ 'ਪੰਜਾਬੀ ਹਾਇਕੂ ਰਿਸ਼ਮਾਂ' ਵਿੱਚ ਲਗਭਗ 50 ਹਾਇਕੂ ਸ਼ਾਮਿਲ,"ਇੱਕੋ ਰਾਹ ਦੇ ਪਾਂਧੀ" ਤਾਂਕਾ ਸੰਗ੍ਰਹਿ ਵਿੱਚ 50 ਤਾਂਕੇ ਸ਼ਾਮਿਲ, "ਬਲਿਹਾਰੀ ਕੁਦਰਤਿ ਵਸਿਆ" ਹਾਇਕੂ ਸੰਗ੍ਰਹਿ ਵਿੱਚ 100 ਹਾਇਕੂ ਸ਼ਾਮਿਲ ਹਨ ਤੇ "ਬੂੰਦ ਬੂੰਦ ਸਮੁੰਦਰ" ਸੇਦੋਕਾ ਸੰਗ੍ਰਹਿ ਵਿੱਚ 80 ਸੇਦੋਕੇ ਸ਼ਾਮਿਲ ਹਨ। |
| ਸ਼ੌਂਕ | : ਪੰਜਾਬੀ ਸਾਹਿਤ ਪੜ੍ਹਨਾ ਤੇ ਲਿਖਣਾ, ਸਮਾਜ ਸੇਵਾ, ਸੰਗੀਤ ਆਦਿ। |

# ਤਾਂਕਾ

1
ਸ਼ਾਨ ਪੱਗ ਦੀ
ਪੰਜਾਬੀਆਂ ਦੀ ਜਾਨ
ਸੰਭਲ ਜਾਓ
ਗਲੀਆਂ 'ਚ ਨਾ ਰੋਲੋ
ਕੌੜਾ ਕਦੇ ਨਾ ਬੋਲੋ।

2
ਸੂਹਾ ਚਿਹਰਾ
ਸੱਜਣ ਦੀ ਉਡੀਕ
ਰੰਗ ਮਹਿਕੇ
ਦਰ ਉੱਤੇ ਅੱਖੀਆਂ
ਭੋਰਾ ਨਾ ਥੱਕੀਆਂ।

3
ਘਰ ਵਿੱਚ ਹੈ
ਸਵਰਗ ਲੋੜੀਂਦਾ
ਛੱਡੋ ਤੀਰਥ
ਸੇਵਾ ਮਾਪਿਆਂ ਦੀ ਹੀ
ਯਾਰੋ ਹੁੰਦੀ ਮਹਾਨ।

4
ਦੇਖੋ ਜਲਵਾ
ਕੁਦਰਤ ਦੇ ਰੂਪ
ਚੰਗਾ ਤੇ ਮਾੜਾ
ਤਬਾਹੀ ਵੀ ਲਿਆਵੇ
ਨਵਾਂ ਸਿਰਜ ਜਾਵੇ।

5
ਅਸਰ ਮਾੜਾ
ਸੰਘਣੀਆਂ ਧੁੰਦਾਂ ਦਾ
ਮਾੜੀ ਖੇਡ ਦਾ
ਬੇ-ਮੌਸਮੀ ਮੀਂਹ ਦਾ
ਸੜਦੇ ਜੰਗਲਾਂ ਦਾ।

6
ਸੰਸਾਰ ਵਿੱਚ
ਆਦਮੀ ਮੁਸਾਫ਼ਰ
ਆਵੇ ਤੇ ਜਾਵੇ
ਜੇ ਕੰਮ ਕਰੇ ਚੰਗੇ
ਸਭ ਦੇ ਮਨ ਭਾਵੇ।

7

ਸੱਚੀ ਕਿਰਤ
ਮਨੁੱਖ ਦਾ ਵਿਕਾਸ
ਹਮੇਸ਼ਾ ਕਰੋ
ਕਰਮ ਨਿਖਾਰਦਾ
ਜੰਨਤ ਸੁਆਰਦਾ।

8

ਪੰਛੀ ਤੇ ਰੁੱਖ
ਜੰਗਲ ਤੇ ਮਨੁੱਖ
ਰਿਸ਼ਤਾ ਗੂੜ੍ਹਾ
ਪੂਰਕ ਨੇ ਦੋਵੇਂ ਹੀ-
ਜੇ ਰੱਖਣ ਖਿਆਲ।

9

ਮਾਲਾ ਫੇਰਦਾ
ਮਨ ਵਿੱਚ ਹੈ ਪਾਪ
ਅੱਜ ਦਾ ਬੰਦਾ
ਕੁਫ਼ਰ ਹੈ ਤੋਲਦਾ
ਮਿੱਠਾ ਹੈ ਬੋਲਦਾ।

10

ਧਾਰਨ ਕਰੋ
ਸੱਚੇ ਨਾਮ ਦੀ ਮਾਲਾ
ਵੰਡੋ ਖ਼ੁਸ਼ੀਆਂ
ਜਿੰਦੜੀ ਹੈ ਨਿਮਾਣੀ
ਦੋ ਪਲਾਂ ਦੀ ਕਹਾਣੀ।

11

ਬਿਨਾ ਹੁਕਮ
ਕੋਈ ਨਾ ਇੱਥੇ ਆਵੇ
ਨਾ ਕੋਈ ਜਾਵੇ
ਬੀਜ਼ਦਾ ਜੋ ਵੀ ਬੰਦਾ
ਵੱਢ ਉਹ ਹੀ ਖਾਵੇ।

12

ਢਿੱਡ ਦੇ ਲਈ
ਮਰਦਾ ਫਿਰੇ ਬੰਦਾ
ਫੱਕਦਾ ਅੱਗ
ਤਿਲ ਤਿਲ ਮਰਦਾ
ਫਿਰ ਵੀ ਨਾ ਸਰਦਾ।

# ਸੈਦੋਕਾ

1
ਪਾਣੀ ਬਣਿਆ
ਅਜ਼ਗਰ ਦੇ ਵਾਂਗ
ਨਿਗਲੇ ਸਭ ਕੁੱਝ
ਛਾਈ ਕਰੋਪੀ
ਸੂਕਦੀਆਂ ਨਦੀਆਂ
ਦਾਅ 'ਤੇ ਜ਼ਿੰਦਗੀਆਂ।

2
ਚੁੱਪ ਚੁਪੀਤੇ
ਆਉਂਦੀ ਹੈ ਆਫ਼ਤ
ਤਬਾਹੀ ਲਿਆਉਂਦੀ
ਮੁੱਕਣ ਰੰਗ
ਯਾਦਾਂ ਛੱਡੇ ਕੌੜੀਆਂ
ਜਿੱਧਰ ਫੇਰਾ ਪਾਵੇ।

3
ਖੁੰਜਿਆ ਬੰਦਾ
ਰੋਵੇ ਤੇ ਕੁਰਲਾਵੇ
ਘੜੀ ਨੂੰ ਪਛਤਾਵੇ
ਲੰਘਿਆ ਵੇਲਾ
ਕਦੇ ਹੱਥ ਨਾ ਆਵੇ
ਭਾਵੇਂ ਰੋਟ ਝੜਾਵੇ।

4
ਬੱਦਲ ਛਾਏ
ਉਡੀਕਦਾ ਕਿਸਾਨ
ਸੁਣ ਲਵੇ ਪੁਕਾਰ
ਪੈ ਜਾਵੇ ਮੀਂਹ
ਕਿਸਮਤ ਬਦਲੇ
ਛਾ ਜਾਵੇ ਹਰਿਆਲੀ।

5
ਮਾਹੀ ਤੁਰਿਆ
ਸਰਹੱਦ ਦਾ ਸੱਦਾ
ਚੂੜੇ ਵਾਲੀਆਂ ਬਾਹਾਂ
ਰੋਵਣ ਚਾਅ
ਹੱਥਾਂ ਵਾਲੀ ਮਹਿੰਦੀ
ਅੱਖਾਂ ਅੱਗੇ ਬਹਿੰਦੀ।

6
ਵੱਗਦੇ ਹੰਝੂ
ਦੱਸਣ ਸਿਰਨਾਵੇਂ
ਉਲਝ ਗਈ ਤਾਣੀ
ਪੇਸ਼ ਨਾ ਜਾਵੇ
ਕਰਾਂ ਹੀਲਾ ਵਸੀਲਾ
ਸੱਜਣ ਮਿਲ ਜਾਵੇ।

7
ਬਣਾਈ ਕੁੱਲੀ
ਸਰਕੜੇ ਦੀ ਛੱਤ
ਬਾਂਸ ਦੀਆਂ ਬਾਰੀਆਂ
ਡਾਹ ਕੇ ਮੰਜ਼ਾ
ਭਗਤੀ ਹੈ ਕਰਦਾ
ਨਵੇਂ ਰੰਗ ਭਰਦਾ।

8
ਗੱਲਾਂ ਕਰਦਾ
ਤਸਵੀਰ ਦੇ ਅੱਗੇ
ਪੁੱਛਦਾ ਕਦੋਂ ਆਣਾ?
ਆਪਣੀ ਮਾਂ ਨੂੰ
ਉਡੀਕਦਾ ਚੂਰੀਆਂ
ਪੁੱਛੇ ਮਜ਼ਬੂਰੀਆਂ।

9
ਦੱਸਦੀ ਰਾਜ
ਹੱਡ ਬੀਤੀ ਸੁਣਾਵੇ
ਬਾਪੂ ਦੀ ਤਸਵੀਰ
ਸਹਿ ਨਾ ਹੋਵੇ
ਸੁਣ ਕੇ ਦਰਦ ਨੂੰ
ਹੋਵੇ ਮਨ ਉਦਾਸ।

10
ਮਿੱਟੀ 'ਚ ਰੁਲੇ
ਉੱਚੇ ਉੱਚੇ ਮਿਨਾਰ
ਪਲਾਂ ਛਿਣਾਂ ਵਿੱਚ ਹੀ
ਮਿਟੀ ਹਸਤੀ
ਕੁਦਰਤੀ ਕਹਿਰ
ਉਜਾੜ ਬਿਆਵਾਨ।

# ਹਾਇਕੂ

1
ਸੰਭਾਲੋ ਯਾਰੋ
ਅਨਮੋਲ ਰਤਨ
ਹਵਾ ਤੇ ਪਾਣੀ।

2
ਰੁੱਖਾਂ ਉੱਪਰ
ਪੰਛੀਆਂ ਦਾ ਬਸੇਰਾ
ਸੁੱਖਾਂ ਦਾ ਡੇਰਾ।

3
ਮੁੱਕੇ ਹਨੇਰੇ
ਗਿਆਨ ਦੀ ਕਿਰਨ
ਸੰਵਰੇ ਜਿੰਦ।

4
ਹੋਈ ਤਬਾਹੀ
ਮਚ ਗਿਆ ਕਹਿਰ
ਪਾਣੀ ਹੀ ਪਾਣੀ।

5
ਅੰਮ੍ਰਿਤ ਵੇਲਾ
ਖਿਲਾਰਦਾ ਆਲਸ
ਵਿਹਲਾ ਬੰਦਾ।

6
ਪਹੁ ਫੁਟਾਲਾ
ਚਾਰੇ ਪਾਸੇ ਲਿਸ਼ਕਾਂ
ਛਾ ਗਈ ਲਾਲੀ।

7
ਆਈ ਹਨੇਰੀ
ਫੱਟ ਗਿਆ ਬੱਦਲ
ਮਚੀ ਤਬਾਹੀ।

8
ਜੀਵਨ ਜਾਂਚ
ਸਿਖਾਵੇ ਕੁਦਰਤ
ਬੜੀ ਬੇਅੰਤ।

9
ਜ਼ਹਿਰ ਬਣ
ਆਇਆ ਪਹਾੜ ਤੋਂ
ਹੜ ਦਾ ਪਾਣੀ।

10
ਆਈ ਬਸੰਤ
ਖਿੜਦੀ ਗੁਲਜ਼ਾਰ
ਮਨ ਮੋਹਦੀ।

11
ਪੋਹ ਮਹੀਨਾ
ਠੁਰ ਠੁਰ ਕਰਦਾ
ਬਾਲ ਗਰੀਬ।

# 26 ਗੁਰਮੇਲ ਕੌਰ ਸੰਘਾ




ਨਾਮ ਅਤੇ ਕਲਮੀ ਨਾਮ : ਗੁਰਮੇਲ ਕੌਰ ਸੰਘਾ

ਪਤਾ : ਪਿੰਡ ਰਹੀਮ ਪੁਰ, ਨਜ਼ਦੀਕ ਕਾਲਾ ਸੰਘਿਆਂ,
ਜ਼ਿਲ੍ਹਾ ਜਲੰਧਰ।

ਮੋਬਾਇਲ : +44 7846-952178

ਈ-ਮੇਲ : gksangha44@yahoo.com


ਵਿੱਦਿਅਕ ਯੋਗਤਾ : ਬੀ.ਏ., ਐਮ. ਏ. ਪੰਜਾਬੀ

ਪੁਸਤਕਾਂ : * ਸੱਚ ਦੇ ਬੋਲ
* ਦਰਦ ਅਵੱਲੜੇ

# ਗੁਰਮੁਖੀ ਅੱਖਰ

ਚੌਂਤੀ ਭਾਈ ਤੇ ਇੱਕ ਭੈਣ,
ਲਗਾਂ ਮਾਤਰਾਂ ਸ਼ਿੰਗਾਰੇ ਅੱਖਰ।
ਲਿੱਪੀ ਗੁਰਮੁਖ਼ੀ ਕਹਿੰਦੇ ਇਸਨੂੰ,
ਗੁਰੂਆਂ ਮੁੱਖੋਂ ਉਚਾਰੇ ਅੱਖਰ।
ਗੁਰਬਾਣੀ ਸਾਨੂੰ ਦਿੱਤਾ ਖ਼ਜ਼ਾਨਾ,
ਰਾਗਾਂ ਨਾਲ ਸ਼ਿੰਗਾਰੇ ਅੱਖਰ।
ਭਾਂਤ ਭਾਂਤ ਦੀ ਵੰਨਗੀ ਸਾਹਿਤ,
ਸ਼ਬਦਾਂ ਵਿੱਚ ਵਿਚਾਰੇ ਅੱਖਰ।
ਪੰਜ ਦਰਿਆਵਾਂ ਦੇ ਪਾਣੀ ਸੰਗ,
ਲਹਿਰੀਂ ਲੈਣ ਹੁਲਾਰੇ ਅੱਖਰ।
ਲੋਰੀ ਮਾਂ ਦੀ ਬਚਪਨ ਦੇ ਵਿੱਚ,
ਖੇਡੇ ਅੰਗ-ਸੰਗ ਸਾਰੇ ਅੱਖਰ।
ਜਾ ਸਕੂਲ ਮੁਹਾਰਤ ਸਿੱਖੀ,
ਹੋ ਗਏ ਅੱਜ ਬੁਲਾਰੇ ਅੱਖਰ।
ਵਿੱਚ ਸਕੂਲਾਂ ਸਿੱਖਿਆ ਲੈ ਕੇ,
ਜ਼ਿੰਦਗੀ ਖ਼ੂਬ ਸੰਵਾਰੇ ਅੱਖਰ।
ਝੂਮੇ ਬਨਸਪਤੀ ਖ਼ੇਤਾਂ ਬੰਨੇਂ,
ਵਿੱਚ ਫ਼ਸਲਾਂ ਲੈਣ ਹੁਲਾਰੇ ਅੱਖਰ।
ਝਰਨੇ, ਬਰਫ਼ਾਂ ਲੱਦੇ ਪਰਬਤ,
ਕੁਦਰਤ ਵਾਰੇ ਨਿਆਰੇ ਅੱਖਰ।
ਟੱਪੇ, ਘੋੜੀਆਂ, ਸੁਹਾਗ, ਸਿੱਠਣੀਆਂ,
ਵਾਰਾਂ, ਮਾਹੀਏ ਉਚਾਰੇ ਅੱਖਰ।
ਤੱਕ ਬੱਦਲ਼ੀ ਨੂੰ ਨੱਚੇ ਮੋਰ,
ਵਿੱਚ ਮਹਿਕਾਂ ਪੌਣ ਖ਼ਿਲਾਰੇ ਅੱਖਰ।
ਜਦ ਮੇਰੀ ਕਵਿਤਾ ਬਣ ਜਾਂਦੇ,
ਲੱਗਦੇ ਬੜੇ ਪਿਆਰੇ ਅੱਖਰ।
'ਸੰਘਾ'ਜਦ ਮਨ ਭਰ ਭਰ ਉੱਛਲੇ,
ਬਣਦੇ ਮੇਰੇ ਸਹਾਰੇ ਅੱਖਰ।

# ਕਵਿਤਾ

ਕਵੀਆਂ ਦਾ ਜਨੂੰਨ ਹੈ ਕਵਿਤਾ,
ਦਿੰਦੀ ਬੜਾ ਸਕੂਨ ਹੈ ਕਵਿਤਾ।

ਕੁਦਰਤ ਦਾ ਰੂਪ ਹੈ ਕਵਿਤਾ,
ਬਾਣੀ ਦਾ ਸਰੂਪ ਹੈ ਕਵਿਤਾ।

ਗੁਰੂਆਂ ਭਗਤਾਂ ਬਾਣੀ ਲਿਖੀ,
ਜਿਉਣ ਦਾ ਰਾਹ ਵਿਖਾਵੇ ਕਵਿਤਾ।

ਗੁਰਮੁੱਖੀ ਲਿੱਪੀ ਅੱਖਰ ਜੋੜ ਕੇ,
ਸ਼ਬਦ ਜੋੜ ਬਣਾਵੇ ਕਵਿਤਾ।

ਮਾਂ ਦੀ ਮਿੱਠੀ ਲੋਰੀ ਕਵਿਤਾ,
ਜੀਭ ਤੇ ਮਿਸ਼ਰੀ ਭੋਰੀ ਕਵਿਤਾ।

ਬਣੇ ਬੰਦ ਨਾਲ ਬੰਦ ਜੇ ਕਵਿਤਾ,
ਪੜ੍ਹ-ਪੜ੍ਹ ਆਵੇ ਅਨੰਦ ਕਵਿਤਾ।

ਗੱਲ ਕਹਿਣ ਦਾ ਢੰਗ ਕਵਿਤਾ,
ਪਾ ਜਾਂਦੀ ਦਿਲ ਠੰਡ ਕਵਿਤਾ।

ਵਲ਼ ਦਿਲਾਂ ਦੇ ਕੱਢਦੀ ਕਵਿਤਾ,
ਗਿਣ ਗਿਣ ਕੋਕੇ ਜੜਦੀ ਕਵਿਤਾ।

ਗੱਲ ਦੁਖੀ ਦੀ ਬੋਲੇ ਕਵਿਤਾ,
ਦੁਖੀ ਦਾ ਦੁੱਖ ਫਰੋਲੇ ਕਵਿਤਾ।

ਪੜ੍ਹੀ, ਬੋਲੀ ਤੇ ਸਿੱਖੀ ਕਵਿਤਾ,
ਵਿੱਚ ਗੁਰਮੁਖੀ ਲਿਖੀ ਕਵਿਤਾ।

ਰੰਗ ਬਿਰੰਗੀ ਹੋਲੀ ਕਵਿਤਾ,
ਗਾ ਕੇ ਲੋਹੜੀ, ਟੋਹਲੀ ਕਵਿਤਾ।

ਟੱਪੇ, ਸੁਹਾਗ, ਘੋੜੀਆਂ ਕਵਿਤਾ,
ਵਾਰਾਂ, ਕਲੀਆਂ ਜੋੜੀਆਂ ਕਵਿਤਾ।

ਭੰਡ ਗਾ ਕਵਿਤਾ ਹਾਸੇ ਵੰਡੇ,
ਵਣਜਾਰਨਾਂ ਗਾ ਕੇ ਟੱਪੇ ਗੰਢੇ।

ਜਨਮ ਤੇ ਖ਼ੁਸ਼ੀ ਵਿੱਚ ਗਾਵੇ ਕਵਿਤਾ,
ਮੋਇਆਂ ਕੀਰਨੇ ਪਾਵੇ ਕਵਿਤਾ।

ਕਵਿਤਾ ਫੁੱਲ ਫੁੱਲ, ਪੱਤੇ ਪੱਤੇ,
ਸਰ ਸਰ ਹਵਾ ਵਿੱਚ ਕਵਿਤਾ ਨੱਚੇ।

ਚਰਖ਼ੇ ਵਿੱਚੋਂ ਕਵਿਤਾ ਨਿਕਲੀ,
ਚਾੜ੍ਹ ਗਲੋਟਾ ਲਾਹੇ ਕਵਿਤਾ।

ਹੇਠ ਬਰੋਟੇ ਦੇ ਕੱਢਣ ਕਸੀਦਾ,
ਤੰਦ ਪਿਆਰ ਦੇ ਪਾਵੇ ਕਵਿਤਾ।

ਖ਼ੇਤਾਂ ਬੰਨੇ ਜੋ ਵੱਟੋ - ਵੱਟੀ,
ਕਿਸਾਨ ਖ਼ੁਸ਼ੀ ਵਿੱਚ ਗਾਵੇ ਕਵਿਤਾ।

ਪੌਣ ਸੁਗੰਧਿਤ, ਲਹਿਰਾਂ- ਬਹਿਰਾਂ,
ਫ਼ਸਲਾਂ ਸੰਗ ਲਹਿਰਾਵੇ ਕਵਿਤਾ।

ਬਲਦਾਂ ਦੇ ਗਲ਼ ਟੱਲੀਆਂ ਵਿੱਚੋਂ,
ਲੱਗਦਾ ਮੈਨੂੰ ਥਿਆਈ ਕਵਿਤਾ।

ਜਾਂ ਫਿਰ ਖ਼ੂਹ ਦੀਆਂ ਟਿੰਡਾਂ ਵਿੱਚੋਂ,
ਸਣ ਸਣ ਕਰਦੀ ਆਈ ਕਵਿਤਾ।

ਪਿੰਡ ਦੀ ਫਿਰਨੀ ਉੱਤੇ ਲੱਗੇ,
ਖ਼ਰਾਸ ਦੇ ਪੁੜਾਂ'ਚੋਂ ਨਿਕਲੀ ਕਵਿਤਾ।

ਜਾਂ ਭੱਠੀ ਤੇ ਦਾਣੇ ਭੁੰਨਦੀ,
ਤ੍ਰਿੰਜਣੀਂ ਪਾਵੇ ਕਿੱਕਲੀ ਕਵਿਤਾ।

ਮੂੰਹ ਹਨ੍ਹੇਰੇ ਉੱਠ ਰਿੜਕਾ ਪਾਉਂਦੀ,
ਚਾਟੀ ਵਿੱਚ ਧਮਾਲ ਜਿਓ ਖਿੜਕੇ।

ਬਣ ਸੁਰੀਲੀ ਘੂਕਰ ਨਿਕਲੇ,
ਚਰਖ਼ੇ ਉੱਤਲੀ ਮਾਲ੍ਹ ਨਾਲ ਭਿੜਕੇ।

ਤੱਕ ਸੂਰਜ ਦੀ ਸੁਨਹਿਰੀ ਟਿੱਕੀ,
ਚਿੜੀਆਂ ਚਹਿਕਣ ਰੁੱਖ਼ਾਂ ਉੱਤੇ।

ਵੇਖ ਚੜ੍ਹਦੇ ਸੂਰਜ ਦੀ ਲਾਲੀ,
ਚਮਕ ਆ ਜਾਵੇ ਮੁੱਖਾਂ ਉੱਤੇ।

ਕਿਰਨ ਉਧਾਰੀ ਲੈ ਸੂਰਜ ਤੋਂ,
ਖ਼ੁਸ਼ੀ ਵਿੱਚ ਲਿਖ ਕੇ ਗਾਈ ਕਵਿਤਾ।

'ਸੰਘਾ' ਕਵਿਤਾ ਜ਼ਿੰਦਗੀ ਦੇਵੇ,
ਤਾਹੀਂਓ ਜੋੜ ਬਣਾਈ ਕਵਿਤਾ।

# ਠੋਕਰਾਂ

ਅਸੀਂ ਠੋਕਰਾਂ ਨੂੰ ਤਾਂ ਟਿੱਚ ਮੰਨਦੇ,
ਜੇ ਆਪਣੇ ਨਾ ਬੇਈਮਾਨ ਹੋਣ।
ਭੇਤੀ ਨਾ ਹੋਣ ਕਰੀਬੀ ਜੇਕਰ,
ਜਗ ਵਿੱਚ ਘੱਟ ਨੁਕਸਾਨ ਹੋਣ।
ਡੋਬ ਜਾਂਦੇ ਨੇ ਯਾਰ ਕਮੀਨੇ,
ਭਾਵੇਂ ਕੀਤੇ ਲੱਖ ਅਹਿਸਾਨ ਹੋਣ।
ਉੱਥੇ ਲੱਗੀਆਂ ਦੇ ਮੁੱਲ ਨਹੀਂ ਪੈਂਦੇ,
ਜਿੱਥੇ ਡੋਲਦੇ ਨਿੱਤ ਈਮਾਨ ਹੋਣ।
ਉਸ ਕੌਮ ਨੂੰ ਕੋਈ ਨਾ ਮੇਟ ਸਕੇ,
ਜਿਹਦੇ ਯੋਧੇ ਵਾਰਦੇ ਜਾਨ ਹੋਣ।
ਜਿੱਤ ਦਾ ਆਨੰਦ ਦੁੱਗਣਾ 'ਸੰਘਾ',
ਜਦੋਂ ਭਿੜਦੇ ਵਿੱਚ ਮੈਦਾਨ ਹੋਣ।

# 27 ਮਹਿੰਦਰ ਸਿੰਘ ਦਿਲਬਰ



ਨਾਮ ਅਤੇ ਕਲਮੀ ਨਾਮ : ਮਹਿੰਦਰ ਸਿੰਘ ਦਿਲਬਰ


ਪਤਾ : ਖਾਨ ਪੁਰ, ਨਵਾਂ ਸ਼ਹਿਰ, ਪੰਜਾਬ (ਭਾਰਤ)

: **8 Mallow close Walsall WS5 4RF (UK)**

ਮੋਬਾਇਲ +44 777314 6438 ?

ਈ-ਮੇਲ : **msingh44@hotmail.co.uk**


ਵਿੱਦਿਅਕ ਯੋਗਤਾ : ਹਾਇਅਰ ਸਕੈਂਡਰੀ

ਮੈਂਬਰ : ਯੂਰਪੀਨ ਪੰਜਾਬੀ ਸੱਥ ਵਾਲਸਲ ਯੂ. ਕੇ.

ਸਾਹਿਤਕ ਪ੍ਰਾਪਤੀਆਂ : ਜਗਤ ਪੁਰ ਲਿਖਾਰੀ ਸਭਾ 1965-66
ਖ਼ਜ਼ਾਨਚੀ -ਕੇਂਦਰੀ ਪੰਜਾਬੀ ਸਾਹਿਤ ਸਭਾ
ਵੁਲਵਰਹੈਂਪਟਨ ਯੂ. ਕੇ.

ਪੁਸਤਕਾਂ : 1. ਕਾਲ਼ਾ ਗੁਲਾਬ (ਨਿਲਸਨ ਮੰਡੇਲਾ) ਕਾਵਿ ਸੰਗ੍ਰਹਿ
2. ਅਮਨ ਜਲ਼ ਰਿਹਾ ਹੈ (ਕਾਵਿ ਸੰਗ੍ਰਹਿ)
3. ਇੱਕ ਸੀ ਸ਼ਾਜ਼ੀਆ (ਕਹਾਣੀ ਸੰਗ੍ਰਹਿ)
ਅਤੇ ਹੋਰ ਬਹੁਤ ਸਾਰੇ ਰਸਾਲਿਆਂ ਅਤੇ ਅਖ਼ਬਾਰਾਂ ਵਿੱਚ ਛਪਣਾ।

ਇੱਕ ਕਲਮ ਦੀ ਬਰਸੀ 'ਤੇ

# ਗੂੰਗੀਆਂ ਕਲਮਾਂ

ਇੱਕ ਦਿਨ ਇਨਸਾਨਾਂ ਵਾਂਗ
ਕਲਮਾਂ ਦੀ ਵੀ ਤੂੰ ਤੂੰ ਮੈਂ ਮੈਂ ਹੋ ਗਈ
ਇਸ ਵੇਰ ਨਿੱਕੀਆਂ ਕਲਮਾਂ ਨੇ
ਵੱਡੀਆਂ ਕਲਮਾਂ ਨੂੰ ਪੁੱਛਿਆ।
ਤੁਸੀਂ ਸੱਭ ਕੁੱਝ
ਵੇਖਦੀਆਂ ਹੋਈਆਂ ਵੀ
ਗੂੰਗੀਆਂ ਕਿਉਂ ਹੋ ਜਾਂਦੀਆਂ ਹੋ?
ਜ਼ਬਰ ਅਤੇ ਜ਼ੁਲਮ ਅੱਗੇ ਤਾਂ
ਤੁਸੀਂ ਮੂੰਹ ਹੀ ਨਹੀਂ ਖੋਲ੍ਹਦੀਆਂ
ਖ਼ਾਮੋਸ਼ ! ਬੱਸ ਇੱਕ ਦਮ ਖ਼ਾਮੋਸ਼
ਵੱਡੀਆਂ ਕਲਮਾਂ ਨੇ ਕਿਹਾ
ਕਈ ਵੇਰ ਸੱਚ ਕਹਿਣ ਤੇ
ਸਾਹ ਸੂਤਣ ਵਾਂਗ ਹੀ
ਸਾਡੀ ਸਿਆਹੀ ਵੀ
ਸੂਤ ਲਈ ਜਾਂਦੀ ਏ ।
ਤੇ ਕਿਹਾ ਜਾਂਦਾ ਏ
ਕੁੱਝ ਨਾ ਲਿਖਣਾ
ਤੇ ਕੁੱਝ ਨਾ ਬੋਲਣਾ।
ਨਹੀਂ ਤੇ ਕਿਸੇ ਦਿਨ
ਅਵੱਸ਼ ਹੀ ਅਸੀਂ
ਤੇਰੀ ਬਰਸੀ ਮਨਾਵਾਂਗੇ।
ਤੇ ਕਹਿ ਦੇਵਾਂਗੇ
ਇਸ ਕਲਮ ਨੇ ਬਹੁਤ
ਸੱਚ ਸੱਚ ਲਿਖਿਆ ਸੀ।

# ਔਰਤ ਦੀ ਵੇਦਨਾ

ਮੇਰੇ ਤੋਂ ਛੁੱਟਿਆ ਵਿਹੜਾ ਮੇਰਾ
ਮਾਏਂ ਨੀ ਘਰ ਕਿਹੜਾ ਮੇਰਾ।

ਸਿਰ ਤੇ ਪਾ ਕੇ ਲਾਲ ਪਰਾਂਦੀ
ਹਰ ਕੰਜਕ ਘਰ ਢੂੰਡਣ ਜਾਂਦੀ।

ਬਾਬਲ ਦਾ ਘਰ ਕਿਉਂ ਹੈ ਛੋਟਾ
ਮੇਰੇ ਰਹਿਣ ਲਈ ਕਿਉਂ ਹੈ ਖੋਟਾ।

ਆਖ਼ਰ ਨੂੰ ਮੈਂ ਜਿੱਥੇ ਵੀ ਜਾਵਾਂ
ਉਸ ਘਰ ਦੀ ਮੈਂ ਜੱਦ ਵਧਾਵਾਂ ।

ਪਾਲ਼ਾਂ ਪੋਸਾਂ ਮੈਂ ਆਪਣੇ ਬੱਚੇ
ਰਹਿ ਨਾ ਜਾਵਣ ਅਕਲੋਂ ਕੱਚੇ ।

ਦੁੱਖੜੇ ਹੀ ਮੇਰੇ ਹਿੱਸੇ ਆਉਂਦੇ
ਕਈ ਬਲਾਵਾਂ ਨਾਲ਼ ਲਿਆਉਂਦੇ।

ਕਲ਼ਾ ਕਲੇਸ਼ ਵੀ ਜਰ ਲੈਂਦੀ ਹਾਂ
ਠੰਡਾ ਹਾਉਕਾ ਮੈਂ ਭਰ ਲੈਂਦੀ ਹਾਂ ।

ਦੋਜ਼ਕ ਦੀ ਅੱਗ 'ਚ ਵੀ ਹਾਂ ਧੱਸਦੀ
ਬਾਬਲ ਨੂੰ ਮੈਂ ਦੁੱਖੜਾ ਨਾ ਦੱਸਦੀ ।

ਬੁਢਾਪੇ 'ਚ ਜਦੋਂ ਪੈਰ ਹਾਂ ਧਰਦੀ
ਪੁੱਤਾਂ 'ਚੋਂ ਲੱਭਾਂ ਮੈਂ ਆਪਣਾ ਦਰਦੀ ।

ਘਰ ਬਣਾਉਂਦੀ ਮੈਂ ਥੱਕ ਜਾਂਦੀ ਹਾਂ
ਆਖ਼ਰ ਨੂੰ ਮਰ ਮੁੱਕ ਜਾਂਦੀ ਹਾਂ ।

ਪੇਕੇ ਘਰ 'ਚੋਂ ਲੀਰ ਜੋ ਸਰਦੀ
ਉਸ ਕੱਫ਼ਨ ਦੀ ਉਡੀਕ ਮੈਂ ਕਰਦੀ ।

# ਮਾਂ ਬੋਲੀ ਦਿਵਸ ’ਤੇ

ਮਾਂ ਬੋਲੀ ਪੰਜਾਬੀ ਹੈ ਸਾਡੀ ਮਾਂ ਵਰਗੀ
ਜੇਠ ਹਾੜ੍ਹ ਦੀਆਂ ਧੁੱਪਾਂ ਵਿੱਚ ਛਾਂ ਵਰਗੀ

ਇਸ ਨੇ ਗੁਰੂਆਂ ਪੀਰਾਂ ਦੀ ਸ਼ੋਹ ਪਾਈ ਏ
ਭਗਤਾਂ ਨੇ ਵੀ ਖੁਸ਼ੀ ਖੁਸ਼ੀ ਇਹ ਗਾਈ ਏ
ਇਹ ਤਾਂ ਮੈਂਨੂੰ ਜਾਪੇ ਗੁਰਾਂ ਦੇ ਨਾਂ ਵਰਗੀ
ਮਾਂ ਬੋਲੀ ਪੰਜਾਬੀ ਸਾਡੀ ਮਾਂ ਵਰਗੀ

ਮਾਂ ਲੋਰੀਆਂ ਇਸ ਬੋਲੀ ਵਿੱਚ ਸੁਣਾਂਦੀ ਸੀ
ਇਸ ਬੋਲੀ ਵਿੱਚ ਉਹ ਸੱਭ ਕੁੱਝ ਗਾਉਂਦੀ ਸੀ
ਮੈਂਨੂੰ ਸਾਰੀ ਦੁਨੀਆਂ ਲੱਗੇ ਮੇਰੇ ਗਰਾਂ ਵਰਗੀ
ਮਾਂ ਬੋਲੀ ਪੰਜਾਬੀ ਹੈ ਸਾਡੀ ਮਾਂ ਵਰਗੀ

ਅਸੀਂ ਗਿੱਧੇ ਭੰਗੜੇ ਮਾਂ ਬੋਲੀ ਵਿੱਚ ਪਾਉਂਦੇ ਹਾਂ
ਕਿੱਸੇ ਕਹਾਣੀਆਂ ਵਾਰਾਂ ਵੀ ਅਸੀਂ ਗਾਉਂਦੇ ਹਾਂ
ਮੈਂਨੂੰ ਹੋਰ ਬੋਲੀ ਨਾ ਲੱਭਦੀ ਇਹਦੇ ਨਾਂ ਵਰਗੀ
ਮਾਂ ਬੋਲੀ ਪੰਜਾਬੀ ਹੈ ਸਾਡੀ ਮਾਂ ਵਰਗੀ

ਮੈਂਨੂੰ ਮਾਣ ਹੈ ਮੈਂ ਪੰਜਾਬੀ ਦੇਸ਼ ਪੰਜਾਬ ਮੇਰਾ
ਅਸੀਂ ਹਮੇਸ਼ਾਂ ਰੱਖਿਆ ਕਰਦੇ ਹਾਂ ਜੇਰਾ
ਧਰਤ ਪੰਜਾਬ ਦੀ ਹੈ ਸਾਡੀ ਜਾਂ ਵਰਗੀ
ਮਾਂ ਬੋਲੀ ਪੰਜਾਬੀ ਸਾਡੀ ਮਾਂ ਵਰਗੀ।

**ਹਰ ਉਸ ਜੰਗ ਦੇ ਨਾਮ ਜੋ ਕਿਸੇ ਅੜੀਅਲ**
**ਹਾਕਮ ਦੇ ਰਵੱਈਏ ਤੋਂ ਸ਼ੁਰੂ ਹੁੰਦੀ ਹੈ।**

# ਜੰਗ

ਸੀਮਾ ਤੋਂ ਇਸ ਪਾਰ
ਅਤੇ ਉਸ ਪਾਰ ਵੀ
ਘੁੱਗ ਵੱਸਦੇ ਨੇ
ਪਿੰਡ ਤੇ ਸ਼ਹਿਰ।
ਵੀਲ ਚੇਅਰ ਤੇ ਬੈਠਾ
ਅਪਾਹਜ ਫ਼ੌਜੀ
ਰੇਡੀਓ ਸੁਣ ਰਿਹਾ ਸੀ
ਜੰਗ ਦਾ ਐਲਾਨ !!
ਜੰਗ ਦਾ ਐਲਾਨ ਸੁਣ ਕੇ
ਪਿੱਛਲੀ ਜੰਗ ਦੀ ਤਸਵੀਰ
ਉਸ ਦੀਆਂ ਅੱਖਾਂ ਮੂਹਰੇ
ਘੁੰਮਣ ਲੱਗਦੀ ਹੈ।
ਹੁਣ ਫਿਰ ਤੋਂ ਮਾਂਵਾਂ ਦੇ
ਪੁੱਤ ਮਰਨਗੇ
ਫਿਰ ਚੂੜੇ ਵਾਲ਼ੀਆਂ
ਵਿਧਵਾ ਹੋਣਗੀਆਂ।
ਠਾਹ, ਠਾਹ, ਠਾਹ
ਅਤੇ ਤੋਪਾਂ ਦੇ ਖੜਾਕ ਵਿੱਚ
ਗੁਆਚ ਜਾਵੇਗਾ ਅਮਨ
ਫਿਰ ਲਾਸ਼ਾਂ ਵਿਛ ਜਾਣਗੀਆਂ।
ਕੁੱਝ ਲਾਸ਼ਾਂ ਨੂੰ ਘਰੀਂ
ਭੇਜ ਦਿੱਤਾ ਜਾਵੇਗਾ
ਕੁੱਝ ਅਗਨ ਭੇਂਟ
ਅਤੇ ਕੁੱਝ ਦਫ਼ਨਾ
ਦਿੱਤੀਆਂ ਜਾਣਗੀਆਂ
ਧਰਤੀ ਮਾਂ ਦੀ ਬੁੱਕਲ਼ ਵਿੱਚ।
ਬਲ਼ਦੀ ਅੱਗ ਦਾ ਧੂੰਆਂ
ਗੁੰਮ ਸੁੰਮ ਅਤੇ
ਚੁੱਪ ਜਿਹੀ ਫ਼ਿਜ਼ਾ ਵਿੱਚ
ਪਸਰ ਜਾਵੇਗਾ।
ਫਿਰ ਜੰਗ ਰੁਕੇਗੀ
ਤੇ ਦੋਨਾਂ ਪਾਸਿਆਂ ਦੇ ਹਾਕਮ
ਬਹਾਦਰੀ ਦੇ ਤਗਮੇਂ ਵੰਡਣਗੇ
ਢੱਠੇ ਹੋਏ ਮਕਾਨ ਫਿਰ ਉਸਰਨਗੇ
ਫਿਰ ਕੋਈ ਨਵਾਂ ਹਾਕਮ
ਗੱਦੀ ਤੇ ਬੈਠ ਆਪਣੇ ਅਹੁਦੇ ਦਾ
ਇਸਤੇਮਾਲ ਕਰੇਗਾ।
ਫਿਰ ਸੀਮਾ ਤੇ ਛੇੜ-ਛਾੜ
ਸ਼ੁਰੂ ਹੋ ਜਾਵੇਗੀ
ਧੂੰਏਂ ਦੇ ਬੱਦਲ਼
ਫਿਰ ਉੱਠਣਗੇ ।
ਆਕਾਸ਼ ਵਿੱਚ ਉੱਡਦੇ ਪੰਛੀ
ਸੀਮਾਂ ਦੀ ਲਕੀਰ ਤੋਂ
ਕਦੀ ਇਸ ਪਾਰ, ਅਤੇ
ਕਦੀ ਉਸ ਪਾਰ ਤੱਕਣਗੇ।
ਬਰਬਾਦੀ ਦਾ ਮੰਜ਼ਰ।
ਜਿਵੇਂ ਉਹ ਪੰਛੀ ਕਹਿ ਰਹੇ ਹੋਣ
ਇਹ ਕਿਹੋ ਜਿਹੇ ਮਨੁੱਖ
ਵੱਸਦੇ ਨੇ ਇਸ ਧਰਤੀ ਤੇ।
ਇਹ ਕਦੇ ਆਪਣਾ ਘਰ
ਬਣਾ ਲੈਂਦੇ ਹਨ
ਤੇ ਕਦੇ ਢਾਹ ਲੈਂਦੇਂ ਹਨ।

# ਕੇਵਲ ਰਾਮ




ਨਾਮ ਅਤੇ ਕਲਮੀ ਨਾਮ : ਕੇਵਲ ਰਾਮ

ਪਤਾ : ਮਕਾਨ ਨੰ. ਬੀ–5/398, ਕੁਲਾਮ ਰੋਡ,
ਨਵਾਂ ਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

ਮੋਬਾਇਲ : +91 94634–05229

ਈ–ਮੇਲ : **kewalrammahey@gmail.com**


ਵਿੱਦਿਅਕ ਯੋਗਤਾ : ਐਮ.ਏ. (ਪੰਜਾਬੀ, ਪੋਲ. ਸਾਇੰਸ,
ਸਮਾਜ ਸ਼ਾਸਤਰ, ਪਬਲਿਕ ਐਡਮਿਨਟ੍ਰੇਸ਼ਨ,
ਭਾਸ਼ਾ ਵਿਗਿਆਨ, ਅੰਗਰੇਜ਼ੀ),
ਐਮ.ਐੱਡ. ਯੂ.ਜੀ.ਸੀ. ਨੈੱਟ (ਪੰਜਾਬੀ, ਐਜੂਕੇਸ਼ਨ)

ਕਾਰੋਬਾਰ : ਪੰਜਾਬੀ ਅਧਿਆਪਕ, ਸਰਕਾਰੀ ਸੀਨੀਅਰ
ਸੈਕੰਡਰੀ ਸਕੂਲ, ਹਿਆਲਾ

ਸਾਹਿਤਕ ਪ੍ਰਾਪਤੀਆਂ : ਜ਼ਿਲ੍ਹਾ ਭਾਸ਼ਾ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ
ਵਲੋਂ ਵਿਸ਼ੇਸ਼ ਸਨਮਾਨ।

ਲਿਖਣ ਵਿਧਾ : ਆਲੋਚਨਾ (ਖੋਜ ਪੱਤਰ, ਰੀਵਿਊ ਅਤੇ ਨਿਬੰਧ)
ਕਵਿਤਾ

# ਕਿਰਤੀ ਦੀ ਜੂਨ

ਸ਼ਾਡੇ ਬੱਚੇ ਭੁੱਖੇ ਸੌਂਦੇ,
ਹਾਕਮ ਦੇ ਕੁੱਤੇ ਪੀਜ਼ੇ ਖਾਂਦੇ।
ਸ਼ਾਮ ਸਵੇਰੇ ਢੇਰਾਂ ਤੋਂ ਸਬਜ਼ੀ ਚੁੱਗਦੇ,
ਸਾਡੇ ਬੱਚੇ ਨੰਗ ਧੜੰਗੇ।
ਹਾਕਮ ਵਿਦੇਸ਼ੀ ਫ਼ਲ ਸਬਜ਼ੀਆਂ ਖਾਂਦੇ,
ਫਿਰ ਵੀ ਬੱਚੇ ਸੌ ਸੌ ਨਖਰੇ ਕਰਦੇ।
ਹਾਕਮ ਦੇ ਮਹਿਲੀਂ ਮਖ਼ਮਲੀ ਗੱਦੇ,
ਸਾਡੇ ਲਈ ਗੱਦਾ ਧਰਤੀ ਏ।
ਸਾਡੇ ਨਵ ਜੰਮਿਆਂ ਨੂੰ ਪਿੱਠੀ ਝੂਲੇ,
ਹਾਕਮ ਦਿਆਂ ਨੂੰ ਪੰਘੂੜੇ ਵੰਨ ਸੁਵੰਨੇ।
ਉਹ ਸਾਡੇ ਜਨਮਤ ਨਾਲ ਹਾਕਮ ਬਣੇ,
ਫਿਰ ਵੀ ਸਾਨੂੰ ਹੱਕ ਮੰਗਦਿਆਂ ਨੂੰ ਡੰਡੇ ਨੇ।

# ਤੂੰ ਵਿਸ਼ਵਾਸ ਰੱਖੀ

ਬ਼ਾਬਲ ਤੇਰੇ ਘਰ ਦੀ ਜਾਈ,

ਇੱਜ਼ਤ ਮਾਣ ਰੱਖਾਂਗੀ ਤੂੰ ਵਿਸ਼ਵਾਸ ਰੱਖੀ.

ਪੜ੍ਹ ਲਿਖ ਮੰਜ਼ਲ ਸਰ ਕਰਾਂਗੀ,

ਤੂੰ ਅਗਵਾਈ ਰੱਖੀਂ।

ਮੇਰੀ ਸੋਚ ਸੁਪਨੇ ਉੱਚੇ ਪੂਰੇ ਕਰਾਂਗੀ,

ਤੂੰ ਪੜ੍ਹਨ ਦੇ ਮੌਕੇ ਬਖਸ਼ੀ।

ਵਿੱਦਿਆ ਦਾ ਪਾ ਗਹਿਣਾ,ਕਾਮਯਾਬ ਹੋ,

ਲੋਕਾਂ ਦੇ ਧੀਆਂ ਲਈ ਦੂਰ ਭੁਲੇਖੇ ਕਰਾਂਗੀ,

ਤੇਰੀ ਕੁੱਲ ਦਾ ਨਾਂ ਰੋਸ਼ਨ ਕਰਾਂਗੀ,

ਤੂੰ ਵਿਸ਼ਵਾਸ ਰੱਖੀਂ।

ਪਾ ਉੱਚਾ ਅਹੁਦਾ, ਕਿਰਤੀ ਧੀਆਂ ਦਾ

ਰਾਹ ਦਸੇਰਾ ਬਣਾਂਗੀ।

ਮਾੜੀ ਸੋਚ ਨੂੰ ਕੁਚਲ ਅੱਗੇ ਵਧਾਂਗੀ,

ਤੂੰ ਵਿਸ਼ਵਾਸ ਰੱਖੀ

ਤੂੰ ਵਿਸ਼ਵਾਸ ਰੱਖੀ

# ਸਭ ਤੋਂ ਔਖਾ

ਸਭ ਤੋਂ ਔਖਾ ਹੁੰਦਾ,
ਮਨ 'ਚ ਪਲਦੀਆਂ ਸੱਧਰਾਂ ਨੂੰ ਮਾਰਨਾ,
ਸੀਨੇ 'ਚੋਂ ਉੱਠਦੀ ਚੀਸ ਨੂੰ ਰੋਕਣਾ,
ਤੇ ਤੜਪ ਨੂੰ ਮਾਰਨਾ।
ਸਭ ਤੋਂ ਔਖਾ ਹੁੰਦਾ
ਚੋਂਦੀ ਛੱਤ ਹੇਠ ਭੁੱਖੇ ਬਾਲਾਂ ਨੂੰ,
ਸੌਣ ਲਈ ਕਹਿਣਾ,
ਗਿੱਲੇ ਕੱਪੜਿਆਂ ਨੂੰ ਤਿਪਦੇ ਵੇਖਣਾ।
ਸਭ ਤੋਂ ਔਖਾ ਹੁੰਦਾ
ਕਿਰਤੀ ਦੀ ਮਜ਼ਦੂਰੀ ਦਾ ਮਰ ਜਾਣਾ,
ਤੇ ਉੱਚਿਆਂ ਨਾਲ ਮੱਥਾ ਲਾਉਣਾ,
ਇਹ ਸਭ ਚੁੱਪ-ਚਾਪ ਜਰ ਜਾਣਾ,
ਸਭ ਤੋਂ ਔਖਾ ਹੁੰਦਾ,
ਕਿਰਤੀ ਦੀਆਂ ਸੱਧਰਾਂ ਦਾ ਮਰ ਜਾਣਾ ......

# ਵਹਿਣ

ਕੱਲ੍ਹ ......

ਭ੍ਰਿਸ਼ਟਾਚਾਰ ...
ਨਸਲਕੁਸ਼ੀ ...
ਕਿਸਾਨ ਅੰਦੋਲਨ ...
ਕੋਵਿਡ ...
ਮਰ ਰਹੀ ਮਨੁੱਖਤਾ ...?

ਅੱਜ ......

ਕਤਲ ...
ਖੁਦਕੁਸ਼ੀਆਂ ...
ਪਰਵਾਸ ...
ਕੰਗਾਲੀ ...
ਨਸ਼ਿਆਂ ਦਾ ਵੱਧਦਾ ਰੁਝਾਨ ...?

ਕੱਲ੍ਹ ......

ਭਾਸ਼ਾ ਦੀ ਮੌਤ ...
ਬੰਜਰ ਧਰਤੀ ...
ਹਵਾ ਦੂਸ਼ਿਤ ...
ਪਾਣੀ ਖਤਮ ...
ਜੀਵਨ ਕਹਾਣੀ ਖਤਮ ...?

# 29 ਪ੍ਰਿੰਸੀਪਲ ਆਰ. ਕੇ. ਪਵਾਰ



ਨਾਮ ਅਤੇ ਕਲਮੀ ਨਾਮ : ਆਰ. ਕੇ. ਪਵਾਰ (ਪ੍ਰਿੰਸੀਪਲ)
ਪਤਾ : ਪਿੰਡ ਭੁੱਲਾਰਾਇ, ਤਹਿ. ਫਗਵਾੜਾ,
ਜ਼ਿਲ੍ਹਾ ਕਪੂਰਥਲਾ
ਮੋਬਾਇਲ : +91 98785-60181
ਈ-ਮੇਲ : **ramkisan.in@gamil.com**
ਵਿੱਦਿਅਕ ਯੋਗਤਾ : **M.A. (English Political Science),**
: **M.A Phil**
ਕਾਰੋਬਾਰ : ਰਿਟਾ. ਪ੍ਰਿੰਸੀਪਲ
ਪੁਸਤਕਾਂ : *** Resurgence of Dalits (English)**
*** Dr. Ambedkar in London (English)**
*** Ruhaniyat de Shehnshah**
*** Sri Guru Ravidass Ji (Punjabi)**
*** Naitik Jeevan (Punjabi)**

# ਨਿਕਲਿਆ ਵਿੱਚੋਂ ਸੰਘਰਸ਼ਾਂ ਦੇ...

ਨਿਕਲਿਆ ਵਿੱਚੋਂ ਸੰਘਰਸ਼ਾਂ ਦੇ ਭਾਰਤ ਦਾ ਭੀਮ ਦੁਲਾਰਾ
ਉਸ ਅੱਗੇ ਹੈ ਸੀਸ ਝੁਕਾਉਂਦਾ ਤਾਹੀਓ ਆਲਮ ਸਾਰਾ।
ਪੜਿਆ ਨਾਲ ਮੁਸੀਬਤਾਂ ਦੇ, ਗਰੀਬੀ ਨੇ ਘੇਰਾ ਪਾਇਆ ਸੀ
ਵੱਡਾ ਹੋਇਆ ਤਾਂ ਵਰਨ ਵੰਡ ਨੇ ਉਸ ਨੂੰ ਬੜਾ ਸਤਾਇਆ ਸੀ।
ਸੋਚਾਂ ਵਿੱਚ ਡੁੱਬੇ ਭੀਮ ਨੂੰ, ਬੀਤ ਜਾਂਦਾ ਦਿਨ ਸਾਰਾ
ਨਿਕਲਿਆ ਵਿੱਚੋਂ ਸੰਘਰਸ਼ਾਂ ਦੇ ਭਾਰਤ ਦਾ ਭੀਮ ਦੁਲਾਰਾ
ਉਸ ਅੱਗੇ ਹੈ ਸੀਸ ਝੁਕਾਉਂਦਾ ਤਾਹੀਓ ਆਲਮ ਸਾਰਾ।

ਸਕੂਲ ਵਿੱਚ ਸੀ ਪੜ੍ਹਦਾ ਰਹਿੰਦਾ, ਭੁੱਖਾ ਅਤੇ ਪਿਆਸਾ
ਕੋਲ ਉਸਦੇ ਕੋਈ ਜਾਂਦਾ ਨੀ ਸੀ, ਨਾ ਦੇਵੇ ਕੋਈ ਦਿਲਾਸਾ।
ਚੁੱਪ-ਚਪੀਤਾ ਬੈਠਾ ਰਹਿੰਦਾ, ਨਾ ਕੋਈ ਭਰੇ ਹੁੰਗਾਰਾ
ਨਿਕਲਿਆ ਵਿੱਚੋਂ ਸੰਘਰਸ਼ਾਂ ਦੇ ਭਾਰਤ ਦਾ ਭੀਮ ਦੁਲਾਰਾ
ਉਸ ਅੱਗੇ ਹੈ ਸੀਸ ਝੁਕਾਉਂਦਾ ਤਾਹੀਓ ਆਲਮ ਸਾਰਾ।

ਇੱਕ ਦਿਨ ਭੀਮ ਨੇ ਮੰਨ ਬਣਾਇਆ ਘੜੇ 'ਚੋ ਪੀਣ ਲਈ ਪਾਣੀ
ਸਾਰਾ ਸਕੂਲ ਭਿੱਟ ਤੋਂ ਡਰਿਆ ਇਹ ਕੀ ਬਣੀ ਕਹਾਣੀ।
ਭੀਮ ਰਾਓ ਨੂੰ ਛੂਆ-ਛਾਤ ਦਾ ਮਿਲ ਗਿਆ ਇਸ਼ਾਰਾ
ਨਿਕਲਿਆ ਵਿੱਚੋਂ ਸੰਘਰਸ਼ਾਂ ਦੇ ਭਾਰਤ ਦਾ ਭੀਮ ਦੁਲਾਰਾ
ਉਸ ਅੱਗੇ ਹੈ ਸੀਸ ਝੁਕਾਉਂਦਾ ਤਾਹੀਓ ਆਲਮ ਸਾਰਾ।

ਭੀਮ ਰਾਓ ਨੇ ਮੰਨ ਬਣਾਇਆ ,ਕਾਨੂੰਨਾਂ ਦੀ ਬਦਲੀ ਕਰਨੇ ਦਾ
ਜੇ ਕੁੱਝ ਕਰ ਨਾ ਸਕਿਆ ਫਿਰ ਮਨ ਬਣਾਇਆ ਮਰਨੇ ਦਾ।
'ਪਵਾਰ' ਉਹਨੇ ਕੰਮ ਐਸਾ ਕੀਤਾ ਹੋਇਆ ਸੱਭ ਉਜਿਆਰਾ
ਨਿਕਲਿਆ ਵਿੱਚੋਂ ਸੰਘਰਸ਼ਾਂ ਦੇ ਭਾਰਤ ਦਾ ਭੀਮ ਦੁਲਾਰਾ
ਉਸ ਅੱਗੇ ਹੈ ਸੀਸ ਝੁਕਾਉਂਦਾ ਤਾਹੀਓ ਆਲਮ ਸਾਰਾ।

# ਮੇਰਾ ਇੱਕ ਮਿਸ਼ਨ ਸੀ

ਮੇਰਾ ਇੱਕ ਉਪਰਾਲਾ ਸੀ, ਤੁਹਾਨੂੰ ਹੁਕਮਰਾਨ ਬਨਾਉਣ ਦਾ
ਮੇਰਾ ਇੱਕ ਉਪਰਾਲਾ ਸੀ ਤੁਹਾਨੂੰ ਤਾਜ ਪਹਿਨਾਉਣ ਦਾ।
ਮੈਂ ਜੋ ਕੁੱਝ ਵੀ ਕੀਤਾ ਲੱਖ ਤਸੀਹੇ ਸਹਿ-ਸਹਿ ਕੇ
ਮੈਂ ਸਾਰੇ ਆਰਾਮ ਤਿਆਗੇ, ਨਾ ਦੇਖਿਆ ਬਹਿ-ਬਹਿ ਕੇ
ਮੈਂ ਪੂਰਾ ਫਰਜ਼ ਨਿਭਾਇਆ ਤੁਹਾਨੂੰ ਸਮਝਾਉਣ ਦਾ
ਮੇਰਾ ਇੱਕ ਮਿਸ਼ਨ ਸੀ, ਤੁਹਾਨੂੰ ਹੁਕਮਰਾਨ ਬਨਾਉਣ ਦਾ।

ਮੈਂ ਚਾਹੁੰਦਾ ਸੀ ਇਹ ਸੱਭ ਕੁੱਝ ਜੀਦੇਂ ਜੀ ਕਰਨਾ
ਇਸ ਦੀ ਪ੍ਰਾਪਤੀ ਲਈ ਭਾਂਵੇ ਪੈ ਜਾਵੇ ਮਰਨਾ
ਮੈਂ ਖੋਜਿਆ ਧਰਤ ਆਕਾਸ਼ ਇਸਨੂੰ ਪੂਰਾ ਕਰਨੇ ਲਈ
ਮੈਂ ਕੀਤੇ ਲੋਕ ਤਿਆਰ ਹੱਕਾਂ ਲਈ ਮਰਨੇ ਲਈ
ਮੈਂ ਭਰਿਆ ਤੁਹਾਡੇ ਵਿੱਚ ਜੋਸ਼ ਜੰਗ ਵਿੱਚ ਅੱਗੇ ਆਉਣ ਦਾ
ਮੇਰਾ ਇੱਕ ਮਿਸ਼ਨ ਸੀ, ਤੁਹਾਨੂੰ ਹੁਕਮਰਾਨ ਬਨਾਉਣ ਦਾ

ਜੇ ਮੈਂ ਚਾਹੁੰਦਾ ਤਾਂ ਸੋਨੇ ਦੇ ਮਹਿਲ ਬਣਾ ਲੈਦਾ
ਜੇ ਮੈਂ ਚਾਹੁੰਦਾ ਤਾਂ ਧੰਨ ਖੂਬ ਕਮਾ ਲੈਂਦਾ
ਮਿਸ਼ਨ ਆਪਣੇ ਨੂੰ ਮੈਂ ਤਾਂ ਰੱਖਿਆ ਚਮਕਾ ਕੇ
ਹਰ ਇੱਕ ਨੇਤਾ ਨੂੰ ਦੇਖਿਆ ਮੈਂ ਟਣਕਾ ਕੇ
ਕਿਸੇ ਵਿੱਚ ਨਹੀਂ ਸੀ ਮਾਦਾ ਕੁੱਦ ਕੇ ਅੱਗੇ ਆਉਣ ਦਾ
ਮੇਰਾ ਇੱਕ ਮਿਸ਼ਨ ਸੀ, ਤੁਹਾਨੂੰ ਹੁਕਮਰਾਨ ਬਨਾਉਣ ਦਾ

ਵੱਖਰੇ-ਵੱਖਰੇ ਬੰਦੇ, ਵੱਖੋ-ਵੱਖਰੀਆਂ ਨੀਤਾਂ ਨੇ
ਕੰਮ ਨੀ ਕਰਨਾ ਚਾਹੁੰਦੇ ਸਾਡੀਆ ਬਦਨੀਤਾਂ ਨੇ
ਸਦੀਆਂ ਤੋਂ ਲੈਕੇ ਕੌਮ ਦਲ-ਦਲ ਧਸੀ ਹੋਈ ਸੀ
ਯਤਨ ਕਿਸੇ ਨਾ ਕੀਤਾ, ਗੱਲ ਕਰਮਾਂ 'ਤੇ ਫਸੀ ਹੋਈ ਸੀ
'ਪਵਾਰ' ਮਿਸ਼ਨ ਨਹੀਂ ਕੀਤਾ ਕਿਸੇ ਜ਼ੋਰ ਲਗਾਉਣ ਦਾ
ਮੇਰਾ ਇੱਕ ਮਿਸ਼ਨ ਸੀ, ਤੁਹਾਨੂੰ ਹੁਕਮਰਾਨ ਬਨਾਉਣ ਦਾ

ਜਿਨ ਜੀਵਨ ਤੈਨੂੰ ਦਿੱਤਾ ਏ, ਉਹਦਾ ਸ਼ੁਕਰਾਨਾ ਕਰਿਆ ਕਰ
ਜਿਨ ਤੇਰਾ ਮਾਣ ਵਧਾਇਆ ਏ, ਉਹਦੇ ਚਰਨਾ 'ਚ ਸਿਰ ਧਰਿਆ ਕਰ

ਹੰਕਾਰ ਵਿੱਚ ਸਾਰਾ ਜੀਵਨ ਬੀਤ ਗਿਆ, ਕੁੱਝ ਤਾਂ ਸਮਝ ਕਰਿਆ ਕਰ
ਝੂਠ ਦੇ ਸਾਗਰ ਤੇ ਹਮੇਸ਼ਾਂ ਤੈਰਦਾ, ਕਦੀ ਸੱਚ ਦੇ ਸਾਗਰ 'ਤੇ ਤਰਿਆ ਕਰ

ਬੇਇਨਸਾਫ਼ੀ ਤੇ ਕਿਉ ਲੱਕ ਬੰਨਿਆ, ਕਦੀ ਇਨਸਾਫ ਤਾਂ ਕਰਿਆ ਕਰ
ਗੁਰਬਾਣੀ ਹਰ ਰੋਜ਼ ਹੈ ਪੜ੍ਹਦਾ, ਕਦੀ ਅਮਲ ਵੀ ਕਰਿਆ ਕਰ

ਪੈਸਾ ਪੈਸਾ ਕਰਦਾ ਫਿਰਦਾ, ਕਦੀ ਗਰੀਬਾਂ 'ਤੇ ਹੱਥ ਧਰਿਆ ਕਰ
ਉਹਨਾਂ ਨੂੰ ਬਹੁਤ ਕੁਝ ਬੋਲੇ, ਕਦੀਂ ਹੋਲਨਾਂ ਦੀ ਗੱਲ ਕਰਿਆ ਕਰ

ਚੋਰੀ, ਗਦਾਰੀ, ਠੱਗੀ, ਧੋਖੇ ਤੋਂ, ਸਦਾ ਪਰਹੇਜ਼ ਕਰਿਆ ਕਰ
ਸੱਭ ਕੁੱਝ ਆਪ ਹੜੱਪੀ ਜਾਨਾ, ਕੁੱਝ ਤਾਂ ਸ਼ਰਮ ਕਰਿਆ ਕਰ

ਦੂਜਿਆਂ ਨੂੰ ਤੂੰ ਮੱਤਾਂ ਦੇਦਾਂ, ਕਦੀ ਆਪ ਅਮਲ ਵੀ ਕਰਿਆ ਕਰ
'ਪਵਾਰ' ਜਿਨ ਗਿਆਨ ਬਖਸ਼ਿਆ, ਉਹਦੇ ਸਿਮਰਨ 'ਚ ਜੀਵਤ ਮਰਿਆ ਕਰ

ਉਸ ਕਾਨੂੰਨ ਵਿਵਸਥਾ ਨੂੰ ਲੀਰੋ-ਲੀਰ ਕੀਤਾ
ਜੋ ਸਮਾਜ ਨੂੰ ਲੀਰੋ-ਲੀਰ ਕਰਦੀ ਸੀ
ਉਸ ਕੌਮ ਨੂੰ ਸੀਨੰ ਨਾਲ ਲਾਇਆ
ਜੋ ਸਦੀਆਂ ਤੋਂ ਦੁੱਖੜੇ ਜਰਦੀ ਸੀ

ਗੱਲ ਮੰਨੀ ਨਹੀਂ ਕਿਸੇ ਧਨਾਡ ਦੀ ਵੀ
ਉਹਨੇ ਆਪਣੀ ਕਲਮ ਚੱਲਾ ਦਿੱਤੀ
ਇਹ ਛੂਆ-ਛਾਤ, ਗੁਲਾਮੀ ਹੁਣ ਨਹੀ ਰਹਿਣੀ
ਗੱਲ ਚੰਗੀ ਤਰ੍ਹਾਂ ਸਮਝਾ ਦਿੱਤੀ

ਉਹ ਉੱਠਿਆ ਸੀ ਮਰਦ ਦਲੇਰ ਬਣ ਕੇ
ਇੰਨਕਲਾਬ ਕਲਮ ਨਾਲ ਲਿਆ ਦਿੱਤਾ
ਜੋ ਕਾਨੂੰਨ ਵੀ ਵੰਡੀਆ ਪਾਉਦੇਂ ਸਨ
ਉਹਨਾਂ ਦਾ ਖੁਰਾ-ਖੋਜ ਮਿਟਾ ਦਿੱਤਾ

ਬਣਾਇਆ ਕਾਨੂੰਨ ਬਰਾਬਰ ਦਾ
ਸੱਭ ਲਈ ਸਵਿਧਾਨ ਬਣਾ ਦਿੱਤਾ
'ਪਵਾਰ' ਸੱਭ ਨੂੰ ਬਰਾਬਰ ਕਰਕੇ
ਤਰੱਕੀ ਦੇ ਰਾਹ ਪਾ ਦਿੱਤਾ

# 30 ਰਮਿੰਦਰ ਕੌਰ ਵਾਲੀਆ



| | |
|---|---|
| ਨਾਮ ਅਤੇ ਕਲਮੀ ਨਾਮ | : ਰਮਿੰਦਰ ਕੌਰ ਵਾਲੀਆ (ਰਮਿੰਦਰ ਰੰਮੀ) |
| ਪਤਾ | : ਬਰੈਮਟਨ, ਕੈਨੇਡਾ |
| ਮੋਬਾਇਲ | : +1 (647) 919-9023 |
| ਵਿੱਦਿਅਕ ਯੋਗਤਾ | : ਬੀ. ਏ., ਗੁਰੂ ਨਾਨਕ ਦੇਵ ਯੂਨਿਵਰਸਿਟੀ, ਪੰਜਾਬ |
| ਸਾਹਿਤਕ ਪ੍ਰਾਪਤੀਆਂ | : ਲੇਖਿਕਾ ਅਤੇ ਕਵਿੱਤਰੀ, ਮੀਡੀਆ ਸਲਾਹਕਾਰ, ਸਮਾਜ ਸੇਵੀ, ਫ਼ਾਊਂਡਰ ਅਤੇ ਪ੍ਰਬੰਧਕ ਅੰਤਰਰਾਸ਼ਟਰੀ ਸਾਹਿਤਕ ਸਾਂਝਾ, ਪ੍ਰਮੋਟਰ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ) |
| ਪੁਸਤਕਾਂ | : 1. ਕਿਸ ਨੂੰ ਆਖਾਂ<br>2. ਤੇਰੀ ਚਾਹਤ |

# ਤੇਰੀ ਚੁੱਪੀ ’ਚੋਂ

ਜੋ ਮੌਨ ਤਰੰਗਾਂ
ਨਿਕਲਦੀਆਂ ਨੇ
ਉਹ ਸਿੱਧਾ ਮੇਰੇ
ਦਿਲ ਤੱਕ ਪਹੁੰਚਦੀਆਂ ਨੇ
ਜਿਹਨਾਂ ਨੂੰ ਮੈਂ ਬਾਖ਼ੂਬੀ
ਪੜ੍ਹ ਲੈਂਦੀ ਹਾਂ
ਸੁਣ ਸਕਦੀ ਹਾਂ
ਮਹਿਸੂਸ ਕਰਦੀ ਹਾਂ
ਉਹ ਤੇਰੇ ਦਿਲ ਦਾ
ਸਾਰਾ ਹਾਲ ਬਿਆਂ
ਕਰ ਦਿੰਦੀਆਂ ਹਨ
ਮੇਰੀਆਂ ਨਜ਼ਮਾਂ
ਹੋਰ ਕੁਝ ਨਹੀਂ
ਤੇਰੀ ਚੁੱਪੀ ’ਚੋਂ
ਨਿਕਲੀਆਂ ਮੌਨ ਤਰੰਗਾਂ
ਦਾ ਕਾਵਿਕ ਰੂਪ ਨੇ ।

# ਸ਼ਬਦਾਂ ਦਾ ਸ਼ੋਰ

ਸ਼ਬਦਾਂ ਦਾ ਬਹੁਤ ਸ਼ੋਰ ਹੈ
ਉਸਦੇ ਅੰਦਰ
ਸ਼ਬਦਾਂ ਦਾ ਸ਼ੋਰ ਜੱਦ
ਜ਼ਿਆਦਾ ਵੱਧ ਜਾਂਦਾ ਹੈ
ਉਹ ਦਿਮਾਗ ਵਿੱਚ ਖੌਰੂ
ਬਹੁਤ ਮਚਾਉਂਦੇ ਹਨ
ਉਹਨਾਂ ਦੀਆਂ ਚੀਕਾਂ ਦੀ ਗੂੰਜ
ਸੁਣ ਕੰਨ ਫੱਟਣ ਲੱਗਦੇ ਹਨ
ਸਿਰ ਫੜ ਬੈਠ ਜਾਂਦੀ ਹੈ ਉਹ
ਆਪ ਮੁਹਾਰੇ ਹੰਝੂ ਵਹਿ ਤੁਰਦੇ ਹਨ
ਸ਼ਬਦ ਰੁਦਨ ਕਰਦੇ ਹਨ
ਸ਼ਬਦਾਂ ਦਾ ਸ਼ੋਰ ਵੱਧਦਾ ਜਾਂਦਾ ਹੈ
ਉਸ ਸ਼ੋਰ ਨੂੰ ਠੱਲ੍ਹ ਪਾਉਣ ਲਈ
ਉੱਠਦੀ ਹੈ ਉਹ ਤੇ
ਕਾਪੀ ਪੈਨ ਪਕੜ
ਉਹਨਾਂ ਸ਼ਬਦਾਂ ਨੂੰ
ਉਲੀਕ ਦਿੰਦੀ ਹੈ
ਕੋਈ ਕਵਿਤਾ ਲਿਖਕੇ
ਸ਼ਬਦਾਂ ਦਾ ਸ਼ੋਰ
ਕੁਝ ਘੱਟਦਾ ਹੈ
ਤੇ ਉਹ ਰਾਹਤ ਦੀ
ਸਾਹ ਲੈਂਦੀ ਹੈ
ਸੋਚਦੀ ਹੈ ਕਿ ਇਹ
ਸ਼ਬਦਾਂ ਦਾ ਸ਼ੋਰ ਵੀ ਅਜੀਬ ਸ਼ੈਅ ਹੈ
ਅਗਰ ਸਮੇਂ ਰਹਿੰਦੇ ਇਹਨਾਂ ਨੂੰ
ਕੰਟਰੋਲ ਨਾ ਕੀਤਾ ਜਾਏ
ਤਾਂ ਇਨਸਾਨ ਪਾਗਲ ਹੋ ਜਾਏ
ਇਸੇ ਲਈ ਉਹ ਸ਼ਬਦਾਂ ਨੂੰ
ਕਾਗਜ਼ਾਂ 'ਤੇ ਲਿਖਦੀ ਰਹਿੰਦੀ ਹੈ ।

# ਇਕੱਲੀ ਹੀ ਸਵਾ ਲੱਖ ਹਾਂ ਮੈਂ

ਔਰਤ ਹਾਂ
ਕਮਜ਼ੋਰ ਨਹੀਂ ਹਾਂ
ਸ਼ਕਤੀ ਦਾ ਨਾਮ ਹੈ ਔਰਤ ।
ਕਦੀ ਕਿਸੇ ਤੋਂ ਰਹਿਮ ਦੀ ਭੀਖ
ਨਹੀਂ ਹੈ ਮੰਗੀ ਮੈਂ ।
ਗਿੜਗਿੜਾਉਣਾ ਵੀ ਨਹੀਂ ਆਉਂਦਾ ਮੈਨੂੰ,
ਕਦੀ ਕਿਸੇ ਅੱਗੇ ।
ਕਦੀ ਕਿਸੇ ਨੂੰ ਪੌੜੀ ਬਣਾ
ਅੱਗੇ ਨਿਕਲਣ ਦੀ ਕੋਸ਼ਿਸ਼ ਨਹੀਂ ਕੀਤੀ ਮੈਂ ।
ਕਿਸੇ ਅੱਗੇ ਹੱਥ ਅੱਡਣਾ ਤੇ
ਕਿਸੇ ਅੱਗੇ ਝੁਕਣਾ ਵੀ ਨਹੀਂ ਆਉਂਦਾ ਮੈਨੂੰ ।

ਜੋ ਵੀ ਹਾਂ ਮੈਂ ,
ਆਪਣੇ ਬਲਬੂਤੇ ਤੇ ਹਾਂ ।
ਕੋਈ ਸਾਥ ਦਏ ਜਾਂ ਨਾਂ
ਮਿਹਨਤ, ਲਗਨ ਤੇ ਸਿਰੜ
ਨਾਲ ਕੰਮ ਕਰਨਾ ਜਾਣਦੀ ਹਾਂ ਮੈਂ ।

ਇਕੱਲੀ ਜਾਂ ਕਮਜ਼ੋਰ ਨਾ ਸਮਝਣਾ ਮੈਨੂੰ ,
ਮੈਂ ਸ਼ੀਹਣੀ ਹਾਂ ਪੰਜ ਦਰਿਆਵਾਂ ਦੀ ,
ਗੋਬਿੰਦ ਦੀ ਜਾਈ ਹਾਂ ਮੈਂ ।
ਇਕੱਲੀ ਹੀ ਸਵਾ ਲੱਖ ਹਾਂ ਮੈਂ ।
ਔਰਤ ਹਾਂ ,
ਕਮਜ਼ੋਰ ਨਹੀਂ ਹਾਂ ਮੈਂ ।
ਇਕੱਲੀ ਹੀ ਸਵਾ ਲੱਖ ਹਾਂ ਮੈਂ ।

# ਅਹਿਮੀਅਤ

ਇਨਸਾਨ ਦੇ ਕੀਤੇ ਕੰਮਾਂ ਦੀ
ਕੋਈ ਅਹਿਮੀਅਤ ਨਹੀਂ ਹੈ
ਅਹਿਮੀਅਤ ਹੈ ਝੂਠ ਬੋਲਣ ਵਾਲਿਆਂ ਦੀ
ਚਾਪਲੂਸੀ ਕਰਨ ਵਾਲਿਆਂ ਦੀ
ਅਹਿਮੀਅਤ ਹੈ ਤੇ ਸਿਰਫ਼ ਪੈਸੇ ਦੀ
ਕਿਸੇ ਦੀ ਮਿਹਨਤ ਦੀ ਕੋਈ ਕਦਰ ਨਹੀਂ
ਕਦਰ ਹੈ ਪੈਸੇ ਦੇ ਕੇ ਅਹੁਦੇ
ਲੈਣ ਵਾਲਿਆਂ ਦੀ
ਪੈਸੇ ਦੇ ਕੇ ਮਾਣ ਸਨਮਾਨ
ਕਰਾਉਣ ਵਾਲਿਆਂ ਦੀ
ਚਮੜੀ ਦਾ ਕੋਈ ਮੁੱਲ ਨਹੀਂ
ਮੁੱਲ ਹੈ ਦਮੜੀ ਦਾ
ਤਾਂਹੀ ਸਿਆਣੇ ਕਹਿੰਦੇ ਨੇ
ਜਿਸਦੀ ਕੋਠੀ ਦਾਣੇ
ਉਸਦੇ ਕਮਲੇ ਵੀ ਸਿਆਣੇ
ਲੋਕ ਦੋਸਤੀਆਂ ਕਰਨਗੇ
ਮਤਲਬ ਨਿਕਲ ਜਾਣ ’ਤੇ
ਚਾਹ ਵਿੱਚ ਡਿੱਗੀ ਮੱਖੀ ਵਾਂਗ
ਬਾਹਰ ਨਿਕਾਲ ਦਿੰਦੇ ਨੇ
ਸਚਾਈ, ਈਮਾਨਦਾਰੀ, ਮਿਹਨਤ
ਇਹਨਾਂ ਦੀ ਕੋਈ ਅਹਿਮੀਅਤ ਨਹੀਂ
ਇਨਸਾਨ ਦੀ ਅਹਿਮੀਅਤ ਇਹੀ ਹੈ
(ਯੂਜ਼ ਐਂਡ ਥਰੋ)

# 31 ਹਰਮਿੰਦਰ ਸਾਹਿਲ



ਨਾਮ : ਹਰਮਿੰਦਰ ਕੁਮਾਰ
ਪਤਾ : ਪਿੰਡ ਖੇੜਾ, ਜ਼ਿਲ੍ਹਾ ਹੁਸ਼ਿਆਰਪੁਰ
ਮੋਬਾਇਲ : +91 75087-03212
ਵਿੱਦਿਅਕ ਯੋਗਤਾ : ਐਮ. ਏ. ਬੀ. ਐੱਡ
ਕਾਰੋਬਾਰ : ਅਧਿਆਪਕ
ਸਾਹਿਤਕ ਪ੍ਰਾਪਤੀਆਂ : ਕਾਵਿ ਪੁਸਤਕ 'ਵਸੀਅਤ'
ਤਨੀਸ਼ਾ ਤ੍ਰੈ-ਮਾਸਿਕ ਬਾਲ ਮੈਗਜ਼ੀਨ ਅਤੇ
ਸ਼ਿਲਪੀ ਮੈਗਜ਼ੀਨ ਵਿੱਚ ਰਚਨਾਵਾਂ

# ਸਾਜ਼

ਕੋਈ ਸਾਜ਼ ਹੈ
ਜੋ ਵੱਜਦਾ ਹੈ
ਮੇਰੇ ਅੰਦਰ
ਵਕਤ ਨਹੀਂ ਦੇਖਦਾ
ਨਿਗੂਣੇ ਸ਼ਬਦਾਂ ਨੂੰ
ਰਾਹ ਦੱਸਦਾ ਹੈ
ਮੈਂ
ਬੱਚਿਆਂ ਵਾਂਗ
ਪੁੱਠੀਆਂ ਚੱਪਲਾਂ ਪਾ
ਨਿਕਲਦਾ ਹਾਂ
ਅਣਜਾਣ ਸਫ਼ਰ ’ਤੇ

# ਦਸੰਬਰ

ਦਸੰਬਰ ਦੀ ਠੰਡ
ਕੀ ਕਰਾਂ ਮੈਂ
ਇਸ ਦਸੰਬਰ ਦਾ
ਕਿ ਜਿਸਦੀ
ਠਰਨ ਨਹੀਂ ਫੁੱਟਦੀ
ਬਚਪਨ ਤੋਂ ਹੀ
ਸਾਰਾ ਸਾਲ
ਖ਼ੁਦ ਨੂੰ
ਇਕੱਠਾ ਕਰਦਾ ਹਾਂ
ਕਿ ਦਸੰਬਰ ਫਿਰ
ਆ ਜਾਂਦਾ
ਮੈਂ ਫਿਰ ਠਰ ਜਾਂਦਾ ਹਾਂ
ਜੀ ਕਰਦਾ
ਇਹਨੂੰ ਕੈਲੰਡਰ ’ਚੋਂ
ਮਨਫ਼ੀ ਕਰ ਦੇਵਾਂ
ਜਾਂ ਸੁੱਟ ਆਵਾਂ
ਕਿਸੇ ਭੁੱਖੇ
ਜਵਾਲਾਮੁਖੀ ਦੇ ਮੂੰਹ ’ਚ
ਤੇ ਇਹਦੀ ਰਾਖ਼ ਵੀ
ਅੱਗ ਬਣਕੇ ਹੀ ਨਿਕਲੇ

## ਅਜਨਮਾ

ਕਵਿਤਾ ਦੇ
ਗਰਭ 'ਚ ਹਾਂ
ਦੁਨੀਆਂ ਦੀ ਹਵਾ
ਵੀ ਨਾ ਸਰਕੇ
ਮੇਰੇ ਨਾਲ
ਚਾਹੁੰਦਾ ਹਾਂ
ਰਹਾਂ
ਅਜਨਮਾ

## ਉਹ ਲੱਭ ਰਹੇ ਮੈਨੂੰ

ਮੈਂ
ਘਾਹ 'ਤੇ ਪਈ
ਤ੍ਰੇਲ ਦੀ ਬੂੰਦ 'ਚੋਂ
ਪ੍ਰਤੀਬਿੰਬਤ ਪ੍ਰਕਾਸ਼ ਨਾਲ
ਸਮਾਧੀ 'ਚ
ਲੀਨ ਹਾਂ
ਉਹ
ਲੱਭ ਰਹੇ ਮੈਨੂੰ

## ਲੰਮਾ ਸਫ਼ਰ

ਸਾਰੀ ਕੁਦਰਤ ਨੂੰ
ਘੁੱਟ ਕੇ ਲਾ ਲੈਂਦਾ
ਸੀਨੇ ਨਾਲ
ਹਾਲੇ ਵੀ ਕਵਿਤਾ
ਪੁੱਛ ਰਹੀ
ਤੂੰ ਕੌਣ ਹੈ

## ਸਲਾਮਤ

ਅਗਨੀ ਬੜੀ
ਪ੍ਰਚੰਡ ਸੀ
ਸਭ ਕੁੱਝ ਫੂਕਣ ਲਈ
ਤਿਆਰ ਸੀ
ਅਚਾਨਕ
ਕਵਿਤਾ ਨੇ ਕਿਹਾ
ਜਰਾ ਕਾਗਜ਼ ਦੇਖ
ਤੇਰੇ ਮਲੂਕ ਜਿਹੇ
ਹਸਤਾਖਰ
ਸੜਨ ਤੋਂ
ਬਚ ਗਏ
ਤੇ
ਕਵਿਤਾ
ਸਲਾਮਤ ਰਹੀ

# ਸਿਮਰਤ ਸੁਮੈਰਾ



ਨਾਮ : ਸਿਮਰਤ ਸੁਮੈਰਾ

ਪਤਾ : 40 ਈ, ਗ੍ਰੇਟਰ ਕੈਲਾਸ਼, ਬਟਾਲਾ, ਜ਼ਿਲ੍ਹਾ ਗੁਰਦਾਸਪੁਰ 143-505

ਮੋਬਾਇਲ : +91 98550-04485

ਈ-ਮੇਲ : **simiatsumera@gmail.com**

ਵਿੱਦਿਅਕ ਯੋਗਤਾ : ਐਮ ਏ. ਐਮ ਐਡ. ਐਮ ਫਿਲ. (ਪੰਜਾਬੀ) ਪੀਐਚ ਡੀ (ਚਲਦਾ)

ਕਾਰੋਬਾਰ : ਅਧਿਆਪਨ

ਸਾਹਿਤਕ ਪ੍ਰਾਪਤੀਆਂ : 1. ਰਾਸ਼ਟਰੀ ਅਧਿਆਪਕ ਪੁਰਸਕਾਰ, 2.ਰਾਸ਼ਟਰੀ ਸਾਹਿਤ ਪੁਰਸਕਾਰ
3.ਰਾਸ਼ਟਰੀ ਯੂਥ ਪੁਰਸਕਾਰ, 4.ਅਧਿਆਪਕ ਰਾਜ ਪੁਰਸਕਾਰ
5.ਪੰਜਾਬ ਸਰਕਾਰ ਪ੍ਰਮਾਣ ਪੱਤਰ ਪੁਰਸਕਾਰ, 5.ਸ਼ਿਕਸ਼ਕ ਰਤਨ ਪੁਰਸਕਾਰ
6.ਸ਼ਹੀਦ ਏ ਆਜ਼ਮ ਭਗਤ ਸਿੰਘ ਸਟੇਟ ਯੂਥ ਐਵਾਰਡ
7.ਮਿਨਰਵਾ ਆਫ਼ ਦੀ ਈਸਟ ਐਵਾਰਡ (ਰੂਸ), 8.ਬਹਾਦੁਰੀ ਪੁਰਸਕਾਰ
9.ਸ੍ਰੀ ਗੁਰੂ ਹਰਕ੍ਰਿਸ਼ਨ ਬਾਲ ਸਾਹਿਤ ਪੁਰਸਕਾਰ (ਭਾਸ਼ਾ ਵਿਭਾਗ ਪੰਜਾਬ)
10. ਸਰਵੋਤਮ ਸਾਹਿਤਕਾਰ (ਮਲੇਸ਼ੀਆ), 11. ਅੰਮ੍ਰਿਤਾ ਪ੍ਰੀਤਮ ਪੁਰਸਕਾਰ
12. ਬਾਵਾ ਬਲਵੰਤ ਪੁਰਸਕਾਰ, 13. ਮੀਰਾ ਬਾਈ ਪੁਰਸਕਾਰ
14. ਸ਼ਾਨ ਪੰਜਾਬ ਦੀ ਪੁਰਸਕਾਰ, 15. ਮਿਸ ਇੰਡੀਆ ਏ. ਆਈ. ਪੀ. ਸੀ ਪੁਰਸਕਾਰ

**ਸਾਹਿਤ ਸਭਾ ਦਾ ਨਾਂ:**

1 . ਪ੍ਰਧਾਨ, ਵਿਸ਼ਵ ਪੰਜਾਬੀ ਸਾਹਿਤ ਕਲਾ ਕੇਂਦਰ ।
2 . ਸਕੱਤਰ, ਆਲ ਇੰਡੀਆ ਪੋਈਟੈਸ ਕਾਨਫਰੰਸ ।

**ਸਹਿ ਸੰਪਾਦਕ**

ਸੰਪਾਦਕ ਸੂਹੀ ਸਵੇਰ (ਤ੍ਰੈਮਾਸਿਕ ਰਸਾਲਾ )
ਸਹਿ ਸੰਪਾਦਕ, (ਗੁਰਮੁਖੀ ਹਫਤਾਵਾਰ ਅਖ਼ਬਾਰ)
ਮਹਿਮਾਨ ਸੰਪਾਦਕ, ਕਾਵਿ ਸ਼ਾਸਤਰ (ਅਲੋਚਨਾ ਪੱਤਰ)

ਲਗਪਗ 118 ਰਾਸ਼ਟਰੀ ਅੰਤਰਰਾਸ਼ਟਰੀ ਤੇ ਪ੍ਰਾਂਤਕ ਸਾਹਿਤਕ ਤੇ ਕਲਾਤਮਿਕ ਸਭਿਆਚਾਰਕ ਪ੍ਰੋਗਰਾਮ ਕਰਵਾ ਚੁੱਕੀ ਹਾਂ।

# ਗ਼ਜ਼ਲ

ਜ਼ਿੰਦਗੀ ਦੇ ਨਕਸ਼ ਸਾਰੇ ਹੂਬਹੂ ਤੇਰੇ ਜਿਹੇ।
ਅੰਬਰੀਂ ਚਮਕਣ ਸਿਤਾਰੇ ਹੂਬਹੂ ਤੇਰੇ ਜਿਹੇ।

ਮੋਤੀਆਂ ਦੀ ਚੋਗ ਚੁਗਦੇ ਦਿਸ ਰਹੇ ਨੇ ਦੂਰ ਤੋਂ
ਹੰਸ ਸਰਵਰ ਦੇ ਕਿਨਾਰੇ ਹੂਬਹੂ ਤੇਰੇ ਜਿਹੇ।

ਮੇਘਲੇ ਨੇ ਸਿਰਜ ਦਿੱਤੀ ਸੱਤਰੰਗੀ ਪੀਂਘ ਅਹੁ
ਦੇਖ ਰੰਗਾਂ ਦੇ ਨਜ਼ਾਰੇ ਹੂਬਹੂ ਤੇਰੇ ਜਿਹੇ ।

ਰੱਖ ਢਾਕਾਂ 'ਤੇ ਘੜੇ ਜੋ ਗਾਉਂਦੀਆਂ ਨੇ ਗੋਰੀਆਂ
ਗੀਤ ਨੇ ਫੁੱਲਾਂ ਦੇ ਬਾਰੇ ਹੂਬਹੂ ਤੇਰੇ ਜਿਹੇ ।

ਮਨ 'ਚ ਮੇਰੇ ਪੈਲ ਪਾਉਂਦੇ ਸੁਪਨਿਆਂ ਦੇ ਮੋਰ ਜੋ
ਤੇਰੀਆਂ ਯਾਦਾਂ ਚਿਤਾਰੇ ਹੂਬਹੂ ਤੇਰੇ ਜਿਹੇ ।

ਛੇੜਿਆ ਸੰਗੀਤ ਰੂਹ ਨੇ ਵਜ ਰਿਹਾ ਹੈ ਜਲ-ਤਰੰਗ
ਸੁਰ ਸਰੰਗੀ ਇੱਕਤਾਰੇ ਹੂਬਹੂ ਤੇਰੇ ਜਿਹੇ ।

ਟਿਮਟਿਮਾਉਂਦੇ ਰਾਤ ਭਰ ਜੁਗਨੂੰ ਜਿਵੇਂ ਆ ਝੀਲ 'ਤੇ
ਲਗ ਰਹੇ ਮੇਲੇ-ਉਜਾਰੇ ਹੂਬਹੂ ਤੇਰੇ ਜਿਹੇ।

ਉਸ ਬਨੇਰੇ ਬਣ ਕਤਾਰਾਂ ਬਲ ਰਹੇ ਨੇ ਦੀਵੜੇ
ਇਹ ਉਡੀਕਾਂ ਵਿਚ ਪਿਆਰੇ ਹੂਬਹੂ ਤੇਰੇ ਜਿਹੇ ।

ਦੂਰ ਕਿਧਰੋਂ ਆ ਰਹੇ ਚਰਖੇ ਦੀ ਮਿੱਠੀ ਘੂਕ ਬਣ
ਲੋਰੀਆਂ ਵਰਗੇ ਹੁਲਾਰੇ ਹੂਬਹੂ ਤੇਰੇ ਜਿਹੇ ।

ਠੰਡੀਆਂ ਛਾਵਾਂ ਅਤੇ ਸੀਤਲ ਦੁਆਵਾਂ ਵਾਂਗਰਾਂ
ਰੁੱਖ "ਸਿਮਰਤ" ਦੇ ਦੁਆਰੇ ਹੂਬਹੂ ਤੇਰੇ ਜਿਹੇ ।

# ਗ਼ਜ਼ਲ

ਕਦੇ ਤੂੰ ਭਰਮ ਹੁੰਦਾ ਹੈਂ, ਕਦੇ ਸਾਕਾਰ ਹੈਂ ਸਾਹਿਬ ।
ਤੂੰ ਜੇਕਰ ਸੱਚ ਹੈਂ ਤਾਂ,ਕਲਪਨਾ ਤੋਂ ਪਾਰ ਹੈਂ ਸਾਹਿਬ ।

ਮੁਹੱਬਤ ਦਾ ਸਮੁੰਦਰ ਤੇ, ਇਲਾਹੀ ਨੀਰ ਨਦੀਆਂ ਦਾ
ਉਮੰਗਾਂ ਤੇ ਤਰੰਗਾਂ ਨਾਲ਼ ,ਤੂੰ ਸਰਸ਼ਾਰ ਹੈਂ ਸਾਹਿਬ ।

ਬਲੌਰੀ ਝੀਲ ਅੰਦਰ , ਚੰਨ ਦਾ ਤੂੰ ਅਕਸ ਚਮਕੀਲਾ
ਕਲਾ ਦੇ ਸੁਹਜ ਬਿੰਦੂ ਦਾ, ਸਦਾ ਵਿਸਥਾਰ ਹੈਂ ਸਾਹਿਬ।

ਅਜੂਬਾ ਹੈਂ ਨਿਰਾਲਾ ਤੂੰ ਸੁਪਨਸਾਜ਼ਾਂ ਦਾ ਸੁਪਨਾ ਏਂ
ਤਰਾਸ਼ੇ ਸੰਗਮਰਮਰ ਦਾ, ਅਜਬ ਸ਼ਾਹਕਾਰ ਹੈਂ ਸਾਹਿਬ।

ਸੁਰਾਂ ਸਾਜ਼ਾਂ ਅਵਾਜ਼ਾਂ ਵਿਚ , ਸਦਾ ਸ਼ਾਮਿਲ ਤੇਰੀ ਹਸਤੀ
ਤੇ ਸਭ ਰਾਗਾਂ ਵਰਾਗਾਂ ਦਾ ਤੂੰ ਹੀ , ਫ਼ਨਕਾਰ ਹੈਂ ਸਾਹਿਬ

ਮੇਰੀ ਮਾਸੂਮ ਹਰਕਤ ਦੀ ਖ਼ਤਾ, ਹਰ ਮਾਫ ਕਰ ਦੇਣਾ
"ਸੁਮੈਰਾ" ਦਿਲ ਦਾ ਦਰਿਆ ਤੂੰ, ਤੇ ਬਖਸ਼ਣਹਾਰ ਹੈ ਸਾਹਿਬ।

# ਗ਼ਜ਼ਲ

ਘਟਾ ਦੀ ਆਸ ਰੱਖੀ ਸੀ , ਜ੍ਹਿਦੇ ਧਰਵਾਸ ਦੇ ਉੱਤੇ
ਉਹ ਸਾਵਣ ਲਾ ਰਿਹੈ ਪਹਿਰੇ , ਅਸਾਡੀ ਪਿਆਸ ਦੇ ਉੱਤੇ

ਮਸ਼ਾਲਾਂ ਵਾਂਗਰਾਂ ਬਲ ਕੇ ਹਨੇਰੇ ਚੀਰ ਜਾਵਾਂਗੇ
ਕਿ ਪੈੜਾਂ ਛੱਡ ਜਾਵਾਂਗੇ ਅਸੀ ਇਤਹਾਸ ਦੇ ਉਤੇ

ਸੁਨਹਿਰੀ ਹੋ ਗਏ ਸਿੱਟੇ , ਵਹੀ ਖਾਤੇ ਉਹ ਲੈ ਆਇਆ,
ਕਿ ਪਾਣੀ ਫੇਰਿਆ ਉਸਨੇ , ਹੈ ਸਾਡੀ ਆਸ ਦੇ ਉੱਤੇ ।

ਮੁਹੱਬਤ ਨੂੰ ਸਮਝ ਬੈਠਾ ਹੈ ਉਹ ਸ਼ਤਰੰਜ ਦੀ ਬਾਜ਼ੀ
ਬੜਾ ਹੀ ਤਰਸ ਆਉਂਦਾਹੈ ਉਹਦੇ ਅਹਿਸਾਸ ਦੇ ਉਤੇ ।

ਕਿਧਰ ਤੁਰ ਚੱਲੀਆਂ ਕੂੰਜਾਂ ਵਤਨ ਇਹ ਛੱਡ ਕੇ ਆਪਣਾ
ਪਰਾਂ ਵਿੱਚ ਦਰਦ ਭਰ ਕੇ ਨਿਕਲੀਆਂ ਪਰਵਾਸ ਦੇ ਉਤੇ ।

# .ਗਜ਼ਲ

ਆਦਮੀ 'ਚੋਂ ਹੋ ਗਿਆ ਹੁਣ ਆਦਮੀ ਹੈ ਲਾਪਤਾ ।
ਸਾਹ ਤਾਂ ਭਾਵੇਂ ਚੱਲ ਰਹੇ ਨੇ , ਜ਼ਿੰਦਗੀ ਹੈ ਲਾਪਤਾ ।

ਇਹ ਮੁਹੱਬਤ ਦੇ ਮਹਿਲ ਨੇ ਰੇਤਲੀ ਮਿੱਟੀ ਜਿਹੇ
ਟੁੱਟ ਕੇ ਆਵਾਜ ਕਿਧਰੇ ਹੋ ਗਈ ਹੈ ਲਾਪਤਾ ।

ਜੋ ਖੁਦਾ ਦੇ ਏਲਚੀ , ਅਖਵਾਉਣ ਦਾ ਭਰਦੇ ਨੇ ਦਮ
ਕੂੜ ਦੇ ਪਹਿਰਣ ਉਹਨਾਂ ਦੇ , ਬੰਦਗੀ ਹੈ ਲਾਪਤਾ।

ਸਰਸਰੀ ਜੇਹਾ ਰਵੱਈਆ ਦੋਸਤੀ ਦੇ ਨਾਮ ‘ਤੇ
ਗੁੰਮ ਹੈ ਵਿਸ਼ਵਾਸ , ਤੇ ਸੰਜ਼ੀਦਗੀ ਹੈ ਲਾਪਤਾ।

ਲਰਜ਼ਦੇ ਹੋਂਠਾਂ ਦੇ ਉਤੇ ਹੁਣ ਕੋਈ ਸਰਗਮ ਨਹੀਂ
ਪਿਆਰ ਦੇ ਅਹਿਸਾਸ ਦੀ ਦੀਵਾਨਗੀ ਹੈ ਲਾਪਤਾ ।

ਹੁਣ ਨਹੀਂ ਕਾਗਜ਼ ਦੀ ਕਿਸ਼ਤੀ ਪਾਣੀਆਂ 'ਤੇ ਠੇਲਦੇ
ਬਾਲਕਾਂ ਦੇ ਚਿਹਰਿਆਂ ਤੋਂ , ਸਾਦਗੀ ਹੈ ਲਾਪਤਾ ਲ

# 33 ਬੁੱਧ ਸਿੰਘ ਨਡਾਲੋਂ



| | |
|---|---|
| ਨਾਮ ਅਤੇ ਕਲਮੀ ਨਾਮ | : ਬੁੱਧ ਸਿੰਘ ਨਡਾਲੋਂ |
| ਪਤਾ | : ਪਿੰਡ ਨਡਾਲੋਂ, ਜ਼ਿਲ੍ਹਾ ਹੁਸ਼ਿਆਰਪੁਰ 144 404 |
| ਮੋਬਾਇਲ | : +91 97798-77207 |
| ਈ-ਮੇਲ | : **budhsingh756@gmail.com** |
| ਵਿੱਦਿਅਕ ਯੋਗਤਾ | : **B.A, Fine Art** |
| ਕਾਰੋਬਾਰ | : ਸੇਵਾ ਮੁਕਤ ਕਲਾ ਅਧਿਆਪਕ |
| ਸ਼ੋਕ | : ਸਾਹਿਤਕ ਰੁਝਾਨ (ਮਿੰਨੀ ਕਹਾਣੀ, ਕਵਿਤਾ ਹਾਇਕੂ, ਧਾਰਮਿਕ ਲੇਖ ਅਤੇ ਚਿੱਤਰਕਾਰੀ |
| ਸਾਹਿਤਕ ਪ੍ਰਾਪਤੀਆਂ | : ਮਿੰਨੀ ਕਹਾਣੀ ਮੁਕਾਬਲੇ ਵਿੱਚ ਅਦਾਰਾ 'ਮਿੰਨੀ' ਤੇ ਛਿਣ ਮਾਨ ਸਨਮਾਨ ਹਾਸਿਲ ਕੀਤੇ। |
| ਪੁਸਤਕਾਂ | : ਕਾਹੀ ਦੇ ਫੁੱਲ (ਹਾਇਕੂ ਸੰਗ੍ਰਹਿ) ਪਹੁ ਫੁਟਾਲਾ (ਕਹਾਣੀ ਸੰਗ੍ਰਹਿ), ਬਲਿਹਾਰੀ ਕੁਦਰਤ ਵੱਸਿਆ (ਸਾਂਝਾ ਹਾਇਕੂ ਸੰਗ੍ਰਹਿ), ਬੂੰਦ-ਬੂੰਦ ਸਮੁੰਦਰ (ਸਾਂਝਾ ਸੈਦੋਕੇ ਸੰਗ੍ਰਹਿ) ਇੱਕੋ ਰਾਹ ਦੇ ਪਾਂਧੀ (ਤਾਂਕਾ ਸੰਗ੍ਰਹਿ) ਸੰਪਾਦਕ ਪਰਮਜੀਤ ਰਾਮਗੜ੍ਹੀਆ।ਸਾਬੀ ਈਸਪੁਰੀ ਵੱਲੋਂ ਸੰਪਾਦਕ ਮੈਗਜ਼ੀਨ 'ਤਨੀਸ਼ਾ' ਅਤੇ 'ਦਾਨਿਸ਼ ਹਾਇਕੂ ਸੰਸਾਰ' ਵਿੱਚ ਲਗਾਤਾਰ ਲਿਖਦੇ ਰਹਿਣਾ। |

# ਮਾਲਾ

ਹੱਥ 'ਚ ਮਾਲਾ
ਗਲ਼ ਭਗਵਾਂ ਚੋਲਾ
ਪਾਖੰਡੀ ਲੋਕਾਂ
ਪਾਖੰਡ ਰਚਾਇਆ
ਜੱਗ ਪਿੱਛੇ ਲਾਇਆ!

ਧੰਨ ਜਿਊੜੇ
ਹੱਥੀਂ ਕਾਰ ਕਮਾਂਦੇ
ਅੱਠੇ ਪਹਿਰ
ਰਸਨਾਂ ਵੀ ਜੱਪਦੇ
ਤੇਰੇ ਨਾਮ ਦੀ ਮਾਲਾ!

ਪੈਰ ਖੜ੍ਹਾਵਾਂ
ਹੱਥ ਕਮੰਡਲ ਮਾਲਾ
ਜੋਗੀ ਭਾਇਆ
ਖੈਰ ਪਾਂਦੇ ਨੀ ਹੀਰੇ
ਦਰ ਜੋਗੀ ਆਇਆ!

ਤਨ ਤੰਬੂਰਾ
ਮਨ ਬਣੇ ਰਬਾਬ
ਸ਼ਬਦ ਧੁੰਨ
ਸੁਰਤ 'ਚ ਤਰਬਾਂ
ਜੀਵਨ ਤੱਤੀ ਸਾਜ਼!

# ਅਨੰਦ

ਸੋਈ ਧੰਨ ਹੈ
ਜਿ ਹਰਿ ਲਿਵ ਲਾਗੀ
ਹੋਏ ਵੈਰਾਗੀ
ਏ ਉੱਤਮ ਮੁਕਾਮ
ਕਿਸੇ ਵਿਰਲੇ ਭਾਗੀ

ਨੇਹੁ ਲਗਾ ਕੇ
ਸਾਥੋਂ ਪੱਲਾ ਛੁਡਾ ਕੇ
ਅਨੰਦਪੁਰੀ
ਛੱਡ ਜਾਣ ਵਾਲਿਆ
ਕਸੂਰ ਤਾਂ ਦੱਸ ਜਾ।

ਅੰਮ੍ਰਿਤ ਵੇਲੇ
ਮਿਲੇ ਸੰਤ ਪਿਆਰੇ
ਗੁਰਦੁਆਰੇ
ਗੁਰੂ ਜੱਸ ਗਾਵਣ
ਅਨੰਦ ਬਣ ਜਾਣ।

ਮਾਇਆ ਪਿੱਛੇ
ਦਿਨ ਰਾਤੀਂ ਮਰਦਾ
ਬਿਨ ਸੰਤੋਖ
ਆਦਮੀਂ ਦਾ ਹਿਰਦਾ
ਕਦੇ ਨਹੀਂ ਭਰਦਾ

# ਸੈਦੋਕਾ

ਦੁੱਖਾਂ ਭਰਿਆ
ਜਿੱਤ ਜਿੱਤ ਹਰਿਆ
ਇਹ ਜੀਵਨ ਤੱਕਿਆ!
ਮੇਰਾ ਮਸੀਹਾ
ਫੁੱਟ ਫੁੱਟ ਰੋਇਆ
ਸਾਰਾ ਜੱਗ ਹੱਸਿਆ।

ਸੁਣ ਸਖੀਏ
ਦੱਸ ਕਿੱਧਰ ਜਾਵਾਂ?
ਕਿੰਝ ਹਾਲ ਸੁਣਾਵਾਂ
ਟੁੱਟੇ ਦਿਲ ਦਾ
ਕੋਈ ਸੁੱਖ ਸੁਨੇਹਾ
ਕਿਤਿਓਂ ਨੀਂ ਮਿਲਦਾ!

ਮਾਂ ਨੀ ਜਾਣਦੀ
ਵਰਣਮਾਲਾ ਤੋਂ ਬਣੇ
ਸ਼ਬਦ ਤੇ ਅਰਥ
ਪਰ ਉਸਦੀ
ਸੂਰਤ 'ਚ ਵੱਸਦਾ
ਪੂਰਾ ਮਹਾਨ ਕੋਸ਼!

ਸੱਚ ਕਹਿੰਦੀ
ਤਲੀਆਂ ਦੀ ਮਹਿੰਦੀ
ਪਾ ਲਿਆ ਸੂਹਾ ਬਾਣਾ
ਦਿਓ ਅਸੀਸਾਂ
ਸੱਜਣ ਘਰ ਜਾਣਾ
ਛੱਡ ਚੋਲਾ ਪੁਰਾਣਾ.

*ਹਾਇਕੂ*

# ਪ੍ਰਕਿਰਤੀ

ਤ੍ਰੇਲ ਤੁਪਕੇ
ਧੋ ਧੋ ਨਿਖਾਰਾਂ
ਫੁੱਲਾਂ ਦੇ ਚਿਹਰੇ
*
ਗਹਿਰੀ ਧੁੰਦ
ਸੂਰਜ ਦੀ ਟਿੱਕੀ
ਲੱਗਦੀ ਛਿੱਕੀ !
*
ਮੀਂਹ ਦਾ ਜ਼ੋਰ
ਖਿੜੀ ਬਨਸਪਤੀ
ਨੱਚਦੇ ਮੋਰ !
*
ਹੈ ਪਤਝੜ
ਕੁੱਝ ਪੱਤਰ ਹਰੇ
ਮਹਿਕਾਂ ਭਰੇ !
*
ਰੁੱਖਾਂ ਅੰਦਰੋਂ
ਫੁੱਟਦੀ ਕਰੂੰਬਲ
ਆਪਣੇ ਬਲ !
*
ਇਹ ਜੀਵਨ
ਪਰਾਈ ਅਮਾਨਤ
ਮੋੜਨੀ ਪੈਣੀ !
*
ਭਾਣਾ ਮੰਨਦਾ
ਕਰਦਾ ਸ਼ੁਕਰਾਨਾ
ਸੰਤੋਖੀ ਬੰਦਾ !

# 34 ਰੈਪੀ ਰਾਜੀਵ



| | | |
|---|---|---|
| ਨਾਮ ਅਤੇ ਕਲਮੀ ਨਾਮ | : | ਰੈਪੀ ਰਾਜੀਵ |
| ਪਤਾ | : | ਪ੍ਰੀਤ ਨਗਰ, ਗਲੀ ਨੰ. 2, ਫਗਵਾੜਾ<br>ਜ਼ਿਲ੍ਹਾ ਕਪੂਰਥਲਾ |
| ਮੋਬਾਇਲ | : | +91 95010-01070 |
| ਈ-ਮੇਲ | : | chumberrajiv@gmail.com |
| ਵਿੱਦਿਅਕ ਯੋਗਤਾ | : | ਐਮ.ਐਸ.ਸੀ (ਕੰਪਿ. ਸਾਇੰਸ) |
| ਕਾਰੋਬਾਰ | : | ਜੂਨੀਅਰ ਸਹਾਇਕ (ਖੇਤਰੀ ਦਫ਼ਤਰ)<br>ਪੰਜਾਬ ਸਕੂਲ ਸਿੱਖਿਆ ਬੋਰਡ (ਹੁਸ਼ਿਆਰਪੁਰ) |
| ਪੁਸਤਕਾਂ | : | ਅਜੇ ਵੀ ਕਿਤੇ (ਸਪਰੈਡ ਪਬਲੀਕੇਸ਼ਨ,<br>ਰਾਸਪੁਰ, ਪਟਿਆਲਾ) (2022)<br>ਅਜੋਕਾ-ਕਾਵਿ, ਸੰਪਾਦਕ -ਅਰਜ਼ਪ੍ਰੀਤ (2020)<br>ਸਤਰੰਗੀਆਂ ਕਵਿਤਾਵਾਂ- ਸੰਪਾਦਕ ਜਗਜੀਵਨ ਮੀਤ (2022)<br>ਦਾਨਿਸ਼ ਹਾਇਕੂ ਸੰਸਾਰ- ਸੰਪਾਦਕ- ਸਾਬੀ ਈਸਪੁਰੀ<br>ਤਨੀਸ਼ਾ (ਤ੍ਰੈ-ਮਸਿਕ ਪੁਸਤਕ ਲੜੀ-20)<br>ਪਹਿਲੀ ਆਮਦ - ਸੰਪਾਦਕ-ਗੁਰਮੁੱਖ ਈਸੜ (2021)<br>ਤਦਬੀਰਾਂ- ਸੰਪਾਦਕ- ਰਾਜਨਦੀਪ ਕੌਰ ਮਾਨ (2022) |

# ਕਵੀ

ਕਵੀ ਉਹ ਹੁੰਦਾ ਹੈ ਜੋ ਦੁਨੀਆਂ ਦੀ ਗੱਲ ਕਰੇ
ਕਵੀ ਉਹ ਹੁੰਦਾ ਹੈ ਜੋ ਲੋਕਾਂ ਦੀ ਗੱਲ ਕਰੇ
ਜੋ ਅੱਜ ਕਰਨਾ ਹੁੰਦਾ ਨਾ ਉਹ ਕੱਲ੍ਹ ਕਰੇ
ਕਵੀ ਉਹ ਹੁੰਦਾ ਹੈ..................

ਕਈਆਂ ਦੀ ਕਵਿਤਾ ਉਸਦੇ ਕਮਰੇ ਤੱਕ ਹੀ ਸੀਮਤ
ਆਪਣੀ ਕਵਿਤਾ ਨਾਲ ਜੋ ਮਸਾਲੇ ਦਾ ਹੱਲ ਕਰੇ
ਕਵੀ ਉਹ ਹੁੰਦਾ ਹੈ .......

ਖ਼ੁਦ ਨੂੰ ਰੱਖੇ ਨੀਵਾਂ ਤੇ ਸਲਾਵੇ ਦੂਜਿਆਂ ਨੂੰ
ਕਵੀ ਉਹ ਹੁੰਦਾ ਹੈ ਜੋ ਨਾ  ਕਿਸੇ ਨੂੰ ਚੱਲ ਚੱਲ ਕਰੇ
ਕਵੀ ਉਹ ਹੁੰਦਾ ਹੈ ਜੋ ........

ਸਿਰਫ਼ ਆਪਣੇ ਆਪ ਨੂੰ ਹੀ ਨਾ ਲਿਖੀ ਜਾਵੇ ਕਾਗ਼ਜ਼ਾਂ 'ਤੇ
ਕਵੀ ਉਹ ਹੁੰਦਾ ਹੈ ਜੋ ਹਰ ਇੱਕ ਦੀ ਗੱਲ ਕਰੇ ...
ਕਵੀ ਉਹ ਹੁੰਦਾ ਹੈ ਜੋ ..........

# ਦਿਲ

ਐਵੇਂ ਅਸੀਂ ਦਿਲ ਤੇਰੇ ਨਾ ਕਰਵਾ ਬੈਠੇ।
ਬਿਨਾਂ ਸੋਚੇ ਕੋਈ ਰੋਗ਼ ਦਿਲ ਨੂੰ ਲਾ ਬੈਠੇ।

ਥੋੜਾ ਥੋੜਾ ਮਿਲਿਆ ਏ ਪਿਆਰ ਵੀ ਕਾਹਦਾ
ਇਸ ਦੁਨੀਆਂ 'ਚ ਆ ਜ਼ਿੰਦਗੀ ਗਵਾ ਬੈਠੇ।

ਛੱਡ ਦਿਲਾ ਤੂੰ ਉਹਨਾਂ ਦਾ ਫਿਕਰ ਨਾ ਕਰ
ਤੈਨੂੰ ਛੱਡ ਹੋਰ ਕਿਤੇ ਜੋ ਯਾਰੀ ਲਾ ਬੈਠੇ।

ਹੀਰੇ, ਸੋਨੇ, ਚਾਂਦੀ ਨਾਲ ਨਾ ਕੋਈ ਮੋਹ,
ਹੱਥੋਂ ਕੋਈ ਕੀਮਤੀ ਚੀਜ਼ਂ ਗਵਾ ਬੈਠੇ।

ਕੋਈ ਆਪਣਾ ਨਾ ਮਿਲਿਆ ਏਸੇ ਲਈ,
'ਰੈਪੀ 'ਲਿਖ ਕੇ ਗੀਤ ਅਸੀਂ ਗਾ ਬੈਠੇ।

# ਲਿਖਦੇ ਹਾਂ

ਜੋ ਹੋਇਆ ਏ ਸਾਡੇ ਨਾਲ ਉਹੀ ਲਿਖਦੇ ਹਾਂ।
ਸਾਡੀ ਜ਼ਿੰਦਗੀ 'ਚ ਆਏ ਬੜੇ ਉਤਾਅ ਚੜ੍ਹਾਅ ਸੀ
ਕਿੰਨਾ ਖ਼ਿਆਲ ਕਿਸੇ ਨੇ ਕੀਤਾ ਸਾਨੂੰ ਯਾਦ ਏ
ਸਫ਼ਲ ਹੋਣੋਂ ਪਹਿਲਾਂ ਹੋਣ ਲੱਗੇ ਤਬਾਹ ਸੀ

ਪੜ੍ਹਨਾ ਤੇ ਖੇਡਣਾ ਦੋ ਹੀ  ਸ਼ੌਕ ਸੀ
ਬਾਪੂ ਦੇ ਸਿਰ 'ਤੇ  ਨਾ ਕੋਈ ਫ਼ਿਕਰ
ਸਿਰ 'ਤੇ ਬਾਪ ਦਾ ਸਾਇਆ ਨਾ ਰਿਹਾ ਜਦ
ਸਾਡੀ ਕਿਸੇ ਵੀ ਨਾ ਆ ਫੜੀ ਬਾਂਹ ਸੀ

ਹੁੰਦੇ ਜੇਬ 'ਚ ਪੈਸੇ ਸੀ ਗੁਜ਼ਾਰੇ ਜੋਗੇ,
ਦੱਸੋ ਫੇਰ ਪਿਆਰ ਕਿਸੇ ਕਿੰਝ ਕਰਨਾ ਸੀ
ਜੇ ਨੌਕਰੀ ਨਾ ਮਿਲਦੀ ਤਾਂ ਵਿਦੇਸ਼ ਹੁੰਦੇ
ਸਾਨੂੰ ਵੀ ਕੋਈ ਲੱਭ ਪੈਣਾ ਰਾਹ ਸੀ

ਚੰਗੇ ਦਿਨ ਤੇਰੇ ਭਾਣੇ ਹੁਣ ਹੋ ਗਏ
ਪਹਿਲਾਂ ਵਾਲੇ ਦਿਨ 'ਰੈਪੀ' ਤੂੰ ਭੁੱਲੀਂ ਨਾ
ਉਹ ਸਾਈਕਲ, ਸਕੂਟਰ, ਸਕੂਲ, ਕਾਲਜ,
ਕ੍ਰਿਕਟ ਖੇਡਣ ਦਾ ਹੁੰਦਾ ਚਾਅ ਸੀ..........

# ਜਜ਼ਬਾਤੀ ਲੋਕ

ਜ਼ਜ਼ਬਾਤੀ ਲੋਕ ਜ਼ਜ਼ਬਾਤੀ ਹੀ ਰਹਿੰਦੇ
ਹਰ ਦੁੱਖ-ਸੁੱਖ ਹੱਸ ਕੇ ਸਹਿੰਦੇ
ਜ਼ਜ਼ਬਾਤੀ ਲੋਕ.......

ਅਕਲ ਵਾਲਿਆ ਦੇ ਨਾਲ ਘੱਟ ਬਣਦੀ
ਦਿਲਾਂ ਵਾਲਿਆਂ ਦੇ ਨੇ ਚਰਨੀ ਪੈਂਦੇ ।

ਇਹਨਾਂ ਜਿੰਨਾ ਅਕਲਮੰਦ ਨਾ ਕੋਈ,
ਲੋਕ ਪਰ ਕਮਲੇ, ਝੱਲੇ ਕਹਿੰਦੇ ।

ਜਜ਼ਬਾਤਾਂ ਨੂੰ ਡਾਇਰੀ 'ਤੇ ਲਿਖਦਾ,
ਤੈਨੂੰ ਲੋਕ ਨੇ ਕੀ - ਕੀ ਕਹਿੰਦੇ।

ਤੂੰ ਤੇ ਸਿਆਣਾ, ਪੜਿਆ-ਲਿਖਿਆ,
ਸ਼ਬਦ ਤੇਰੇ ਨਾ ਚੁੱਪ ਬਹਿੰਦੇ।

ਕੋਈ ਤੈਨੂੰ ਭਾਵੇਂ ਨਾ ਪਿਆਰ ਕਰੇ,
ਕਾਗ਼ਜ਼, ਕਲਮ ਨਾਲ ਘੁਲਦੇ ਰਹਿੰਦੇ।

ਦਿਲ ਦੇ ਜਜ਼ਬਾਤ ਨਾ ਸੁਣੇ ਕੋਈ,
ਇਸੇ ਲਈ ਕਾਗ਼ਜ਼, ਕਲਮ ਚੱਕ ਲੈਂਦੇ।

# 35 ਸਿੰਮੀ ਬਾਂਸਲ



ਨਾਮ ਅਤੇ ਕਲਮੀ ਨਾਮ : ਸਿੰਮੀ ਬਾਂਸਲ

ਪਤਾ : #60, ਅਗਰਵਾਲ, ਗਲੀ ਨੰ. 2, ਨਵਾਂ ਵਾਰਡ ਨੰ. 24, ਨੇੜੇ ਗੰਗਾ ਅਇਲ ਮਿੱਲ, ਮਾਨਸਾ

ਮੋਬਾਇਲ : +91 90418-61564

ਈ-ਮੇਲ : **simmi.bansal91@gmail.com**

ਵਿੱਦਿਅਕ ਯੋਗਤਾ : ਐਮ. ਏ. ਅੰਗਰੇਜ਼ੀ, ਐਮ. ਫਿਲ. ਅੰਗਰੇਜ਼ੀ, **UGC-NET**

ਕਾਰੋਬਾਰ : ਅਸਿਟੈਂਟ ਪ੍ਰੋਫੈਸਰ ਵਿਸ਼ਾ ਅੰਗਰੇਜ਼ੀ

ਪੁਸਤਕਾਂ : **Stray Thoughts On Covid Times (Poetry) eBook on Amazon**

# ਰੋਂਦੀ ਕਲਮ

ਚਿਰਾਂ ਤੋਂ
ਬੇਬਾਕ
ਬੇਖ਼ੌਫ਼ ਰਹੀ
ਮੇਰੀ ਕਲਮ
ਅੱਜ ਬੜੀ ਬੇਬਸ ਜਿਹੀ ਜਾਪੀ

ਕੋਲ ਪਈ ਸਿਆਹੀ ਵਿੱਚ ਡੁਬਕੀ ਮਾਰ ਚੁੱਕੀ ਸੀ
ਫਿਰ ਵੀ ਕੁਝ ਲਿਖਣ ਤੋਂ ਇਨਕਾਰੀ ਜਿਹੀ ਜਾਪੀ

ਡੂੰਘੀ ਸੋਚ ਵਿੱਚ ਸੀ
ਘੁਲ ਰਹੀ ਸੀ
ਅੱਖਰਾਂ ਦੀ ਥਾਂ
ਅੱਥਰੂ ਸਨ

ਅੰਨ੍ਹੀਆਂ ਸਰਕਾਰਾਂ
ਗੂੰਗੇ ਲੋਕ
ਲੂਲੇ-ਲੰਗੜੇ ਕਾਨੂੰਨ
ਤੇ ਬਹਿਰੀਆਂ ਅਦਾਲਤਾਂ
ਸਭ ਕੁਝ ਜੋ ਅਪਾਹਜ ਸੀ

ਰੋ ਰਹੀ ਸੀ
ਘੁਲ ਰਹੀ ਸੀ
ਕਿਤੇ ਮੇਰਾ ਪਾਠਕ ਤਾਂ ਅਪਾਹਜ ਨਹੀਂ?

# ਝੂਠ

ਝੂਠ ਹਿੱਕ ਤਾਣ ਕੇ ਤੁਰਦਾ ਹੈ
ਬਹੁਮਤ ਖੁਸ਼ੀ ਨੂੰ ਦੂੱਗਣਾ ਕਰ ਦਿੰਦਾ ਹੈ

''ਇਹ ਤਾਂ ਜਲਦੀ ਹੀ ਮੁੱਕ ਜਾਏਗਾ,
ਮਰੀਅਲ ਜਿਹਾ ਤਾਂ ਹੈ''
ਠਹਾਕਾ ਮਾਰ ਕੇ ਹੱਸਦਾ ਹੈ

ਪਾਸਾ ਪਲਟਦਾ ਹੈ
ਕੁਦਰਤ ਨਿਆਂ ਕਰਦੀ ਹੈ

ਹਿੱਕ ਭੁੰਜੇ ਲੱਗ ਜਾਂਦੀ ਹੈ
ਮਰੀਅਲ ਰਾਜ ਕਰਦਾ ਹੈ।

# ਕਿਓਂ ਨਾ ਕਿਤਾਬ ਬਣ ਜਾਵਾਂ

ਜੀਵ-ਜੰਤੂਆਂ ਵਾਂਗ
ਫੁੱਲ, ਬੂਟਿਆਂ ਵਾਂਗ
ਕਿਤਾਬਾਂ ਦੀ ਵੀ ਉਮਰ ਹੁੰਦੀ ਹੈ

ਜੀਵ-ਜੰਤੂਆਂ ਵਾਂਗ
ਫੁੱਲ, ਬੂਟਿਆਂ ਵਾਂਗ
ਕਿਤਾਬਾਂ 'ਤੇ ਵੀ ਬੁਢਾਪਾ ਆਉਂਦਾ ਹੈ

ਪਾਟੀਆਂ ਜਿਲਤਾਂ
ਜਿਲਤਾਂ 'ਚੋਂ ਭੁਰਦੀ ਲਾਲੀ
ਪੀਲੇ ਘਸਮੈਲੇ ਪੰਨੇ
ਧੁੰਦਲੀ ਪਈ ਸਿਆਹੀ
ਨਿਰਸੰਦੇਹ
ਬੁਢਾਪੇ ਦੇ ਆਗਮਨ ਦੀ ਹਾਮੀ ਭਰਦੇ ਹਨ

ਕਿਤਾਬਾਂ 'ਤੇ ਆਵੇ
ਚਾਹੇ ਬੰਦਿਆਂ 'ਤੇ ਆਵੇ
ਬੁਢਾਪਾ ਤਾਂ
ਮੁੱਢ ਤੋਂ ਹੀ ਦਿੰਦਾ ਆਇਆ ਹੈ
ਆਪਣਾ ਸਭ ਕੁਝ
ਆਪਣਾ ਆਪ

ਬਸ
ਕਿਤਾਬਾਂ ਅਮਰ ਹੋ ਜਾਂਦੀਆ ਹਨ
ਬੰਦੇ ਵਿਸਰ ਜਾਂਦੇ ਹਨ

ਸੋਚਦੀ ਹਾਂ
ਕਿਉਂ ਨਾ ਕਿਤਾਬ ਬਣ ਜਾਵਾਂ!

# ਮੇਰੀ ਮੇਰੇ ਨਾਲ ਮੁਲਾਕਾਤ

ਕਿਉਂ ਨਾ
ਥੋੜ੍ਹੇ ਚਿਰ ਲਈ ਹੀ ਸਹੀ
ਮੈਂ
ਮੇਰੇ ਵਿੱਚੋਂ
ਇੱਕ ਧੀ, ਪਤਨੀ ਤੇ ਮਾਂ
ਬਾਹਰ ਕੱਢ ਕੇ ਵੇਖਾਂ!

ਕਈ ਵਾਰ ਮਨ ਵਿੱਚ ਖ਼ਿਆਲ ਆਉਂਦਾ

ਡਰ ਜਾਂਦੀ
ਸਹਿਮ ਜਾਂਦੀ
ਕਿਤੇ ਖ਼ਾਲੀ ਨਾ ਹੋ ਜਾਵਾਂ

ਅੱਜ ਹੌਂਸਲਾ ਕਰ
ਪ੍ਰਯੋਗ ਵਿੱਚ ਲਿਆਂਦਾ

ਨਤੀਜ਼ਾ ਬੜਾ ਸ਼ਾਨਦਾਰ ਸੀ
ਮੇਰੀ ਮੁਲਾਕਾਤ
ਮੇਰੇ ਨਾਲ ਹੋਈ
ਮੈਂ ਖ਼ਾਲੀ ਦੀ ਥਾਂ
ਭਰਪੂਰ ਹੋਈ।

## 36 ਸ਼ਾਇਰ ਭੱਟੀ



| | |
|---|---|
| ਨਾਮ ਅਤੇ ਕਲਮੀ ਨਾਮ | : ਸ਼ਾਇਰ ਭੱਟੀ |
| ਪਤਾ | : #649 ਬੀ, ਸੈਕਟਰ 46 A, ਚੰਡੀਗੜ੍ਹ, ਪਿੰਨ ਕੋਡ 160047 |
| ਮੋਬਾਇਲ | : +91 98729-89193, +91 88475-11580 |
| ਈ-ਮੇਲ | : sawindersinghbhatti@gmail.com<br>poet.bhatti@gmail.com |
| ਵਿੱਦਿਅਕ ਯੋਗਤਾ | : ਬੀ ਐੱਸ.ਸੀ. (ਐੱਮ.ਆਈ.ਟੀ.)<br>ਮੈਡੀਕਲ ਇਮੇਜਿੰਗ ਤਕਨਾਲੋਜੀ |
| ਕਾਰੋਬਾਰ | : ਸਿਹਤ ਵਿਭਾਗ ਵਿਚ ਬਤੌਰ (ਰੇਡੀਏਸ਼ਨ ਸੁਰੱਖਿਆ ਅਫ਼ਸਰ)<br>ਈ. ਐੱਸ. ਆਈ. ਮਾਡਲ ਹਸਪਤਾਲ (ਚੰਡੀਗੜ੍ਹ) |
| ਸਾਹਿਤਕ ਪ੍ਰਾਪਤੀਆਂ | ਹੁਣ ਤਕ ਅਖ਼ਬਾਰਾਂ, ਰਸਾਲਿਆਂ ਵਿੱਚ ਛਪ ਚੁੱਕੀਆਂ ਰਚਨਾਵਾਂ-<br>ਮੇਰਾ ਲਿਖਿਆ ਮੈਟਰ (ਕਹਾਣੀ, ਕਵਿਤਾ, ਗ਼ਜ਼ਲ, ਨਜ਼ਮ, ਗੀਤ, ਆਰਟੀਕਲ) ਲਗਭਗ ਪੰਜਾਬੀ ਹਿੰਦੀ ਦੇ ਸਾਰੇ ਰਸਾਲਿਆਂ ਤੇ ਅਖ਼ਬਾਰਾਂ ਵਿੱਚ ਛਪ ਚੁੱਕਿਆ ਹੈ। |
| ਪੁਸਤਕਾਂ | : ਇਸ਼ਕ ਮਿਜਾਜ਼ੀ ਤੋਂ ਇਸ਼ਕ ਹਕੀਕੀ ਵੱਲ, ਮਹਿਕਦੇ ਅਲਫਾਜ਼, ਮੂੰਹੋਂ ਬੋਲਦੀਆਂ ਕਲਮਾਂ, ਕਲਮਾਂ ਦੇ ਸਿਰਨਾਵੇਂ, ਅੱਖਰ-ਅੱਖਰ ਅਹਿਸਾਸ, ਕਲਮਾਂ ਦੀ ਪਰਵਾਜ਼, ਸ਼ਬਦ ਸੰਵਾਦ, ਵੇਲ ਸੁਨੇਹਿਆਂ ਵਾਲ਼ੀ, ਸੁਨਹਿਰੀ ਸੁਨੇਹੇ। |

ਗ਼ਜ਼ਲ

# ਇਸ਼ਕ ਦੇ ਵਿਹੜੇ...

ਫੇਰ ਉਹੀ ਕਿਉ ਡੁੱਬਣ ਬੇੜੇ
ਆ ਜਾਦੇ ਜੋ ਮੰਜ਼ਿਲ ਨੇੜੇ

ਆਸ਼ਕ ਦਰਦ ਖ਼ਰੀਦਣ ਖ਼ਾਤਰ
ਵੇਚਣ ਆਪਣੇ ਖੁਸ਼ੀਆਂ ਖੇੜੇ

ਜੁੜਿਆ ਨਾਤਾ ਟੁੱਟ ਨਾ ਜਾਵੇ
ਮੌਲਾ ਕਰਦੇ ਪਿਆਰ ਨਬੇੜੇ

ਦਰਦ ਖੁਰਾਕ ਬਣੇ ਉਹਨਾਂ ਦੀ
ਜਿਹੜੇ ਵਸਦੇ ਇਸ਼ਕ ਦੇ ਵਿਹੜੇ

ਆਸ਼ਕ ਦਾ ਤਾਂ ਹੱਜ ਹੋ ਜਾਂਦਾ
ਲੋਕ ਗਲੀ ਦੇ ਸਮਝਣ ਗੇੜੇ

ਰਾਹਤ ਦਿੰਦੇ ਸਬਰ ਵੀ ਦਿੰਦੇ
ਰੂਹਾਂ ਵਾਲੇ ਝਗੜੇ ਝੇੜੇ

ਸੁਣ ਤਾਬ ਨਹੀਂ ਝੱਲੀ ਜਾਣੀ
ਕੋਈ ਅੱਲੇ ਜ਼ਖ਼ਮ ਨਾ ਛੇੜੇ

ਫਿਰ ਨਾ ਰੋਈ ਰਾਂਝੇ ਵਾਂਗੂੰ
ਹੀਰ ਤੇਰੀ ਜੇ ਲੈ ਗੇ ਖੇੜੇ

ਖੋਲ ਨਾ ਹੋਣੇ ਯਾਰ ਤੇਰੇ ਤੋਂ
ਜਦ ਨੈਣਾਂ ਨੇ ਬੂਹੇ ਭੇੜੇ

ਯਾਰ ਗ਼ਮਾਂ ਨੂੰ ਰਾਹਤ ਮਿਲਦੀ
ਭੱਟੀ ਕੋਲ ਨੇ ਆਉਂਦੇ ਜਿਹੜੇ

ਭੱਟੀ ਕੋਲ ਨੇ ਆਉਂਦੇ ਜਿਹੜੇ

ਗ਼ਜ਼ਲ

# ਹੰਝੂ

ਹੰਝੂ ਜਦ ਵੀ ਚੀਸਾਂ ਬਣਕੇ ਅੱਖੀਆਂ ਵਿੱਚ ਸਮਾਉਂਦੇ ਨੇ।
ਦਰਦ ਭਰੇ ਫਿਰ ਕਿੰਨੇ ਨਗ਼ਮੇ ਬੁੱਲ੍ਹਾਂ ਉੱਤੇ ਆਉਂਦੇ ਨੇ।

ਜਦ ਵੀ ਛਿੜਦੀ ਗੱਲ ਕਿਤੇ ਹੈ ਤੇਰੇ ਦਿੱਤੇ ਜ਼ਖ਼ਮਾਂ ਦੀ,
ਚੁੱਪ ਰਹਾਂ ਪਰ ਮੇਰੇ ਹੰਝੂ ਖ਼ਾਸਾ ਸ਼ੋਰ ਮਚਾਉਂਦੇ ਨੇ।

ਤੂੰ ਦਰਦਾਂ ਦੀ ਦਿਲ ਮੇਰੇ ਨੂੰ ਕੈਸੀ ਆਦਤ ਪਾਈ ਹੈ,
ਚਾਰੇ ਪਹਿਰ ਹੀ ਚੰਦਰੇ ਮੇਰਾ ਰਹਿੰਦੇ ਦਰ ਖੜਕਾਉਂਦੇ ਨੇ।

ਦੁਨੀਆਂ ਦੇ ਬਾਸ਼ਿੰਦੇ ਸਾਰੇ ਪੀੜ ਮੇਰੀ ਤੋਂ ਵਾਕਿਫ਼ ਨੇ,
ਕੈਦ ਪਰਿੰਦੇ ਮੌਤ ਮੇਰੀ ਦਾ ਮਾਤਮ ਰੋਜ਼ ਮਨਾਉਂਦੇ ਨੇ।

ਵਿਛ ਜਾਦੀ ਹੈ ਦੌਲਤ ਸ਼ੁਹਰਤ ਆਪ-ਮੁਹਾਰੇ ਕਦਮਾਂ ਵਿਚ,
ਉੱਚਾ ਰੁਤਬਾ ਪਾ ਜਾਂਦੇ ਜੋ ਮੇਰਾ ਕਿੱਸਾ ਗਾਉਂਦੇ ਨੇ।

ਮੈਂ ਬਣਿਆ ਹਾਂ ਕੀ ਤੋਂ ਕੀ, ਹੁਣ ਦੱਸ ਨਾ ਹੋਣਾ ਮੇਰੇ ਤੋਂ,
ਵੇਖ ਕੇ ਮੇਰੀ ਹਾਲਤ ਲੋਕੀਂ  ਰਾਂਝਾ ਆਖ ਬੁਲਾਉਂਦੇ ਨੇ।

ਫੁੱਲਾਂ ਦੀ ਤਾਂ ਗੱਲ ਕੋਈ ਨਾ, ਤੇਰੇ ਜ਼ੁਲਫ਼ੀਂ ਟੰਗਣ ਨੂੰ।
'ਭੱਟੀ' ਵਰਗੇ ਕਮਲੇ-ਰਮਲੇ ਤਾਰੇ ਤੋੜ ਲਿਆਉਂਦੇ ਨੇ।

# ਗ਼ਜ਼ਲ

ਤਿੜਕੇ ਖ਼ਾਬ ਜਗਾਉਂਦੇ ਨੇ ਜਦ ਰਾਤਾਂ ਨੂੰ
ਤਾਰੇ ਸਾਥ ਨਿਭਾਉਂਦੇ ਨੇ, ਫ਼ਿਰ ਰਾਤਾਂ ਨੂੰ

ਲਾ ਕੇ ਲਾਰੇ ਆਵੇਂ ਨਾ ਮਨਮੀਤ ਜਦੋਂ
ਨਾਲ ਮੇਰੇ ਗ਼ਮ ਸੌਂਦੇ ਨੇ ਫ਼ਿਰ ਰਾਤਾਂ ਨੂੰ

ਜਦ ਜੰਗਲ ਸੁੰਨਸਾਨ ਜਿਹਾ ਹੋ ਜਾਂਦਾ ਹੈ
ਜੁਗਨੂੰ ਪੈਲਾਂ ਪਾਉਂਦੇ ਨੇ, ਫ਼ਿਰ ਰਾਤਾਂ ਨੂੰ

ਸਬਰ ਬੜਾ ਹੀ ਰੱਖਣ ਹੰਝੂ ਦਿਨ ਵੇਲੇ
ਪਲਕਾਂ ਵਿਚ ਮੁਸਕਾਉਦੇ ਨੇ ਫ਼ਿਰ ਰਾਤਾਂ ਨੂੰ

ਪਹਿਲੇ ਪਹਿਰ ਜਲਾਉਂਦਾ ਹਾਂ ਜੋ ਖ਼ਤ ਤੇਰੇ
ਦਿਲ ਵਿਚ ਅੱਗ ਮਚਾਉਂਦੇ ਨੇ ਫ਼ਿਰ ਰਾਤਾਂ ਨੂੰ

ਜਦ ਵੀ 'ਕੱਠੇ ਹੁੰਦੇ ਪੰਛੀ, ਰੁੱਖ, ਹਵਾ
ਮੇਰਾ ਕਿੱਸਾ ਗਾਉਂਦੇ ਨੇ ਫ਼ਿਰ ਰਾਤਾਂ ਨੂੰ

ਸ਼ੋਰ ਕਰੇ ਨਾ ਭੋਰਾ ਵੀ ਰੂਹ ਮੇਰੀ ਪਰ
ਦਰਦ ਬੜਾ ਕੁਰਲਾਉਂਦੇ ਨੇ ਫ਼ਿਰ ਰਾਤਾਂ ਨੂੰ

ਬੂਹੇ ਦਸਤਕ ਰਹਿੰਦੀ ਦਿਨ ਭਰ ਦੁੱਖਾਂ ਦੀ
ਮਹਿਫ਼ਲ ਖ਼ੂਬ ਸਜਾਉਂਦੇ ਨੇ ਫ਼ਿਰ ਰਾਤਾਂ ਨੂੰ

ਵੇਖ ਦਵਾਈ ਵਰਗੇ ਮੇਰੇ ਗ਼ਮ ਸਾਰੇ
ਯਾਰ ਥਕਾਨ ਮਿਟਾਉਂਦੇ ਨੇ ਫ਼ਿਰ ਰਾਤਾਂ ਨੂੰ

ਪਾਗ਼ਲ ਨੂੰ ਰਾਤਾਂ ਕੀ ਸਮਝਾਉਂਦੀਆਂ ਨੇ
ਪਾਗ਼ਲ ਕੀ ਸਮਝਾਉਂਦੇ ਨੇ ਫਿਰ ਰਾਤਾਂ ਨੂੰ

# ਵਫ਼ਾ

ਵਫ਼ਾ ਮੇਰੀ ਦੇ ਬਦਲੇ ਬੇਵਫ਼ਾਈ ਨਾ ਦਵੇ।
ਕਹੋ ਉਸਨੂੰ ਕਿ ਮੈਨੂੰ ਜਗ ਹਸਾਈ ਨਾ ਦਵੇ।

ਸਦਾ ਝਲਕੇ,ਵਫ਼ਾਦਾਰੀ, ਵਫ਼ਾਦਾਰਾਂ ਵਿਚੋਂ,
ਮੁਹੱਬਤ ਹੈਂ ਦਿਲੋਂ ਤਾਂ ਫਿਰ ਸਫ਼ਾਈ ਨਾ ਦਵੇ।

ਗਮਾਂ ਦੇ ਘੇਰ ਵਿਚ ਮੈਂ ਕੈਦੀ ਦੇ ਵਾਂਗੂੰ ਰਹਾਂ,
ਕਹੋ ਉਸਨੂੰ ਕਿ ਮੈਨੂੰ ਹੁਣ ਰਿਹਾਈ ਨਾ ਦਵੇ

ਅਸੀ ਉਸਦੇ ਇਸ਼ਾਰੇ ਜਦ ਸਮਝਦੇ ਹੀ ਨਹੀਂ,
ਉਹ ਰੋ-ਰੋ ਕੇ, ਕਿਤੇ ਵੀ ਹੁਣ,ਦੁਹਾਈ ਨਾ ਦਵੇ

ਸਦਾ ਕੀਤੀ ਗੁਜ਼ਾਰਸ਼ ਸਾਥ ਜੀਵਨ ਭਰ ਰਹੇ
ਕਦੇ ਤੜਫ਼ਣ ਨਾ ਰੂਹਾਂ,ਉਹ ਜੁਦਾਈ ਨਾ ਦਵੇ

ਅਸਾਂ ਨੂੰ ਰਾਸ ਆਏ ਦੁੱਖ ਹਿਜਰਾਂ ਦੇ ਬੜੇ,
ਗਮਾਂ,ਦਰਦਾਂ ਦੀ ਕੋਈ ਹੁਣ ਦਵਾਈ ਨਾ ਦਵੇ।

ਕਰਾਂ ਸਭ ਦਾ ਭਲਾ ਤੇ ਖ਼ੂਬ ਮਿਹਨਤ ਵੀ ਕਰਾਂ,
ਤੇ ਉਹ ਬੇਸ਼ੱਕ ਮੈਨੂੰ ਇਕ ਵੀ ਪਾਈ ਨਾ ਦਵੇ।

ਕਦੇ ਖਿਆਲਾਂ ਕਦੇ ਸੁਫ਼ਨੇ 'ਚ ਉਹ ਆਇਆ ਨਹੀਂ,
ਹਕੀਕਤ ਵਿਚ ਵੀ ਕਿਧਰੇ ਹੁਣ ਦਿਖਾਈ ਨਾ ਦਵੇ।

ਕਰੇ ਨਿਤ ਮਿੰਨਤਾਂ ਭੱਟੀ, ਉਹ ਮੰਨੇ ਤਾਂ ਸਹੀ,
ਸੁਣੇ ਫ਼ਰਿਆਦ ਮੇਰੀ ਜਗ ਹਸਾਈ ਨਾ ਦਵੇ

37

# ਸੰਧੂ ਉਰਜੀਵ




| | |
|---|---|
| ਨਾਮ ਅਤੇ ਕਲਮੀ ਨਾਮ | : ਸੰਧੂ ਉਰਜੀਵ |
| ਪਤਾ | : ਪਿੰਡ ਪੰਜੌੜ, ਤਹਿ. ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ |
| ਮੋਬਾਇਲ | : +91 82649-92362 |
| ਈ-ਮੇਲ | : **orjeevkumar@gmail.com** |
| ਵਿੱਦਿਅਕ ਯੋਗਤਾ | : **B.Com Professional** |
| ਕਾਰੋਬਾਰ | : ਸਕੱਤਰ, ਐਗਰੀਕਲਚਰ ਸਰਵਿਸ ਸੋਸਾਇਟੀ (ਪੰਜੌੜ) |

# ਪਾਇਆ ਏ

ਪੁੱਛਿਆ ਕਹਿੰਦਾ ਅੱਜ ਪਾਯਾ ਏ
ਸ਼ਰਮ ਨੂੰ ਕਿਹੜੇ ਲੱਜ ਪਾਯਾ ਏ

ਉੱਪਰ ਚੁੱਕ ਚੁੱਕ ਛੱਟਣੋਂ ਬੈਠੇ
ਜ਼ਜ਼ਬਾਤਾਂ ਨੂੰ ਛੱਜ ਪਾਯਾ ਏ

ਖ਼ਾਲੀ ਥਾਂ ਭਰੋ ਆਇਆ ਸੀ
ਮਾਂ ਦੇ ਪੈਰੀਂ ਹੱਜ ਪਾਯਾ ਏ

ਨੱਕ ਡੁਬੋ ਕੇ ਮਰ ਜਾਵਾਂਗੇ
ਇਹ ਤੂੰ ਕਿਹੜਾ ਚੱਜ ਪਾਯਾ ਏ

ਦੋ ਕੁ ਗਲਤੀਆਂ ਲਕੋਣ ਵਾਸਤੇ
ਪਰਦਾ ਚਾਰ ਕੁ ਗੱਜ ਪਾਯਾ ਏ

ਇਸ਼ਕ ਉਸ਼ਕ ਦੇ ਮਾਮਲੇ ਮੈਂ ਤਾਂ
ਅੱਖੀਆਂ ਨੂੰ ਹੀ ਜੱਜ ਪਾਯਾ ਏ

ਚੰਗਾ ਏ ਤੂੰ ਬਹੁਤ ਚੰਗਾ ਏ
ਦਿਲ ਆਪਣੇ ਨੂੰ ਪੱਜ ਪਾਯਾ ਏ

ਉਰਜੀਵ ਸੰਧੂ ਨੇ ਵਿੱਚ ਨਜ਼ਮਾਂ ਦੇ
ਗ਼ੈਰਤ ਨੂੰ ਰੱਜ ਰੱਜ ਪਾਯਾ ਏ

# ਵਿਛੋੜਾ

ਚੈਨ ਉੱਡ ਗਿਆ ਨੈਣੀ ਨੀਂਦ ਵੀ ਨਾ ਰਈ ਏ
ਤੇਰੇ ਬਿਨਾਂ ਜੀਣ ਦੀ ਉਮੀਦ ਵੀ ਨਾ ਰਈ ਏ

ਘਾਟੇ ਖਾਕੇ ਬਹਿ ਗਏ ਵਪਾਰੀ ਬਣ ਖੁਸ਼ੀਆਂ ਦੇ
ਹੁਣ ਵੇਚੀਏ ਕੀ ਸੱਜਣਾ ਖ਼ਰੀਦ ਵੀ ਨਾ ਰਈ ਏ

ਤੈਨੂੰ ਦੇਖ ਸਾਹ ਚੱਲਦੇ ਸੀ ਤੇਰੇ ਲਈ ਜਿਉਂਦੇ ਸੀ
ਮਰਿਆਂ ਚ ਆ ਗਏ ਤੇਰੀ ਦੀਦ ਵੀ ਨਾ ਰਈ ਏ

ਕੀਹਦੀਆਂ ਉਡੀਕਾਂ ਵਿੱਚ ਬੈਠਾ ਦਿਲਾ ਮੇਰਿਆ
ਦੱਸ ਗਲ਼ ਕੀਹਦੇ ਲੱਗਣਾ ਏ ਈਦ ਵੀ ਨਾ ਰਈ ਏ

ਇੱਕ ਸਾਡਾ ਰੱਬ ਸੀ ਸੱਜਣਾ ਇੱਕ ਸਾਡਾ ਤੂੰ ਸੀ ਵੇ
ਮੁਰਾਦ ਕਿਸ ਲਈ ਮੰਗੀਏ ਮੁਰੀਦ ਵੀ ਨਾ ਰਈ ਏ

ਹੁਣ ਕੀਹਦੇ ਨਾਲ ਸੰਧੂਆਂ ਵੇ ਖੁਸ਼ੀਆਂ ਮਨਾਵਾਂਗੇ
ਉਰਜੀਵ ਬਿਨਾਂ ਦੀਵਾਲੀ,ਬਕਰੀਦ ਵੀ ਨਾ ਰਈ ਏ

# ਦੀਵਾਨੇ ਅੱਖ

ਹੈ ਨਵੇਂ ਨਵੇਂ ਨਜ਼ਰਾਨੇ ਲੈ ਕੇ ਆਇਆ ਏ
ਸਾਡੇ ਲਈ ਉਹ ਤਾਹਨੇ ਲੈ ਕੇ ਆਇਆ ਏ

ਕਹਿੰਦਾ ਸੱਜਣਾ ਢਿੱਲਾ ਹੋਇਆ ਲੱਗਦਾ ਏ
ਕੱਸਣ ਲਈ ਉਹ ਪਾਨੇ ਲੈ ਕੇ ਆਇਆ ਏ

ਜਿੱਦਾਂ ਕਿ ਮੈਨੂੰ ਪਤਾ ਨਹੀਂ 'ਸ਼ੈਤਾਨ ਏ ਦਿਲ' ਦਾ
ਦਿਮਾਗ਼ ਦੇ ਖਾਲੀ ਖਾਨੇ ਲੈ ਕੇ ਆਇਆ ਏ

ਸ਼ਰਾਬ ਦੇ ਕੋਲੋ ਮੇਰਾ ਪਿੱਛਾ ਛੁਡਵਾਵਣ ਲਈ
ਉਹ ਨੈਣਾ ਵਾਲੇ ਮੈਖ਼ਾਨੇ ਲੈ ਕੇ ਆਇਆ ਏ

ਭੁੱਲਕੇ ਸਭ ਕੁੱਝ ਮੁੜ ਤੋਂ ਫ਼ੇਰ ਅਪਣਾਲੈ ਨਾਲੇ
ਗ਼ਲਤੀਆਂ ਦੇ ਹਰਜ਼ਾਨੇ ਲੈ ਕੇ ਆਇਆ ਏ

ਰਿਸ਼ਵਤ ਨਾਲ ਨੇ ਪਿਆਰ ਭਲਾ ਥੋੜੀ ਮਿਲਦੇ
ਪਾਗ਼ਲ , ਉਹ ਵੀ ਆਨੇ ਲੈ ਕੇ ਆਇਆ ਏ

ਲੱਗਦੈ ਹੁਣ ਉਰਜੀਵ ਦੀ ਕਲਮ ਬੇਹੋਸ਼ ਰਹੂ
ਸੰਧੂਆਂ ਅੱਖਰ ਦੀਵਾਨੇ ਲੈ ਕੇ ਆਇਆ ਏ

# ਚੱਲੀ ਜਾ

ਸੱਜਣਾ ਇਹੀ ਖ਼ਿਆਲ ਚੱਲੀ ਜਾ
ਜਿਹੜੇ ਵੀ ਏ ਹਾਲ ਚੱਲੀ ਜਾ

ਜੇ ਆਪਣੇ ਤੇਰੇ ਪਿੱਛੇ ਹੱਟਣ
ਹੋ ਕੇ ਗੈਰਾਂ ਨਾਲ ਚੱਲੀ ਜਾ

ਕੋਈ ਤਾਂ ਤੇਰਾ ਉੱਤਰ ਲੱਭੇਗਾ
ਬਣਕੇ ਪ੍ਰਸ਼ਨ ਸਵਾਲ ਚੱਲੀ ਜਾ

ਝੂਠਿਆਂ ਨੂੰ ਕਦੀ ਮੂੰਹ ਨਾ ਲਾਵੀਂ
ਸੱਚ ਦੀ ਬਣਕੇ ਢਾਲ ਚੱਲੀ ਜਾ

ਰੁੱਕਣੇ ਦਾ ਤੂੰ ਨਾਮ ਲਈਂ ਨਾ
ਕਰ ਮੰਜ਼ਿਲਾ ਦੀ ਭਾਲ ਚੱਲੀ ਜਾ

ਚੁੱਪ ਰਹਿਣਾ ਹੀ ਸਮਝਦਾਰੀ ਏ
ਲੋਕੀ ਕਰਨ ਵਬਾਲ ਚੱਲੀ ਜਾ

ਉਰਜੀਵ ਕਾਕਾ ਜੇ ਸ਼ਾਇਰ ਕਹਾਵੇਂ
ਪਾ ਸ਼ਬਦਾਂ ਦਾ ਜਾਲ਼ ਚੱਲੀ ਜਾ

ਸੰਧੂਆਂ ਕੁੱਤੇ ਨੇ ਭੌਂਕਦੇ ਰਹਿੰਦੇ
ਤੂੰ ਹਾਥੀ ਵਾਲੀ ਚਾਲ ਚੱਲੀ ਜਾ

*38*

# ਅਨੀਤਾ ਜੱਖੂ




ਨਾਮ ਅਤੇ ਕਲਮੀ ਨਾਮ : ਡਾ. ਅਨੀਤਾ ਰਾਣੀ

ਪਤਾ : ਪਿੰਡ ਸੁੱਚੀ ਪਿੰਡ, ਡਾਕ. ਚੁਗਿੱਟੀ,
ਜ਼ਿਲ੍ਹਾ ਜਲੰਧਰ

ਮੋਬਾਇਲ : +91 97812–68052

ਈ–ਮੇਲ : **anitajakhu85@yahoo.com**


ਵਿੱਦਿਅਕ ਯੋਗਤਾ : ਐੱਮ.ਏ.ਪੰਜਾਬੀ, ਐੱਮ.ਫ਼ਿਲ ਪੰਜਾਬੀ,
ਪੀਐੱਚ. ਡੀ. ਪੰਜਾਬੀ

ਕਾਰੋਬਾਰ : ਐਸਿਸਟੈਂਟ ਪ੍ਰੋਫ਼ੈਸਰ
(ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜਲੰਧਰ)

ਸਾਹਿਤਕ ਪ੍ਰਾਪਤੀਆਂ : ਸਰਵੋਤਮ ਅਧਿਆਪਕ ਪੁਰਸਕਾਰ–2022
(ਵਲੋਂ ਇਨਰ ਵੀਲ੍ਹ ਕਲੱਬ, ਫਗਵਾੜਾ)

# ਰੱਬ

ਮੈਂ ਰੱਬ ਦੇਖਿਆ....!
ਨਿਆਣੇ (ਬੱਚੇ) ਦਾ ਰੂਪ ਧਾਰ
7-8 ਸਾਲ ਦੀ ਉਮਰ 'ਚ ਸੜਕਾਂ 'ਤੇ ਰੁਲਦਾ।

ਰੋਟੀ ਦੀ ਭਾਲ 'ਚ ਤਨ ਤੋਂ ਕੱਪੜ-ਹੀਣਾ,
ਪੈਰਾਂ ਦੀਆਂ ਬਿਆਈਆਂ ਫਟੀਆਂ ਲੈ॥
ਪੂਰੇ ਦਿਨ ਦੀ ਭਟਕਣ 'ਚ
ਕੰਮ ਕਰਦੀ ਮਾਂ ਦੇ ਪਿਆਰ ਦੀ ਉਮੀਦ 'ਚ
ਸੱਧਰਾਂ ਦਬਾਉਂਦਾ
ਮਿੱਟੀ ਵਿਚ ਮਿੱਟੀ ਹੁੰਦਾ
....ਮਾਂ ਦੇ ਇਰਧ-ਗਿਰਧ ਘੁੰਮਦਾ,
ਮੈਂ ਰੱਬ ਦੇਖਿਆ....!
ਆਪਣੇ ਨਾਲ ਦੇ ਭੈਣ-ਭਰਾ ਚੱਕੀ
ਮੋਹ ਦੀਆਂ ਤੰਦਾਂ ਜੋੜਦਾ
.....ਮਮਤਾ ਦੀ ਅਣਹੋਂਦ ਖੁਦ ਹੰਢਾਈ,
ਛੋਟੀ ਉਮਰ 'ਚ ਜਲਦੀ ਸਿਆਣਾ ਹੁੰਦਾ....,
ਕਿਤਾਬੀ ਗਿਆਨ ਵਿਹੂਣਾ
ਦੁਨੀਆਵੀਂ ਗਿਆਨ ਦੇ ਬੋਝ ਥੱਲੇ
ਦਿਨ-ਬ-ਦਿਨ ਮਜ਼ਬੂਤ ਹੁੰਦਾ
ਮੈਂ ਰੱਬ ਦੇਖਿਆ....!

# ਕੁਦਰਤ...

ਕੁਦਰਤ ਹੋ ਜਾਵਾਂ, ਜੇ ਮੈਂ ਵੀ ਕਿਤੇ
ਹਰ ਖ਼ੁਸ਼ਨੁਮਾ ਰੰਗ, ਮੇਰਾ ਸਿਰਨਾਵਾ ਹੋ ਜੇ।

ਖੇਡ ਮੁਕਦਰਾਂ ਦੇ ਫਿਰ ਮੁਕਣ ਪਲਾਂ 'ਚ
ਜੇਕਰ ਖ਼ੁਦਾ ਖ਼ੁਦ ਮੇਰਾ ਪਰਛਾਵਾ ਹੋ ਜੇ।

ਜਨਮਾਂ-ਜੂਨਾਂ ਦੀ ਭਟਕਣ ਨੂੰ ਮਿਲ ਜੇ ਸਕੂਨ...
ਤੂੰ ਮਿਲੇ.. ਤੇ ਮੇਰਾ ਟਿਕਾਣਾ ਹੋ ਜੇ।

ਮਿਹਰਬਾਨ ਹੋਣ, ਕਾਇਨਾਤ ਦੇ ਸਭ ਰੰਗ-ਤਮਾਸ਼ੇ
ਤੇਰੀ ਤੱਕਣੀ, ਮੇਰੇ ਲਈ ਆਸ਼ਕਾਨਾ ਜੇ ਹੋ ਜੇ।

# ਜ਼ਿੰਦਗੀ

ਮੈ, ਨਿਤ ਦਿਨ
ਤੇਰੇ ਪੇਚੀਦਾ ਸਵਾਲਾਂ ਦੀ
....ਇੱਕ-ਇੱਕ ਤੰਦ
ਟੋਹਦੀ ਹਾਂ, ਖੋਲ੍ਹਦੀ ਹਾਂ।
ਅੱਗੇ ਵੱਧ
ਰੋਜ਼ ਤੇਰੇ ਕੜ੍ਹੇ ਇਮਤਿਹਾਨਾਂ ਤੋਂ ਬਾਦ
....ਖ਼ੁਦ ਨੂੰ ਬੇਤਹਾਸ਼ਾ
ਟੁਕੜਿਆਂ 'ਚ ਪਾਉਂਦੀ ਹਾਂ।
...ਕਈ ਭਟਕਣਾ 'ਚੋਂ ਨਿਕਲਦੀ
ਸਬਰਾਂ ਦੇ ਬੰਨ੍ਹ ਬਣਾ
ਮੋਹ ਦੀਆਂ ਤੰਦਾਂ ਨੂੰ ਤੋੜ
ਨਵਾਂ ਇਲਜ਼ਾਮ ਹੰਢਾਉਂਦੀ ਹਾਂ।
ਜ਼ਿੰਦਗੀ, ਤੇਰੇ ਬੇਤਰਸੇ
ਪੰਨਿਆਂ ਉੱਪਰ, ਮੈਂ
ਰੋਜ਼... ਥੋੜ੍ਹਾ-ਥੋੜ੍ਹਾ, ਮਰ
ਆਸਾਂ ਦੀਆਂ ਲੀਕਾਂ ਨਾਲ,
ਫਿਰ ਵੀ....ਮੈਂ
'ਜ਼ਿੰਦਾ' ਹੋਣ ਦਾ ਸਬੂਤ ਲਿਖਾਉਂਦੀ ਹਾਂ।

# ਕੁਕਨੂਸ

ਖ਼ੁਦ ਦੀ ਰਾਖ਼ 'ਚੋਂ ਪੈਦਾ ਹੋਈ
ਮੈਂ ਇਕ ਕੁਕਨੂਸ।
ਆਪਣੀ ਹੀ ਤਬਾਹੀ ਕਰ
ਆਪਣੇ ਹੀ ਵਜੂਦ 'ਚੋਂ ਮੁੜ
ਉੱਠ ਖੜ੍ਹੀ ਹੁੰਦੀ।
ਮੇਰੀ ਇੱਕਲਤਾ 'ਚ
ਨਾ ਕੋਈ ਵਿਰੋਧੀ ਧਿਰ,ਨਾ ਕੋਈ ਸੰਗੀ ਸਾਥੀ।
ਸਦੀਆਂ ਦੀ ਭਟਕਣ ਤੋਂ ਬਾਦ
ਬੇਹੱਦ ਤੋਂ ਹੱਦ ਤਕ ਦਾ ਸਫ਼ਰ
ਮੇਰੀ ਪਰਵਾਜ਼ ਕਰਦੀ ਸਫ਼ਲ।
ਮੀਲਾਂ ਬੱਧੀ ਉਡਾਰ ਮੇਰੀ, ਖੰਭਾਂ ਦੇ ਜ਼ੋਰ 'ਤੇ
ਉਮੀਦ, ਇੱਛਾ, ਆਪਣਾ-ਪਣ
ਤਿਆਗਦੀ.....ਇਕ ਮੋੜ 'ਤੇ ਜਾਣਦੀ
ਆਪਣੀ ਹੀ ਹਸਤੀ ਦਾ ਰਾਜ਼
ਮੇਰੀ ਮੌਤ 'ਚ ਵਾਸਾ ਹੈ, ਮੇਰੇ ਹੀ ਜਨਮ ਦਾ।
ਮੇਰਾ ਵੰਸ਼, ਮੇਰੀ ਹੀ ਰਾਖ਼ 'ਤੇ..ਹੈ, ਨਿਰਭਰ।
ਸੋ ਮੇਰਾ ਤਬਾਹ ਹੋਣਾ ਲਾਜ਼ਮੀ ਹੈ,
ਨਵੀਂ ਹਸਤੀ ਲਈ, ਨਵੀਂ ਖੁਸ਼ੀ, ਨਵੀਂ ਪਰਵਾਜ਼ ਲਈ।

# 39 ਡਾ. ਸੰਗੀਤਾ




ਨਾਮ ਅਤੇ ਕਲਮੀ ਨਾਮ : ਡਾ. ਸੰਗੀਤਾ

ਪਤਾ : ਮਕਾਨ ਨੰਬਰ 401, ਵਾਰਡ ਨੰਬਰ 9,
ਮੁਹੱਲਾ ਰਾਮਗੜ੍ਹੀਆ, ਟਾਂਡਾ 144204,
ਤਹਿ. ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ

ਮੋਬਾਇਲ : +91 94173-97503

ਈ-ਮੇਲ : **drsangeetaasees@gmail.com**

ਵਿੱਦਿਅਕ ਯੋਗਤਾ : ਐਮ.ਏ., ਬੀ.ਐਡ.,ਐਮ.ਫਿਲ., ਪੀਐਚ.ਡੀ.

ਕਾਰੋਬਾਰ : ਅਸਿਸਟੈਂਟ ਪ੍ਰੋਫੈਸਰ
ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ,
ਖਿਆਲਾ, ਜਲੰਧਰ

# ਅਣਥਕ

ਸਵਾਲ ਇਹ ਨਹੀਂ
ਉਹ ਜਿੰਦਾ ਹੈ
ਢੂੰਡ ਇਹ ਹੋਵੇ
ਉਹ ਜ਼ਿੰਦਾ ਹੋ ਕੇ
ਮਰੀ ਤਾਂ ਨਹੀਂ
ਪਤੀ ਦੀ ਬਿੜਕ
ਪੁੱਤਰ ਦੀ ਝਿੜਕ
ਤੋਂ ਡਰੀ ਤਾਂ ਨਹੀਂ
ਟੱਬਰ ਦੀ ਪੱਕਦੀ
ਰੋਟੀ ਕਿਤੇ ਅੱਜ
ਸੜੀ ਤਾਂ ਨਹੀਂ
ਘਰ ਦੀ ਪਾਲਕ
ਅੰਦਰੋਂ ਅੰਦਰ ਬਣੀ
ਮੜੀ ਤਾਂ ਨਹੀਂ
ਮਨ ਬੋਝਲ ਵਿਚ
ਅਣਚਾਹੇ ਹੰਝੂਆਂ ਦੀ
ਲੜੀ ਤਾਂ ਨਹੀਂ
ਆਪ ਤੋਂ ਦੂਰ
ਦੂਜੇ ਲਈ ਚਲਦੀ
ਘੜੀ ਤਾਂ ਨਹੀਂ
ਪਤਾ ਕਰ ਅਣਥੱਕ
ਜਿਹੀ ਔਰਤ ਕਿਤੇ
ਸ਼ਾਇਦ ਸ਼ਾਇਦ
ਹਰੀ ਤਾਂ ਨਹੀਂ

# ਅਣਕਿਹਾ

ਕੁੱਝ
ਅਣਕਿਹਾ ਵੀ ਹੁੰਦਾ ਹੈ
ਰਹਿ ਜਾਂਦਾ ਅੰਦਰ
ਮਲਬੇ ਦੇ ਥੱਲੇ
ਦਬ ਜਾਂਦਾ ਹੈ
ਬਿਨਾਂ ਆਵਾਜ਼ ਦੀ
ਚੀਕ ਵਾਂਗਰਾਂ
ਅਣਜੰਮੇ ਬੱਚੇ ਦੀ
ਪੀੜ ਵਾਂਗਰਾਂ
ਕੁਝ
ਅਣਕਿਹਾ ਵੀ ਹੁੰਦਾ ਹੈ
ਖਾਮੋਸ਼ ਜਿਹਾ ਅੰਦਰ
ਤੂਫਾਨ ਦਾ ਸ਼ੋਰ
ਮੁਰਦਾ ਦਾ ਅਹਿਸਾਸ
ਗੂੰਗੇ ਦੇ ਜ਼ਜਬਾਤ
ਦੱਬੀ ਆਵਾਜ਼ ਵਾਂਗਰਾਂ
ਕਿਸੇ ਮੌਤ ਤੇ
ਕੁਰਲਾਹਟ ਵਾਂਗਰਾਂ
ਕੁਝ
ਅਣਕਿਹਾ ਵੀ ਹੁੰਦਾ ਹੈ
ਬਲਦਾ ਰਹਿੰਦਾ ਅੰਦਰ
ਜੋ ਧੁਖਦਾ ਹੈ
ਲਿਖੀ ਉਮਰ ਭਰ
ਬੋਲ ਮਿਲਣ ਦੀ ਆਸ ਵਾਂਗਰਾਂ
ਸੁਣੇ ਜਾਣ ਦੇ
ਅਹਿਸਾਸ ਵਾਂਗਰਾਂ
ਕੁਝ
ਅਣਕਿਹਾ ਵੀ ਹੁੰਦਾ ਹੈ।

# ਲੇਖ

ਧੁਰੋਂ ਲਿਖਾਏ ਲੇਖਾਂ ਦੇ
ਹਿਸਾਬ ਵਿਚ
ਪੀਸਿਆ
ਗਿਆ ਜੋ
ਜੀਵ
ਕਦੇ ਧੁਰ ਨੂੰ ਲੋਚੇ
ਕਦੇ ਲੇਖਾਂ ਨੂੰ ਕੋਸ

# ਅਸੀਸਾਂ

ਹੱਥ ਜੋੜਦਿਆਂ ਮੱਥਾਂ ਟੇਕਦਿਆਂ
ਅਸੀਸਾਂ ਮਿਲੀਆਂ ਬੇਅੰਤ
ਪਰ ਮੇਰੇ ਹਿੱਸੇ ਕੁਝ ਨਾ ਆਇਆ
ਲੇਖਾਂ ਨਾਲ ਜੁੜੇ ਹੋਏ ਬੁਲੰਦ
ਹੋਵੇ ਬੁੱਢ ਸੁਹਾਗਣ ਤੂੰ ਵੀ
ਨਾਲ ਵੀਰ ਜੀਣ ਬੱਚੇ ਜੀਣ
ਦੀਆਂ ਲੈ ਕੇ ਅਸੀਸਾਂ
ਭਰ ਝੋਲੀ ਤ੍ਰਿਪਤ ਹੋ ਜਾਂਦੀ
ਖੁਸ਼ੀ ਸੀ ਇਹ ਉਸਦੀ ਅਸੀਮ
ਦੁੱਧੀ ਪੁੱਤੀ ਦਾ ਜੋ ਨਹੋਰਾ
ਦਿਲ ਨੂੰ ਕਰਦਾ ਕੰਪੰਨ
ਖਾਲੀ ਹੱਥੀਂ ਖੈਰਾਂ ਮੰਗਦੀ
ਖੁੱਦ ਵਿਚ ਹੀ ਹੈ ਸੰਪੰਨ।

## 40 ਨਵਤੇਜ ਗੜ੍ਹਦੀਵਾਲ਼ਾ



ਨਾਮ ਅਤੇ ਕਲਮੀ ਨਾਮ : ਨਵਤੇਜ ਗੜ੍ਹਦੀਵਾਲ਼ਾ

ਪਤਾ : ਗੜ੍ਹਦੀਵਾਲ਼ਾ, ਤਹਿ. ਦਸੂਹਾ,
ਜ਼ਿਲ੍ਹਾ ਹੁਸ਼ਿਆਰਪੁਰ

ਮੋਬਾਇਲ : +91 94637-76985

ਵਿੱਦਿਅਕ ਯੋਗਤਾ : ਬੀ. ਐਸ ਸੀ. ਬੀ. ਐੱਡ, ਐਮ. ਏ. (ਪੰਜਾਬੀ, ਅੰਗ੍ਰੇਜ਼ੀ)

ਕਾਰੋਬਾਰ : ਅਧਿਆਪਨ (ਪੰਜਾਬੀ ਲੈਕਚਰਾਰ)

ਪੁਸਤਕਾਂ : ਧੁੱਪ ਦੀ ਤਲਾਸ਼ (ਕਾਵਿ-ਸੰਗ੍ਰਹਿ) 2009
ਸੂਰਜ ਦਾ ਹਲਫ਼ੀਆ ਬਿਆਨ (2014, 2015)
ਸਤਿਗੁਰ ਰਵਿਦਾਸ-ਬਾਣੀ : ਕ੍ਰਾਂਤੀਕਾਰੀ ਸੰਦੇਸ਼ (ਭਾਗ-1) 2022
ਅੰਮ੍ਰਿਤ ਕਾਲ ਤੱਕ (ਕਾਵਿ-ਸੰਗ੍ਰਹਿ) 2023

# ਭੈ ਨਾ ਆਵੇ

ਹੋਕਾ ਦੇਵੇ ਸੁਰਤ ਜੇਸ ਦੀ
ਦਿਲੀਂ ਸਿਆੜ ਲਗਾਵੇ
ਭਰਮ ਭੁਲਾਵੇ

ਤਾਰਿਆਂ ਵਰਗੇ ਸ਼ਬਦ ਬੀਜਦਾ
ਚਾਨਣ ਪਿਆ ਉਗਾਵੇ
ਭੇਦ ਮਿਟਾਵੇ

ਉਹ ਤਾਂ ਨਗ਼ਮਾ ਦੁਧੀਆ ਰਾਹ ਦਾ
ਹੇਕਾਂ ਲਾ ਕੇ ਗਾਵੇ
ਤਖ਼ਤ ਹਿਲਾਵੇ

ਹਾਕਮ ਡਾਢਾ ਪਕੜ ਕੁਹਾੜਾ
ਭਾਵੇਂ ਸੀਸ ਉਡਾਵੇ
ਭੈ ਨਾ ਆਵੇ

# ਛੱਲਾਂ

ਉਂਝ ਨਿੱਕੀਆਂ-ਨਿੱਕੀਆਂ ਹੁੰਦੀਆਂ ਨੇ ਗੱਲਾਂ
ਗੱਲਾਂ ਵਿੱਚ ਛੁਪੀਆਂ ਹੁੰਦੀਆਂ ਨੇ
ਵੱਡੀਆਂ-ਵੱਡੀਆਂ ਕਵਿਤਾਵਾਂ
ਕਵਿਤਾਵਾਂ ਵਿੱਚ ਹੁੰਦੇ ਨੇ ਸਾਗਰ
ਸਾਗਰਾਂ ਵਿੱਚ ਛੁਪੀਆਂ ਹੁੰਦੀਆਂ ਨੇ
ਡੂੰਘੀਆਂ-ਡੂੰਘੀਆਂ ਗੱਲਾਂ
ਐਵਈਂ ਤਾਂ ਨਈਂ ਉੱਠਦੀਆਂ ਛੱਲਾਂ।

# ਭੇਡ–ਦਿਵਸ

ਅੱਜ ਦਾ ਦਿਨ ਹਰ ਸਾਲ ਅਸਾਡੇ
ਭੇਡ ਦਿਵਸ ਦੇ ਵਜੋਂ ਮਨਾਇਆ ਜਾਂਦੈ
ਝੰਡੀਆਂ ਸੋਨ ਸੁਨਹਿਰੀ ਤਾਰਾਂ ਲਾ ਲਾ
ਲਾੜੀ ਵਾਂਗਰ ਸ਼ਹਿਰ ਸਜਾਇਆ ਜਾਂਦੈ
ਅੱਜ ਖੁੱਲ੍ਹੇ ਪੰਡਾਲ 'ਚ ਭੇਡਾਂ ਹੀ ਭੇਡਾਂ
ਆਪਣੇ-ਆਪਣੇ ਇੱਜੜ ਦੁਆਲ਼ੇ
ਖੜ੍ਹਾ ਹੈ ਮਾਲਕ ਡਾਂਗ ਉਲਾਰੀ
ਵਫ਼ਾਦਾਰ ਇੱਕ ਭੁੱਚਰ ਕੁੱਤਾ
ਮਾਲਕ ਲਾਗੇ ਪੂਛ ਹਿਲਾਵੇ
ਭੇਡਾਂ ਨੂੰ ਉਹ ਭੌਂਕ ਡਰਾਵੇ

ਕਈ ਇੱਜੜਾਂ ਦੀਆਂ ਭੇਡਾਂ ਦੇ ਗਲ਼ ਪਾ ਦਿੱਤਾ ਹੈ
ਵੱਖਰੇ-ਵੱਖਰੇ ਰੰਗ ਦਾ ਧਾਗਾ
ਕਈ ਇੱਜੜਾਂ ਦੇ ਮਾਲਕਾਂ ਭੇਡਾਂ ਦੀ ਪਿੱਠ ’ਤੇ
ਆਪਣਾ-ਆਪਣਾ ਲਾ ਦਿੱਤਾ ਹੈ
ਰੰਗਲਾ ਠੱਪਾ ਤਾਂ ਕਿ ਭੇਡਾਂ
ਇੱਕ ਦੂਜੇ ਦੇ ਇੱਜੜ ਵਿੱਚ ਰਲ਼
ਇੱਕਮਿਕ ਹੋ ਨਾ ਜਾਣ
ਆਪਣੇ ਦੁੱਖਾਂ ਵਾਲ਼ਾ ਉੱਚੀ ਸੁਰ ਵਿੱਚ
ਸਮੂਹ-ਗੌਣ ਨਾ ਗਾਣ
ਰੱਖਣ ਵੱਖੋ-ਵੱਖ ਪਛਾਣ ਸਦਾ
ਆਪਣੀ ਉੱਨ ਲਹਾਣ ਸਦਾ
ਸਾਈਂ-ਸਾਈਂ ਗਾਣ ਸਦਾ

ਭੇਡ-ਦਿਵਸ ਦੇ ਅਜਬ ਦਿਹਾੜੇ
ਵੱਖ-ਵੱਖ ਨੇ ਕਾਨਫਰੰਸਾਂ
ਸਜਣ ਸਟੇਜੀਂ ਆਪਣੇ-ਆਪਣੇ ਰੰਗ ਬਰੰਗੇ ਬੈਨਰ
ਵੱਖੋ-ਵੱਖ ਸਟੇਜਾਂ
ਏਕੇ ਦੇ ਸੂਤਰ ਵਿੱਚ ਬੱਝੀਆਂ ਪਈਆਂ
ਆਪਸੀ ਖੁੰਧਕ ਵਾਲ਼ੀਆਂ ਸਭ ਨੂੰ
ਅੱਜ ਚਿੰਜੜੀਆਂ ਭੁੱਲ ਗਈਆਂ
ਇਹ ਇੱਕ ਭੇਦ ਨਿਆਰਾ ਹੈ
ਮੁੱਖ ਮਹਿਮਾਨਾਂ ਪਰਧਾਨਾਂ ਦਾ

ਬੜਾ ਪਵਿੱਤਰ ਲੁਕਵਾਂ ਭਾਈਚਾਰਾ ਹੈ
ਵੱਖੋ-ਵੱਖ ਸਟੇਜਾਂ ਉੱਤੇ ਉੱਤੋਂ-ਉੱਤੋਂ
ਆਪਣਾ-ਆਪਣਾ ਨਾਅਰਾ ਹੈ

ਆਪੋ-ਆਪਣੀ ਵਾਰੀ
ਹਰ ਮਹਿਮਾਨ ਹਰ ਪਰਧਾਨ
ਮੂੰਹ ਮਾਇਕ ਦੇ ਨੇੜੇ ਕਰ-ਕਰ
ਸਭ ਭੇਡਾਂ ਦੇ ਨਿਮਰ ਸੁਭਾ ਦਾ ਕਰਦਾ ਹੈ ਗੁਣਗਾਨ
ਹਰ ਕੋਈ ਪੁਲ਼ ਸਿਫ਼ਤਾਂ ਦੇ ਬੰਨ੍ਹੇ
ਕਿ ਵਿਹਲ ਕੱਢ ਕੇ ਨਾਲ਼ ਤਸੱਲੀ
ਰੱਬ ਨੇ ਆਪ ਬਣਾਈਆਂ ਭੇਡਾਂ
ਬੀਬੀਆਂ ਬਣ ਸਿਰ ਸਦਾ ਝੁਕਾ ਕੇ ਰੱਖਣ
ਸਿਰ ਉਠਾ ਕੇ ਕਿਸੇ ਵੱਲ੍ਹ ਨਾ ਤੱਕਣ

ਐਵੇਂ ਤਾਂ ਨਈਂ
ਅੱਜ ਭੇਡ-ਦਿਵਸ ਦੇ ਸ਼ੁਭ ਦਿਹਾੜੇ
ਖਰੇ ਮਹੂਰਤ ਸਿਖਰ ਦੁਪਹਿਰੇ
ਢੋਲ ਵਜਾ ਕੇ
ਭੇਡਾਂ ਦਾ ਸਨਮਾਨ ਹੈ ਕੀਤਾ ਜਾਣਾ
ਸ਼ਾਮੀਂ ਲਾਹ ਕੇ ਸਿਰ ਭੇਡਾਂ ਦੇ ਭੁੰਨ-ਭੁੰਨ ਗੋਸ਼ਤ ਖਾਣਾ
ਗੋਲ਼ ਮੇਜ਼ ਦੁਆਲ਼ੇ ਬਹਿ ਕੇ ਰਲ਼ ਮਿਲ਼ ਜਸ਼ਨ ਮਨਾਣਾ

ਹਰ ਮੋਹਰੀ ਭੇਡ ਹੁਣ ਹਰ ਸਟੇਜ ਦੇ ਉੱਤੋਂ
ਸੁਣ ਉੱਚੀ ਆਵਾਜ਼ ਆਪਣੇ ਸਨਮਾਨ ਦੀ
ਪਿਛਲੇ ਦਿਵਸ ’ਤੇ ਗੋਸ਼ਤ ਬਣ ਗਈ
ਆਪਣੀ-ਆਪਣੀ ਮਾਂ ਦੇ ਵਾਂਗਰ ਗੀਤ ਗਾਉਣ ਲੱਗੀ ਹੈ
ਗੀਤ ਸੁਣ ਇੱਜੜਾਂ ਨੂੰ ਮਿੱਠੀ-ਮਿੱਠੀ ਨੀਂਦ ਆਉਣ ਲੱਗੀ ਹੈ
ਡਾਗਾਂ ਵਾਲ਼ੇ ਮਾਲਕਾਂ
ਆਪਣਾ-ਆਪਣਾ ਤੁਰਲਾ ਕੀਤਾ ਉੱਚਾ
ਹਰ ਇੱਜੜ ਦੁਆਲੇ ਭੁੱਚਰ ਕੁੱਤਾ
ਉੱਚੀ-ਉੱਚੀ ਭੌਂਕਣ ਲੱਗਾ
ਮਾਈਕ ਫੜ ਇੱਕ ਫੁਕਰਾ ਰਚਨਾ ਗਾਵੇ -
ਭਾਗਾਂ ਵਾਲ਼ੇ ਉੱਨ ਲਾਹਣ ਗੋਸ਼ਤ ਖਾਣ
ਭੇਡਾਂ ਭੇਡਾਂ ਹੀ ਰਹਿਣ ਸ਼ੇਰ ਬਣ ਨਾ ਜਾਣ
ਸ਼ਾਬਾ-ਸ਼ਾਬਾ ਹੋ ਬੱਲੇ-ਬੱਲੇ

41

# ਰਾਜਿੰਦਰਜੀਤ




ਨਾਮ ਅਤੇ ਕਲਮੀ ਨਾਮ : ਰਾਜਿੰਦਰਜੀਤ

ਪਤਾ : ਵਾਲਸਾਲ, ਇੰਗਲੈਂਡ

ਮੋਬਾਇਲ : +44 7419-189515

ਈ-ਮੇਲ : **rajinderjeet@gmail.com**

ਵਿੱਦਿਅਕ ਯੋਗਤਾ : ਗਰੈਜੂਏਸ਼ਨ

ਕਾਰੋਬਾਰ : ਸਿਹਤ ਸੇਵਾਵਾਂ

ਪੁਸਤਕਾਂ : ਸਾਵੇ ਅਕਸ

# ਗ਼ਜ਼ਲ

ਤੁਰਨ ਦਾ ਹੌਸਲਾ ਤਾਂ ਪੱਥਰਾਂ 'ਤੇ ਪੈਰ ਧਰਦਾ ਹੈ,
ਬਦਨ ਸ਼ੀਸ਼ੇ ਦਾ ਪਰ ਹਾਲੇ ਤਿੜਕ ਜਾਵਣ ਤੋਂ ਡਰਦਾ ਹੈ।

ਕਿਤੇ ਕੁਝ ਧੜਕਦਾ ਹੈ ਜ਼ਿੰਦਗੀ ਦੀ ਤਾਲ 'ਤੇ ਹੁਣ ਵੀ,
ਕਿਤੇ ਕੁਝ ਔੜ ਦੇ ਸੀਨੇ ਦੇ ਉੱਤੇ ਸ਼ਾਂਤ ਵਰ੍ਹਦਾ ਹੈ।

ਅਜੇ ਤਾਈਂ ਵੀ ਮੇਰੇ ਰਾਮ ਦਾ ਬਨਵਾਸ ਨਾ ਮੁੱਕਿਆ,
ਮੇਰੇ ਅੰਦਰਲਾ ਰਾਵਣ ਰੋਜ਼ ਹੀ ਸੜਦਾ ਤੇ ਮਰਦਾ ਹੈ।

ਅਚਾਨਕ ਹੀ ਸੁਲਗ ਉੱਠਣ ਮੇਰੇ ਪੈਰਾਂ ਦੀਆਂ ਤਲੀਆਂ,
ਮੇਰੇ ਸੁਪਨੇ 'ਚ ਨਿੱਤ ਕੋਈ ਥਲਾਂ ਨੂੰ ਪਾਰ ਕਰਦਾ ਹੈ।

ਕਿਸੇ ਵੀ ਘਰ ਦੀਆਂ ਨੀਂਹਾਂ 'ਚ ਉਹ ਤਾਂਹੀਂਓਂ ਨਹੀਂ ਲਗਦਾ,
ਉਹ ਪੱਥਰ ਆਪਣੇ ਹੀ ਸੇਕ ਸੰਗ ਪਿਘਲਣ ਤੋਂ ਡਰਦਾ ਹੈ।

ਜਦੋਂ ਵੀ ਤੁਰਦਿਆਂ ਅਕਸਰ ਮੈਂ ਠੋਕਰ ਖਾ ਕੇ ਡਿੱਗਦਾ ਹਾਂ,
ਮੇਰਾ ਆਪਾ ਮੇਰੀ ਨੀਅਤ ਦੇ ਸਿਰ ਇਲਜ਼ਾਮ ਧਰਦਾ ਹੈ।

ਅਜੇ ਤੱਕ ਵੀ ਇਹਨਾਂ ਦੀ ਹੋਂਦ ਤੇ ਔਕਾਤ ਹੈ ਵੱਖਰੀ,
ਅਜੇ ਚਾਨਣ ਤੇ ਨ੍ਹੇਰੇ ਵਿਚ ਕੋਈ ਬਾਰੀਕ ਪਰਦਾ ਹੈ।

# ਗ਼ਜ਼ਲ

ਜਦੋਂ ਚਾਨਣ ਦੀ ਖਾਹਿਸ਼ ਮਨ ਦੀ ਇਸ ਮਮਟੀ 'ਤੇ ਆ ਬੈਠੇ,
ਤਾਂ ਮੁਮਕਿਨ ਹੈ ਕਿ ਸੂਰਜ ਹੀ ਮੇਰੀ ਖਿੜਕੀ 'ਤੇ ਆ ਬੈਠੇ।

ਹਵਾ ਨੂੰ ਹੀ ਨਹੀਂ, ਇਹ ਤਾਂ ਸ੍ਰਿਸ਼ਟੀ ਨੂੰ ਵੀ ਮਿਹਣਾ ਹੈ,
ਪਰਿੰਦਾ ਉੱਡਣਾ ਛੱਡ ਕੇ ਜਦੋਂ ਧਰਤੀ 'ਤੇ ਆ ਬੈਠੇ।

ਉਦੋਂ ਸਮਝੀਂ ਮੈਂ ਚੇਤੇ ਕਰ ਰਿਹਾਂ ਤੈਨੂੰ, ਜਦੋਂ ਕਿਧਰੇ,
ਕਿਸੇ ਬੱਦਲੀ ਦਾ ਪਰਛਾਵਾਂ ਤੇਰੀ ਚੁੰਨੀ 'ਤੇ ਆ ਬੈਠੇ।

ਉਮਰ ਭਰ ਤੁਰਦਿਆਂ ਹੋਇਆਂ ਕਦੇ ਐਸਾ ਵੀ ਹੋ ਸਕਦੈ,
ਕਿ ਮੰਜ਼ਿਲ ਖ਼ੁਦ ਤੁਹਾਥੋਂ ਸਾਹ ਕੁ ਦੀ ਦੂਰੀ 'ਤੇ ਬੈਠੇ।

ਖਿਲਾਰਾਂ ਚੋਗ ਮੈਂ ਹੱਥੀਂ ਜਦੋਂ ਸੁੱਚੀ ਮੁਹੱਬਤ ਦੀ,
ਮੇਰੇ ਵਿਹੰਦੇ ਸਗਲ ਅੰਬਰ ਮੇਰੀ ਛਤਰੀ 'ਤੇ ਆ ਬੈਠੇ।

ਉਦੋਂ ਆਸ਼ਿਕ਼ ਦਾ ਮਰਨਾ ਹੋਰ ਵੀ ਤਕਲੀਫ਼-ਦੇਹ ਹੁੰਦੈ,
ਜਦੋਂ ਉੱਡਦੀ ਹੋਈ ਤਿਤਲੀ ਉਹਦੀ ਸੂਲ਼ੀ 'ਤੇ ਆ ਬੈਠੇ।

# ਗ਼ਜ਼ਲ

ਨੀਲੇ ਅੰਬਰ 'ਤੇ ਜਦ ਚਾਨਣੀ ਰਾਤ ਨੂੰ,
ਨਾਮ ਲਿਖਿਆ ਤੇਰਾ, ਮੈਂ ਕਵੀ ਹੋ ਗਿਆ,
ਮਾਰੂਥਲ ਵਿਚ ਤੇਰੀ ਪੈੜ 'ਤੇ ਤੁਰਦਿਆਂ,
ਤੇਰਾ ਲੱਭਿਆ ਪਤਾ, ਮੈਂ ਕਵੀ ਹੋ ਗਿਆ।

ਮੈਂ ਗੁਆਚਾ ਸਾਂ ਅਪਣੇ ਹੀ ਅੰਦਰ ਕਿਤੇ,
ਮੇਰੀ ਕਾਨੀ ਕਿਤੇ, ਮੇਰੇ ਅੱਖਰ ਕਿਤੇ,
ਕੱਲ੍ਹ ਅਚਾਨਕ ਤੇਰੇ ਸ਼ਹਿਰ ਵੱਲੋਂ ਜਦੋਂ,
ਆਈ ਠੰਡੀ ਹਵਾ, ਮੈਂ ਕਵੀ ਹੋ ਗਿਆ।

ਮੇਰੀ ਅੱਖ ਤੋਂ ਸਮੁੰਦਰ ਨਾ ਥਾਹੇ ਗਏ,
ਤੇ ਨਾ ਮੈਦਾਨ ਪਰਬਤ ਹੀ ਗਾਹੇ ਗਏ,
ਇਹਨਾਂ ਸਭਨਾਂ ਨੂੰ ਸੀਨੇ ਦੇ ਵਿੱਚ ਭਰਨ ਦਾ,
ਐਸਾ ਉੱਠਿਆ ਸ਼ੁਦਾ, ਮੈਂ ਕਵੀ ਹੋ ਗਿਆ।

ਮੇਰੇ ਕੰਨਾਂ 'ਚ ਘੁਲਦੀ ਸੀ ਬਾਣੀ ਉਦੋਂ,
ਬਾਲਪਣ ਵਿਚ ਮੈਂ ਲੋਰੀ ਸੀ ਮਾਣੀ ਉਦੋਂ,
ਮੈਂ ਵੀ ਸ਼ਾਇਦ ਵਪਾਰੀ ਹੀ ਹੋ ਜਾਂਦਾ, ਪਰ,
ਮਾਂ ਨੇ ਦਿੱਤੀ ਦੁਆ, ਮੈਂ ਕਵੀ ਹੋ ਗਿਆ।

# ਗ਼ਜ਼ਲ

ਮੈਂ ਅਭਿਲਾਸ਼ੀ ਸਾਂ ਵਗਦੇ ਪਾਣੀਆਂ ਦਾ,
ਇਨ੍ਹਾਂ 'ਤੇ ਮਾਣ ਕਰਨਾ ਲਾਜ਼ਮੀ ਸੀ।
ਤੇਰੇ ਸਭ ਫੁੱਲ ਜੇਕਰ ਡੁੱਬ ਰਹੇ ਸਨ,
ਮੇਰੇ ਪੱਥਰ ਦਾ ਤਰਨਾ ਲਾਜ਼ਮੀ ਸੀ।

ਜੋ ਸਾਨੂੰ ਦਰਦ ਸੀ ਵਿਰਸੇ 'ਚ ਮਿਲਿਆ,
ਉਹਨੂੰ ਮੱਥੇ ਸਜਾਉਣਾ ਸੀ ਜ਼ਰੂਰੀ,
ਜੋ ਵਾਹੀਆਂ ਵਕਤ ਨੇ ਹਿੱਕ 'ਤੇ ਲਕੀਰਾਂ,
ਉਨ੍ਹਾਂ ਵਿੱਚ ਰੰਗ ਭਰਨਾ ਲਾਜ਼ਮੀ ਸੀ।

ਘਟਾਵਾਂ ਬੋਚ ਲੈਂਦਾ ਤਾਂ ਕੀ ਕਰਦਾ,
ਜੇ ਪਾਣੀ ਸਾਂਭ ਰੱਖਦਾ ਤਾਂ ਕੀ ਕਰਦਾ,
ਉਦੋਂ ਬਲਦਾ ਪਿਆ ਸੀ ਸ਼ਹਿਰ ਸਾਰਾ,
ਤੇ ਮੇਰਾ ਸ਼ਾਂਤ ਵਰਨਾ ਲਾਜ਼ਮੀ ਸੀ।

ਮੇਰੀ ਮਿੱਟੀ ਨੇ ਮੇਰੀ ਨੀਂਹ ਨੂੰ ਹਾਲੇ,
ਸੀ ਬੁੱਕਲ਼ ਆਪਣੀ ਵਿਚ ਸਾਂਭ ਰੱਖਿਆ,
ਤੇ ਆਪਣੀ ਨਾ ਸਹੀ, ਇਸਦੀ ਹੀ ਖ਼ਾਤਰ,
ਮੇਰਾ ਢਹਿ ਕੇ ਉੱਸਰਨਾ ਲਾਜ਼ਮੀ ਸੀ।

ਦਿਲੋਂ ਏਨਾ ਕੁ ਮੇਰਾ ਮੋਹ ਜਤਾ ਕੇ,
ਮੇਰੇ ਰਾਹਾਂ ਤੋਂ ਸੁੱਕੇ ਫੁੱਲ ਹਟਾ ਕੇ,
ਤੁਸਾਂ ਜੋ ਤਾਜ਼ੀਆਂ ਸੂਲ਼ਾਂ ਵਿਛਾਈਆਂ,
ਉਨ੍ਹਾਂ 'ਤੇ ਪੈਰ ਧਰਨਾ ਲਾਜ਼ਮੀ ਸੀ।

# 42 ਸਫ਼ੀਆ ਹਯਾਤ



ਨਾਮ ਅਤੇ ਕਲਮੀ ਨਾਮ : ਸਫ਼ੀਆ ਹਯਾਤ

ਪਤਾ : **Iqbal Stadium, New Civil Line St. 9., Riaz Shahid Chowk, Faisalabad (Pakistan)**

ਮੋਬਾਇਲ : 03074468891

ਈ-ਮੇਲ : **Safiahayat2512@gmail.com**

ਵਿੱਦਿਅਕ ਯੋਗਤਾ : **M.A & Mphil Persian**

ਕਾਰੋਬਾਰ : **Lecturer in a college**

ਪੁਸਤਕਾਂ : **1. Mitti Ke Dukh (Short Stories)**
**2. Hwa Se Mukalma (Urdu Poetry)**
**3. Umran Dhuppan Hoya (Punjabi Poetry)**

ਮਾਨ ਸਨਮਾਨ :
1. Presented as the best teacher of the year by college of commerce and science Faisalabad.
2. Presented as the best feminist poetry.
3. Presented as a chief guest at National Textile University Faisalabad.
4. Legendary awards presented in program to each to equal promote the gender by interloop limited.
5. Sheild awarded by ROTARY CLUB OF FAISALABAD for speech on PRESERVATION OF PUNJABI LANGUAGE IN THE WORLD.
6. Shield awarded by ROTARY CLUB OF FAISALABAD, acknowledgment for wonderful and sparkling poetry.
7. Presented by Govt. College women university Faisalabad on best poetry.
8. Presented on the valuable participation in conference on topic of role of women in the Prosperity of Pakistan in Lahore.

* ਪਾਕਿਸਤਾਨ ਦੀਆਂ 2 ਯੂਨੀਵਰਸਿਟੀਆਂ ਵਿੱਚ ਇਹਨਾਂ ਦੇ ਰਚਨਾਵਾਂ 'ਤੇ ਖੋਜ ਕਾਰਜ ਹੋਇਆ।

* ਇਹਨਾਂ ਦੀਆਂ ਰਚਨਾਵਾਂ ਦਾ ਅਨੁਵਾਦ ਅੰਗਰੇਜ਼ੀ, ਜਰਮਨ, ਸਿੰਧੀ, ਬਲੋਚੀ ਅਤੇ ਪਸ਼ਤੋ ਭਾਸ਼ਾ ਵਿੱਚ ਹੋਇਆ।

# ਖੇਤ ਮੇਰੇ ਬਾਬਲ ਦਾ ਸ਼ਮਲਾ

ਪੈਲੀਆਂ ਸਾਡੀਆਂ ਮਾਵਾਂ ਵਰਗੀਆਂ ਫਸਲਾਂ ਧੀਆਂ ਭੈਣਾਂ
ਮਾਵਾਂ ਧੀਆਂ ਭੈਣਾਂ ਦੇ ਬਿਨ ਰਹਿਣਾ ਵੀ ਕੋਈ ਰਹਿਣਾ ?

ਮਾਵਾਂ ਧੀਆਂ ਭੈਣਾਂ ਦੇ ਬਿਨ ਰਹਿਣਾ ਵੀ ਕੋਈ ਰਹਿਣਾ ?
ਮਾਵਾਂ ਧੀਆਂ ਭੈਣਾਂ ਦੇ ਬਿਨ ਘਰ ਕਾਹਦਾ ਘਰ ਰਹਿਣਾ ?

ਪੈਲੀਆਂ ਦੇ ਵਿੱਚ ਬੀਜ ਬੀਜਦੇ ਰਲ ਮਿਲ ਬਾਬਲ ਵੀਰੇ
ਕੁੱਲ ਜਹਾਨ ਨੂੰ ਰਿਜ਼ਕ ਵੰਡਦੇ ਭਰਨ ਤਮਾਮ ਜ਼ਖ਼ੀਰੇ

ਖੇਤਾਂ ਦੇ ਸਿਰ ਉੱਤੇ ਬਾਬਲ ਮੇਰੇ ਦਾ ਘਰ ਵੱਸਦਾ
ਖਿੜਨ ਕਪਾਹਾਂ ਖੇਤਾਂ ਵਿੱਚ ਜਦ ਸਾਰਾ ਪਿੰਡ ਏ ਹੱਸਦਾ

ਖੇਤ ਮੇਰੇ ਬਾਬਲ ਦਾ ਸ਼ਮਲਾ ਖੇਤ ਵੀਰੇ ਦੇ ਚੀਰੇ
ਖੇਤਾਂ ਦੇ ਵਿੱਚ ਉਗਣ ਧੀਆਂ ਦੇ ਵਰੀਆਂ ਦਾਜ ਕਲੀਰੇ

ਹਾਕਮ ਦਾ ਖ਼ੁਦਗਰਜ਼ ਹੈ ਕਾਇਦਾ ਤੇ ਬਦਕਾਰ ਕਾਨੂੰਨ
ਪਰਚਮ ਹੈ ਕਿਰਦਾਰ ਅਸਾਡਾ ਤੇ ਖ਼ੁਦਦਾਰ ਜਨੂੰਨ

ਖੇਤਾਂ ਤੇ ਡਾਕਾ ਏ ਸਾਡੀ ਪੱਤ ਤੇ ਪੱਗ ਤੇ ਡਾਕਾ
ਪੈਣ ਨੀ ਦੇਣਾ ਡਾਕਾ ਅਸਾਂ ਇਹ ਪੈਣ ਨੀ ਦੇਣਾ ਡਾਕਾ

ਧੀਆਂ ਦੀ ਰਾਖੀ ਨੇ ਕਰਦੇ ਸਦਾ ਪੰਜਾਬ ਦੇ ਜਾਏ
ਪੈਲੀਆਂ ਦੀ ਵੀ ਕਰਨਗੇ ਸ਼ਾਲਾ ਦੁੱਲੇ ਦੇ ਹਮਸਾਏ

# ਕੰਧ ਬਨਾਮ ਜ਼ਿੰਦਗਾਨੀ ਦੀ ਵੰਡ

ਸਾਡੇ ਵਿਚਕਾਰ ਇੱਕ ਬਹੁਤ ਉੱਚੀ
ਅਜੀਬ ਕੰਧ ਹੈ
ਇਹ ਕੰਧ ਸਿਰਫ ਕੰਧ ਨਹੀਂ
ਸਾਡੀ ਜਿੰਦਗਾਨੀ ਦੀ ਵੰਡ ਹੈ

ਮੈਂ ਮੂੰਹ ਝਾਖਰੇ ਤੋਂ ਲੈ ਕੇ
ਘੌਪੀਆ ਹੋਣ ਤੱਕ
ਆਪਣੇ ਹੱਥਾਂ ਨਾਲ ਇਸਨੂੰ ਡੇਗਦੀ ਹਾਂ
ਸਵੇਰੇ ਉੱਠਦੀ ਹਾਂ
ਤਾਂ ਰੋਂਦੀ ਹਾਂ
ਉਹ ਕੰਧ ਫਿਰ ਗਗਨਚੁੰਭੀ ਹੋਈ ਹੁੰਦੀ ਹੈ

ਇੱਕ ਇਹੀ ਗੱਲ ਮੈਨੂੰ
ਸਿਊਂਕ ਵਾਂਗ ਖਾਣ ਲਗਦੀ ਹੈ
ਮੈਂ ਇਸ ਕੰਧ ਤੋਂ ਪਾਰ
ਜਾ ਨਹੀਂ ਸਕਦੀ
ਇਹ ਸੋਚ ਕੇ
ਮੈਂ ਖੁਦ ਭੁਰਭਰੀ ਮਿੱਟੀ ਹੋਣ ਲਗਦੀ ਹਾਂ
ਮੈਂ ਰੋਜ਼
ਭੋਰਾ ਭੋਰਾ
ਭੁਰਦੀ ਭੁਰਦੀ
ਖੁਰਦੀ ਖੁਰਦੀ
ਰਹਿੰਦੀ ਹਾਂ

ਇਹ ਵੀ ਕੀ
ਜੀਣਾ
ਤੇ
ਮਰਨਾ
ਟੁਕੜਿਆਂ ਵਿੱਚ  ਵੰਡ ਕੇ ਜੀਣਾ
ਮਰਨ ਤੋਂ ਪਹਿਲਾਂ ਹੀ ਮਰਨਾ

ਸਾਡੇ  ਵਿਚਕਾਰ ਇੱਕ ਬਹੁਤ ਉੱਚੀ
ਅਜੀਬ ਕੰਧ ਹੈ
ਇਹ ਕੰਧ ਸਿਰਫ ਕੰਧ ਨਹੀਂ
ਸਾਡੀ ਜਿੰਦਗਾਨੀ ਦੀ ਵੰਡ ਹੈ

# ਅੱਥਰੀ ਤੇ ਬਾਗ਼ੀ ਔਰਤ

ਮੈਂ ਸਰਘੀ ਵੇਲ਼ੇ ਦੀ ਜਾਗੀ
ਅਲਸੀ ਦੀਆਂ ਪਿੰਨੀਆਂ ਬਣਾ ਕੇ
ਹਾਂਡੀ ਚੁੱਲ੍ਹੇ ਧਰ ਕੇ
ਆਪਣੀਆਂ ਨਜ਼ਮਾਂ ਨੂੰ ਵੀ
ਸੋਚ ਦਾ ਤੜਕਾ ਲਾਇਆ
ਨਿੱਕੇ ਕਾਕੇ ਨੂੰ
ਦੁੱਧ ਪਿਆਂਦੇ
ਸਾਰੇ ਟੱਬਰ ਲਈ ਰੋਟੀ ਪਕਾਈ
ਅੱਧੀ ਰਾਤੀ
ਇਸ ਤੋਂ ਪਹਿਲਾਂ
ਫ਼ਰਿਸ਼ਤੇ ਮੇਰੇ ਤੇ ਲਾਹਨਤ ਭੇਜਦੇ
ਮੈਂ ਉਹਦੀ ਤੇਹ ਦਾ ਘੁੱਟ ਬਣ ਗਈ
ਪਰ ਜਦੋਂ
ਉਸ ਆਖਿਆ
ਲਿਖਣ ਵਾਲੀ ਔਰਤ ਆਵਾਰਾ ਹੁੰਦੀ
ਮੈਂ ਅੱਥਰੀ ਤੇ ਬਾਗ਼ੀ ਹੋ ਗਈ

# ਅੱਥਰਾ ਜੰਮ

ਨਿੱਕੇ ਹੁੰਦੇ
ਦੰਦਾਂ ਨੇ ਹਾਸੇ ਤੇ ਚੱਕ ਵੱਢਿਆ
ਮੈਂ ਪਿੰਡੇ ਹੇਠ ਲੁਕ ਗਈ
ਪਿਓ ਦੇ ਸ਼ਰੀਕ ਮੇਰੇ ਉੱਤੋਂ ਲੰਘ ਗਏ
ਮਾਂ ਭੁੱਲ ਗਈ ਸੀ
ਮੇਰੀ ਜੀਭ ਤੇ ਕੋਇਲਾ ਰੱਖਣਾ

ਮੈਂ ਅਸਮਾਨ ਤੋਂ ਵੀ ਭਾਰੇ ਸੁਫ਼ਨੇ ਜੰਮੇ
ਗ਼ੁਲਾਮ ਹਵਾਵਾਂ ਨੇ ਰਸਤਾ ਢਕਿਆ
ਮੈਂ ਕਾਲੀ ਹਨੇਰੀ ਬਣ ਗਈ
ਮਾਂ ਹੋੜ ਹੋੜ ਕੇ ਜਿੰਨਾ ਮੈਨੂੰ ਮੇਰੇ ਪਿੰਡੇ ਵਾੜਦੀ
ਮੈਂ ਪਿਛਲਪੈਰੀ ਬਣ ਜਾਂਦੀ
ਤੇ ਗਲੀਆਂ ਮੁਹੱਲੇ
ਟੱਪਦੀ ਨੱਚਦੀ ਫਿਰਦੀ

ਇਕ ਦਿਨ ਸ਼ਾਮਾਂ ਨੂੰ
ਪੱਕੀ ਹਾਂਡੀ ਕੋਇਲਿਆਂ ਤੇ ਰੋੜ੍ਹ ਕੇ
ਮੈਂ ਆਪਣੇ ਪਿੰਡੇ ਵਿੱਚੋਂ ਨੱਸ ਪਈ
ਮਾਂ ਫ਼ੇਰ ਭੁੱਲ ਗਈ
ਮੈਨੂੰ ਸਬਰ ਚੁੰਘਾਣਾ

## 43 ਕਵਿੰਦਰ ਚਾਂਦ



ਨਾਮ ਅਤੇ ਕਲਮੀ ਨਾਮ : ਕਵਿੰਦਰ ਚਾਂਦ

ਪਤਾ : **14425-79Av, Surrey BC. Canada**

ਮੋਬਾਇਲ : +1 604–761–4504

ਈ–ਮੇਲ : **singh_kavinder59@yahoo.in**

ਵਿੱਦਿਅਕ ਯੋਗਤਾ : **Mechanical Engineering Diploma**

ਕਾਰੋਬਾਰ : ਸਵਰਾਜ ਗਰੁੱਪ ਆਫ ਇੰਡਸਟਰੀ ਵਿੱਚ ਨੌਂਕਰੀ ਕੀਤੀ

ਸਾਹਿਤਕ ਪ੍ਰਾਪਤੀਆਂ : ਕੈਨੇਡਾ ਤੋਂ ਛਪਦੇ ਸਾਹਿਤਕ ਮੈਗਜ਼ੀਨ 'ਸੁਗੰਧੀਆਂ', ਦੀ ਸੰਪਾਦਨਾ
ਕਈ ਸਾਰੇ ਇਨਾਮ ਸਨਮਾਨ

ਪੁਸਤਕਾਂ : ਅਸ਼ਰਫ਼ੀਆਂ (2004, 2006, 2008)
ਬੰਸਰੀ ਕਿੱਧਰ ਗਈ (2010)
ਕਣ–ਕਣ....(2016, 2018, 2020)
ਕਵਿਤਾ ਬੋਲਦੀ ਹੈ (ਸੰਪਾਦਨ) 2021

# ਸਮਾਂ ਬੋਲਣ ਦਾ ਹੈ

ਸਮਾਂ ਬੋਲਣ ਦਾ ਹੈ,
ਕਵੀਓ, ਕਲਮਕਾਰੋ, ਸੰਵੇਦਨਸ਼ੀਲ ਲੋਕੋ,
ਫ਼ਿਲਮਸਾਜ਼ੋ, ਐ ਅਦਾਕਾਰੋ !
ਸ਼ਬਦ ਖ਼ਾਮੋਸ਼ ਨੇ, ਪਹਿਰੇ 'ਚ ਨੇ,
ਕਲਮਾਂ ਦੀ ਕਿਉਂਕਰ ਜੀਭ ਠਾਕੀ ਹੈ,
ਐ ਫਨਕਾਰੋ ,
ਸਮਾਂ ਬੋਲਣ ਦਾ ਹੈ,
ਬੋਲੋ !

ਬੜੀ ਦੁਬਿਧਾ 'ਚ ਨੇ ਲੋਕੀਂ,
ਤੁਹਾਡੇ ਵੱਲ ਤੱਕਦੇ ਨੇ !
ਨਹੀਂ ਤਾਂ,
ਜੋ ਦਿਖਾਇਆ ਜਾ ਰਿਹੈ,
ਉਹ ਸੱਚ ਸਮਝਣਗੇ,
ਉਹਨਾਂ ਨੂੰ ਜੋ ਸੁਣਾਇਆ ਜਾ ਰਿਹੈ,
ਪਰਵਾਨ ਹੋਵੇਗਾ ,
ਸਮਾਂ ਬੋਲਣ ਦਾ ਹੈ,
ਬੋਲੋ !

ਜੇ ਹੁਣ ਬੋਲੇ ਨਹੀਂ ਤਾਂ ਫਿਰ ਕਿਸੇ ਬੋਲਣ ਨਹੀਂ ਦੇਣਾਂ,
ਤੇ ਉਸ ਤੋਂ ਬਾਦ ਫਿਰ ਬੋਲਣ ਲਈ ਕੁੱਝ ਵੀ ਨਹੀਂ ਰਹਿਣਾਂ !

ਜ਼ਬਾਨਾਂ ਵਾਲਿਓ ਗੂੰਗਿਓ,
ਤੁਸਾਂ ਜੇ ਅੱਜ ਵੀ ਇਹ ਧੁੰਦਕਾਰਾ ਸਾਫ਼ ਨਹੀਂ ਕਰਨਾ,
ਤਾਂ ਫਿਰ ਇਤਿਹਾਸ ਨੇ ਸਾਨੂੰ ਤੁਹਾਨੂੰ ਮਾਫ਼ ਨਹੀਂ ਕਰਨਾ !
ਸਮਾਂ ਬੋਲਣ ਦਾ ਹੈ,
ਬੋਲੋ !

# ਜੀਅ ਕਰਦਾ ਏ

ਜੰਗਲ ਦੇ ਵਿੱਚ ਇਕੱਲਾ ਹੋਵਾਂ ਜੀਅ ਕਰਦਾ ਏ ,
ਰੁੱਖਾਂ ਦੇ ਗਲ਼ ਲਗ ਕੇ ਰੋਵਾਂ, ਜੀਅ ਕਰਦਾ ਏ

ਸੀਨੇ ਅੰਦਰ ਚਾਂਦ ਉਗਾਵਾਂ ਮੰਥੇ ਸੂਰਜ
ਨੈਣਾਂ ਦੇ ਵਿੱਚ ਧਰਤ ਸਮੋਵਾਂ ਜੀਅ ਕਰਦਾ ਏ

ਗ਼ਜ਼ਲਾਂ ਵਿੱਚ ਪਰੋਣ ਤੋਂ ਪਹਿਲਾਂ ਸਭ ਸ਼ਬਦਾਂ ਨੂੰ
ਚਾਨਣ ਦੇ ਦਰਿਆ ਵਿੱਚ ਧੋਵਾਂ ਜੀਅ ਕਰਦਾ ਏ

ਰੂਹ ਦੀ ਪਿਆਸ ਬੁਝਾ ਸਕਦਾ ਏ ਜਿਸ ਦਾ ਪਾਣੀ
ਓਸ ਨਦੀ ਵਿੱਚ ਬੁੱਕ ਡੁਬੋਵਾਂ ਜੀਅ ਕਰਦਾ ਏ

ਆਪਣੇ ਅੰਦਰਲੇ ਸ਼ੀਸ਼ੇ ਵਿੱਚ ਆਪਾ ਤੱਕਾਂ
ਕਾਸ਼! ਮੈਂ ਅਪਣੇ ਸਨਮੁੱਖ ਹੋਵਾਂ ਜੀਅ ਕਰਦਾ ਏ

ਰੁੱਖ ਫ਼ਕੀਰਾਂ ਦੀ ਰੂਹ ਨੇ ਜਾਂ ਵਿਛੜੇ ਮਾਪੇ
ਜਾ ਜਾ ਰੁੱਖਾਂ ਵਿੱਚ ਖੜੋਵਾਂ ਜੀਅ ਕਰਦਾ ਏ

# ਕਿੱਥੇ ਜਾਈਏ

ਅੰਦਰ ਰਹੀਏ, ਦਮ ਘੁੱਟਦਾ ਹੈ
ਬਾਹਰ ਜਾਈਏ ਤਾਂ ਖਤਰਾ ਹੈ
ਸਾਨੂੰ ਨਜ਼ਰਾਂ ਘੂਰਦੀਆਂ ਨੇ
ਸਾਨੂੰ ਸੜਕਾਂ ਘੂਰਦੀਆਂ ਨੇ
ਹੋਰਾਂ ਉੱਪਰ ਗ਼ਿਲਾ ਹੈ ਕਾਹਦਾ
ਘਰ ਦੀਆਂ ਕੰਧਾਂ ਘੂਰਦੀਆਂ ਨੇ
ਕੀਹਤੋਂ-ਕੀਹਤੋਂ ਮੁੱਖ ਛੁਪਾਈਏ
ਕਿੱਦਾਂ ਆਪਣੇਂ ਅੰਗ ਲੁਕਾਈਏ
ਕਿੱਥੇ ਜਾਈਏ ?

ਕੁੜੀਆਂ ਹੋਣਾਂ ਖ਼ਤਰੇ ਵਿੱਚ ਹੈ
ਕੁੜੀਆਂ ਜੰਮਣਾ ਖ਼ਤਰੇ ਵਿੱਚ ਹੈ
ਜੰਮਣ ਪੀੜਾਂ ਨੂੰ ਹੈ ਖ਼ਤਰਾ
ਸਾਰਾ ਭਾਰਤ ਖ਼ਤਰੇ ਵਿੱਚ ਹੈ
ਹਰ ਮਰਿਆਦਾ ਖ਼ਤਰੇ ਵਿੱਚ ਹੈ
ਰਾਮ ਪ੍ਰਭੂ ਦਾ ਮੰਦਰ ਹੈ ਪਰ
ਅੱਜ ਦੀ ਸੀਤਾ ਖ਼ਤਰੇ ਵਿੱਚ ਹੈ
ਭਾਰਤ ਮਾਂ ਦੇ ਪੁੱਤਰਾਂ ਕੋਲੋਂ
ਭਾਰਤ ਮਾਤਾ ਖ਼ਤਰੇ ਵਿੱਚ ਹੈ
ਤੇਰੀ ਬੇਟੀ ਨੂੰ ਵੀ ਖਤਰੈ
ਮੇਰੀ ਵੀ ਤਾਂ ਖ਼ਤਰੇ ਵਿੱਚ ਹੈ
ਸਾਰੇ ਖ਼ਤਰੇ ਸਿਰ ’ਤੇ ਚਾਅ ਕੇ
ਕਿੱਦਾਂ ਮੁੜਕੇ ਮਾਂਵਾਂ ਕੁੱਖੀਂ
ਗਰਭ ਜੂਨ ਪੈ ਜਾਈਏ
ਕਿੱਥੇ ਜਾਈਏ?

ਜੀਅ ਕਰਦਾ ਏ ਸ਼ੀਸ਼ਾ ਤੱਕੀਏ
ਮਹਿੰਦੀ ਲਾਈਏ, ਸੁਰਮਾ ਪਾਈਏ
ਛੱਤ ’ਤੇ ਖੜ੍ਹ ਕੇ ਵਾਲ ਸੁਕਾਈਏ
ਮਨ ਮਰਜ਼ੀ ਦੇ ਲੀੜੇ ਪਾਈਏ
ਸਤਰੰਗੀ ਇੱਕ ਚੁੰਨੀ ਲੈ ਕੇ
ਕਿਉਂ ਨਾ ਅੰਬਰ ਤੱਕ ਉੱਡ ਜਾਈਏ
ਪਰ ਖ਼ਤਰੇ ਵਿੱਚ ਜੀਣਾਂ ਥੀਣਾਂ
ਹੱਸਣਾ, ਕੁੱਦਣਾ, ਨੱਚਣਾ, ਗਾਉਣਾ
ਏਥੇ ਹਰ ਨਾਰੀ ਨੂੰ ਖਤਰੈ
ਏਥੇ ਹਰ ਮੁਟਿਆਰ ਨੂੰ ਖਤਰੈ
ਬਾਲੜੀਆਂ ਦੀ ਖ਼ੈਰ ਮਨਾਉ
ਏਥੇ ਹਰ ਕੰਜਕ ਨੂੰ ਖਤਰੈ
ਕਿਹੜੇ ਭੋਰੇ ਜਾ ਪਈਏ ਤੇ
ਕਿਹੜੀ ਧਰਤ ਸਮਾਈਏ
ਨਿੱਕੀਆਂ ਨਿੱਕੀਆਂ ਕੁੜੀਆਂ ਲੈ ਕੇ
ਕਿਹੜੇ ਖੂਹ ਪੈ ਜਾਈਏ
ਕਿੱਥੇ ਜਾਈਏ ?
ਕਿੱਥੇ ਜਾਈਏ?

..............................

# 44 ਸੰਧੂ ਵਰਿਆਣਵੀ



ਨਾਮ ਅਤੇ ਕਲਮੀ ਨਾਮ : ਸਤਵਿੰਦਰਜੀਤ ਸਿੰਘ (ਪ੍ਰੋ. ਸੰਧੂ ਵਰਿਆਣਵੀ)
ਪਤਾ : ਏਕਤਾ ਇਨਕਲੇਵ,ਵਿਰਕਾਂ ਰੋਡ,
ਵਾਇਆ ਚਾਚੋਕੀ, ਫਗਵਾੜਾ- 144632
ਕਪੂਰਥਲਾ
ਮੋਬਾਇਲ : +91 98786-14096
ਈ-ਮੇਲ : **sandhusw@gmail.com**
ਵਿੱਦਿਅਕ ਯੋਗਤਾ : ਐੱਮ.ਏ., ਐੱਮ-ਫਿਲ, ਬੀ.ਐੱਡ
ਕਾਰੋਬਾਰ : ਅਧਿਆਪਨ (ਸੇਵਾ-ਮੁਕਤ)
ਸਾਹਿਤਕ ਪ੍ਰਾਪਤੀਆਂ : ਜਨਰਲ-ਸਕੱਤਰ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ.
: ਚੇਅਰਮੈਨ ਸਮਾਜਿਕ ਸਾਹਿਤਕ ਅਤੇ ਸੱਭਿਆਚਾਰਕ ਕੇਂਦਰ ਰਜਿ.
ਪ੍ਰਧਾਨ ਜਨਵਾਦੀ ਲੇਖਕ ਮੰਚ, ਪੰਜਾਬ
ਸਾਹਿਤ ਸੰਪਾਦਕ ਅਦਬੀ ਮਹਿਕ ਸਾਹਲੋਂ
ਪੁਸਤਕਾਂ
* ਲਕੀਰਾਂ (ਕਾਵਿ-ਸੰਗ੍ਰਹਿ) 1991-2016
* ਅਲਵਿਦਾ ਤੱਕ (ਕਾਵਿ-ਸੰਗ੍ਰਹਿ)
* ਏਤੀ ਮਾਰ ਪਈ (ਕਾਵਿ-ਸੰਗ੍ਰਹਿ) ਸੰਪਾਦਕ
* ਮੱਥੇ 'ਚ ਉੱਗਦਾ ਸੂਰਜ (ਕਾਵਿ-ਸੰਗ੍ਰਹਿ) ਸੰਪਾਦਕ
* ਹਰਭਜਨ ਸਿੰਘ ਹੁੰਦਲ ਦੀ ਕਾਵਿ ਕਲਾ (ਆਲੋਚਨਾ)

# ਗ਼ਜ਼ਲ

ਕੌਣ ਹੈ ਆਪਣਾ, ਕੌਣ ਪਰਾਇਆ, ਯਾਦ ਨਹੀਂ।
ਕਿਸ ਨੇ ਮੇਰਾ ਦਰਦ ਵਧਾਇਆ, ਯਾਦ ਨਹੀਂ।

ਉਡਦਾ ਉਡਦਾ, ਟੁੱਟਾ ਪਰ ਇਕ ਪੰਛੀ ਦਾ,
ਮੇਰੇ ਤੀਕਰ ਕਿੱਦਾਂ ਆਇਆ, ਯਾਦ ਨਹੀਂ।

ਏਨਾ ਹੀ ਚੇਤੇ ਹੈ, ਵਣਜ ਕਰੇ ਸੀ ਮੈਂ,
ਕੀ ਖੱਟਿਆ ਤੇ ਮੈਂ ਕੀ ਪਾਇਆ, ਯਾਦ ਨਹੀਂ।

ਮੈਂ ਵੀ ਪਿੰਡ ਦੇ, ਟਿੱਬੇ ਉੱਤੇ ਉਗਿਆ ਸਾਂ,
ਜਿਸਮ ਮੇਰਾ ਸੀ ਕਦ ਕੁਮਲਾਇਆ, ਯਾਦ ਨਹੀਂ।

ਮੇਰੀ ਬਰਬਾਦੀ ਦਾ, ਕਾਰਨ ਨਾ ਪੁੱਛੋ,
ਕਿੱਦਾਂ ਆਪਣਾ ਆਪ ਗੁਆਇਆ, ਯਾਦ ਨਹੀਂ।

ਕਿਸਨੇ ਮੈਨੂੰ ਹਾਸੇ ਦਿੱਤੇ, ਜੀਵਨ ਵਿਚ,
ਕਿਸ ਨੇ ਦੇ ਕੇ ਜ਼ਖ਼ਮ ਰੁਆਇਆ, ਯਾਦ ਨਹੀਂ।

'ਸੰਧੂ' ਮੈਂ ਕਿਰਿਆਂ ਕਦ ਉਸ ਦੀ ਮੁੱਠੀ 'ਚੋਂ,
ਕਦ ਦੁਸ਼ਮਣ ਹੋਇਆ ਸੀ ਸਾਇਆ, ਯਾਦ ਨਹੀਂ।

# ਰੰਗਾ ਦੀ ਗਾਥਾ

ਰੰਗਾਂ ਦੀ ਗਾਥਾ
ਕੈਨਵਸ 'ਤੇ ਉਤਾਰਦਿਆਂ-ਉਤਾਰਦਿਆਂ
ਯੁੱਗਾਂ ਦੇ ਯੁੱਗ ਬੀਤੇ
ਚਿੰਤਨ ਕਰਦਿਆਂ ਅਉਧਾਂ ਮੋਈਆਂ
ਬਣੀਆਂ ਪਰਛਾਈਆਂ।

ਐਪਰ ! ਰੰਗਾਂ ਦੀ ਗਾਥਾ
ਹਰ ਯੁੱਗ 'ਚ
ਰਹੀ ਅਧੂਰੀ /ਅਧੂਰੀ ਰਹੇਗੀ
ਜਦ ਤਕ
ਰੰਗਾਂ ਦੀ ਸਤਰੰਗੀ-ਪੀਂਘ
ਅਕਾਸ਼ੀਂ-ਵਿਹੜੇ
ਧਮਾਲ ਨਾ ਪਾਵੇ
ਰੀਝਾਂ-ਸੱਧਰਾਂ 'ਤੇ
ਨਫ਼ਰਤੀ ਜ਼ਹਿਰੀ ਡੰਗ ਚਲਾਉਂਦੈ
ਨਾਗਾਂ ਨੂੰ ਗਿੱਚੀਓਂ ਫੜ
ਫੇਹ ਨਾ ਦੇਵੇ।

ਇਹ ਮੰਤਰ ਮਾਨਵ-ਮਾਂਦਰੀ
ਜਦ ਸਿੱਖ ਜਾਵੇਗਾ
ਰੰਗਾਂ ਦੀ ਗਾਥਾ
ਕਦੇ ਨਾ ਕਦੇ,
ਕੈਨਵਸ 'ਤੇ ਆ ਹੀ ਜਾਵੇਗੀ।

# ਵੰਗਾਰ

ਮੇਰੇ ਕੋਲ ਜਦੋਂ
ਕਲਮ ਨਹੀਂ ਸੀ
ਤਾਂ ਲਿਖਣ ਲਈ ਕਲਮ ਦੀ ਭਾਲ਼ ਕਰਦਾ ਸਾਂ
ਮਤਾਂ ਕੋਈ ਸ਼ਬਦ
ਮੇਰੇ ਜ਼ਿਹਨ 'ਚੋਂ ਅਣਲਿਖਿਆ ਹੀ
ਤ੍ਰੇਲ-ਤੁਪਕੇ ਵਾਂਗਰਾਂ, ਗੁੰਮ ਗੁਆਚ ਨਾ ਜਾਵੇ
ਕਿਰ ਨਾ ਜਾਵੇ, ਡਿੱਗ ਨਾ ਜਾਵੇ,
ਮੂੰਹ ਪਰਨੇ ਰੇਤਾ 'ਚ
ਖੱਬਲ ਖਾਹ ਦੇ ਪੱਤੇ ਤੋਂ ਡਿੱਗ।

ਉਦੋਂ ਮੈਂ, ਬੜਾ ਫ਼ਿਕਰਮੰਦ ਸਾਂ ਯਾਰੋ!
ਪੱਤਿਆਂ ਬਾਰੇ, ਕਰੂੰਬਲਾਂ ਬਾਰੇ, ਰੰਗ-ਬਿਰੰਗੀਆਂ ਤਿੱਤਲੀਆਂ ਬਾਰੇ
ਚੁਪਾਸੀਂ ਚੀਂ-ਚੀਂ ਕਰਦੀਆਂ ਚਿੜੀਆਂ ਬਾਰੇ
ਜੋ ਕਾਵਾਂ ਤੋਂ ਡਰਦੀਆਂ-ਡਰਦੀਆਂ, ਸਹਿਮੀਆਂ-ਸਹਿਮੀਆਂ
ਆਲ੍ਹਣਿਆਂ 'ਚ ਆਪਣੇ ਪਰਾਂ ਹੇਠ
ਬੋਟ ਲਕੋਈ ਆਸੇ-ਪਾਸੇ ਝਾਕਦੀਆਂ ਸਨ
ਧਰਤੀ 'ਤੇ ਰੀਂਘਦੀਆਂ ਕੀੜੀਆਂ-ਕਾਡਿਆਂ ਬਾਰੇ,
ਚੋਗ਼ੇ ਦੀ ਭਾਲ 'ਚ ਉੱਡਦੇ ਜਨੌਰਾਂ ਬਾਰੇ,
ਘਰਾਂ 'ਚ ਪਏ ਖਾਲੀ ਕਨੱਸਤਰਾਂ ਬਾਰੇ
ਖਾਲੀ ਭੜੋਲਿਆਂ ਬਾਰੇ
ਬੁੱਝੇ ਹੋਏ ਚੁੱਲ੍ਹਿਆਂ ਬਾਰੇ!

ਐਪਰ! ਅੱਜ-ਕੱਲ੍ਹ
ਜਦ ਹੁਣ, ਮੇਰੇ ਕੋਲ ਨਾ-ਨਾ ਪ੍ਰਕਾਰ ਦੀਆਂ ਕਲਮਾਂ ਨੇ
ਓਨਾ ਫ਼ਿਕਰਮੰਦ ਨਹੀਂ ਹਾਂ ਯਾਰੋ! ਹਾਂ, ਮੇਰੇ ਦੁਸ਼ਮਣੋ!!
ਕਿਉਂਕਿ ਹੁਣ ਮੇਰੇ ਕੋਲ ਅਨੇਕਾਂ ਕਲਮਾਂ ਤਾਂ ਹਨ

ਰੰਗ-ਬਿਰੰਗੀਆਂ, ਭਾਂਤ-ਸੁਭਾਂਤੀਆਂ
ਹੁਣ ਮੇਰੇ ਕੋਲ ਕਲਮਾਂ ਦੇ ਨਾਲ-ਨਾਲ
ਹੂਟਰ ਵਜਾਉਂਦੀਆਂ ਗੱਡੀਆਂ/ਗਾਰਦਾਂ ਦੀਆਂ ਧਾੜਾਂ ਨੇ
ਪਰ ਲਿਖਣ ਲਈ ਸ਼ਬਦ ਨਹੀਂ
ਜੋ ਭੁੱਖਿਆਂ ਢਿੱਡਾਂ ਦੀ ਇਬਾਰਤ ਲਿਖ ਸਕਣ
ਜਿਨ੍ਹਾਂ ਨੂੰ ਸਮੇਟਣ ਦਾ ਝੋਰਾ, ਅਕਸਰ ਮੈਂ
ਤੁਹਾਡੀਆਂ ਮਹਿਫਲਾਂ 'ਚ
ਕਲਮ ਨਾ ਹੋਣ ਦੀ ਸੂਰਤ 'ਚ ਕਰਿਆ ਕਰਦਾ ਸਾਂ
ਹੁਣ ਤਾਂ ਮੇਰੇ ਕੋਲ, ਸ਼ਬਦ ਸਹਿਮੇ-ਸਹਿਮੇ, ਡਰੇ-ਡਰੇ,
ਹੂਟਰੀ ਧਾੜਾਂ ਤੋਂ ਤ੍ਰਹਿੰਦੇ
ਅੱਖ ਬਚਾ, ਖਿਸਕਣ ਦੇ ਆਹਰ 'ਚ ਹਨ
ਮਤਾਂ ਮੈਂ-
ਉਨ੍ਹਾਂ ਸ਼ਬਦਾਂ ਦੇ ਅਨਰਥ ਕਰ
ਗਰਭ-ਪਾਤ ਹੀ ਨਾ ਕਰ ਦੇਵਾਂ,
ਅਵੇਸਲੇ ਸਰਜਨ ਵਾਂਗ।

ਹੁਣ ਮੇਰੇ ਕੋਲ
ਸ਼ਬਦਾਂ ਨੂੰ ਪਰਚਾਉਣ, ਪਤਿਆਉਣ,
ਦਬਕਾਉਣ ਲਈ
ਥੋਥੀਆਂ ਦਲੀਲਾਂ ਨੇ,
ਹਿਰਦੇ ਨੂੰ ਧੂਹ ਪਾਉਂਦੀਆਂ ਚੀਸਾਂ ਨਹੀਂ
ਹੁਣ ਮੇਰੇ ਕੋਲ
ਅਹਿਸਾਸ ਮੁਕਤ, ਦਬਕਿਆਂ ਵਾਲੇ ਸ਼ਬਦ ਨੇ
ਸਨੇਹ-ਗੜੁੱਚੇ ਹਾਵੇ-ਹੌਕੇ, ਸਿਸਕੀਆਂ ਨਹੀਂ
ਹੁਣ ਮੇਰੇ ਕੋਲ,
ਸ਼ਬਦਾਂ ਨੂੰ ਰੌਂਦਣ-ਰੱਦੜ ਲਈ,
ਕਲਾਬਾਜ਼ੀਆਂ ਨੇ, ਕਲਾ ਨਹੀਂ।
ਇਹ ਕਿਹੀ ਵੇਦਨਾ, ਸੰਵੇਦਨਾ 'ਚ ਵਟ
ਇਹ ਸਮੇਂ ਦੀ ਕੇਹੀ ਸ਼ਰਾਰਤ
ਜੋ ਗੁੱਝੀਆਂ ਮਾਰਾਂ ਮਾਰਦੀ,
ਇਹ ਕੇਹੀ ਕਾਲ਼ੀ ਹਨ੍ਹੇਰੀ,
ਇਹ ਕੇਹੀ ਕੁਲੱਛਣੀ ਘੜੀ
ਜੋ ਮੇਰੇ ਆਰ-ਪਾਰ ਗੁਜ਼ਰਦੀ,
ਮੇਰੀ ਅੰਤਰ ਆਤਮਾ ਨੂੰ
ਸਬੱਬੀਂ ਮਿਲੀ ਤਨਹਾਈ, 'ਚ ਸੋਚ ਸੱਪਣੀ ਬਣ,
ਆਪਣੇ ਆਪੇ ਨਾਲ ਸੰਵਾਦ,
ਰਚਾਉਣ ਲਈ ਵੰਗਾਰਦੀ
ਪਰ ਹੁਣ ਮੈਂ ਸੱਤਾ-ਗਰੂਰ 'ਚ ਚੂਰ
ਖੰਘੂਰਾ ਮਾਰ, ਬਦੇਸ਼ੀ ਵਿਸਕੀ ਦੀਆਂ ਘੁੱਟਾਂ ਸੰਗ
ਨੱਪ ਦਿੰਦਾ ਹਾਂ ਸੰਘੀ ਸ਼ਬਦਾਂ ਦੀ ਹੀ
ਨਸ਼ਿਆਉਂਦੇ, ਗਰਮਾਉਂਦੇ ਮੰਜ਼ਰ ਤੱਕ।

# ਨਕਸ਼ ਵਰਿਆਣਵੀ




ਨਾਮ ਅਤੇ ਕਲਮੀ ਨਾਮ : ਨਕਸ਼ ਵਰਿਆਣਵੀ

ਪਤਾ : ਪਿੰਡ ਵਰਿਆਣਾ, ਡਾਕ. ਬਸਤੀ ਬਾਵਾ ਖੇਲ
144 021 ਤਹਿ. ਅਤੇ ਜ਼ਿਲ੍ਹਾ ਜਲੰਧਰ

ਮੋਬਾਇਲ : 98723–96448

ਈ–ਮੇਲ : **gianchand6448@gmail.com**


ਵਿੱਦਿਅਕ ਯੋਗਤਾ : ਬੀ. ਏ, –1

ਕਾਰੋਬਾਰ : ਸੇਵਾ ਖੇਤਰ

# ਗ਼ਜ਼ਲ

ਹੁਣੇ ਪਰਿੰਦੇ ਸੀ ਚਹਿਚਾਉਂਦੇ. ਹੁਣੇ ਬਿਖਰ ਗਏ ਨੇ ਸਾਰੇ ।
ਕਿ ਬਿਖਰੇ ਹਰ ਥਾਂ ਲਹੂ ਦੇ ਕਤਰੇ, ਖਾਮੋਸ਼ ਹੋ ਗਏ ਨੇ ਗੀਤ ਪਿਆਰੇ।

ਹੈ ਫ਼ੈਲੀ ਬਦਬੂ ਹਰੇਕ ਪਾਸੇ, ਧੂੰਆਂ-ਧੂੰਆਂ ਹੀ ਨਜ਼ਰ ਹੈ ਆਉਂਦਾ,
ਝੁਲਸ ਕੇ ਨਫ਼ਰਤ ਦੀ ਅੱਗ ਅੰਦਰ, ਨੇ ਫੁੱਲ ਬਣ ਗਏ ਆਕਾਸ਼ੀ ਤਾਰੇ।

ਗਲ਼ੀ ਗਲ਼ੀ ਵਿੱਚ ਹੈ ਸ਼ੋਰ ਨੱਚਦਾ, ਦਰਿੰਦੇ ਫਿਰਦੇ ਨੇ ਦਨਦਨਾਉਂਦੇ,
ਸੁਣਾਵੇ ਕਿਹੜਾ ਤੇ ਕੌਣ ਸੁਣ ਲਏ?, ਰਹੀ ਕਹਾਣੀ ਤੇ ਨਾ ਹੁੰਗਾਰੇ।

ਹੈ ਕੌਣ ਸੁਣਦਾ ਕਿਸੇ ਦਾ ਦੁੱਖੜਾ ? ਤੇ ਕੌਣ ਆਉਂਦਾ ਹੈ ਦੇਣ ਖ਼ੁਸ਼ੀਆਂ,
ਗ਼ਮਾਂ ਦੀ ਦਲਦਲ 'ਚੋਂ ਜੇ ਨਿਕਲਣੈ, ਤਾਂ ਕਰਨੇ ਪੈਣੇ ਨੇ ਆਪ ਚਾਰੇ।

ਜਿਹਨਾਂ ਦੇ ਦਿਲ ਵਿਚ ਨਾ ਤਰਸ ਰਹਿੰਦਾ, ਲਹੂ 'ਚ ਰੰਗ ਲੈਣ ਹੱਥ ਜਿਹੜੇ,
ਉਹ ਸਦੀਆਂ ਤੀਕਰ ਨਾ ਜਾਣ ਬਖਸ਼ੇ, ਜੋ 'ਨਕਸ਼' ਏਦਾਂ ਦੇ ਕਰਦੇ ਕਾਰੇ।

# ਗੀਤ

ਸੁੰਨੇ ਵਿਹੜਿਆਂ 'ਚ ਜਦੋਂ ਦੇਖਦਾਂ,
ਮੇਰੇ ਸੀਨੇ ਵਿੱਚ ਟੱਕ ਵੱਜਦੇ।
ਜਦੋਂ ਰੋਂਦੀ ਕੁਰਲਾਉਂਦੀ ਕੋਈ ਮਾਂ,
ਮੇਰੇ ਸੀਨੇ ਵਿੱਚ ਟੱਕ ਵੱਜਦੇ।

ਹੁਣ ਲੱਭਦੇ ਨਾ ਭਾਲ਼ੇ ਮਾਰ ਗਏ,
ਪੁੱਤ ਰੀਝਾਂ ਨਾਲ ਪਾਲੇ ਮਾਰ ਗਏ।
ਚਿੱਟਾ ਜ਼ਿੰਦਗੀ 'ਚ ਨੇਰ ਪਾ ਗਿਆ,
ਦਿਨ ਰਾਤਾਂ ਤੋਂ ਵੀ ਕਾਲ਼ੇ ਮਾਰ ਗਏ!
ਜਦੋਂ ਕਹਿਰ ਵਰਤਾਉਂਦਾ ਹੈ ਸਮਾਂ
ਮੇਰੇ ਸੀਨੇ ਵਿੱਚ ਟੱਕ ਵੱਜਦੇ।

ਪਹਿਲਾਂ ਉਮਰਾਂ ਤੋਂ ਬੁੱਢਾ ਹੋ ਗਿਆ
ਬਾਪੂ ਫਿਕਰਾਂ 'ਚ ਕੁੱਬਾ ਹੋ ਗਿਆ
ਨਾ ਹੀ ਪੁੱਤ ਰਿਹਾ ਨਾ ਹੀ ਦੌਲਤਾਂ.
ਚੌੜ ਹੌਲੀ ਹੌਲੀ ਝੁੱਗਾ ਹੋ ਗਿਆ
ਵੇਚੀ ਕਿੱਲੇ ਬੱਝੀ ਆਖਰੀ ਜੋ ਗਾਂ
ਮੇਰੇ ਸੀਨੇ ਵਿੱਚ ਟੱਕ ਵੱਜਦੇ।

ਕੌਣ ਭੈਣਾਂ ਨੂੰ ਦਿਲਾਸਾ ਦੇ ਦਵੇ
ਲੁੱਟੇ ਬੁੱਲੀਆਂ ਤੋਂ ਹਾਸੇ ਦੇ ਦਵੇ,
ਘੁੱਲ਼ੀ ਜ਼ਿੰਦਗੀ 'ਚ ਜ਼ਹਿਰ ਚੁੱਪ ਦੀ,
ਕੌਣ ਬੋਲਾਂ ਦੇ ਪਤਾਸੇ ਦੇ ਦਵੇ,
ਤੱਕ ਉੱਜੜੇ ਹੋਏ ਨਕਸ਼ ਗਰਾਂ
ਮੇਰੇ ਸੀਨੇ ਵਿੱਚ ਟੱਕ ਵੱਜਦੇ!

# ਗ਼ਜ਼ਲ

ਬੁੱਝੇ ਦੀਵੇ ਮੁਹੱਬਤ ਦੇ ਜਗਾ ਦਈਏ।
ਹਨੇਰਾ ਹੈ ਜੋ ਨਫ਼ਰਤ ਦਾ ਮਿਟਾ ਦਈਏ।

ਕਿਸੇ ਭੁੱਖੇ ਦੀ ਰੋਟੀ ਦਾ ਸਬੱਬ ਬਣੀਏ,
ਕਿਸੇ ਪਿਆਸੇ ਨੂੰ ਆ ਪਾਣੀ ਪਿਲਾ ਦਈਏ।

ਕਿਸੇ ਮਾਯੂਸ ਨੂੰ ਦੇ ਹੌਂਸਲਾ ਚੁੱਕੀਏ,
ਉਹਦੇ ਅੰਦਰ ਛੁਪੀ ਸ਼ਕਤੀ ਜਗਾ ਦਈਏ।

ਤਪੀ ਧਰਤੀ ਦੇ ਸੀਨੇ ਠੰਡ ਪਾਵਣ ਲਈ,
ਹਰਿਕ ਖਾਲੀ ਜਗ੍ਹਾ ਦੀਵੇ ਜਗਾ ਦਈਏ।

ਅਮਨ ਦਾ 'ਨਕਸ਼' ਜੋ ਪੈਗ਼ਾਮ ਬਣ ਆਵੇ,
ਉਹਦੇ ਕਦਮਾਂ 'ਚ ਦਿਲ ਆਪਣਾ ਵਿਛਾ ਦਈਏ।

# ਗ਼ਜ਼ਲ

ਵਿਹਲੜਾਂ ਦੀ ਤਿਜੌਰੀ ਭਰੀ ਹੈ ਕਿਵੇਂ?
ਭੁੱਖੇ ਕਾਹਤੋਂ ਨੇ ਮਿਹਨਤ ਜੋ ਕਰਦੇ ਪਏ?
ਐਸ਼ ਖ਼ਾਸਾਂ ਦੇ ਹਿੱਸੇ ਕਿਵੇਂ ਆ ਗਈ?
ਆਮ ਬੰਦੇ ਕਿਉਂ ਤਿਲ ਤਿਲ ਨੇ ਮਰਦੇ ਪਏ?

ਬੇ-ਸਹਾਰਾ ਤੇ ਬੇਘਰ ਅਜੇ ਤੱਕ ਨੇ ਜੋ,
ਦੇਸ਼ ਆਪਣੇ ਦੇ ਕੀ ਉਹ ਬਸ਼ਿੰਦੇ ਨਹੀਂ?
ਧੁੱਪੇ ਸੜਨਾ ਉਨਾਂ ਦੇ ਹੀ ਹਿੱਸੇ ਹੈ ਕਿਉਂ?
ਕੋਰਿਆਂ ਦੇ ਵਿੱਚ ਵੀ ਓਹੀ ਕਿਉਂ ਠਰਦੇ ਪਏ?

ਜਿੱਤ ਅਪਣੀ ਦੇ ਜਸ਼ਨੀ, ਗੁਆਚੇ ਰਹੇ,
ਸਾਡੇ ਦੁੱਖ ਦਾ ਨਾ ਅਹਿਸਾਸ ਹੋਇਆ ਕਦੇ,
ਮਲ ਮ ਲਾਉਣੀ ਸੀ ਜੇਹਨਾਂ, ਉਹ ਆਏ ਨਹੀਂ,
ਜ਼ਖ਼ਮ ਰਿਸਦੇ ਪਏ ਜ਼ਖ਼ਮ ਭਰਦੇ ਪਏ

ਬੇੜੀ ਰੀਝਾਂ ਦੀ ਤੰਗੀਆਂ ਦੇ ਤੂਫ਼ਾਨ ਵਿੱਚ
ਡਗਮਗਾਉਂਦੀ ਰਹੀ ਫਿਰ ਵੀ ਹਾਰੇ ਨਹੀਂ,
ਸਿਦਕ ਸਾਡਾ ਕਿਨਾਰੇ ’ਤੇ ਲੈ ਹੀ ਗਿਆ,
ਬੈਠੇ ਕੰਢੇ ’ਤੇ ਰਹਿ ਗਏ, ਜੋ ਡਰਦੇ ਪਏ।

ਹੱਕ ਇਨਸਾਫ਼ ਮੰਗਣ ’ਤੇ ਮਿਲਦੀ ਸਜ਼ਾ,
‘ਨਕਸ਼’ ਚਾਹੁੰਦੇ ਉਹ ਬੁੱਲ੍ਹਾਂ ’ਤੇ ਖਾਮੋਸ਼ੀਆਂ,
ਏਸ ਰਾਹ ਤੇ ਤੁਰੇ ਨੇ ਜੋ ਓਹਨਾਂ ਦੇ ਇਹ
ਪੈਰਾਂ ਹੇਠਾਂ ਅੰਗਾਰੇ ਨੇ ਧਰਦੇ ਪਏ।

46

# ਪ੍ਰਭਾਤ ਵਰਮਾ



| | |
|---|---|
| ਨਾਮ ਅਤੇ ਕਲਮੀ ਨਾਮ | : ਪ੍ਰਭਾਤ ਵਰਮਾ ਸਮਾਣਾ |
| ਪਤਾ | : ਰਾਮਲੀਲਾ ਸਟਰੀਟ ਸਮਾਣਾ, ਪਟਿਆਲਾ (ਪੰਜਾਬ) |
| ਮੋਬਾਇਲ | : +91 62844-47298 |
| ਈ-ਮੇਲ | : **parbhatverma9@gmail.com** |
| ਵਿੱਦਿਅਕ ਯੋਗਤਾ | : ਐੱਮ.ਏ. ਬੀ.ਐਡ. (ਐੱਮ.ਏ. ਅੰਗਰੇਜ਼ੀ, ਐੱਮ.ਏ. ਪੋਲੀਟੀਕਲ ਸਾਇੰਸ, ਐੱਮ.ਏ. ਹਿਸਟਰੀ) |
| ਕਾਰੋਬਾਰ | : ਅਧਿਆਪਕ (ਸ.ਸ.ਮਾਸਟਰ, ਸਰਕਾਰੀ ਹਾਈ ਸਕੂਲ ਮਰਦਾਂਹੇੜੀ, ਸਮਾਣਾ) |
| ਮੈਂਬਰ | : ਸਾਹਿਤ ਸਭਾ (ਸਮਾਣਾ), ਸਾਹਿਤ ਸੰਗਮ (ਸਮਾਣਾ) ਡੈਮੋਕਰੇਟਿਕ ਸਾਹਿਤ ਸਭਾ (ਸਮਾਣਾ) |
| ਪੁਸਤਕਾਂ | : ਵਜ਼ੂਦ ਦੀ ਜੱਦੋ-ਜਹਿਦ, ਤਦਬੀਰਾਂ (ਸਾਂਝਾ ਕਾਵਿ ਸੰਗ੍ਰਹਿ) ਅਤੇ ਬਹੁਤ ਸਾਰੇ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਰਚਨਾਵਾਂ ਛਪਣਾ। |

# ਪਾਣੀ

ਪਾਣੀ ਨਾ ਬਸ
ਪਾਣੀ ਹੈ
ਜੀਵਨ ਦੀ ਅਸਲ
ਕਹਾਣੀ ਹੈ

ਖੜ੍ਹੇ ਪਾਣੀ ਵਾਂਗ
ਜੋ ਖੜ੍ਹ ਜਾਵੇ
ਬਸ ਆਪਣੇ ਐਬਾਂ
ਨਾਲ ਹੀ ਮਰ ਜਾਵੇ

ਪਾਣੀ ਵਾਂਗ ਜੋ
ਅੱਗੇ ਵਧਦਾ ਜਾਵੇ
ਨਿੱਤ ਨਵੇਂ ਮੁਕਾਮਾਂ ਦੀ
ਨਵੀਂ ਇਬਾਰਤ ਲਿਖਦਾ ਜਾਵੇ

ਪਾਣੀ ਵਾਂਗ ਜੋ
ਸਭ ਨਾਲ ਰਲ ਜਾਵੇ
ਵੈਰੀਆਂ ਨੂੰ ਵੀ
ਆਪਣੇ ਵੱਲ ਕਰ ਜਾਵੇ

ਨਿਮਦਾ ਹੈ ਜੋ
ਵਾਂਗ ਪਾਣੀ
ਬਣਦਾ ਫੇਰ ਉਹ
ਸਭ ਦਾ ਤਾਣੀ

ਜਨਮੋਂ ਵਿਆਹ
ਵਿਆਹੋਂ ਮਰਨ
ਹਰ ਲਗਨ ਲਈ
ਲੈਣੀ ਪੈਂਦੀ
'ਪਾਣੀ' ਬੱਸ ਤੇਰੀ ਹੀ ਸ਼ਰਨ

# ਸ਼ੀਸ਼ਾ

ਐ ਸ਼ੀਸ਼ੇ
ਸ਼ੁਕਰ ਹੈ ਤੇਰਾ
ਤੂੰ ਦਿਖਾਉਂਦਾ ਹੈ
ਸਾਨੂੰ ਕੇਵਲ ਸਾਡੀਆਂ
ਬਾਹਰਲੀਆਂ ਸੂਰਤਾਂ

ਰੂਹ ਕਾਲਖ ਨਾਲੋਂ ਵੀ
ਹੋ ਜਾਣੀ ਸੀ ਕਾਲੀ
ਜੇ ਦਿਖਾਉਣ ਲੱਗ ਜਾਂਦਾ
ਤੂੰ ਸਾਨੂੰ ਸਾਡੀਆਂ
ਅੰਦਰਲੀਆਂ
ਕਾਲੀਆਂ ਮੂਰਤਾਂ

---

# ਸ਼ਿੱਦਤ

ਜਿੰਨੀ ਸ਼ਿੱਦਤ ਨਾਲ
ਚਾਹਿਆ ਤੈਨੂੰ
ਕਾਸ਼!
ਉੱਨੇ ਜਨੂੰਨ ਨਾਲ
ਕੀਤਾ ਹੁੰਦਾ
ਆਪਣੇ ਖ਼ੁਆਬਾਂ ਨੂੰ ਪਿਆਰ

ਅੱਜ ਧਰਤੀ ਤੇ
ਠੋਕਰਾਂ ਖਾਣ ਦੀ
ਬਜਾਇ
ਕਰਨਾ ਸੀ
ਅੰਬਰਾਂ ਨਾਲ ਕਰਾਰ

## ਕਸ਼ਮਕਸ਼

ਜ਼ਿੰਦਗੀ ਦੇ
ਇਸ ਮੋੜ ਤੇ

ਨਿੱਤ ਦੇ
ਰੁਝੇਵਿਆਂ 'ਚ ਹੀ
ਰੁੱਝਿਆ ਹੋਇਆ ਹਾਂ

ਹਾਸਲ ਕਰਾਂ
ਸ਼ੋਹਰਤ ਜਾਂ ਸਕੂਨ

ਬਸ ਇਸ
ਕਸ਼ਮਕਸ਼ 'ਚ ਹੀ
ਉਲਝਿਆ ਹੋਇਆ ਹਾਂ

---

## ਸਲਾਮੀ

ਜੇਕਰ ਰਸੂਖ਼ਦਾਰ
ਪਹਿਚਾਣ ਲਈ
ਤੁਹਾਡੀ ਦਿੱਖ
ਭਾਲਦੀ ਹੈ ਸਦਾ
ਕੀਮਤੀ ਲਿਬਾਸਾਂ ਦੀ
ਗੁਲਾਮੀ

ਤਾਂ ਕਿਰਦਾਰ ਨੂੰ ਨਿਖਾਰੋ
ਇਸ ਤਰ੍ਹਾਂ
ਕਿ ਲੋਕਾਂ ਦੀਆਂ ਰੂਹਾਂ ਤੋਂ
ਮਿਲੇ ਆਪ-ਮੁਹਾਰੇ
ਹੀ ਸਲਾਮੀ

# ਮੁੜ ਆਵਾਂਗਾ

ਹਾਰੀ ਹੈ
ਲੜਾਈ ਇਕ
ਜੰਗ ਅਜੇ ਬਾਕੀ ਹੈ

ਖ਼ੁਦ ਨੂੰ ਪਤਾ ਹੈ
ਕੌਣ ਹਾਂ ਮੈਂ
ਜ਼ਮਾਨੇ ਨੂੰ ਦੱਸਣਾ
ਬਾਕੀ ਹੈ

ਦੇਖ ਦੁਨੀਆ
ਦੀਆਂ ਮੁਸ਼ਕਲਾਂ
ਨਾ ਮੈਂ ਘਬਰਾਵਾਂਗਾ

ਫ਼ਿਕਰ ਨਾ ਕਰ
ਜ਼ਿੰਦਗੀ
ਮੁੜ ਆਵਾਂਗਾ
ਮੈਂ ਮੁੜ ਆਵਾਂਗਾ

---

# ਅੰਬਰੀ ਤਾਰੇ

ਤਕਦੀਰਾਂ ਦੇ ਵੀ
ਖੇਡ ਨਿਆਰੇ ਨੇ
ਮੈਂ ਵੇਖੇ
ਗੁਰਬਤ ਨੂੰ ਵੀ
ਮਿਲਦੇ
ਤਖ਼ਤ ਹਜ਼ਾਰੇ ਨੇ

ਤਦਬੀਰਾਂ
ਜੋ ਰੱਖਦੇ
ਸਦਾ ਜਾਰੀ ਨੇ
ਅੱਜ ਨਹੀਂ ਤਾਂ ਕੱਲ੍ਹ
ਫੇਰ ਉਹ ਛੂੰਹਦੇ
ਅੰਬਰੀ ਤਾਰੇ ਨੇ

# 47 ਅਮਰਿੰਦਰ ਸਿੰਘ 'ਵਿੱਕੀ'




ਨਾਮ ਅਤੇ ਕਲਮੀ ਨਾਮ : ਅਮਰਿੰਦਰ ਸਿੰਘ 'ਵਿੱਕੀ'

ਪਤਾ : ਜਲੰਧਰ

ਮੋਬਾਇਲ : +91 95920-09595

ਈ-ਮੇਲ : **amrinder95@yahoo.in**


ਵਿੱਦਿਅਕ ਯੋਗਤਾ : ਐੱਮ.ਏ. ਹਿੰਦੀ, ਬੀ. ਐਡ.

ਕਾਰੋਬਾਰ : ਅਧਿਆਪਕ

ਪੁਸਤਕਾਂ : ਤੈਨੂੰ ਕਿਹਾ ਸੀ... (ਛਪਾਈ ਅਧੀਨ)

# ਪੰਜਾਬੀਓ

*ਆਪਣੇ ਅਤੀਤ ਤੇ ਪਹਿਚਾਣ ਨੂੰ ਬਚਾ ਲਉ ਬਈ ਪੰਜਾਬੀਓ!*
*ਰੁਲ਼ੀ ਜਾਂਦਾ ਵਿਰਸਾ ਸੰਭਾਲੋ ਬਈ ਪੰਜਾਬੀਓ!*

*ਚਰਖਾ ਬੇਹਾਲ ਮੁਟਿਆਰ ਤੋਂ ਬਿਨਾਂ,*
*ਰੋਈ ਜਾਵੇ ਤੂੰਬੀ ਦੇਖੀ ਤਾਰ ਤੋਂ ਬਿਨਾਂ,*
*ਅਪਣੇ ਸਾਜ਼ਾਂ ਨੂੰ ਮੁੜ ਅਪਣਾ ਲਉ ਬਈ ਪੰਜਾਬੀਓ,*
*ਰੁਲ਼ੀ ਜਾਂਦਾ ਵਿਰਸਾ ਸੰਭਾਲੋ ਬਈ ਪੰਜਾਬੀਓ!*

*ਪੀਜ਼ਾ,ਬਰਗਰ ਕਿੱਥੇ ਰੀਸ ਕਰੂ ਸਰੋਂ ਦੇ ਸਾਗ ਦੀ,*
*ਕੋਲਡ ਡਰਿੰਕ ਚ ਕਿੱਥੇ ਗੱਲ ਲੱਸੀ ਦੇ ਸਵਾਦ ਦੀ,*
*ਚਾਟੀ ‘ਚ ਮਧਾਣੀ ਫਿਰ ਪਾ ਲਉ ਬਈ ਪੰਜਾਬੀਓ,*
*ਰੁਲ਼ੀ ਜਾਂਦਾ ਵਿਰਸਾ ਸੰਭਾਲੋ ਬਈ ਪੰਜਾਬੀਓ!*

*ਦੇਖ ਬੜਾ ਅਫਸੋਸ ਹੁੰਦਾ ਬਦਲੇ ਪਹਿਰਾਵੇ ਤੇ,*
*ਰੋਕ ਲਓ ਕਦਮ ਤੁਰੀ ਜਾਂਦੇ ਜੋ ਕੁਰਾਹੇ ਤੇ,*
*ਪੱਛਮੀ ਸੋਚ ਤੇ ਲਗਾਮ ਥੋੜ੍ਹੀ ਲਾ ਲਉ ਬਈ ਪੰਜਾਬੀਓ,*
*ਰੁਲ਼ੀ ਜਾਂਦਾ ਵਿਰਸਾ ਸੰਭਾਲੋ ਬਈ ਪੰਜਾਬੀਓ!*

ਜਦੋਂ ਚੱਲਦੇ ਸਪੀਕਰਾਂ 'ਚ ਅੱਜਕੱਲ ਵਾਲੇ ਗਾਣੇ,
ਸੁਣ ਉਹਨੂੰ ਤੋਬਾ ਤੋਬਾ ਕਰਦੇ ਸਿਆਣੇ,
ਗੀਤ ਕੋਈ ਵਿਰਸੇ ਦਾ ਗਾ ਲਉ ਬਈ ਪੰਜਾਬੀਓ,
ਰੁਲ਼ੀ ਜਾਂਦਾ ਵਿਰਸਾ ਸੰਭਾਲੋ ਬਈ ਪੰਜਾਬੀਓ!

ਹਰ ਭਾਸ਼ਾ ਦਾ ਬੇਸ਼ੱਕ ਦਿਲੋਂ ਸਤਿਕਾਰ ਕਰੋ,
ਪਰ ਅੱਖੋਂ ਪਰੋਖੇ ਨਾ ਪੰਜਾਬੀ ਸੱਭਿਆਚਾਰ ਕਰੋ,
'ਅਮਰਿੰਦਰ' ਛੱਡੋ ਨਾ ਬੇਸ਼ੱਕ 'ਹੈਲੋ-ਹਾਏ' ਕਹਿਣਾ,
ਪਰ ਫਤਹਿ ਵੀ ਗੱਜ ਕੇ ਬੁਲਾ ਲਉ ਬਈ ਪੰਜਾਬੀਓ,
ਰੁਲ਼ੀ ਜਾਂਦਾ ਵਿਰਸਾ ਸੰਭਾਲੋ ਬਈ ਪੰਜਾਬੀਓ.....!

## ਬਚਪਨ ਦੇ ਦਿਨ

ਬਚਪਨ ਦੇ ਦਿਨ ਬੜੇ ਹੀ ਚੰਗੇ,
ਖ਼ੁਸ਼ੀਆਂ ਚਾਵਾਂ ਦੇ ਨਾਲ ਰੰਗੇ,
ਹਰ ਪਲ ਸੁੱਝਦੀ ਸੀ ਨਵੀਂ ਸ਼ਰਾਰਤ,
ਹਰ ਕਿਸੇ ਨਾਲ ਲੈਂਦੇ ਸੀ ਪੰਗੇ,
ਕੱਠੇ ਹੋ ਕੇ ਸਾਰੇ ਬੇਲੀ,
ਆ ਖੜ੍ਹਦੇ ਸੀ, ਛੱਪੜ ਦੇ ਕੰਢੇ,

ਮੱਝਾਂ ਦੀਆਂ ਪੂਛਾਂ ਫੜਕੇ
ਉਦੋਂ ਤਾਰੀਆਂ ਲਾਉਂਦੇ ਸੀ,
ਹੁਣ ਇੱਕ ਹੰਝੂ ਸ਼ਿਕਵਾ ਕਰ ਜਾਂਦਾ,
ਉਦੋਂ ਤਾਂ ਹੰਝੂ ਖ਼ੂਬ ਵਹਾਉਂਦੇ ਸੀ,

*ਹੋਏ ਜਵਾਨ ਤੇ ਪਈਆਂ ਫਿਕਰਾਂ,*
*ਸਭ ਕੰਮੀ ਕਾਰੀ ਪੈ ਗਏ,*
*ਬਚਪਨ 'ਚ ਸੰਗ ਖੇਡਣ ਵਾਲੇ,*
*ਹੁਣ ਤਾਂ ਮਿਲਣੋ ਵੀ ਰਹਿ ਗਏ,*
*ਬਾਪੂ ਤੋਂ ਡਰਦੇ-ਡਰਦੇ ਮਾਂ*
*ਦੀ ਗੋਦੀ 'ਚ ਜਾ ਬਹਿੰਦੇ ਸੀ,*
*ਖਾਣਾ ਪੀਣਾ ਭੁੱਲ ਜਾਂਦੇ,*
*ਬੱਸ ਖੇਡ ਹੀ ਚੇਤੇ ਰਹਿੰਦੇ ਸੀ,*

*ਛੋਟੇ-ਛੋਟੇ ਸੁਪਨੇ ਉਦੋਂ*
*ਅਕਸਰ ਹੀ ਟੁੱਟ ਜਾਂਦੇ ਸੀ,*
*ਪਤਾ ਹੁੰਦਾ ਸੀ ਮਨਾ ਲੈਣਾ,*
*ਤਾਂ ਹੀ ਹਰ ਗੱਲ ਤੇ ਰੁੱਸ ਜਾਂਦੇ ਸੀ,*

*ਹੁਣ ਤਾਂ ਝੂਠ ਦਿਖਾਵੇ 'ਚ*
*ਸਾਰੇ ਸੰਸਕਾਰ ਗਵਾਚ ਗਏ,*
*ਵਿੱਕੀ ਤੋਂ ਉਹਦੇ ਬਚਪਨ ਵਾਲੇ*
*ਸਾਰੇ ਯਾਰ ਗਵਾਚ ਗਏ।*

# ਮਲਾਲ

ਕਰਨਾ ਛੱਡਿਆ ਹੈ-
ਬੱਸ ਜ਼ਿਕਰ ਤੇਰਾ,
ਪਰ,
ਇਹ ਤਾਂ ਨਹੀਂ ਕਿ
ਤੇਰੇ ਖਿਆਲ ਨਹੀਂ ਆਉਂਦੇ!

ਸੁਪਨੇ ਹਾਲੇ ਵੀ
ਨਿੱਤ ਟੁੱਟਦੇ ਆ,
ਪਰ,
ਲੈ ਕੇ ਤੈਨੂੰ ਨਾਲ ਨਹੀਂ ਆਉਂਦੇ!

ਦੇਣ ਜੋਗੇ ਹੋ ਗਏ ਹਾਂ ਜਵਾਬ ਜਦੋਂ ਦੇ ,
ਉਦੋਂ ਦੇ
ਹੁਣ ਕਿਸੇ ਨੂੰ
ਸਵਾਲ ਨਹੀਂ ਆਉਂਦੇ!

ਮੁੜ ਆਉਂਦੀਆਂ ਤਰੀਕਾਂ
ਬੱਸ ਦੇਣ ਨੂੰ ਦਿਲਾਸੇ
'ਵਿੱਕੀ' ਬੀਤ ਗਏ ਜ਼ਿੰਦਗੀ ਦੇ
ਮੁੜ ਸਾਲ ਨਹੀਂ ਆਉਂਦੇ!

# 48 ਸੀਤਲ ਲੋਈ



ਨਾਮ ਅਤੇ ਕਲਮੀ ਨਾਮ : ਸੀਤਲ ਲੋਈ

ਪਤਾ : ਗਲੀ ਨੰ. 4, ਨਿਊ ਵਿਸ਼ਵਕਰਮਾ ਨਗਰ,
ਪਲਾਹੀ ਰੋਡ, ਫਗਵਾੜਾ

ਮੋਬਾਇਲ : +91 94173-79810

ਈ-ਮੇਲ : **sitalloey@gmail.com**

ਵਿੱਦਿਅਕ ਯੋਗਤਾ : ਐੱਮ. ਏ. ਬੀ. ਐੱਡ (ਲੈਕਚਰਰ)

# ਗਰੀਬ ਮਜ਼ਦੂਰ ਦੀ ਸੋਚ

ਭੱਠੇ 'ਤੇ ਇੱਟਾਂ ਪੱਥ ਪੱਥ ਕੇ, ਲੋਕਾਂ ਦੇ ਮਹਿਲ ਬਣਾ ਰਿਹਾ ਹਾਂ।

ਮੇਰੇ ਸਿਰ 'ਤੇ ਕਦੋਂ ਛੱਤ ਬਣੂੰ, ਪਤਾ ਨਹੀਂ?
ਇਨ੍ਹਾਂ ਸੋਚਾਂ ਵਿੱਚ ਗੁੰਮ ਸੁੰਮ ਮੈਂ ਜ਼ਿੰਦਗੀ ਬਿਤਾ ਰਿਹਾ ਹਾਂ !
ਭੱਠੇ 'ਤੇ ਇੱਟਾਂ ਪੱਥ ਪੱਥ ਕੇ, ਲੋਕਾਂ ਦੇ ਮਹਿਲ ਬਣਾ ਰਿਹਾ ਹਾਂ।

ਤਨ ਢੱਕਣ ਲਈ ਨਾ ਮਿਲੇ ਕਪੜਾ,
ਧਰਤੀ ਨੂੰ ਸੌਣ ਲਈ ਬਿਸਤਰ ਬਣਾ ਰਿਹਾ ਹਾਂ,
ਭੱਠੇ 'ਤੇ ਇੱਟਾਂ ਪੱਥ ਪੱਥ ਕੇ, ਲੋਕਾਂ ਦੇ ਮਹਿਲ ਬਣਾ ਰਿਹਾ ਹਾਂ।

ਦੇਖ ਦੇਖ ਲੋਕਾਂ ਦੀਆਂ ਕੋਠੀਆਂ ਕਾਰਾਂ, ਆਪਣਾ ਦਿਲ ਪਰਚਾ ਰਿਹਾ ਹਾਂ।
ਪੇਟ ਭਰ ਮਿਲੂਗੀ ਜਾਂ ਨਹੀਂ ਰੋਟੀ, ਇਨ੍ਹਾਂ ਫਿਕਰਾਂ 'ਚ ਡੁੱਬਿਆ
ਮੈਂ ਜ਼ਿੰਦਗੀ ਬਿਤਾ ਰਿਹਾ ਹਾਂ।
ਬੱਚਿਆਂ ਦੀ ਪੜ੍ਹਾਈ ਦਾ ਫਿਕਰ ਵੀ, ਘੁੱਣ ਵਾਂਗ ਖਾ ਰਿਹਾ ਹੈ।
ਪੜ੍ਹ ਸਕਣਗੇ ਜਾਂ ਨਹੀਂ, ਇਨ੍ਹਾਂ ਸੋਚਾਂ ਵਿੱਚ ਦਿਨ ਰਾਤ ਲੰਘਾ ਰਿਹਾ ਹਾਂ।
ਭੱਠੇ 'ਤੇ ਇੱਟਾਂ ਪੱਥ ਪੱਥ ਕੇ, ਲੋਕਾਂ ਦੇ ਮਹਿਲ ਬਣਾ ਰਿਹਾ ਹਾਂ।

ਠੰਡ ਦਾ ਕਹਿਰ ਵੀ ਵੱਧਦਾ ਜਾਂਦਾ, ਠੁਰ ਠੁਰ ਕਰਦੇ ਬੱਚਿਆਂ ਲਈ,
ਕੁੱਖ ਦਾਨ ਨੂੰ ਕਰਦੇ ਕੱਠਾ, ਬਾਲ ਦੇ ਧੂਣੀ, ਉਨ੍ਹਾਂ ਦੇ ਹੱਡ ਗਰਮਾਂ ਰਿਹਾ ਹਾਂ।
ਭੱਠੇ 'ਤੇ ਇੱਟਾਂ ਪੱਥ ਪੱਥ ਕੇ, ਲੋਕਾਂ ਦੇ ਮਹਿਲ ਬਣਾ ਰਿਹਾ ਹਾਂ।

ਸੂਰਜ ਦੀ ਰੌਸ਼ਨੀ ਪਿੰਡਾ ਸਾੜੇ, ਬੱਚੇ ਬੁੱਢੇ ਤੜਫਣ ਸਾਰੇ,
ਉਨ੍ਹਾਂ ਨੂੰ ਧੁੱਪ ਤੋਂ ਬਚਾਉਣ ਲਈ ਛੱਪਰਾ ਬਣਾ ਰਿਹਾ ਹਾਂ।

ਮੱਛਰ ਰਾਤ ਨੂੰ ਵੱਢ ਵੱਢ ਖਾਵੇ, ਸਾਰੀ ਰਾਤ ਨੀਂਦ ਨਾ ਆਵੇ,
ਥੱਕ ਹਾਰ ਕੇ ਮੈਂ ਜੀਵਨ ਬਿਤਾ ਰਿਹਾ ਹਾਂ
ਭੱਠੇ 'ਤੇ ਇੱਟਾਂ ਪੱਥ ਪੱਥ ਕੇ, ਲੋਕਾਂ ਦੇ ਮਹਿਲ ਬਣਾ ਰਿਹਾ ਹਾਂ।

ਨੰਗੇ ਪੈਰੀਂ ਕੰਮ ਹਾਂ ਕਰਦੇ,
ਧੁੱਪ ਵਿੱਚ ਸੜਦੇ ਠੰਢ ਵਿੱਚ ਸੜਦੇ
ਕਦੇ ਤਾਂ ਆਵਣਗੇ ਦਿਨ ਚੰਗੇ
ਇਹੀ ਸੋਚ ਕੇ ਕਰ ਦਿਲ ਨੂੰ ਕਰੜਾ, ਵਕਤ ਲੰਘਾ ਰਿਹਾ ਹਾਂ।
ਭੱਠੇ 'ਤੇ ਇੱਟਾਂ ਪੱਥ ਪੱਥ ਕੇ, ਲੋਕਾਂ ਦੇ ਮਹਿਲ ਬਣਾ ਰਿਹਾ ਹਾਂ।
ਸੀਤਲ ਲੋਈ ਦਾ ਉਲਾਂਬਾ ਰੱਬ ਨੂੰ
ਜੇ ਤੂੰ ਸਭ ਦਾ ਭਲਾ ਸੋਚਦਾ ਤਾਂ ਇਨ੍ਹਾਂ ਨੂੰ ਕਿਉਂ ਤੜਫਾ ਰਿਹਾ ਏ
ਕਰ ਕਿਰਪਾ ਤੇ ਸੁੱਖ ਵਰਤਾ , ਇਨ੍ਹਾਂ ਤੇ ਵੀ ਮਿਹਰ ਵਰਸਾਅ

# ਮੇਰਾ ਰੰਗਲਾ ਦੇਸ਼ ਪੰਜਾਬ

ਸੀ ਪੰਜ ਆਬਾਂ ਦੀ ਧਰਤੀ, ਮੇਰਾ ਰੰਗਲਾ ਦੇਸ਼ ਪੰਜਾਬ।
ਅੱਜ ਰਹਿ ਗਏ ਢਾਈ ਕੁ ਆਬ ਨੇ, ਸਾਡਾ ਜਿਗਰਾ ਬੜਾ ਵਿਸ਼ਾਲ!
ਅਸੀਂ ਨਹਿਰਾਂ ਭਰ ਭਰ ਵੰਡਦੇ, ਭਾਵੇਂ ਪੱਲੇ ਹੈ ਘੱਟ ਆਬ
ਸੀ ਪੰਜ ਆਬਾਂ ਦੀ ਧਰਤੀ, ਮੇਰਾ ਰੰਗਲਾ ਦੇਸ਼ ਪੰਜਾਬ।

ਰਹੇ ਖਿੜਿਆ ਵਾਂਗ ਗੁਲਾਬ ਦੇ, ਮਹਿਕਾਂ ਵੰਡੇ ਵਿੱਚ ਸੰਸਾਰ
ਇਨੂੰ ਨਜ਼ਰ ਮਾੜੀ ਨਾ ਲੱਗ ਜਾਏ, ਸੁੱਖ ਮੰਗਾਂ ਮੈਂ ਕਰਤਾਰ
ਸਿੱਖਿਆ ਰਾਹੀਂ ਮਾਰੇ ਮੱਲਾਂ, ਛੱਡੇ ਨਸ਼ਿਆਂ ਦਾ ਅਜ਼ਾਬ
ਸੀ ਪੰਜ ਆਬਾਂ ਦੀ ਧਰਤੀ, ਮੇਰਾ ਰੰਗਲਾ ਦੇਸ਼ ਪੰਜਾਬ।

ਅਸੀਂ ਟੱਕਰ ਲਈ ਨਾਲ ਜ਼ਾਲਮਾਂ, ਜਿਨ੍ਹਾਂ ਕੀਤਾ ਭਾਰਤ ਉੱਤੇ ਵਾਰ
ਅਸੀਂ ਬਣ ਕੇ ਕੰਧ ਮੂਹਰੇ ਖੜ੍ਹ ਗਏ, ਸਹਿ ਗਏ ਸੀਨਿਆਂ ਉੱਤੇ ਵਾਰ
ਸਾਡੀ ਕਦਰ ਪਾਈ ਘੱਟ ਹਾਕਮਾਂ, ਜਿਨ੍ਹਾਂ ਕੀਤਾ ਭਾਰਤ ਉੱਤੇ ਰਾਜ
ਸੀ ਪੰਜ ਆਬਾਂ ਦੀ ਧਰਤੀ, ਮੇਰਾ ਰੰਗਲਾ ਦੇਸ਼ ਪੰਜਾਬ।

ਮੇਰਾ ਹੱਸਦਾ ਰਹੇ ਵੱਸਦਾ ਰਹੇ ਖੁਸ਼ ਵੱਸਣ ਖੇਤ ਖਲਿਹਾਨ
ਨਸ਼ਿਆਂ ਤੋਂ ਬਚਾਅ ਲਈਏ, ਦੇਈਏ ਵਿੱਦਿਆ ਵੱਲ ਧਿਆਨ,
ਜੇ ਅੱਖ ਚੁੱਕੇ ਸਾਡੇ ਵੱਲ ਕੋਈ, ਦੇਈਏ 'ਕੱਠੇ ਹੋ ਜਵਾਬ
ਸੀ ਪੰਜ ਆਬਾਂ ਦੀ ਧਰਤੀ, ਮੇਰਾ ਰੰਗਲਾ ਦੇਸ਼ ਪੰਜਾਬ।

ਇਹ ਗੁਰੂਆਂ ਪੀਰਾਂ ਤੇ ਸੂਰਬੀਰਾਂ ਦੀ ਧਰਤੀ, ਇਹਨੂੰ ਕਰੀਏ ਨਮਸਕਾਰ
ਔਕੜਾਂ ਨਾਲ ਆਢੇ ਲਾ ਕੇ ਖੜ੍ਹਨ ਪੰਜਾਬੀ, ਕਰੇ ਜਹਾਨ ਜੈ-ਜੈ ਕਾਰ
ਭਾਰਤ ਦੇ ਸਿਰ ਦੀ ਇਹ ਕਲਗੀ, ਕਹਿੰਦੇ ਇਨੂੰ ਗੁਲਾਬ
ਸੀ ਪੰਜ ਆਬਾਂ ਦੀ ਧਰਤੀ, ਮੇਰਾ ਰੰਗਲਾ ਦੇਸ਼ ਪੰਜਾਬ।

# ਬਾਬਲ ਦਾ ਵਿਹੜਾ

ਬਾਬਲ ਦੇ ਘਰ ਨਾ ਸ਼ਿੰਗਾਰ ਨੇ ਧੀਆਂ, ਰੱਬਾ! ਇਨ੍ਹਾਂ ਨੂੰ ਦੁੱਖ ਕੋਈ ਹੋਵੇ ਨਾ।
ਹੱਸਣ-ਵੱਸਣ ਇਹ ਰਾਜ ਕੁਮਾਰੀਆਂ ਵਾਂਗੂੰ, ਇਨ੍ਹਾਂ ਤੋਂ ਦੂਰ ਸੁੱਖ ਕੋਈ ਹੋਵੇ ਨਾ।
ਜਿੱਥੇ ਰਹਿਣ ਸੁੱਖੀ ਰਹਿਣ, ਦੁੱਖ ਇਨ੍ਹਾਂ ਦੇ ਹਿੱਸੇ ਦਾ ਮੈਨੂੰ ਹੋਵੇ,
ਬਾਬਲ ਦੇ ਘਰ ਨਾ ਸ਼ਿੰਗਾਰ ਨੇ ਧੀਆਂ, ਰੱਬਾ! ਇਨ੍ਹਾਂ ਨੂੰ ਦੁੱਖ ਕੋਈ ਹੋਵੇ ਨਾ।

ਪਾਲ਼ੀਆਂ ਮੈਂ ਪੁੱਤਾਂ ਨਾਲੋਂ ਵੱਧ ਲਾਡਾਂ ਨਾਲ, ਇਨ੍ਹਾਂ ਨੂੰ ਜ਼ਿੰਦਗੀ 'ਚ ਕੋਈ ਘਾਟ ਹੋਵੇ ਨਾ।
ਹਰ ਸਾਹ ਨਾਲ ਦਿਆਂ ਮੈਂ ਦੁਆ, ਜੋ ਚਾਹੁੰਣ ਮਿਲ ਜਾਏ ਕੋਈ ਰਾਹ ਵਿੱਚ ਰੋਕ ਹੋਵੇ ਨਾ।
ਜਿੱਥੇ ਰਹਿਣ ਸੁੱਖੀ ਰਹਿਣ, ਦੁੱਖ ਇਨ੍ਹਾਂ ਦੇ ਹਿੱਸੇ ਦਾ ਮੈਨੂੰ ਹੋਵੇ,
ਬਾਬਲ ਦੇ ਘਰ ਨਾ ਸ਼ਿੰਗਾਰ ਨੇ ਧੀਆਂ, ਰੱਬਾ! ਇਨ੍ਹਾਂ ਨੂੰ ਦੁੱਖ ਕੋਈ ਹੋਵੇ ਨਾ।

ਮੈਂ ਦਿਲ ਲਾ ਕੇ ਕੀਤੀ ਸੇਵਾ ਇਨ੍ਹਾਂ ਦੀ, ਇਨ੍ਹਾਂ ਨੂੰ ਜ਼ਿੰਦਗੀ 'ਚ ਘਾਟ ਕੋਈ ਹੋਵੇ ਨਾ।
ਪੜ੍ਹਾਇਆ ਮੈਂ ਪੁੱਤਾਂ ਨਾਲੋਂ ਵੱਧ, ਪੜ੍ਹਾਈ ਪੱਖੋਂ ਜ਼ਿੰਦਗੀ 'ਚ ਘਾਟ ਕੋਈ ਹੋਵੇ ਨਾ।
ਜਿੱਥੇ ਰਹਿਣ ਸੁੱਖੀ ਰਹਿਣ, ਦੁੱਖ ਇਨ੍ਹਾਂ ਦੇ ਹਿੱਸੇ ਦਾ ਮੈਨੂੰ ਹੋਵੇ,
ਬਾਬਲ ਦੇ ਘਰ ਨਾ ਸ਼ਿੰਗਾਰ ਨੇ ਧੀਆਂ, ਰੱਬਾ! ਇਨ੍ਹਾਂ ਨੂੰ ਦੁੱਖ ਕੋਈ ਹੋਵੇ ਨਾ।

ਬਾਬਲ ਦਾ ਮਾਣ, ਸੰਸਕਾਰਾਂ ਦਾ ਸਤਿਕਾਰ ਹੋਵੇ, ਛੂਹੋ ਤੁਸੀਂ ਅੰਬਰਾਂ ਨੂੰ, ਅੰਤਾਂ ਦਾ ਪਿਆਰ ਮਿਲੇ
ਦੁਨੀਆਂ 'ਚ ਮਾਣ ਹੋਵੇ ਬਾਬਲ ਦਾ, ਸਿਰ ਉੱਚਾ ਹੋਵੇ, ਦੇਸ਼ ਕੌਮ ਨੂੰ ਤੁਹਾਡੇ ਉੱਤੇ ਮਾਣ ਮਿਲੇ
ਜਿੱਥੇ ਰਹਿਣ ਸੁੱਖੀ ਰਹਿਣ, ਦੁੱਖ ਇਨ੍ਹਾਂ ਦੇ ਹਿੱਸੇ ਦਾ ਮੈਨੂੰ ਹੋਵੇ,
ਬਾਬਲ ਦੇ ਘਰ ਨਾ ਸ਼ਿੰਗਾਰ ਨੇ ਧੀਆਂ, ਰੱਬਾ! ਇਨ੍ਹਾਂ ਨੂੰ ਦੁੱਖ ਕੋਈ ਹੋਵੇ ਨਾ।

# 49 ਪਰਵੀਨ ਕੁਮਾਰ ਗਰਗ




| | | |
|---|---|---|
| ਨਾਮ ਅਤੇ ਕਲਮੀ ਨਾਮ | : | ਪਰਵੀਨ ਕੁਮਾਰ ਗਰਗ |
| ਪਤਾ | : | ਵੜੈਚ ਕਲੋਨੀ, ਸਮਾਣਾ,<br>ਜ਼ਿਲ੍ਹਾ ਪਟਿਆਲਾ (ਪੰਜਾਬ) |
| ਮੋਬਾਇਲ | : | +91 97794-56807 |
| ਈ-ਮੇਲ | : | **parveensamana75@gmail.com** |
| ਵਿੱਦਿਅਕ ਯੋਗਤਾ | : | **M.A, B.Ed., M.Phil., UGC-NET** |
| ਕਾਰੋਬਾਰ | : | ਪੰਜਾਬੀ ਅਧਿਆਪਕ |
| ਪੁਸਤਕਾਂ | : | ਵੱਖ-ਵੱਖ ਅਖ਼ਬਾਰਾਂ ਅਤੇ ਰਸਾਲਿਆਂ<br>ਵਿੱਚ ਰਚਨਾਵਾਂ ਛਪਣਾ ਅਦਿ। |

# ਹੌਂਸਲੇ

ਲੜਦੇ ਹੁੰਦੇ ਨੇ ਯਾਰੋ ਹੌਂਸਲੇ
ਨਾਮ ਹੁੰਦੇ ਨੇ ਹਥਿਆਰਾਂ ਦੇ
ਬਿਨ ਹੌਂਸਲੇ ਤੋਂ, ਨਾ ਚੱਲੇ ਗੋਲੀ
ਹੌਂਸਲੇ ਮੋੜਨ ਮੂੰਹ, ਤਲਵਾਰਾਂ ਦੇ
ਬਾਜੀ ਹਾਰ ਜਾਣਾ, ਨਾ ਹੋਏ ਹਾਰ
ਹਰਨੇ ਹੌਂਸਲੇ, ਨਿਸ਼ਾਨ ਨੇ ਹਾਰਾਂ ਦੇ
ਲੜਦੇ ਹੁੰਦੇ ਨੇ ਯਾਰੋ ਹੌਂਸਲੇ
ਨਾਮ ਹੁੰਦੇ ਨੇ ਹਥਿਆਰਾਂ ਦੇ

ਬੁਲੰਦ ਹੌਸਲੇ, ਜਿਨ੍ਹਾਂ ਮਰਦਾਂ ਦੇ
ਸਿਰ ਦੇ ਸਾਈਂ, ਸੱਚੇ ਉਹ ਨਾਰਾਂ ਦੇ
ਦਿੰਦੇ ਨੇ ਹੌਸਲਾ ਜੋ, ਨਾਲ ਖੜ੍ਹਕੇ
ਮਾਲਕ ਹੁੰਦੇ ਉਹ, ਉੱਚੇ ਕਿਰਦਾਰਾਂ ਦੇ
ਹੌਂਸਲੇ ਹੀ ਭਰਦੇ ਉਡਾਨ ਉੱਚੀ
ਹੌਸਲਿਓਂ ਸੱਖਣੇ, ਰਲਦੇ ਨਾਲ ਨਾ ਡਾਰਾਂ ਦੇ
ਲੜਦੇ ਹੁੰਦੇ ਨੇ ਯਾਰੋ ਹੌਂਸਲੇ
ਨਾਮ ਹੁੰਦੇ ਨੇ ਹਥਿਆਰਾਂ ਦੇ

ਹੌਂਸਲਿਆਂ ਨਾਲ਼ ਹੀ, ਮੈਦਾਨ ਫਤਹਿ
ਹੌਂਸਲੇ ਹੀ ਗਹਿਣੇ, ਸ਼ਾਹ ਸਵਾਰਾਂ ਦੇ
ਹੌਂਸਲੇ ਹੀ ਖੜ੍ਹੇ ਕਰਨ ਗਿਰਿਆਂ ਨੂੰ
ਨਹੀ ਤਾਂ ਬਣੇ ਜਿੰਦ, ਵਾਂਗ ਬਿਮਾਰਾਂ ਦੇ
ਹੌਂਸਲੇ ਹੀ ਜਿੱਤਦੇ ਨੇ ਅਖੀਰ ਜੰਗ
ਕਾਇਰ ਮੁਥਾਜ ਹੁੰਦੇ, ਬਈ ਯਾਰਾਂ ਦੇ
ਲੜਦੇ ਹੁੰਦੇ ਨੇ ਯਾਰੋ ਹੌਂਸਲੇ
ਨਾਮ ਹੁੰਦੇ ਨੇ ਹਥਿਆਰਾਂ ਦੇ

# ਜੀ ਆਇਆਂ ਨੂੰ

ਦਿਲ ਦੀਆਂ ਗਹਿਰਾਈਆਂ ਤੋਂ
ਚੱਪਾ ਚੱਪਾ ਤੁਹਾਨੂੰ ਜੀ ਆਇਆਂ ਨੂੰ ਕਹਿੰਦਾ ਹੈ
ਥੋੜੀ ਸੋਚ ਦਾ ਸੂਰਜ ਵੱਖਰਾ
ਭਾਵੇਂ ਚਾਨਣ ਤਾਂ ਨਿਤ ਚੜ੍ਹਦਾ ਲਹਿੰਦਾ ਹੈ
ਜੋ ਖੁਦ ਅਰਸ਼ ਹੋ ਕੇ ਵੀ ਮਾਣ ਬਖਸ਼ਦੇ ਫਰਸ਼ਾਂ ਨੂੰ
ਕੱਦ ਉਨ੍ਹਾਂ ਦਾ ਹੀ ਅੰਬਰੋਂ ਉੱਚਾ ਰਹਿੰਦਾ ਹੈ
ਦਿਲ ਦੀਆਂ ਗਹਿਰਾਈਆਂ ਤੋਂ
ਚੱਪਾ ਚੱਪਾ ਤੁਹਾਨੂੰ ਜੀ ਆਇਆਂ ਨੂੰ ਕਹਿੰਦਾ ਹੈ

ਮੁੱਖ ਥੋੜਾ ਮਹਿਤਾਬ ਵਰਗਾ
ਹਾਸਾ ਸੱਜਰੀ ਸ਼ਰਾਬ ਵਰਗਾ
ਰੋਹਬ ਵੱਡੇ ਨਵਾਬ ਵਰਗਾ
ਸੁਰ ਨਾਨਕ ਜੀ ਦੀ ਰਬਾਬ ਵਰਗਾ
ਹਿਰਦਾ ਸਮੁੰਦਰ ਜਿਹਾ ਵਿਸ਼ਾਲ
ਜੋ ਲੋੜਵੰਦਾਂ ਦੇ ਦਰ ਵੱਲ ਵਹਿੰਦਾ ਹੈ
ਦਿਲ ਦੀਆਂ ਗਹਿਰਾਈਆਂ ਤੋਂ
ਚੱਪਾ ਚੱਪਾ ਤੁਹਾਨੂੰ ਜੀ ਆਇਆਂ ਨੂੰ ਕਹਿੰਦਾ ਹੈ

## ਵਿਚਾਰਾ ਮੁੰਡਾ

ਵਿਚਾਰਾ ਮੁੰਡਾ ਮਾਂ ਦੀ ਸੁਣੇ ਜਾਂ ਘਰ ਵਾਲੀ ਦੀ
ਜਾਨ ਹੈ ਕੜਿੱਕੀ ਵਿੱਚ ਆਈ ਰਹਿੰਦੀ
ਭਾਂਡੇ ਲੱਗ ਜਾਣ ਕਈ ਵਾਰ ਤਾਂ ਛੇਤੀ ਹੀ ਖੜਕਣ
ਸੁੱਕੀ ਨਾ ਹੁੰਦੀ ਚੱਜ ਨਾਲ ਵੀ ਹੱਥਾਂ ਦੀ ਮਹਿੰਦੀ
ਮਾੜੀ ਮਾੜੀ ਗੱਲ ਉੱਤੇ ਪੈਂਦੇ ਘਰ ਵਿੱਚ ਕਲੇਸ਼
ਜੁਗਨੀ ਹੈ ਅੱਜ ਕੱਲ੍ਹ ਦੀ ਇਹੋ ਕਹਿੰਦੀ
ਵਿਚਾਰਾ ਮੁੰਡਾ ਮਾਂ ਦੀ ਸੁਣੇ ਜਾਂ ਘਰ ਵਾਲੀ ਦੀ
ਜਾਨ ਹੈ ਕੜਿੱਕੀ ਵਿੱਚ ਆਈ ਰਹਿੰਦੀ

ਬੋਲ ਕੁਬੋਲ ਬੋਲਦੀਆਂ ਖੂਬ ਇੱਕ ਦੂਜੀ ਨੂੰ
ਇੱਜ਼ਤ ਹੈ ਸਭ ਦੀ ਗਲੀ ਮੁਹੱਲੇ ਲਹਿੰਦੀ
ਕਦੀ ਇੱਕ ਰੋਵੇ ਕਦੀ ਵਾਰੀ ਆਏ ਦੂਜੀ ਦੀ
ਘਰ ਵਿੱਚ ਹੈ ਹੰਝੂਆਂ ਦੀ ਨਦੀ ਵਹਿੰਦੀ
ਇੱਕ ਜਨਮ ਦੇਣ ਵਾਲੀ ਦੂਜੀ ਜੀਵਨ ਸਾਥਣ
ਕਿਸ ਦੀ ਮੰਨੇ ਕਿਸ ਦੀ ਛੱਡੇ ਸਮਝ ਨਾ ਪੈਂਦੀ
ਵਿਚਾਰਾ ਮੁੰਡਾ ਮਾਂ ਦੀ ਸੁਣੇ ਜਾਂ ਘਰ ਵਾਲੀ ਦੀ
ਜਾਨ ਕੜਿੱਕੀ ਵਿੱਚ ਹੈ ਆਈ ਰਹਿੰਦੀ

ਕਰੇ ਇੱਕ ਨੂੰ ਖੁਸ਼ ਤਾਂ ਦੂਜੀ ਰੁੱਸ ਜਾਏ
ਭੋਰਾ ਨਾ ਖੁਸ਼ੀ ਇੱਕ ਦੂਜੇ ਦੀ ਸਹਿੰਦੀ
ਕਦੀ ਨਣਦ ਭਰਜਾਈ ਹੋਵਣ ਗੁੱਥਮ ਗੁੱਥੀ
ਕਦੀ ਨੂੰਹ ਸੱਸ ਨਾਲ ਹੈ ਖਹਿੰਦੀ
ਬਣੀ ਔਰਤ ਹੀ ਕਿਉਂ ਔਰਤ ਦੀ ਦੁਸ਼ਮਣ
ਮੰਜੀ ਨਾ ਕਦੀ ਕੱਠਿਆਂ ਦੀ ਹੈ ਡਹਿੰਦੀ
ਵਿਚਾਰਾ ਮੁੰਡਾ ਮਾਂ ਦੀ ਸੁਣੇ ਜਾਂ ਘਰ ਵਾਲੀ ਦੀ
ਜਾਨ ਹੈ ਕੜਿੱਕੀ ਵਿੱਚ ਆਈ ਰਹਿੰਦੀ

ਸੋਚਦਾ ਹੈ ਇਸ ਨਾਲੋਂ ਤਾਂ ਜੰਮਦਾ ਹੀ ਮਰ ਜਾਂਦਾ
ਨਾ ਜ਼ਿੰਦਗੀ ਇੰਨੇ ਫਿਰ ਪਰਤਿਆਵੇ ਲੈਂਦੀ
ਟੁੱਟ ਜਾਂਦੇ ਨੇ ਰਿਸ਼ਤੇ ਚਾਵਾਂ ਨਾਲ ਜੋੜੇ ਹੋਏ
ਜਦੋਂ ਅਖੀਰ ਵਹੁਟੀ ਜਾ ਹੈ ਪੇਕੇ ਬਹਿੰਦੀ
ਰੱਬਾ ਕਦ ਹੋਣੀ ਹੈ ਸੌਖੀ ਜਾਨ ਮੁੰਡਿਆਂ ਦੀ
ਕਿਉਂ ਸਮਾਜ ਦੀ ਹਾਲਤ ਜਾਏ ਦਿਨੋ-ਦਿਨ ਢਹਿੰਦੀ
ਵਿਚਾਰਾ ਮੁੰਡਾ ਮਾਂ ਦੀ ਸੁਣੇ ਜਾਂ ਘਰ ਵਾਲੀ ਦੀ
ਜਾਨ ਹੈ ਕੜਿੱਕੀ ਵਿੱਚ ਆਈ ਰਹਿੰਦੀ

ਆਓ ਰਲ ਮਿਲ ਕੇ ਖ਼ੂਨ ਦਾਨ ਦੀ ਮੁਹਿੰਮ ਚਲਾਈਏ
ਬਲੱਡ ਬਾਝੋਂ ਜ਼ਿੰਦਗੀ ਨਾ ਰਾਹ ਸਿਵਿਆਂ ਦੇ ਪਾਈਏ।

# ਖ਼ੂਨਦਾਨ ਮਹਾਂ ਕਲਿਆਣ

ਕਤਰਾ ਕਤਰਾ ਖ਼ੂਨ ਦਾ ਮੈਂ ਵੀ ਦਾਨ ਦੇਵਾਂਗਾ
ਜਦ ਤੱਕ ਜਾਨ ਮੇਰੀ ਵਿੱਚ ਹੈ, ਜਾਨ ਵੇ ਲੋਕੋ

ਕਿਉਂਕਿ ਬਣਦਾ ਨਾ ਇਹ ਵਿੱਚ ਫੈਕਟਰੀਆਂ
ਬਣੇ ਬਾਕੀ ਜਿਵੇਂ ਦੁਨਿਆਵੀ ਸਮਾਨ ਵੇ ਲੋਕੋ

ਜਾਤਾਂ ਗੋਤਾਂ ਰੰਗਾਂ ਨਸਲਾਂ ਦੇ ਵੀ ਭੇਦ ਮੁਕਾਏ
ਬਣਾਏ ਸਾਰੇ ਮਜ਼੍ਹਬਾਂ ਨੂੰ ਇੱਕੋ ਹੀ ਹਾਣ ਵੇ ਲੋਕੋ

ਬੂੰਦ ਬੂੰਦ ਨਾਲ ਅਖੇ ਜੀ ਸਮੁੰਦਰ ਭਰ ਜਾਂਦਾ
ਤੁਪਕਾ ਤੁਪਕਾ ਲਹੂ ਵੀ ਬਚਾਏ ਪ੍ਰਾਣ ਵੇ ਲੋਕੋ

ਬੰਦਾ ਹੀ ਬੰਦੇ ਦਾ ਦਾਰੂ, ਇਹ ਸੋਚ ਸਿਆਣੀ
ਜੋ ਸੋਚੇ ਇਹ, ਬੰਦਾ ਉਹੀ ਹੈ ਮਹਾਨ ਵੇ ਲੋਕੋ

ਰੱਬ ਹੋਣੇ ਹਰ ਇੱਕ ਧਰਮ ਦੇ ਆਪੋ ਆਪਣੇ
ਪਰ ਖ਼ੂਨਦਾਨੀਓਂ ਵੱਡਾ ਕਿਹੜਾ ਭਗਵਾਨ ਵੇ ਲੋਕੋ

# ਗੁਰਦਰਸ਼ਨ 'ਬਾਦਲ'




ਨਾਮ ਅਤੇ ਕਲਮੀ ਨਾਮ : ਗੁਰਦਰਸ਼ਨ 'ਬਾਦਲ'

ਪਤਾ : **Surrey, Canada**

ਮੋਬਾਇਲ : +1 604–572–7360

ਈ–ਮੇਲ : **gsbadal@gmail.com**

ਵਿੱਦਿਅਕ ਯੋਗਤਾ : **D.M.S. Homoeo**

ਕਾਰੋਬਾਰ : ਰਿਟਾ. ਡਾਕਟਰ


ਪੁਸਤਕਾਂ
- •ਜੰਗੀ ਨਗ਼ਮੇ-(ਕਾਵਿ-ਸੰਗ੍ਰਹਿ)-1965.
- •ਗੰਦਲਾਂ-(ਗ਼ਜ਼ਲ-ਸੰਗ੍ਰਹਿ)-1992.
- •ਕਿਰਚਾਂ-(ਗ਼ਜ਼ਲ-ਸੰਗ੍ਰਹਿ)-2000.
- •ਵਿਊਹ ਮਿਟਾਉਂਦੇ ਗੀਤ-(ਗੀਤ-ਸੰਗ੍ਰਹਿ)-2002.
- •ਘਰ 'ਚ ਕਲ਼ੇਸ਼ ਪੈ ਗਿਆ-(ਗੀਤ-ਸੰਗ੍ਰਹਿ)-2003.
- •ਨਾਲ਼ ਖੁਦਾ ਦੇ ਗੱਲਾਂ -(ਰੂਹਾਨੀ ਗ਼ਜ਼ਲਾਂ)-2010.
- •ਕਿਰਨਾਂ-(ਗ਼ਜ਼ਲ-ਸੰਗਰਹਿ)-2010.
- •ਖ਼ੂਨੀ ਨਦੀ ਤੇ ਖ਼ੂਨੀ ਕੰਧ-(ਧਾਰਮਿਕ ਨਜ਼ਮਾਂ)-2010.
- •ਮਰਸੀਆ-ਏ-ਬਾਦਲ-(ਉਦਾਸ ਸੁਰ ਦੀਆਂ ਗ਼ਜ਼ਲਾਂ)-2010.
- •ਅੰਮੜੀ ਦਾ ਵਿਹੜਾ-(ਸਮਾਜਿਕ ਨਜ਼ਮਾਂ)-2011.
- •ਜ਼ਿਆ-ਏ-ਗ਼ਜ਼ਲ (ਉਰਦੂ ਗ਼ਜ਼ਲੇਂ ਗੁਰਮੁਖੀ ਹਰੂਫ਼ ਮੇਂ) 2014.
- •ਖ਼ੁਸ਼ਬੂ-ਏ-ਗ਼ਜ਼ਲ (ਉਰਦੂ ਗ਼ਜ਼ਲੇਂ ਗੁਰਮੁਖੀ ਹਰੂਫ਼ ਮੇਂ) 2014.
- •ਸੁਖੈਨ ਗ਼ਜ਼ਲ (ਗ਼ਜ਼ਲ ਦੇ ਰੂਪ-ਵਿਧਾਨ ਦੀ ਸਰਲ ਜਾਣਕਾਰੀ) 2014.

# ਗ਼ਜ਼ਲ

ਚੁਗਲਾਂ ਕੋਲ਼ੋਂ ਲੁਕ ਜਾਂਦਾ ਹੈ, ਯਾਦ-ਪਰਿੰਦਾ, ਆਉਂਦਾ-ਜਾਂਦਾ।
ਪਰ ਮੇਰੇ ਘਰ ਰੁਕ ਜਾਂਦਾ ਹੈ, ਯਾਦ-ਪਰਿੰਦਾ, ਆਉਂਦਾ-ਜਾਂਦਾ।

ਦਰਦ, ਉਡੀਕਾਂ, ਮੇਲ-ਵਿਛੋੜਾ, ਵਾਅ-ਘੋੜੇ ਦੀਆਂ ਵਾਗਾਂ ਫੜ ਕੇ,
ਰਾਹ 'ਚ ਖੜੋਤਾ ਸੁਕ ਜਾਂਦਾ ਹੈ, ਯਾਦ-ਪਰਿੰਦਾ, ਆਉਂਦਾ-ਜਾਂਦਾ।

ਚਿੱਠੀ-ਚੀਰਾ ਜਦ ਪਹੁੰਚੇ ਨਾ, ਖੋਲ੍ਹ ਕੇ ਪਗੜੀ ਦੇ ਲੜ ਨਾਲ਼ੋਂ,
ਚੁੰਨੀ 'ਤੇ ਕੁਝ ਭੁਕ ਜਾਂਦਾ ਹੈ, ਯਾਦ-ਪਰਿੰਦਾ, ਆਉਂਦਾ-ਜਾਂਦਾ।

ਜੇਕਰ ਦੀਵਾ ਰੋਜ਼ ਬਨੇਰੇ, ਜਗਦਾ ਹੋਵੇ, ਗੱਲ ਸੌਖੀ ਹੈ,
ਦੀਵਾ ਬੁਝਿਆਂ, ਉਕ ਜਾਂਦਾ ਹੈ, ਯਾਦ-ਪਰਿੰਦਾ, ਆਉਂਦਾ-ਜਾਂਦਾ।

ਛਡਦਾ ਨਾ ਅਣਗੌਲ਼ਾ ਕੋਈ, ਚਾਰੇ ਪਾਸੇ ਅੱਖਾਂ ਰੱਖੇ,
ਚਾਰੇ ਪਾਸੇ ਘੁਕ ਜਾਂਦਾ ਹੈ, ਯਾਦ-ਪਰਿੰਦਾ, ਆਉਂਦਾ-ਜਾਂਦਾ।

ਉੱਚਾ ਉਡਦਾ-ਉਡਦਾ ਇਉਂ ਵੀ, ਅਪਣੀ ਆਉਣ-ਨਿਸ਼ਾਨੀ ਦੇਵੇ,
ਖੰਭ ਸੁੱਟਣ ਲਈ ਝੁਕ ਜਾਂਦਾ ਹੈ, ਯਾਦ-ਪਰਿੰਦਾ, ਆਉਂਦਾ-ਜਾਂਦਾ।

ਮਹਿਕਾਂ ਦੇ ਦਰਿਆ ਵਗਦੇ ਨੇ, ਕੇਸਰ-ਬਰਖਾ ਓਥੇ ਹੋਵੇ,
ਜਿਸਦੇ ਦਰ ਵੀ ਢੁਕ ਜਾਂਦਾ ਹੈ, ਯਾਦ-ਪਰਿੰਦਾ, ਆਉਂਦਾ-ਜਾਂਦਾ।

ਭੁੱਲਣ ਦੀ ਪਰਿਭਾਸ਼ਾ ਬਦਲੇ, ਅਪਣੀ ਰਾਖ਼ 'ਚੋਂ ਮੁੜ-ਮੁੜ ਜਨਮੇ,
ਕੁਕਨੁਸ ਵਾਂਗੂੰ ਫੁਕ ਜਾਂਦਾ ਹੈ, ਯਾਦ-ਪਰਿੰਦਾ, ਆਉਂਦਾ-ਜਾਂਦਾ।

ਬੱਦਲ਼ਵਾਈ ਵਿਚ ਵੇਖਣ ਨੂੰ, 'ਬਾਦਲ' ਬਣ ਕੇ ਤਿਲੀਅਰ ਵਾਂਗੂੰ,
ਇੱਕੋ ਥਾਂ 'ਤੇ ਰੁਕ ਜਾਂਦਾ ਹੈ, ਯਾਦ-ਪਰਿੰਦਾ, ਆਉਂਦਾ-ਜਾਂਦਾ।

# ਗ਼ਜ਼ਲ

ਕਿਵੇਂ ਚਾਦਰ ਨਰੋਈ ਸੀ, ਹੁਏ ਲੰਗਾਰ ਤੋਂ ਪਹਿਲਾਂ।
ਖ਼ਬਰ ਹਰ ਘਰ 'ਚ ਜਾ ਪਹੁੰਚੀ, ਕਿਸੇ ਅਖਬਾਰ ਤੋਂ ਪਹਿਲਾਂ।

ਕਦੇ ਅਪਰਾਧ ਨਾ ਹੋਵੇ, ਸਜ਼ਾਵਾਂ ਸਖ਼ਤ ਹੋਵਣ ਜੇ,
ਪਰਾਣੀ ਸੌ ਦਫਾ ਸੋਚੇ, ਕਿਸੇ ਵਿਭਚਾਰ ਤੋਂ ਪਹਿਲਾਂ।

ਖਿਆਤੀ ਵੈਦ ਦੀ ਏਨੀ, ਹੈ ਫੈਲੀ ਰੋਗੀਆਂ ਅੰਦਰ,
ਕਿ ਰੋਗੀ ਠੀਕ ਹੋ ਜਾਂਦੈ, ਉਦ੍ਹੇ ਉਪਚਾਰ ਤੋਂ ਪਹਿਲਾਂ।

ਪਿਆਸੇ ਬਾਪ ਨੂੰ ਪਾਣੀ, ਪਿਲ਼ਾਇਆ ਨਾ ਜਿਨ੍ਹਾਂ ਪੁੱਤਾਂ,
ਬੜਾ ਇਸ਼ਨਾਨ ਕਰਵਾਉਂਦੇ, ਉਦ੍ਹੇ ਸਸਕਾਰ ਤੋਂ ਪਹਿਲਾਂ।

ਪਿਤਾ ਦੇ ਘਰ ਨੂੰ ਪੁੱਤਾਂ ਨੇ, ਸੁਖਾਲ਼ਾ ਜਾਣਿਆਂ ਵੰਡਣਾ,
ਕਿਤੇ ਉਹ ਨੀਂਹ ਵੀ ਤਕ ਲੈਂਦੇ, ਨਵੀਂ ਦੀਵਾਰ ਤੋਂ ਪਹਿਲਾਂ।

ਸਦਾ ਹੀ ਭੁੱਖ ਵਿਕਦੀ ਹੈ, ਸਦਾ ਹੀ ਸਿਰ ਨਿਵਣ ਕਾਹਤੋਂ?
ਕਦੇ ਰੁਜ਼ਗਾਰ ਖੁੱਸੇ ਤੋਂ, ਕਦੇ ਰੁਜ਼ਗਾਰ ਤੋਂ ਪਹਿਲਾਂ।

ਸਮੇਂ ਦਾ ਕੰਮ ਹੈ ਏਨਾ, ਤੁਰੇ ਜਾਣਾ, ਬਦਲ ਜਾਣਾ,
ਕਦੇ ਪਤਝੜ ਵੀ ਹੁੰਦੀ ਸੀ, ਖਿੜੀ ਗੁਲਜ਼ਾਰ ਤੋਂ ਪਹਿਲਾਂ।

ਇਹ ਮੁਖੜਾ ਚੰਨ ਲਗਦਾ ਹੈ, ਮਿਰੇ ਮਹਿਬੂਬ! ਤਾਹੀਓਂ ਹੀ,
ਨਜ਼ਰ ਤਿਲ 'ਤੇ ਹੀ ਪੈਂਦੀ ਹੈ, ਤਿਰੇ ਰੁਖ਼ਸਾਰ ਤੋਂ ਪਹਿਲਾਂ।

'ਨਹੀਂ ਇਹ ਦੇਸ ਸਾਡਾ ਹੀ', ਭਲਾ ਲੋਕਾਂ ਦਾ ਹੋ ਜਾਂਦਾ,
ਜੇ ਲੀਡਰ ਸੋਚਦੇ 'ਬਾਦਲ', ਕਿਤੇ ਪਰਿਵਾਰ ਤੋਂ ਪਹਿਲਾਂ।

# ਗ਼ਜ਼ਲ

ਤੁਸਾਂ ਤੋਂ ਇਉਂ ਵੀ ਨਾ ਸਰਿਆ, ਕਦੋਂ ਦੀ ਰੀਝ ਸੀ ਮੇਰੀ।
ਗਿਆ ਫੈਹਾ ਨਾ ਇਕ ਧਰਿਆ, ਕਦੋਂ ਦੀ ਰੀਝ ਸੀ ਮੇਰੀ।

ਤਸੱਲੀ ਦੇਣ ਲਈ ਮੈਨੂੰ, ਨਾ ਬੋਲੇ ਬੋਲ ਦੋ ਮਿੱਠੇ,
ਤੇ ਇਕ ਹੰਝੂ ਵੀ ਨਾ ਭਰਿਆ, ਕਦੋਂ ਦੀ ਰੀਝ ਸੀ ਮੇਰੀ।

ਸਲਾਹਾਂ ਕਿੰਨੀਆਂ ਦੇ ਕੇ, ਤਿਰਾ ਮਨ ਮੋੜਿਆ ਪਲ-ਪਲ,
ਤਿਰਾ ਹੰਕਾਰ ਨਾ ਮਰਿਆ, ਕਦੋਂ ਦੀ ਰੀਝ ਸੀ ਮੇਰੀ।

ਰੁਕਾਵਟ ਨੇ ਜਦੋਂ ਚਾਹਿਆ, ਨਿਸ਼ਾਨਾ ਹੀ ਬਦਲ ਦਿੱਤਾ,
ਨਵਾਂ ਰਸਤਾ ਬਣਾ ਧਰਿਆ, ਕਦੋਂ ਦੀ ਰੀਝ ਸੀ ਮੇਰੀ।

ਨਦੀ ਦਾ ਹਰ ਮੁਹਾਣਾ ਵੀ, ਤਿਖੇਰਾ ਮੋੜ ਲੈ ਲੈਂਦੈ,
ਭੰਵਰ ਵਿਚ ਕ਼ੈਦ ਲਾਂ' ਦਰਿਆ, ਕਦੋਂ ਦੀ ਰੀਝ ਸੀ ਮੇਰੀ।

ਕੁਈ ਪੱਤਾ ਨਾ ਟੁਟ ਕੇ ਟਾਹ੍ਣ ਤੋਂ, ਗੁੱਡੇ ਤਰ੍ਹਾਂ ਉੱਡਿਆ,
ਤੇ ਨਾ ਕਿਸ਼ਤੀ ਤਰ੍ਹਾਂ ਤਰਿਆ, ਕਦੋਂ ਦੀ ਰੀਝ ਸੀ ਮੇਰੀ।

ਪਲੋ-ਪਲ ਟੁਟਦਿਆਂ ਜਿਸਮਾਂ 'ਚ, ਹੋਵੇ ਠੰਢ ਨਾ ਪੈਦਾ,
ਤਪੇ ਫਿਰ ਹੌਸਲਾ ਠਰਿਆ, ਕਦੋਂ ਦੀ ਰੀਝ ਸੀ ਮੇਰੀ।

ਕਹਾਂ ਗੱਲ ਆਪਣੀ, ਸਾਦੇ ਜਿਹੇ ਸ਼ਬਦਾਂ 'ਚ, ਪਰ ਡੂੰਘੀ,
ਤੇ ਉੱਦਮ ਕੀ-ਕੀ ਨਾ ਕਰਿਆ, ਕਦੋਂ ਦੀ ਰੀਝ ਸੀ ਮੇਰੀ।

ਲਿਆ ਕੇ ਦੂਰ ਤੋਂ ਪਾਣੀ ਵੀ, ਸਹਿਰਾਅ ਸਿੰਜਿਆ 'ਬਾਦਲ',
ਨਾ ਹੋਇਆ ਬੂਟ ਕੁਈ ਹਰਿਆ, ਕਦੋਂ ਦੀ ਰੀਝ ਸੀ ਮੇਰੀ।

# ਬੌਧਿਕ ਤੇ ਵਿਕਟ ਕਾਫੀਆ ਗ਼ਜ਼ਲ

ਮਾਸਟਰ ਜੀ! ਪਿਆਸ ਲੱਗੀ ਹੈ ਬਹੁਤ,
ਅੱਜ ਪਾਣੀ ਭੁਲ ਗਿਆਂ।
ਆਗਿਆ ਦੇਵੋ, ਤਾਂ ਦੋ ਕੁ ਘੁੱਟ ਹੀ,
ਖਾਸ-ਘੜਿਓਂ ਪੀ ਲਵਾਂ?

ਉਮਰ ਦਾ ਲਾਂਘਾ ਦਿਨੋ-ਦਿਨ ਤੰਗ, ਤੇ
ਰੋਕ ਉੱਤੇ ਰੋਕ ਹੈ,
ਜਿਸਮ ਦੀ ਤਰਤੀਬ ਬਦਲੀ ਜਾ ਰਹੀ,
ਪੌਣ ਤਾਈਂ ਕੀ ਕਹਾਂ?

ਤਾਰਿਆਂ ਸੂਰਜ ਥੀਂ ਰਲ਼ ਕੇ, ਦੋ ਕੁ ਦਿਨ,
ਨੇਰ੍ਹ ਪਾਇਆ ਧਰਤ 'ਤੇ,
ਚਾਨਣੀ ਖੁਦ ਹੀ ਮੁਹੱਬਤ ਭਾਲ਼ਦੀ,
ਪੈਰ ਪੁੱਟਿਆ ਸੀ ਮਸਾਂ।

ਸ਼ਾਨਤੀ ਬੇਚੈਨ ਹੋ ਕੇ ਜੀ ਰਹੀ,
ਅੰਤ ਹੋਇਆ ਭਾਲ਼ ਦਾ,
ਸਾਦਗੀ ਤੇ ਰੂਪ ਦਾ ਜੋ ਜੋੜ ਹੈ,
ਤੁਰ ਗਿਆ ਲਗਦੈ ਗਹਾਂ।

ਵਧ ਰਿਹਾ ਹੈ ਫਾਸਲਾ-ਦਰ-ਫਾਸਲਾ,
ਆਕਸੀਜਨ ਮੁਕ ਗਈ,
ਟੁਟਦਿਆਂ ਸਾਹਾਂ ਨੂੰ 'ਬਾਦਲ' ਦੱਸ ਤੂੰ,
ਆਸਰਾ ਕਿਸ ਦਾ ਦਵਾਂ?

# 51 ਸੁਰਿੰਦਰ ਪਾਲ ਸਿੰਘ ਕਵੈਂਟਰੀ




ਨਾਮ ਅਤੇ ਕਲਮੀ ਨਾਮ : ਸੁਰਿੰਦਰ ਪਾਲ ਸਿੰਘ ਕਵੈਂਟਰੀ

ਪਤਾ : **Coventry City, CV2 4LE, England**

ਮੋਬਾਇਲ : 07405883565

ਈ-ਮੇਲ : **spgarcha@hotmail.co.uk**

ਵਿੱਦਿਅਕ ਯੋਗਤਾ : ਪੋਸਟ ਗਰੈਜੂਏਟ

ਕਾਰੋਬਾਰ : ਲਾਇਬ੍ਰੇਰੀਅਨ ਐਸਿਸਟੈਂਟ ਅਫ਼ਸਰ


ਪੁਸਤਕਾਂ : 1. ਰੂਹ ਦਾ ਸੇਕ
2. ਗੁੜ ਵਾਲੀ ਚਾਹ (ਕਾਵਿ ਸੰਗ੍ਰਹਿ)

# ਕੰਜਕ

ਪਹਿਲਾਂ ਮੈਂ
ਕੁੱਖ 'ਚੋਂ
ਸੁੱਖ ਮੰਗੀ
ਜ਼ਰਾ ਵੱਡੀ ਹੋਈ ਤਾਂ
ਭਰਾਵਾਂ ਦੀ ਜੋੜੀ ਮੰਗੀ
ਰਤਾ ਕੁ ਸੁਰਤ ਸੰਭਲ਼ੀ ਤਾਂ
ਵਾਲ ਵਾਹੁਣ ਲਈ-ਜਦ
ਮੰਗੀ ਕੰਘੀ
ਤਾਂ ਘੁੱਟ ਦਿੱਤੀ ਗਈ
ਮੇਰੀ ਸੰਘੀ।
ਸਹੁਰੇ ਘਰ ਦਾ ਸਵਰਗ?
ਹੰਢਾਉਣ ਤੋਂ ਸਵੱਖਤੇ ਹੀ
ਗਈ ਨੋਚੀ
ਗਈ ਸੂਲੀ ਟੰਗੀ।
ਮਾਂ ਕਹਿੰਦੀ ਸੀ-ਧੀਏ
ਪਿੰਡ ਦੇ ਮੁੰਡੇ
ਹੁੰਦੇ ਨੇ ਭਰਾ
ਕੁੜੀਆਂ
ਹੁੰਦੀਆਂ ਨੇ ਧੀਆਂ
ਹੁਣ ਦੱਸੋ ਭਲਾ
ਕਿੱਧਰ ਗਈਆਂ ਮੇਰੀਆਂ ਤੀਆਂ?
ਮਾਂ ਦੇ ਪੁੱਤਰੋ
ਮੇਰੇ ਵੀਰੋ ਮੇਰੇ ਭਰਾਵੋ
ਮੈਨੂੰ ਗੱਲੀਂ-ਬਾਤੀਂ ਸਵਰਗ 'ਚ ਨਾ ਪਾਵੋ
ਜੇ ਮਾਂ ਦਾ ਦੁੱਧ ਪੀਤਾ ਹੈ
ਤਾਂ ਆਓ
ਕਿਸੇ ਧੀ
ਕਿਸੇ ਭੈਣ ਦੀ ਪੱਤ ਬਚਾਓ
ਰਾਜਨੀਤੀ
ਫੇਰ ਕਰ ਲਿਓ
ਪਹਿਲਾਂ ਮੈਨੂੰ
ਮੇਰੀ ਬਣ ਆਈ ਤੋਂ ਬਚਾਓ
ਨਹੀਂ ਤਾਂ
ਵੰਙਾਂ ਪਾ ਕੇ ਬੈਠ ਜਾਓ
ਨਿਪੁੰਸਕ ਹੋ ਜਾਓ।
ਆਮਿਨ
ਤੁਹਾਡੀ ਕੰਜਕ

# ਗ਼ਜ਼ਲ

ਜਦ ਦਿਲ ਦੇ ਅਰਮਾਨ ਲਿਖਾਂਗਾ।
ਤੈਨੂੰ ਸਿਰਫ਼ ਮਹਾਨ ਲਿਖਾਂਗਾ।

ਸੂਰਤ ਤੇ ਸੀਰਤ ਦਾ ਸੰਗਮ,
ਇਹ ਤੇਰੀ ਪਹਿਚਾਨ ਲਿਖਾਂਗਾ।

ਹਰ ਇਕ ਆਉਂਦੇ ਜਾਂਦੇ ਸਾਹ 'ਤੇ,
ਮੈਂ ਤੈਥੋਂ ਕੁਰਬਾਨ ਲਿਖਾਂਗਾ।

ਦਿਲ ਦੇ ਸੱਦਾ-ਪੱਤਰ ਉੱਤੇ ,
ਤੈਨੂੰ ਮੁੱਖ ਮਹਿਮਾਨ ਲਿਖਾਂਗਾ।

ਤੇਰੇ ਬਿਨ ਸੁੰਨੀ ਹਰ ਮਹਿਫ਼ਿਲ,
ਸੁੰਨਾ ਕੁੱਲ ਜਹਾਨ ਲਿਖਾਂਗਾ।

ਤੇਰੀ ਰਹਿਮਤ ਪਾਉਂਣ ਲਈ ਮੈਂ,
ਹਰ ਮੁਸ਼ਕਿਲ ਆਸਾਨ ਲਿਖਾਂਗਾ

# ਪਰਦਾ

ਘਰ ਆਪਣੇ ਦੀ ਬਾਰੀ 'ਤੇ ਮੈਂ ਦੋ ਦੋ ਪਰਦੇ ਕਰਦਾ ਹਾਂ।
ਇਕ ਤਾਂ ਡਰਦਾ ਨਜ਼ਰਾਂ ਕੋਲੋਂ ਇਕ ਆਪੇ ਤੋਂ ਡਰਦਾ ਹਾਂ।

ਸੱਚ ਪੁੱਛੋਂ ਤਾਂ ਨੰਬਰਾਂ ਉੱਤੇ ਮੈਨੂੰ ਹੁਣ ਵਿਸ਼ਵਾਸ ਨਹੀਂ
ਮੈਂ ਤਾਂ ਘਰ ਦੀ ਪਹਿਚਾਣ ਵੀ ਪਰਦੇ ਤੋਂ ਹੀ ਕਰਦਾ ਹਾਂ।

ਅੱਜ-ਕੱਲ੍ਹ ਘਰ ਦਾ ਬੱਚਾ ਬੋਂਢਾ ਕਿੰਨਾ ਹੋ ਹੁਸ਼ਿਆਰ ਗਿਆ,
ਕਰ ਲੈਂਦਾ ਹੈ ਪਰਦਾ ਦਰ 'ਤੇ ਜਦ ਵੀ ਦਸਤਕ ਕਰਦਾ ਹਾਂ।

ਗੱਲ-ਗੱਲ ਉੱਤੇ ਪਰਦਾ ਕਰਨਾ ਬਣਿਆਂ ਹੈ ਵਿਵਹਾਰ ਜਿਹਾ,
ਏਸੇ ਲਈ ਦਿਲ ਘੁੱਟਿਆ ਰਹਿੰਦਾ ਫਟ ਜਾਣੇ ਨੂੰ ਕਰਦਾ ਹਾਂ।

ਮੁੱਲਾਂ ਆਖੇ ਸੁਣ ਲੈ ਸਾਕੀ ਮੈਂ ਵੀ ਹਾਂ ਇਨਸਾਨ ਕੋਈ,
ਕੀ ਹੋਇਆ ਜੇ ਆਪਣੇ ਕਰਮੀਂ, ਪਰਦੇ ਪਿੱਛੇ ਮਰਦਾ ਹਾਂ।

ਪਤਾ ਨਹੀਂ ਕਿਉਂ ਪਰਦੇ ਪਾਉਂਦਿਆਂ ਪੁੱਠਾ ਪੰਗਾ ਪੈ ਜਾਂਦਾ,
ਆਪਣੇ ਵੱਲੋਂ ਮੈਂ ਤਾਂ ਹਰ ਕੌਮ ਸੋਚ ਸਮਝ ਕੇ ਕਰਦਾ ਹਾਂ।

ਦਫ਼ਤਰ ਦੇ ਵਿਚ ਨੰਗੀ ਮੂਰਤ ਮਹਿਜ਼ ਦਿਲ ਪ੍ਰਚਾਵਾਂ ,
ਕਹਿਣ ਨੂੰ ਉਹ ਭਾਵੇਂ ਕਹਿੰਦੈ ਮੈਂ ਕਦਰ ਕਲਾ ਦੀ ਕਰਦਾ ਹਾਂ।

ਦਾਨਵਤਾ ਦਾ ਤਾਂਡਵ ਨਾਚ ਹੈ ਨੱਚਿਆ ਉਹਨਾਂ ਬੂਹੇ ’ਤੇ
ਮੈਂ' ਬਾਪੂ ਦੇ ਬਾਂਦਰ ਵਾਂਗਰ ਅੱਖਾਂ 'ਤੇ ਹੱਥ ਧਰਦਾ ਹਾਂ।

# ਗ਼ਜ਼ਲ

ਤੁਸੀਂ ਇਸ ਤਰ੍ਹਾਂ ਕਰਿਆ ਨਾ ਕਰੋ।
ਅੱਕ ਦੇ ਫੰਬੇ ਫੜਿਆ ਨਾ ਕਰੋ।

ਡਰਨਾ ਹੈ ਤਾਂ, ਉਸ ਡਾਹਢੇ ਤੋਂ ਡਰੋ,
ਰੱਸੀ ਦੇ ਸੱਪ ਤੋਂ ਡਰਿਆ ਨਾ ਕਰੋ।

ਹਵਾ ਸੰਗ ਹਵਾ ਹੋ ਜਾਣ ਜਿਹੜੇ,
ਲੜ ਉਨ੍ਹਾਂ ਦਾ ਫੜਿਆ ਨਾ ਕਰੋ।

ਦਾਮਨ ਫੜਿਆ ਹੈ, ਤਾਂ ਦਮ ਰੱਖੋ,
ਬੇ-ਵਜ੍ਹਾ ਵੀ ਦਮ, ਭਰਿਆ ਨਾ ਕਰੋ।

ਜੇਕਰ ਖੇਡੋਗੇ, ਤਾਂ ਜਿੱਤੋਗੇ ਵੀ ਜ਼ਰੂਰ,
ਬਿਨਾਂ ਖੇਡੇ ਬਾਜ਼ੀ ਹਰਿਆ ਨਾ ਕਰੋ।

ਕੱਚਿਆ ਨੇ ਬੇਸ਼ਕ, ਪਾਰ ਨਹੀਂ ਲਾਉਣਾ,
ਐਪਰ ਕੌਣ ਕਹਿੰਦਾ, ਤਰਿਆ ਨਾ ਕਰੋ।

ਜ਼ੁਲਮ-ਜਬਰ-ਜਨਾਹ ਮੁੱਕਣਗੇ ਤਾਹੀਓਂ,
ਖਾਹ-ਮ-ਖਾਹ ਜ਼ੁਲਮ, ਜਰਿਆ ਨਾ ਕਰੋ।

# ਹੈਦਰ ਅਲੀ ਸਾਹਿਰ



ਨਾਮ ਅਤੇ ਕਲਮੀ ਨਾਮ : ਹੈਦਰ ਅਲੀ ਸਾਹਿਰ

ਪਤਾ : ਮੁਹੱਲਾ ਸਿੱਦੀਕ ਨਗਰ, ਗਲੀ ਨੰ: 5,
ਚੌਂਗੀ ਨੰ: 6 ਤਹਿ. ਅਤੇ ਜ਼ਿਲ੍ਹਾ ਓਕਾੜਾ,
ਪੰਜਾਬ (ਪਾਕਿਸਤਾਨ)

ਮੋਬਾਇਲ : +92 31269-54948

ਵਿੱਦਿਅਕ ਯੋਗਤਾ : ਬੀ. ਏ

ਕਾਰੋਬਾਰ : ਮੈਡਕਿਲ ਸਟੋਰ

ਪੁਸਤਕਾਂ :
1. ਮੈਂ ਚਾਹੁੰਦਾ ਹਾਂ ਕਿ ਉਹ ਮੈਨੂੰ ਯਾਦ ਰੱਖੇ (ਉਰਦੂ ਸ਼ਾਇਰੀ)
2. ਜਦੋਂ ਚੰਦ ਸੂਰਜ ਵਿੱਚ ਇਸ਼ਨਾਨ ਕੀਤਾ ਜਾਂਦਾ ਹੈ (ਉਰਦੂ ਸ਼ਾਇਰੀ)
3. ਮੈਂ ਉਸਨੂੰ ਅਕਸਰ ਕਿਹਾ ਕਰਦਾ ਸੀ (ਉਰਦੂ ਸੰਵਾਦ ਕਵਿਤਾ)
4. ਕੰਧ ਵਿੱਚ ਦੁਹਰਾਓ (ਉਰਦੂ ਸ਼ਾਇਰੀ)
5. ਪੱਤੇਦਾਰ ਪੱਤੇ (ਪੰਜਾਬੀ ਕਵਿਤਾ)
6. ਫਲੇਕਡ ਪੱਤੇ (ਗੁਰਮੁਖੀ ਭਾਰਤ ਤੋਂ ਪ੍ਰਕਾਸ਼ਿਤ ਹੋਈ)

# ਦੀਵਾ ਬਾਲ ਕੇ ਯਾਰ ਨੂੰ ਸੋਚੀ ਜਾਂਦੇ ਆਂ

ਦੂਰੀ ਦੇ ਉਸ ਵਾਰ ਨੂੰ ਸੋਚੀ ਜਾਦੇ ਆਂ
ਜਿਹੜੀ ਸੂਰਤ ਅੱਖੀਆਂ ਦੇ ਵਿੱਚ ਵੱਸਦੀ ਨਹੀਂ
ਅੱਜ ਉਸੇ ਕਿਰਦਾਰ ਨੂੰ ਸੋਚੀ ਜਾਂਦੇ ਆਂ
ਸਾਵਣ ਹੱਥ ਵਿੱਚ ਪੀਂਘਾਂ ਲੈ ਕੇ ਫਿਰਦਾ ਏ
ਰੱਖਾਂ ਦੇ ਇਨਕਾਰ ਨੂੰ ਸੋਚੀ ਜਾਂਦੀ ਹਾਂ
ਖ਼ਬਰੇ ਕਿਹੜੀ ਲੂ ਹੁਣ ਜੁੱਸਾ ਸਾੜੇਗੀ
ਧੁੱਪਾਂ ਦੇ ਵਰਤਾਰ ਨੂੰ ਸੋਚੀ ਜਾਂਦੇ ਹਾਂ
ਇਸ ਪਾਸੇ ਤੇ ਦਿਲ ਦੀ ਹਾਲਤ ਮੰਦੀ ਏ
ਬੇਲੇ ਦੇ ਉਸ ਪਾਰ ਨੂੰ ਸੋਚੀ ਜਾਂਦੇ ਹਾਂ
ਅੱਖੀਆਂ ਦੇ ਵਿੱਚ ਅੱਥਰੂ ਨੱਚੀ ਜਾਂਦੇ ਨੇ
ਯਾਰਾ ਜਾਂਦੀ ਵਾਰ ਨੂੰ ਸੋਚੀ ਜਾਂਦੇ ਹਾਂ
ਉਹਦੇ ਬੋਲ ਵੀ ਅੰਦਰੋਂ ਖਾਈ ਜਾਂਦੇ ਨੇ
ਆਪਣੇ ਦਿਲ ਦੇ ਭਾਰ ਨੂੰ ਸੋਚੀ ਜਾਂਦੇ ਹਾਂ
ਬੰਨੇ ਬੰਨੇ ਜਿਹਦੀ ਖੁਸ਼ਬੂ ਰਹਿੰਦੀ ਸੀ
ਉਸ ਅੱਲ੍ਹੜ ਮੁਟਿਆਰ ਨੂੰ ਸੋਚੀ ਜਾਨੇ ਆਂ
ਸਾਹਿਰ ਦੁਨੀਆਂ ਸੋਚ ਕੇ ਸਾਨੂੰ ਕੀ ਲੱਭਣਾ
ਬਸ ਆਪਣੇ ਦਿਲਦਾਰ ਨੂੰ ਸੋਚੀ ਜਾਨੇ ਆਂ

# ਬਸ ਇੱਕੋ ਯਾਰ ਵਿਖਾ ਦੇ ਸਾਨੂੰ

ਤੇ ਫੁੱਲਾਂ ਨਾਲ ਸਜਾ ਦੇ ਸਾਨੂੰ
ਪਹਿਲੇ ਸਾਡੇ ਪੱਲੇ ਰਮਜ਼ਾਂ ਪਾ,
ਫਿਰ ਬੁਲੇ ਵਾਂਗ ਨਚਾ ਦੇ ਸਾਨੂੰ
ਦੱਸ ਖਾਂ ਮੈਨੂੰ ਜੀਣ ਦਾ ਕਾਰਨ ਕੋਈ
ਜਾਂ ਸੂਲਾਂ ਹੇਠ ਵਿਛਾ ਰਹੇ ਸਾਨੂੰ
ਇੰਜ ਦਾ ਹੁਣ ਯਾਰ ਮਿਲਾ ਦੇ ਸਾਨੂੰ
ਇਕ ਸਾਡੀ ਅੱਖ ਨੂੰ ਵੇਖਣ ਦੇ ਲਈ
ਉਸ ਅੱਖ ਦੇ ਪਾਰ ਲੰਘਾ ਦੇ ਸਾਨੂੰ
ਬਸ ਉਸ ਦੇ ਗਲ ਵਿਚ ਲਮਕਣ ਦੇ ਲਈ
ਬਾਹਵਾਂ ਦਾ ਹਾਰ ਬਣਾ ਦੇ ਸਾਨੂੰ

# ਪੁੱਤਰ ਪੰਜਾਬ ਦਾ

ਮੈਂ ਪੁੱਤਰ ਹਾਂ ਪੰਜਾਬ ਦਾ
ਮੇਰੀ ਸ਼ੇਰਾਂ ਵਰਗੀ ਦਹਾੜ
ਇਸ਼ਕ ਦੀ ਨਹਿਰ ਮੈਂ ਕੱਢਦਾ
ਪਹਾੜਾਂ ਦਾ ਸੀਨਾ ਦੇਵਾਂ ਪਾੜ
ਹੁਣ ਲੂੰ ਲੂੰ ਬੁੱਲਾ ਨੱਚਦਾ
ਮੇਰੇ ਸ਼ਿਅਰਾਂ ਲਾਈ ਅੱਗ
ਮੈਂ ਭੈਣਾਂ ਦੇ ਸਿਰ ਕੱਜਦਾ
ਮੈਂ ਬਾਬਲ ਦੀ ਉੱਚੀ ਪੱਗ
ਮੈਂ ਮੂੰਹ ਦਰਿਆਵਾਂ ਦੇ ਮੋੜਝਦਾ
ਮੈਂ ਸ਼ਹਿਰਾਵਾਂ ਦਾ ਸ਼ਾਹ
ਕੀ ਮਾਰੇ ਮੈਨੂੰ ਸੇਕਡਾ
ਮੈਨੂੰ ਗੂੜ੍ਹੀ ਅੱਗ ਵਿੱਚ ਪਾ
ਮੈਂ ਤਰਲੇ ਕੋਈ ਨ੍ਹੀਂ ਪਾਉਂਦਾ
ਮੇਰੇ ਬਾਜੂ ਨੇ ਪਤਵਾਰ
ਮੈਂ ਰਾਹ ਆਪਣੀ ਹਾਂ ਕੱਢਦਾ
ਹਰ ਜੰਗ ਹੈ ਮੇਰਾ ਸੰਸਾਰ
ਮੈਨੂੰ ਨਾਗ ਸਮੇਂ ਦਾ ਦੱਸਦਾ
ਇਹ ਵੇਹਲਾ ਪਾਉਂਦਾ ਪੱਖ
ਮੈਂ ਗੂੜ੍ਹੇ ਸੱਜਣ ਲੱਭਦਾ
ਮੈਨੂੰ ਮੁੜ ਮੁੜ ਲੱਭਣ ਸੱਪ
ਮੈਂ ਗੂੜ੍ਹੀ ਨੀਂਦਰ ਜਾਗਦਾ
ਮੇਰੇ ਸੁਫ਼ਨੇ ਹੋ ਗਏ ਰੇਤ
ਧਰਤੀ ਦਾ ਸੀਨਾ ਚੀਰ ਕੇ
ਮੈਂ ਹਰਿਆਲੀ ਕਰਦਾ ਖੇਤ
ਮੰਦੀ ਸਾਹ ਦੀ ਮੰਡੀ ਫਿਰ ਵੀ,
ਉੱਚੀ ਬੋਲ ਲਾਈ
ਮੈਂ ਹਰ ਹਰ ਕੌਲ ਨਿਭਾਇਆ
ਤੇ ਜਿੰਦ ਆਪਣੀ ਗਵਾਈ

# ਗ਼ਜ਼ਲ

ਨਾ ਵੈਣ ਸਿਆਪਾ ਪਾਇਆ ਮੈਂ
ਨਾ ਰੋ ਰੋ ਯਾਰ ਮਨਾਇਆ ਮੈਂ
ਮੈਨੂੰ ਇੰਜ ਨਾ ਯਾਰ ਮੁਕਾਵੀਂ ਤੂੰ
ਤੈਨੂੰ ਹਰ ਦਰਦ ਸੁਣਾਇਆ ਮੈਂ
ਮੇਰੇ ਹਾਲ ਤੋਂ ਵਾਕਫ਼ ਨਹੀਂ ਤੂੰ,
ਇਹ ਸੀਨਾ ਚੀਰ ਵਹਾਇਆ ਮੈਂ
ਆਂਦਰ ਲੂਹ ਪਈ ਮੇਰੀ ਭੁੱਖ ਨਾਲ
ਤੇਰੇ ਮਗਰੋਂ ਟੁਕ ਨਾ ਖਾਇਆ ਮੈਂ
ਛੱਡ ਸਾਹਰ ਢੋਲ ਦੇ ਤਰਲੇ ਨੂੰ
ਬੱਸ ਹੱਸ ਕੇ ਯਾਰ ਬਣਾਇਆ ਮੈਂ

# 53 ਜਾਵੇਦ ਆਰਿਫ਼



ਨਾਮ : ਰਾਣਾ ਜਾਵੇਦ ਰਾਊਫ

ਪਤਾ : ਈ. ਰਾਇਆ ਖਾਸ, ਨਾਰੋਵਾਲ ਜ਼ਿਲ੍ਹਾ ਸਿਆਲਕੋਟ, ਪੰਜਾਬ (ਪਾਕਿਸਤਾਨ)

ਮੋਬਾਇਲ : 0321–3090121

ਈ–ਮੇਲ : **javedraufk@gmail.com**

ਕਾਰੋਬਾਰ : ਟਾਊਨ ਡਿਵੈਲਪਰ

ਪੁਸਤਕਾਂ
1. ਰਸਤੇ ਉਜਾੜ ਹਨ (ਉਰਦੂ ਸ਼ਾਇਰੀ)
2. ਅਥਰੂ ਆਪ ਦਲੀਲਾਂ (ਪੰਜਾਬੀ ਗ਼ਜ਼ਲਾਂ)
3. ਕੁਛ ਇਸ਼ਕ ਕਯਾ ਕੁਛ ਕਾਮੀ ਕੀ (ਬ੍ਰਿਟੇਨ ਯਾਤਰਾ ਗਾਈਡ)
4. ਮੁਰਦਾ ਅੱਖਾਂ ਜਲਾ (ਉਰਦੂ ਗ਼ਜ਼ਲੀਅਤ)।
5. ਕਸ਼ਫ਼–ਏ ਹੁਨਰ (ਉਰਦੂ ਗ਼ਜ਼ਲੀਅਤ)
6. ਅਮਰੀਕਾ (ਅਮਰੀਕਾ ਯਾਤਰਾ ਗਾਈਡ)
7. ਸਾਂਝੇ ਸੁਫਨੇ (ਪੰਜਾਬੀ ਕਵਿਤਾ)
8. ਸੁਖਨ ਸਾਹਰੀ ਹੈ (ਉਰਦੂ ਗ਼ਜ਼ਲੀਅਤ)

9. ਜਾਵੇਦ ਆਰਿਫ਼ ਦੀ ਕਵਿਤਾ ਦੀ ਇੱਕ ਬੌਧਿਕ ਅਤੇ ਤਕਨੀਕੀ ਸਮੀਖਿਆ (ਐਮ. ਪੀ. ਐਚ. ਖੋਜ ਨਿਬੰਧ, ਰਫਾਹ ਯੂਨੀਵਰਸਿਟੀ ਫੈਸਲਾਬਾਦ ਕੈਂਪਸ)
10. ਜਾਵੇਦ ਆਰਿਫ਼ ਪੰਜਾਬੀ ਕਵਿਤਾ (ਬੀ.ਏ. ਆਨਰ ਥੀਸਿਸ, ਸਰਕਾਰੀ ਕਾਲਜ ਯੂਨੀਵਰਸਿਟੀ ਲਾਹੌਰ)
11. ਜਾਵੇਦ ਆਰਿਫ਼ ਦੀ ਕਾਵਿ-ਸੰਗ੍ਰਹਿ ਕਵਿਤਾ "ਸਾਂਝੇ ਸੁਪਨਿਆਂ" ਦੀ ਆਲੋਚਨਾ। ਬੀ.ਐਸ. ਪੰਜਾਬੀ ਨਿਬੰਧ, ਜੀਸੀ ਯੂਨੀਵਰਸਿਟੀ, ਲਾਹੌਰ
12. "ਏ. ਅਮਰੀਕਾ ਦਾ ਵਿਸ਼ਲੇਸ਼ਣਾਤਮਕ ਅਧਿਐਨ" ਬੀ.ਐਸ. ਉਰਦੂ ਖੋਜ ਨਿਬੰਧ, ਜੀਸੀ ਯੂਨੀਵਰਸਿਟੀ, ਲਾਹੌਰ।

# ਗ਼ਜ਼ਲ

ਉਨ੍ਹਾਂ ਵਿੱਚੋਂ ਹਰ ਇੱਕ ਨੇ ਹਾਂ ਕਿਹਾ
ਨਾਢੂ ਖ਼ਾਨ ਜੇ ਨਾ ਰਹੀਂਦਾ

ਫੁੱਲ ਬੁੱਢਾ ਹੋ ਗਿਆ ਹੈ
ਪਾਣੀ ਦੇ ਵਹਾਅ ਵਾਂਗ

ਫੰਦਰ ਮਾਨ ਨੇ ਖਹਿੜਾ ਛੁਡਵਾਇਆ
ਪਿੰਡ ਲਭੋਹੜ ਲੋਰੀ

ਉਹ ਇੱਕ ਦੂਜੇ ਨਾਲ ਵਿਆਹ ਕਰਨਗੇ
ਮੈਂ ਤੇਰਾ ਸੀ

ਫਿਰ ਚਤੁਨੀ ਹਿਜਰਾਂ ਦੀ
ਫੇਰ ਬਨੇਰੇ ਬੋਲੇ ਕਾਂਗ

ਡੈਣ ਨੇ ਪਤਝੜ ਦੇ ਵਾਲ ਲਏ
ਹੂੰ ਪੇ ਲੁਭਾਨ ਗੁੜੀ ਛਾਂ

ਦੋਵਾਂ ਪਾਸਿਆਂ ਨੂੰ ਸਜਾਓ
ਆਰਿਫ਼ ਕੇਹਦੇ ਪੈਸੇ ਜਾਨ

# ਪੰਜਾਬੀ ਗ਼ਜ਼ਲ

ਦਿਲ ਨੇ ਪੱਥਰ ਹੂੰ ਦੀ ਬਾਜ਼ੀ ਲਾ ਲੀ ਸੀ
ਅਖੀਆਂ ਨੇ ਵੀ ਚੁੰਨ ਦੀ ਬਾਜ਼ੀ ਲਾ ਲਿ ਸੀ

ਮੈਨੂੰ ਮੀਂਹ ਨਾ ਦਿਓ
ਮੈਂ ਬਰਸ਼ ਨਾਨ ਰੋਨ ਦੀ ਬਾਜ਼ੀ ਲਾ ਲੈ ਸੀ

ਜਿਤਨਾ ਸੁਚੀ ਖੇਦ ਤੇ ਖੜਕਾਰੀ
ਓਹਨੇ ਰੋਲਾ ਪਾਓਂ ਦੀ ਬਾਜ਼ੀ ਲਾ ਲੈ ਸੀ

ਅਖ ਉਗਰੀ ਤੇ ਦੁਹਪ ਏ ਚਾਰ ਚਫਿਰੇ
ਯੇ ਛੇਵੇ ਹੂੰ ਦੀ ਬਾਜ਼ੀ ਲਾ ਲਿ ਸੀ

ਮਾਲੀ ਦੀ ਰਾਤ ਫੂਲਨ ਵਿਚ ਰੰਗ ਭਰਿਆ ਓ
ਤੇਤੇ ਕੁੰਡੇ ਬੋਂ ਦੀ ਬਾਜ਼ੀ ਲਾ ਲੈ ਸੀ

ਫੇਅਰਵੇ ਜ਼ਮੀਨ 'ਤੇ ਇਕ ਖਿਡੌਣੇ ਵਾਂਗ ਹੈ
ਨਾਲ ਖਲੋਣ ਦੀ ਬਾਜ਼ੀ ਲਾ ਲਿਆ ਸੀ

ਆਰਿਫ਼ ਇਸ ਦੁਨੀਆਂ ਵਿੱਚ ਮਨਸੂਰ ਨਹੀਂ ਹੈ
ਜਿਹੜੇ ਲੋਕ ਸੱਚ ਦੀ ਖਾਤਰ ਸਿਗਰਟ ਪੀਂਦੇ ਹਨ,
ਉਨ੍ਹਾਂ ਨੂੰ ਖੇਡਣ ਦਿਓ

# ਗ਼ਜ਼ਲ

ਦਿਲ ਵਿਚ ਕਿੱਥੇ ਆਵੇਗੀ?
ਅੱਖਾਂ ਕਹਿਣਗੀਆਂ ਪਾਣੀ ਨਹੀਂ

ਮੈਂ ਆਪਣੇ ਪੁਰਾਣੇ ਦੋਸਤ ਨੂੰ ਪੁੱਛਣਾ ਚਾਹੁੰਦਾ ਹਾਂ
ਤੂੰ ਮਰ ਕੇ ਨਹੀਂ ਮਰੇਂਗਾ

ਮੋੜ ਆਨਦੇ ਜੇ ਸਾਕ ਗਵਾਚੇ
ਮੈਂ ਕਬਰਾਂ ਨੂੰ ਨਹੀਂ ਧੋਵਾਂਗਾ

ਮੋਇ ਨ ਨਲ ਜੇ ਮਾਰੀਆ ਜੰਦਾ
ਖੋਰੇ ਕੀਨੀ ਵਾਰੀ ਮੋਂਡਾ

ਕਾਤਲ ਨੂੰ ਨਾ ਛੂਹੋ
ਪੁੱਤਰ-ਪੁੱਤ ਬੈਠ ਕੇ ਮਿੱਧਦੇ ਹਨ

ਸੱਚ ਸੁਣੋ
ਉਹ ਦਸ ਦਿਨਾਂ ਵਿੱਚ ਗੀਤ ਗਾਏਗਾ

ਮਨ ਜੰਡਾ ਜੇ ਰੂਸ ਬੇਲੀ
ਮੈਂ ਕਵੀਆਂ ਨੂੰ ਹਾਰ ਪਾਵਾਂਗਾ

ਬਹੁਤ ਦਰਦ ਹੋਇਆ
ਆਰਿਫ ਨੂੰ ਰਾਤ ਨੂੰ ਨੀਂਦ ਨਹੀਂ ਆਈ

ਜੇਹਰਾ ਸੁਭ ਦੀ ਸੁਨ ਦਾ ਆਰਿਫ਼
ਓਹਦੇ ਆਗੇ ਚੁੰਮ ਰੋਂਦਾ

# ਗ਼ਜ਼ਲ

ਦਿਲ ਤਕੀਸ ਦਾ ਜ਼ੋਰਵੇ ਬੀਬਾ
ਬੁੱਕਲ ਦੇ ਵਿੱਚ ਚੋਰ ਵੇ ਬੀਬਾ

ਝਾਂਕੀ ਵਰਗੀ ਕੋਈ ਚੀਜ਼ ਨਹੀਂ ਸੀ
ਗੁਲ ਨ ਆਗੇ ਤੂਰ ਵੇ ਬੀਬਾ

ਦੂਰ ਵਹਿ ਜਾਓ, ਆਪਣੀਆਂ ਮੁੱਠੀਆਂ ਨਾ ਗੁਆਓ
ਬਾਦਲ ਨੀਂ ਘਨਘੋਰ ਵੇ ਬੀਬਾ

ਤੁਹਾਡੀਆਂ ਨਲਾਂ ਹਰੀਆਂ ਹਨ
ਹੂੰ ਤੇ ਕਲੇਰ ਸ਼ੋਰੇ ਬੀਬਾ

ਤੁਹਾਡੀਆਂ ਬਾਹਾਂ ਵਿੱਚ ਜਾਪਾਨ
ਵਿਛ ਮੋਰਵੇ ਬੀਬਾ ਦਾ ਜੰਗਲ

ਤਿੰਨੇ ਨਹੀਂ ਆਏ
ਬੀਬਾ

ਇਸ ਗਰੀਬੀ ਨੇ ਮੈਨੂੰ ਗੂੰਗਾ ਬਣਾ ਦਿੱਤਾ
ਜੀਓਂ ਡੇਰੇ ਦੇ ਢੋਰ ਵੇ ਬੀਬਾ

ਉਮਰ ਦਾ ਸੀਤਾ ਬੁਹਰ ਦਾ ਜੰਡਾ
ਪਵਿੱਤਰ ਪਵਿੱਤਰ ਭੋਰ ਵੇ ਬੀਬਾ

ਓਹ ਸੋਹਣਾ ਤੇ ਓਹਦੀ ਚਲਣੀ
ਆਰਿਫ਼ ਦਾ ਕਿਆ ਜ਼ੋਰਵੇ ਬੀਬਾ

# 54 ਅੰਮ੍ਰਿਤ ਪਾਲ ਸਿੰਘ




| | |
|---|---|
| ਨਾਮ | : ਅੰਮ੍ਰਿਤ ਪਾਲ ਸਿੰਘ |
| ਪਤਾ | : ਪਿੰਡ ਅਤੇ ਡਾਕਖ਼ਾਨਾ ਬਾੜੀਆਂ ਕਲਾਂ,<br>ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ) |
| ਮੋਬਾਇਲ | : +91 94649–29718 |
| ਈ–ਮੇਲ | : **amritpal15@yahoo.in** |
| ਵਿੱਦਿਅਕ ਯੋਗਤਾ | : ਐਮ. ਏ, ਐਮ. ਐਡ |
| ਕਾਰੋਬਾਰ | : ਸਮਾਜਿਕ ਸਿੱਖਿਆ ਮਾਸਟਰ<br>(ਸ.ਸ.ਸ.ਸ. ਬਾੜੀਆਂ ਕਲਾਂ) |
| ਸਾਹਿਤਕ ਪ੍ਰਾਪਤੀਆਂ | : ਵੱਖ–ਵੱਖ ਪੰਜਾਬੀ ਦੀਆਂ ਅਖ਼ਬਾਰਾਂ ਵਿੱਚ<br>ਛਪਦੇ ਕਵਿਤਾਵਾਂ ਅਤੇ ਲੇਖ |
| ਪੁਸਤਕਾਂ | : ਦਮਸ਼ਾਹ ਨਾਨਕ (ਕਵਿਤਾਵਾਂ) |

# ਗ਼ਜ਼ਲ

ਤਿਣਕੇ ਉੱਤੇ ਲਾਈ ਪੱਕੀ ਮੇਰੀ ਤੂੰ ਧਰਵਾਸ ਨਾ ਛੇੜੀਂ
ਕਰਨਾ ਜੋ ਮਹਿਸੂਸ ਤੂੰ ਕਰ ਲੈ ਪਰ ਮੇਰਾ ਅਹਿਸਾਸ ਨਾ ਛੇੜੀਂ

ਰੋ ਲੈ ਬੁਸ ਲੈ ਬੁਝ ਲੈ ਜਗ ਲੈ ਬੋਝਲ ਮਨ ਇਹ ਹਲਕਾ ਹੋਵੇ
ਖੇਤਾਂ ਫ਼ਸਲਾਂ ਘਰ ਨੇ ਰੋਣਾ ਭੁਲਕੇ ਵੀ ਸਲਫਾਸ ਨਾ ਛੇੜੀਂ

ਸਾਰੇ ਕਰ ਗ਼ਮਗੀਨ ਗਏ ਨੇ ਜਿਸ ਜਿਸ ਨੇ ਵੀ ਰਾਗ ਅਲਾਪੇ
ਤੂੰ ਵੀ ਕਰ ਸੁਰ ਸਾਜ਼ ਬਸ਼ਰਤੇ ਕੋਈ ਗੀਤ ਉਦਾਸ ਨਾ ਛੇੜੀਂ

ਸਾਲਾਂ ਤੋਂ ਭਰਦੇ ਆਏ ਹਾਂ ਖਮਿਆਜ਼ੇ ਤੇ ਖਮਿਆਜ਼ੇ ਨੂੰ
ਖ਼ੂਨ ਖਰਾਬਾ ਜੋ ਕਰ ਦੇਵੇ ਹੁਣ ਐਸੀ ਗੱਲ ਖਾਸ ਨਾ ਛੇੜੀਂ

ਬੱਦਲ ਇੱਧਰ ਆਉਣ ਨਾ ਦੇਵਣ 'ਵਾਵਾਂ ਮੁਨਕਰ ਇਸ ਬਸਤੀ ਤੋਂ
ਦੱਬੀ ਰਹਿਣ ਦਏ ਤਾਂ ਚੰਗਾ ਬੰਬੀਹੇ ਦੀ ਆਸ ਨਾ ਛੇੜੀ

ਇਸ ਅੱਗ ਹਲ਼ ਹਥਿਆਰ ਬਣਾ ਕੇ ਵਾਹ ਦੇਣੇ ਬੰਜਰ ਹੋਏ ਸੀਨੇ
ਸੁੱਤੇ ਲੈਨਿਨ ਹੀ ਚੰਗੇ ਨੇ ਛੱਡ ਪਰਾਂ ਭੁੱਖ ਪਿਆਸ ਨਾ ਛੇੜੀਂ

# ਗ਼ਜ਼ਲ

ਇਨ੍ਹਾਂ ਦੀ ਚਾਲ ਨੂੰ ਸਮਝੀਂ ਖਿਡਾਰੀ ਬਹੁਤ ਸ਼ਾਤਿਰ ਨੇ
ਕਿ ਦਿੰਦੇ ਚੋਗ ਤੀਰਾਂ ਤੇ ਸ਼ਿਕਾਰੀ ਬਹੁਤ ਸ਼ਾਤਿਰ ਨੇ

ਪਤਾ ਐਪਰ ਉਦੋਂ ਲੱਗਣਾ ਹੈ ਖਾਲੀ ਜੇਬ ਜਦ ਹੋਣੀ
ਵਟਾ ਕੇ ਭੇਸ ਆਉਂਦੇ ਨੇ ਭਿਖਾਰੀ ਬਹੁਤ ਸ਼ਾਤਿਰ ਨੇ

ਮੁਨਾਫ਼ਾ ਖੱਟ ਲੈਂਦੇ ਨੇ ਭੁਲੇਖਾ ਪਿਆਰ ਦਾ ਪਾ ਕੇ
ਇਹ ਬਣ ਮਹਿਬੂਬ ਆਉਂਦੇ ਨੇ ਵਪਾਰੀ ਬਹੁਤ ਸ਼ਾਤਿਰ ਨੇ

ਇਨ੍ਹਾਂ ਮੌਕਾ ਨਹੀਂ ਦੇਣਾ ਪੁਕਾਰਨ ਲਈ ਮੁਰਾਰੀ ਨੂੰ
ਤੂੰ ਲੱਗੀਂ ਸੋਚ ਕੇ ਦਾਅ ਤੇ ਜੁਆਰੀ ਬਹੁਤ ਸ਼ਾਤਿਰ ਨੇ

ਇਹ ਅੱਖਰ ਘੱਟ ਲਿਖਦੇ ਨੇ ਤੇ ਤਮਗੇ ਬਹੁਤ ਘੜ ਲੈਂਦੇ
ਤਿਰੇ ਇਸ ਸ਼ਹਿਰ ਦੇ ਸਾਰੇ ਲਿਖਾਰੀ ਬਹੁਤ ਸ਼ਾਤਿਰ ਨੇ

# ਗ਼ਜ਼ਲ

ਆਪਣੀ ਵੀ ਦੋਸਤੋ ਕੀ ਜ਼ਿੰਦਗੀ ਹੈ
ਓਸਦੇ ਸਾਹਾਂ ਤੇ ਲੱਗੀ ਵੰਝਲੀ ਹੈ

ਸ਼ੋਰ ਦਾ ਹੀ ਦੌਰ ਹੈ ਰੂਹ ਚੀਰਦਾ ਜੋ
ਹੁਣ ਸਕੂਨੋ ਦੂਰ ਹੋਈ ਮੌਸਕੀ ਹੈ

ਮਿਟ ਗਈ ਹੈ ਸਾਦਗੀ ਜਦ ਚਿਹਰਿਆਂ ਤੋਂ
ਫਿਰ ਜੁਬਾਂ ਤੇ ਲੱਭਣੀ ਕੀ ਸਾਦਗੀ ਹੈ

ਲਾਭ ਹਾਨੀ ਦੇਖਦਾ ਇਨਸਾਨ ਹੁਣ ਤਾਂ
ਫੇਰ ਪਾਉਂਦਾ ਦੁਸ਼ਮਣੀ ਜਾਂ ਦੋਸਤੀ ਹੈ

ਰਹਿ ਗਿਆ ਵਿਉਪਾਰ ਬਣਕੇ ਨਾਮ ਉਸਦਾ
ਬਸ ਦਿਖਾਵਾ ਬਣ ਗਈ ਹੁਣ ਬੰਦਗੀ ਹੈ

# ਗ਼ਜ਼ਲ

ਬਾਹਰ ਝੱਖੜ ਝੁਲਦਾ ਜਿਹੜਾ ਸੀਨੇ ਅੰਦਰ ਝੁੱਲੇ ਨਾ
ਧੂੜ ਭਰੇ ਅੱਖਾਂ ਨੂੰ ਭਾਵੇਂ ਰਸਤਾ ਤੈਨੂੰ ਭੁੱਲੇ ਨਾ

ਸਾਗਰ ਦੀ ਹਿੱਕ ਉੱਤੋਂ ਜਾ ਕੇ ਮੋਤੀ ਚੁਗ ਕੇ ਲੈ ਆਵੀਂ
ਰੰਗ ਬਰੰਗੇ ਪੱਥਰਾਂ ਉੱਤੇ ਤੇਰਾ ਦਿਲ ਇਹ ਡੁੱਲੇ ਨਾ

ਨਿੱਤ ਜਿਸਮ ਦੇ ਹੱਡ ਮਸ਼ੀਨਾ ਵਾਂਗ ਰਗੜਨੇ ਪੈਂਦੇ ਨੇ
ਮਾਚਿਸ ਲਕੜੀ ਨਾਲ ਕਦੇ ਵੀ ਘਰਦੇ ਬਲ਼ਦੇ ਚੁੱਲੇ ਨਾ

ਬਰਫਾਂ ਲੱਦੇ ਪਰਬਤ ਨੰਗੇ ਪੈਰੀਂ ਪੈਂਦੇ ਤੈਅ ਕਰਨੇ
ਮੰਜ਼ਿਲ ਦਾ ਰਸਤਾ ਹੈ ਮਿਲਦਾ ਬਹਿ ਕੇ ਨਿੱਘੇ ਜੁੱਲੇ ਨਾ

ਰੰਗ ਲਿਆਉਣਾ ਇਕ ਦਿਨ ਹੱਥਾਂ ਉੱਤੇ ਉੱਗੇ ਰੱਟਣਾ ਨੇ
ਦਮ ਜੋ ਮਿਹਨਤ ਲੇਖੇ ਲਾਏ ਜਾਣੇ ਉਹ ਬੇ ਮੁੱਲੇ ਨਾ

ਨਾਲ ਹਨੇਰੀ ਮੱਥਾ ਲਾ ਤੂੰ ਅੱਗੇ ਵਧ, ਨਾ ਮੁੜ ਆਵੀਂ
ਮਾਰੀ ਜੋ ਵਿਸ਼ਵਾਸ਼ ਦੀ ਬੁੱਕਲ 'ਸੰਧੂ' ਦੇਖੀਂ ਖੁੱਲੇ ਨਾ

# 55 ਆਰਿਫ਼ ਗੋਬਿੰਦਪੁਰੀ



ਨਾਮ : ਆਰਿਫ਼ ਗੋਬਿੰਦਪੁਰੀ

ਪਤਾ : ਮੁਹੱਲਾ ਗੋਬਿੰਦਪੁਰਾ, ਖੇੜਾ ਰੋਡ ਫਗਵਾੜਾ

ਪੁਸਤਕਾਂ : ਕੌਣ ਹੈ ਆਰਿਫ਼

ਮੇਰੇ ਤੁਰ ਜਾਣ ਮਗਰੋਂ

# ਜ਼ਹਿਰ ਦੇ ਕਤਰੇ ਘਟਾ ਦੀ ਮਾਰਫ਼ਤ ਭੇਜੀਂ

ਖ਼ੁਦਾਯਾ ! ਜ਼ਹਿਰ ਦੇ ਕਤਰੇ ਘਟਾ ਦੀ ਮਾਰਫ਼ਤ ਭੇਜੀਂ
ਜਾਂ ਦਾਅਵਤ ਜ਼ਹਿਰ–ਨੋਸ਼ਾਂ ਨੂੰ ਹਵਾ ਦੀ ਮਾਰਫ਼ਤ ਭੇਜੀਂ

ਚਖਾ ਦੇਵਾਂ ਮੁਹੱਬਤ ਦਾ ਮਜ਼ਾ ਮੈਂ ਮਨਚਲੇ ਦਿਲ ਨੂੰ
ਜ਼ਰਾ ਖ਼ੰਜਰ ਖ਼ੁਦਾਵੰਦਾ! ਕਜ਼ਾ ਦੀ ਮਾਰਫ਼ਤ ਭੇਜੀਂ

ਬੁਝੇ ਜਦ ਜ਼ਿੰਦਗੀ ਤੋਂ ਦਿਲ ਮੇਰਾ ਐ! ਜ਼ਿੰਦਗੀ ਤਦ ਤੂੰ
ਲਟਾਂ ਚੋਂ ਕੀਲ ਕੇ ਬਿਜਲੀ ਘਟਾ ਦੀ ਮਾਰਫ਼ਤ ਭੇਜੀਂ

ਉੜੇ ਧੂੰਆਂ ਜਦੋਂ ਮੇਰੀ ਚਿਖਾ ਚੋਂ ਪੇਚ ਖਾ ਖਾ ਕੇ
ਤੂੰ ਜ਼ੁਲਫ਼ਾਂ ਖੋਲ੍ਹ ਕੇ ਮਹਿਕਾਂ ਹਵਾ ਦੀ ਮਾਰਫ਼ਤ ਭੇਜੀਂ

ਮੁਹੱਬਤ ਦਾ ਸਹਾਰਾ ਦੇ ਕੇ ਤੈਨੂੰ ਲੁੱਟ ਗਇਆ ਜਿਹੜਾ
ਮੁਬਾਰਕ ਬਾ–ਅਦਬ ਉਸ ਨੂੰ ਦੁਆ ਦੀ ਮਾਰਫ਼ਤ ਭੇਜੀਂ

ਮੈਂ ਆਵਾਂਗਾ ਮੇਰੇ ਮੌਲਾ ਮਗਰ ਇੱਕ ਸ਼ਰਤ ਹੈ ਮੇਰੀ
ਸੁਨੇਹਾ ਮੂੰਹ ਜ਼ਬਾਨੀ ਬਸ! ਕਜ਼ਾ ਦੀ ਮਾਰਫ਼ਤ ਭੇਜੀਂ

ਮੈਂ ਰੋਵਾਂ ਫੇਰ ਇਕ ਵਾਰੀ ਕਦੀ "ਆਰਿਫ਼" ਦੇ ਗਲ਼ ਲਗ ਕੇ
ਮੇਰਾ ਦਿਲ ਤੋੜ ਕੇ ਵਾਪਿਸ ਵਫ਼ਾ ਦੀ ਮਾਰਫ਼ਤ ਭੇਜੀਂ

# ਪਾਸਬਾਂ ਕਿਰਦਗਾਰ ਹੈ ਅਪਣਾ

ਵਕਤ ਨਾ–ਸਾਜ਼ਗਾਰ ਹੈ ਅਪਣਾ
ਹੌਸਲਾ  ਬਰਕਰਾਰ ਹੈ ਅਪਣਾ

ਯਾਰ ਜੇ ਯਾਰ–ਮਾਰ ਹੈ ਅਪਣਾ
ਪਾਸਬਾਂ ਕਿਰਦਗਾਰ ਹੈ ਅਪਣਾ

ਭੀੜ ਵੇਲੇ ਨਹੀਂ ਬਹੁੜਦਾ ਕੋਈ
ਯਾਰ ਉਂਜ ਦਸ ਹਜ਼ਾਰ ਹੈ ਅਪਣਾ

ਰੋਜ਼ ਮਿਲਦਾ ਹੈ ਗ਼ੈਰ ਨੂੰ ਛੁਪ ਕੇ
ਇਕ ਸਿਤਮਗਰ ਵੀ ਯਾਰ ਹੈ ਅਪਣਾ

ਸੁਣ ਕੇ ਅਪਣੀ ਵਫ਼ਾ ਦੇ ਅਫ਼ਸਾਨੇ
ਯਾਰ ਕਿਉਂ ਸ਼ਰਮਸਾਰ ਹੈ ਅਪਣਾ

ਲੋੜ ਮੁਖ਼ਬਰ ਦੀ ਹੁਣ ਨਹੀਂ ਸਾਨੂੰ
ਯਾਰ ਨਾਮਾਨਿਗਾਰ ਹੈ ਅਪਣਾ

ਸਾਨੂੰ ਕਿਸ ਨੇ ਉਡੀਕਣਾ "ਆਰਿਫ਼"
ਮੌਤ ਨੂੰ ਇੰਤਜ਼ਾਰ ਹੈ ਅਪਣਾ

# ਬਣ ਕੇ ਫ਼ਰਿਸ਼ਤਾ ਪਿਆਰ ਦਾ ਆਉਂਦਾ ਕੋਈ ਕੋਈ

ਬਣ ਕੇ ਫ਼ਰਿਸ਼ਤਾ ਪਿਆਰ ਦਾ ਆਉਂਦਾ ਕੋਈ ਕੋਈ
ਚੰਨ ਚਾਰ ਆਸ਼ਿਕੀ ਨੂੰ ਲਗਾਉਂਦਾ ਕੋਈ ਕੋਈ

ਕਹਿਣੇ ਨੂੰ ਬੇਸ਼ੁਮਾਰ ਨੇ ਦੁਨੀਆਂ 'ਚ ਰਹਿਨੁਮਾ
ਮੰਜ਼ਿਲ ਦਾ ਠੀਕ ਰਾਹ ਵਿਖਾਉਂਦਾ ਕੋਈ ਕੋਈ

"ਆਰਿਫ਼" ਨੂੰ ਦੋਸਤਾਂ ਦੀ ਤਾਂ ਕੋਈ ਕਮੀ ਨਹੀਂ
ਮੁਸ਼ਕਿਲ 'ਚ ਬਣ ਕੇ ਆਸਰਾ ਆਉਂਦਾ ਕੋਈ ਕੋਈ

ਅਣਗਿਣਤ ਗ਼ਮਗੁਸਾਰ ਨੇ ਇਸ ਦੌਰ ਵਿਚ ਮਗਰ
ਡਿੱਗੇ ਨੂੰ ਗਲ਼ ਦੇ ਨਾਲ ਲਗਾਉਂਦਾ ਕੋਈ ਕੋਈ

ਨਫ਼ਰਤ ਦੇ ਏਸ ਦੌਰ 'ਚ "ਆਰਿਫ਼" ਕਿਤੇ ਕਿਤੇ
ਨਗ਼ਮੇ ਵਫ਼ਾ ਤੇ ਪਿਆਰ ਦੇ ਗਾਉਂਦਾ ਕੋਈ ਕੋਈ

ਦੁਨੀਆਂ 'ਚ ਆਸ਼ਿਕਾਂ ਦੀ ਵੀ ਭਰਮਾਰ ਹੈ ਮਗਰ
"ਆਰਿਫ਼" ਦੇ ਵਾਂਗ ਪ੍ਰੀਤ ਨਿਭਾਉਂਦਾ ਕੋਈ ਕੋਈ ।

# ਭਲਾ ਸਭ ਦਾ ਕਰੀ ਜਾਓ

ਭਲਾ ਸਭ ਦਾ ਕਰੀ ਜਾਓ ਐ! ਮੇਰੀ ਸੋਚ ਦੇ ਲੋਕੋ
ਵਫ਼ਾ ਦਾ ਦਮ ਭਰੀ ਜਾਓ ਐ! ਮੇਰੀ ਸੋਚ ਦੇ ਲੋਕੋ

ਸਲੀਕਾ ਜੀਣ ਦਾ ਸਿੱਖੋ ਤੁਸੀਂ ਵੀ ਸਰਫ਼ਰੋਸ਼ਾਂ ਤੋਂ
ਨਾ ਡਰ ਡਰ ਕੇ ਮਰੀ ਜਾਓ ਐ! ਮੇਰੀ ਸੋਚ ਦੇ ਲੋਕੋ

ਤੁਸੀਂ ਵਾਰਿਸ ਹੋ "ਜੀਵਨ" ਦੇ ਤੁਸੀਂ ਵਾਰਿਸ ਹੋ "ਸੰਗਤ" ਦੇ
ਨਾ ਬੁਜ਼ਦਿਲ ਤੋਂ ਡਰੀ ਜਾਓ ਐ! ਮੇਰੀ ਸੋਚ ਦੇ ਲੋਕੋ

ਹਨ੍ਹੇਰੀ ਬਣ ਕੇ ਝੁੱਲਣ ਦਾ ਸਮਾਂ ਹੁਣ ਆਣ ਪਹੁੰਚਾ ਹੈ
ਕਿ ਹੌਕੇ ਨਾ ਭਰੀ ਜਾਓ ਐ ! ਮੇਰੀ ਸੋਚ ਦੇ ਲੋਕੋ

ਸਮਝ ਜਾਓ ਸੰਭਲ ਜਾਓ ਤੁਸੀਂ ਹੁਣ ਆਗੂਆਂ ਉੱਤੇ
ਭਰੋਸਾ ਨਾ ਕਰੀ ਜਾਓ ਐ! ਮੇਰੀ ਸੋਚ ਦੇ ਲੋਕੋ

ਮਰੋ ਗਲ਼ ਪੈ ਕੇ ਜ਼ਾਲਿਮ ਦੇ ਪਵੋ ਪੈਰੀਂ ਨਾ ਐ! "ਆਰਿਫ਼"
ਸਿਤਮ ਇਉਂ ਨਾ ਜਰੀ ਜਾਓ ਐ! ਮੇਰੀ ਸੋਚ ਦੇ ਲੋਕੋ

# 56 ਚਰਨਜੀਤ ਸਮਾਲਸਰ




ਨਾਮ : ਚਰਨਜੀਤ ਸਮਾਲਸਰ

ਪਤਾ : ਪਿੰਡ ਅਤੇ ਡਾਕ. ਸਮਾਲਸਰ (ਮੱਲਕੇ ਰੋਡ)
ਤਹਿ. ਬਾਘਾਪੁਰਾਣਾ, ਜ਼ਿਲ੍ਹਾ ਮੋਗਾ-142 049

ਮੋਬਾਇਲ : +91 98144-00878


ਵਿੱਦਿਅਕ ਯੋਗਤਾ : ਬੀ.ਏ.ਬੀ.ਐਡ. ਐੱਮ.ਏ. (ਪੰਜਾਬੀ, ਹਿਸਟਰੀ, ਪੋਲਿਟੀਕਲ ਸਾਇੰਸ) ਯੂ.ਜੀ.ਸੀ.ਨੈੱਟ

ਕਾਰੋਬਾਰ : ਹੈੱਡਮਾਸਟਰ

ਪੁਸਤਕਾਂ : 'ਫ਼ਿਕਰ ਨਾ ਕਰੀਂ' ਪਲੇਠਾ ਕਾਵਿ-ਸੰਗ੍ਰਹਿ

# ਡਰਿਆ ਨਾ ਕਰ!

ਡਰਿਆ ਨਾ ਕਰ
ਖੁਦ ਨੂੰ ਦੁੱਖਾਂ ਦੀ
ਸਲੀਬ 'ਤੇ ਚਾੜ੍ਹ ਕੇ
ਅੰਬਰ ਵੀ ਮਿਣਿਆ ਕਰ
ਪਿੰਜਰੇ 'ਚੋਂ ਬਾਹਰ
ਖੰਭਾਂ ਨੂੰ ਖਿਲਾਰ ਕੇ।

ਇਹ ਧਰਤੀ ਅੰਬਰ
ਚੰਨ ਸੂਰਜ ਤੇ ਤਾਰੇ
ਤੇਰੇ ਹੋਵਣਗੇ ਸਾਰੇ,
ਸੰਸਿਆਂ ਦਾ ਚੰਦੋਆ
ਵੇਖ ਖਾਂ
ਥੱਲੇ ਉਤਾਰ ਕੇ

ਏਸ ਅੱਗ ਨੇ
ਪਾਣੀ ਹੋ ਜਾਣਾ ਹੈ
ਗਾਉਣਾ ਬਿਰਖਾਂ ਨੇ
ਤਰਾਨਾ ਹੈ
ਖਿੜਕੀ ਤਾਂ ਖੋਲ੍ਹ
ਨੈਣਾਂ ਤੋਂ ਚਸ਼ਮਾ
ਉਤਾਰ ਕੇ।

ਤੂੰ! ਤੂੰ ਨਈਂ ਹੋਵੇਂਗਾ
ਕੁਝ ਹੋਰ ਈ ਹੋਵੇਂਗਾ,
ਕਦੇ ਗਲ ਤਾਂ ਲਾਵੀਂ
ਸੁੱਚੇ ਪਾਣੀਆਂ ਨੂੰ,
ਇਹ ਤੇਰੇ ਹੋਵਣਗੇ
ਜਦੋਂ ਆਇਆ ਤੂੰ
'ਮੈਂ' ਨੂੰ ਮਾਰ ਕੇ।

ਇਹ ਹੱਦਾਂ ਸਰਹੱਦਾਂ
ਭਟਕਣਾ ਤੇ ਮੰਜ਼ਿਲ
ਸਭ ਮੁੱਕ ਜਾਣੇ
ਜ਼ਖਮ ਹਰੇ ਵੀ ਸੁੱਕ ਜਾਣੇ
ਕਦੇ ਚੇਤਿਆਂ 'ਚੋਂ ਵੇਖ
ਦੁੱਖਾਂ ਨੂੰ ਨਿਤਾਰ ਕੇ।

# ਗ਼ਜ਼ਲ

ਸ਼ੀਸ਼ੇ ਵਰਗਾ ਲਹਿ ਗਿਆ ਅੰਦਰ
ਨਖ਼ਰੇ ਸ਼ੋਖ ਅਦਾਵਾਂ ਨਾਲ।
ਵੇਖੋ ਹੁਣ ਇਹ ਕਿੰਝ ਨਿਭਾਉਂਦਾ
ਮੇਰੇ ਦਿਲ ਦੇ ਚਾਵਾਂ ਨਾਲ।

ਅੰਤ ਨੂੰ ਆਪਣੀ ਛਾਂ ਦੇ ਹੇਠਾਂ
ਉਹ ਹਫ਼ ਕੇ ਆ ਡਿੱਗਿਆ ਹੈ
ਚੰਦ ਕੁ ਧੁੱਪਾਂ ਖਾਤਿਰ ਜਿਹੜਾ
ਲੜਦਾ ਰਿਹਾ ਸੀ ਛਾਵਾਂ ਨਾਲ।

ਮੰਜ਼ਲ ਦਾ ਉਹ ਮੋਹ ਨਈਂ ਕਰਦਾ
ਗਾਹੁੰਦਾ ਜੰਗਲ ਬੇਲੇ ਹੀ
ਰਿਸ਼ਤੇ ਨਾਤੇ ਘੂਰਨ ਉਹਨੂੰ,
ਉਹਦੀ ਬਣਦੀ ਰਾਹਵਾਂ ਨਾਲ।

ਜੁੱਗ ਕਈ ਬੀਤੇ ਨੇ , ਹਾਲੇ
ਸਾਡੀ ਮੁਕਤੀ ਹੋਈ ਨਾ
ਵੰਝਲੀ ਸੁਣਦੇ ਉਮਰਾ ਬੀਤੀ
ਕਾਨ੍ਹਾ ਸਾਡੀ ਗਾਂਵਾਂ ਨਾਲ।

'ਗਿੱਲ' ਤੇਰਾ ਨਾਂ ਵੀ ਦਿੱਲੀ ਦੇ
ਸ਼ਾਇਰਾਂ ਦੇ ਵਿੱਚ ਹੋਣਾ ਸੀ
ਜੇ ਕਰ ਤੂੰ ਨਾ ਚਲਦਾ ਹੁੰਦਾ
ਕਦੇ ਵੀ ਉਲਟ ਹਵਾਵਾਂ ਨਾਲ

# ਗ਼ਜ਼ਲ

ਆਪਣੇ ਦਿਲ ਦੇ ਮਜ਼ਾਰ 'ਤੇ, ਮੈਂ ਇਕ ਕਵਿਤਾ ਖੁਣੀ ਹੈ ਯਾਰੋ।
ਆਪਣੇ ਜੀਵਨ ਦੀ ਸਭ ਵਿਥਿਆ ਕਲਮ ਰਾਹੀਂ ਪੁਣੀ ਹੈ ਯਾਰੋ।

ਯਾਦ ਮੈਂ ਉਹਨੂੰ ਕਰ-ਕਰ ਕੇ, ਅਤੀਤ ਦੀ ਛਾਵੇਂ ਬਹਿ-ਬਹਿ ਕੇ,
ਗ਼ਮ ਉਹਦੇ ਦੀ ਸਾਰੀ ਤਾਣੀ ਅਸ਼ਕਾਂ ਰਾਹੀਂ ਬੁਣੀ ਹੈ ਯਾਰੋ।

ਸਾਡੇ ਜਿਸਮਾਂ ਦਾ ਪੁਲ ਹੈ ਉਹ, ਦਰਿਆ ਉੱਤੇ ਬਣਾ ਰਿਹਾ
ਕੁਫ਼ਰ ਨਹੀਂ, ਇਹ ਤਕਿਆ ਅਸੀਂ, ਵਕਤ ਤੋਂ ਗੱਲ ਇਹ ਸੁਣੀ ਹੈ ਯਾਰੋ।

ਜਿਸ ਆਪਣੇ ਮਹਿਬੂਬ ਦੀ ਹੈ, ਹੰਝੂਆਂ ਸੰਗ ਤਸਵੀਰ ਬਣਾਈ,
ਲੋਕ ਕਹਿੰਦੇ ਇਹ ਕੋਈ ਦੇਵਤਾ ਜਾਂ ਗਿਆਨੀ ਗੁਣੀ ਹੈ ਯਾਰੋ।

ਉਸ ਨੇ ਮੈਨੂੰ ਰਸਤੇ ਦਾ ਕਰ ਦਿੱਤਾ ਹੈ ਮੀਲ ਦਾ ਪੱਥਰ
ਜਿਸਨੂੰ ਭੋਲਾ ਅੰਗਿਐ, ਉਸ ਐਸੀ ਸਾਜ਼ਿਸ਼ ਬੁਣੀ ਹੈ ਯਾਰੋ।

ਉਸਦੀ ਸ਼ੋਖ ਅਦਾ ਤੇ ਹਿਰਨੀ ਜੇਹੀ ਮਾਸੂਮ ਹੈ ਨਜ਼ਰ
ਤਾਂ ਹੀ ਤਾਂ 'ਗਿੱਲ' ਦੇ ਦਿਲ ਨੇ ਆਪਣੇ ਲਈ ਉਹੀ ਚੁਣੀ ਹੈ ਯਾਰੋ।

# ਗ਼ਜ਼ਲ

ਆਪਣੀ ਮੈਂ ਉਮਰ ਸਾਰੀ, ਬਸ ਰਿਹਾ ਇਉਂ ਗਾਲ਼ਦਾ।
ਪੱਥਰਾਂ ਦੇ ਸ਼ਹਿਰ ’ਚੋਂ, ਸ਼ੀਸ਼ੇ ਕੋਈ ਜਿਉਂ ਭਾਲਦਾ।

ਸਾਰੇ ਮੌਸਮ ਨਾਲ ਮੇਰੇ, ਛਲ ਸਦਾ ਕਰਦੇ ਰਹੇ
ਕੋਈ ਵੀ ਨਾ ਫ਼ਰਕ ਦਿਸਿਆ, ਹਾੜ ਦਾ ਤੇ ਸਿਆਲ ਦਾ।

ਮੈਨੂੰ ਸੁੱਚਾ ਹੀਰਾ, ਮੋਤੀ ਇੱਕ ਵੀ ਮਿਲਿਆ ਨਹੀਂ
ਰੇਤ ਰਹਿਆ ਛਾਣਦਾ, ਸਾਗਰ ਰਿਹਾ ਹੰਘਾਲ਼ਦਾ।

ਤੋੜ ਕੇ ਮੈਨੂੰ ਉਹ ਮਾਰੂਥਲ 'ਚ ਸੁੱਟਣਾ ਲੋਚਦੈ
ਪਰ ਮੈਂ ਬਣਨਾ ਲੋਚਦਾ ਹਾਂ ਫੁੱਲ ਸਾਵੀ ਡਾਲਦਾ।

ਨਾਮ ਉਸਦੇ ਕਰਨਾ ਚਾਹਾਂ, ਖ਼ਾਬਾਂ ਦਾ ਅੰਬਰ ਵਿਸ਼ਾਲ
ਪਰ ਉਹ ਪੰਛੀ ਆਦੀ ਹੋ ਚੁਕਿਐ ਸੁਨਹਿਰੀ ਜਾਲ਼ਦਾ।

ਮੈਂ ਨਹੀਂ ਦਰਿਆ ਉਹ, ਜਿਹੜਾ ਜਾ ਕੇ ਸਾਗਰ ਵਿੱਚ ਰਲੇ
ਖ਼ੇਤ ਦੀ ਜੋ ਤੇਹ ਬੁਝਾਵੇ, ਮੈਂ ਹਾਂ ਪਾਣੀ ਖਾਲ਼ਦਾ।

ਲਿਖ ਨਾ ਸਕਿਆ ਸ਼ੇਅਰ ਮੈਂ ਜੋ ਉਸ ਦੇ ਮਨ ਨੂੰ ਮੋਹ ਲਵੇ
ਉਂਝ ਰਿਹਾ ਮੈਂ ਸੈਂਕੜੇ ਸ਼ਿਅਰਾਂ ਨੂੰ ਗ਼ਜ਼ਲੀਂ ਢਾਲਦਾ।

# 57 ਜਸਵੰਤ ਵਾਗਲਾ




ਨਾਮ ਅਤੇ ਕਲਮੀ ਨਾਮ : ਜਸਵੰਤ ਵਾਗਲਾ

ਪਤਾ : **# 23 Thistle Street, Regents Park 4118 Queensland, Australia**

ਮੋਬਾਇਲ : +61 432224327

ਈ-ਮੇਲ : **waglajaswant@gmail.com**


ਪੁਸਤਕਾਂ : 1. ਹਾਦਸਿਆਂ ਦਾ ਜੰਗਲ -2017 (ਗ਼ਜ਼ਲ ਸੰਗ੍ਰਿਹ)

2. ਝਾਂਜਰ 2019 (ਗ਼ਜ਼ਲ ਸੰਗ੍ਰਿਹ)

3. ਸਿਲਸਿਲਾ - 2022 (ਗ਼ਜ਼ਲ ਸੰਗ੍ਰਿਹ)

ਗ਼ਜ਼ਲ

# ਮੁਹੱਬਤ ਵਾਸਤੇ

ਨਾ ਗਿਲਾ ਕੋਈ ਅਗਰ ਜਾਂਦੈ ਸਦਾਕਤ ਵਾਸਤੇ।
ਸਿਰ ਮੇਰਾ ਕਟਦਾ ਜੇ ਕੱਟ ਜਾਵੇ ਮੁਹੱਬਤ ਵਾਸਤੇ।

ਪੈਰ ਜਿੱਥੇ ਤੂੰ ਧਰੇ ਉਹ ਪਾਕਿ ਧਰਤੀ ਹੋ ਗਈ,
ਬਣ ਗਿਆ ਮੱਕਾ ਮੇਰਾ ਉਹੀ ਇਬਾਦਤ ਵਾਸਤੇ।

ਆਦਮੀ ਨੇ ਹੀ ਇਛਾਵਾਂ ਦੀ ਗੁਲਾਮੀ ਚੁਣ ਲਈ,
ਭੇਜਿਆ ਸੀ ਏਸ ਨੂੰ ਪਰ ਬਾਦਸ਼ਾਹ ਵਾਸਤੇ।

ਮੈਂ ਬੁਝੇ ਹੋਏ ਚਿਰਾਗ਼ਾਂ ਨੂੰ ਜਗਾਈ ਜਾ ਰਿਹਾਂ,
ਫੇਰ ਕਿਤਿਓਂ ਆ ਨ੍ਹੇਰੀ ਕਿਆਮਤ ਵਾਸਤੇ।

ਰਾਤ ਨੂੰ ਛੁਰੀਆਂ ਚਲਾਓਂਦਾ ਰੋਜ਼ ਕੱਟਦਾ ਹੈ ਗ਼ਲੇ,
ਜੋ ਦਿਨੇ ਦਾਅਵਾ ਕਰੇ ਸਭ ਦੀ ਹਿਫ਼ਾਜ਼ਤ ਵਾਸਤੇ।

ਸਿੱਧਿਆਂ ਰਾਹਾਂ ’ਚ ਵੀ ਹੈ ਉਲਝ ਜਾਂਦਾ ਆਦਮੀ,
ਕੋਲ ਕਿਸਦੇ ਹੈ ਸਮਾਂ ਅੱਜ–ਕੱਲ੍ਹ ਬੁਝਾਰਤ ਵਾਸਤੇ।

ਏਸ ਕਰਤੇ ਨੂੰ ਖ਼ੁਦਾ ਹੁਣ ਤੂੰ ਸਮੁੰਦਰ ਕਰ ਦਵੀਂ,
ਜੋ ਯੁੱਗਾਂ ਤੋਂ ਭਟਕਦਾ ਤੇਰੀ ਇਨਇਤ ਵਾਸਤੇ।

# ਫ਼ਕੀਰ ਬਣਕੇ

ਦੋ ਚਾਰ ਦਿਨ ਤੂੰ ਕਟ ਲੈ ਜਗ ’ਤੇ ਫਕੀਰ ਬਣਕੇ।
ਕੰਗਾਲ ਹੋ ਨਾ ਜਾਵੀਂ, ਬਹੁਤਾ ਅਮੀਰ ਬਣਕੇ।

ਬੇਗਾਨਿਆਂ ਦੇ ਪੱਥਰ, ਫੁੱਲ ਵਾਂਗ ਜਾਪੇ ਮੈਨੂੰ
ਇਕ ਬੋਲ ਤੇਰਾ ਦਿਲ ਵਿੱਚ, ਖੁੱਭਿਆ ਹੈ ਤੀਰ ਬਣਕੇ।

ਪੈਰਾਂ ’ਚ ਪਰਬਤਾਂ ਦੇ, ਪੱਥਰ ਬਣਕੇ ਦੇ ਨਾਲੋਂ,
ਇਸ ਮਾਰੂਥਲ ਦੇ ਵਿੱਚੋਂ, ਵਹਿ ਜਾ ਤੂੰ ਨੀਰ ਬਣਕੇ।

ਚਾਹੁੰਦੇ ਸੀ ਜਿਹੜੇ ਜਾਣਾ, ਅਸਮਾਨ ਤੋਂ ਵੀ ਉੱਪਰ,
ਮੈਂ ਦੇਖਦਾ ਹਾਂ ਲ਼ਟਕੇ, ਬੇਰੀ ’ਤੇ ਲੀਰ ਬਣਕੇ।

ਮੈਨੂੰ ਨਜ਼ਰ ਨਾ ਆਵੇ, ਕੁੱਝ ਹੋਰ ਏਸ ਅੰਦਰ,
ਮਿੱਟੀ ਹੀ ਘੁਮ ਰਹੀ ਹੈ, ਅਪਣੀ ਸਰੀਰ ਬਣਕੇ।

ਏਹੀ ਹੈ ਭੁੱਲ ਸਾਡੀ, ਪਹਿਚਾਣ ਕਰ ਨਾ ਹੋਈ,
ਆਉਂਦਾ ਰਿਹਾ ਹੈ ਮੌਲਾ, ਨਾਨਕ, ਕਬੀਰ ਬਣਕੇ।

ਸੁਖ ‘ਵਾਗਲੇ’ ਜੇ ਚਾਹੁੰਨੈ, ਇਤਫ਼ਾਕ ਨਾਲ ਰਹਿ ਤੂੰ,
ਹਾਉਮੇ ਨਾ ਵੰਡ ਦੇਵੇ, ਘਰ ਨੂੰ ਲਕੀਰ ਬਣਕੇ।

.ਗ਼ਜ਼ਲ

# ਹਾਲ ਮੇਰਾ

ਮੈਂ ਮੋਮ ਹਾਂ, ਉਹ ਰੱਖਣ ਐਦਾਂ ਖਿਆਲ ਮੇਰਾ।
ਹੱਥਾਂ 'ਚ ਲੈ ਕੇ ਮਾਚਿਸ, ਪੁਛਦੇ ਨੇ ਹਾਲ ਮੇਰਾ।

ਜਿਹਨਾਂ ਨੇ ਭੇਤ ਮੈਨੂੰ, ਦੱਸੇ ਨੇ ਜ਼ਿੰਦਗੀ ਦੇ,
ਰਿਸ਼ਤਾ ਰਿਹਾ ਹੈ ਗੂੜ੍ਹਾ, ਸੂਲ਼ਾਂ ਦੇ ਨਾਲ ਮੇਰਾ।

ਪੱਗਾਂ ਦੇ ਤਾਜ ਸੱਜਦੇ, ਨਾ ਆਪਣੇ ਸਿਰਾਂ 'ਤੇ
ਚੁੱਕਦਾ ਨਾ ਤੇਗ਼ ਜੇਕਰ, ਸਾਹਿਬੇ ਕਮਾਲ ਮੇਰਾ।

ਦਿੱਤੇ ਹਜ਼ਾਰ ਉਸਨੇ ਬੇਸ਼ਕ ਜਵਾਬ ਮੈਨੂੰ,
ਐਪਰ ਨਾ ਸੁਲਝ ਸਕਿਆ, ਕੋਈ ਸਵਾਲ ਮੇਰਾ।

ਕੁਕਨਸ ਦੇ ਵਾਂਗ ਮਰਕੇ, ਹੋਵਾਂ ਮੈਂ ਫਰੇ ਜੀਵਤ,
ਫਿਰ ਏਸ ਪਿੱਛੋਂ ਹੋਵੇ, ਆਪਾ ਹਲਾਲ ਮੇਰਾ।

ਫੌਲਾਦ ਤੋਂ ਬਣੀ ਹੈ, ਹਰ ਇੱਕ ਪਰਤ ਮੇਰੀ,
ਕੁੱਝ ਨਾ ਵਿਗਾੜ ਸਕਦਾ, ਆ ਕੇ ਭੁਚਾਲ ਮੇਰਾ।

ਫਸ ਕੇ ਮੈਂ ਇਸ ਦੇ ਅੰਦਰ, ਰੋਣਾ ਸੀ ਉਮਰ ਸਾਰੀ,
ਕੱਟਿਆ ਗਿਆ ਮਸਾਂ ਹੀ, ਹਾਉਮੈਂ ਦਾ ਜਾਲ ਮੇਰਾ।

ਗ਼ਜ਼ਲ

# ਮੇਰੇ ਮਕਾਨ ਉੱਤੇ

ਜੇਕਰ ਨਾ ਸੱਚ ਆਉਂਦਾ, ਮੇਰੀ ਜ਼ੁਬਾਨ ਉੱਤੇ।
ਵਰ੍ਹਦੇ ਕਦੇ ਨਾ ਪੱਥਰ, ਮੇਰੇ ਮਕਾਨ ਉੱਤੇ।

ਜੋ ਮੁਸਕੁਰਾਹਟ ਕਾਇਮ, ਰੱਖਦਾ ਹੈ ਰੋਣ ਵੇਲੇ
ਮੇਰੇ ਜਿਹਾ ਨਾ ਪਾਗਲਾ, ਹੋਣਾ ਜਹਾਨ ਉੱਤੇ।

ਜੇ ਕਤਲ ਕਰਨਾ, ਤੇਰਾ ਇੱਕ ਸ਼ੌਂਕ ਬਣ ਗਿਆ ਹੈ,
ਰਖ ਲੈ ਸਜਾ ਕੇ ਛੁਰੀਆਂ, ਅਪਣੀ ਦੁਕਾਨ ਉੱਤੇ।

ਖਾਧੇ ਨੇ ਜ਼ਖ਼ਮ ਕਿੰਨੇ, ਇੱਕ ਬਾਂਸ ਨੇ ਪਤਾ ਨਾ,
ਐਪਰ ਫ਼ਿਦਾ ਨੇ ਸਾਰੇ, ਵੰਝਲੀ ਦੀ ਤਾਨ ਉੱਤੇ।

ਮਿੱਟੀ 'ਚ ਰੁਲ਼ ਰਹੇ ਨੇ, ਜਿਸਦੇ ਤਮਾਮ ਬੱਚੇ,
ਮੈਂ ਮਾਣ ਕੀ ਕਰਾਂ ਉਸ, ਭਾਰਤ ਮਹਾਨ ਉੱਤੇ।

ਅਪਣਾ ਨਹੀ ਹੈ ਜਿਸਦਾ, ਕੋਈ ਵੀ ਦੀਨ ਮਜ਼ਹਬ,
ਚੁੱਕਦਾ ਹੈ ਉਹ ਵੀ ਉਂਗਲ, ਮੇਰੇ ਈਮਾਨ ਉੱਤੇ।

ਸੌਖੀ ਗੁਜ਼ਰ ਹੈ ਜਾਣੀ, ਹੁਣ ਵਾਟ 'ਵਾਗਲੇ' ਦੀ,
ਕੁੱਝ ਰੁੱਖ ਮਿਲ ਗਏ ਨੇ, ਰਸਤੇ ਵਿਰਾਨ ਉੱਤੇ।

# ਅਜ਼ੀਮ ਸ਼ੇਖਰ



ਨਾਮ ਅਤੇ ਕਲਮੀ ਨਾਮ : ਅਜ਼ੀਮ ਸ਼ੇਖਰ

ਪਤਾ : **22 Bycroft Road, Southall Middex, Ub1 2xg, England**

ਮੋਬਾਇਲ : +44 7916257981

ਈ-ਮੇਲ : **mittarpiarenu@yahoo.co.uk**

ਪੁਸਤਕਾਂ :
1. "ਸੁੱਕੀ ਨਦੀ ਦੀ ਰੇਤ" (ਗ਼ਜ਼ਲ ਸੰਗ੍ਰਹਿ)
2. "ਮੁੰਦਰਾਂ" (ਗ਼ਜ਼ਲ ਸੰਗ੍ਰਹਿ)
3. "ਹਵਾ ਨਾਲ਼ ਖੁੱਲ੍ਹਦੇ ਬੂਹੇ" (ਗ਼ਜ਼ਲ ਸੰਗ੍ਰਹਿ)
4. "ਵਰਤਮਾਨ ਦੇ ਆਰ-ਪਾਰ" ਕਾਵਿ ਸੰਗ੍ਰਹਿ (ਸਹਿ-ਸੰਪਾਦਕ)

# ਗ਼ਜ਼ਲ

ਬਣੇ ਕਈ ਫਾਸਲੇ ਵੀ ਪੁਲ ਦਿਲਾਂ ਦੇ
ਰਹਿਣ ਕਈ ਦੂਰ ਹੀ ਨਜ਼ਦੀਕ ਹੋ ਕੇ ।
ਨਾ ਆਏ ਰਾਸ ਉਹ ਰਿਸ਼ਤੇ ਕਦੇ ਵੀ
ਨਿਭੇ ਨਾਂ ਜੋ ਦਿਲੋਂ ਤਸਦੀਕ ਹੋ ਕੇ ।

ਮੈਂ ਦੁਨੀਆਂ ਨੂੰ ਤੇ ਖ਼ੁਦ ਨੂੰ ਜਾਣਦਾ ਹਾਂ
ਹੈ ਔਖਾ ਵਕਤ ਫਿਰ ਵੀ ਮਾਣਦਾ ਹਾਂ,
ਅਜੇ ਹੈ ਆਸ ਕੇ ਲਾਜ਼ਮ ਮਿਲੇਗੀ
ਕਿਸੇ ਦਿਨ ਜ਼ਿੰਦਗੀ ਕੁੱਝ ਠੀਕ ਹੋ ਕੇ ।

ਅਸੀਂ ਦਰਿਆ ਹਾਂ ਕੰਢੇ ਛੋਹ ਰਹੇ ਹਾਂ
ਤੇ ਪਾਣੀ ਦੇ ਜਨਾਜੇ ਢੋਹ ਰਹੇ ਹਾਂ,
ਹੈ ਮੁਸ਼ਕਿਲ ਕਦੇ ਹੁਣ ਸਹਿਜ ਹੋਣਾ
ਤੇ ਵਗਣਾ ਹਰ ਸਮੇਂ ਰਮਣੀਕ ਹੋ ਕੇ ।

ਸੀ ਚਾਹਤ ਖ਼ਾਬ ਦੀ ਤਾਬੀਰ ਬਣਦੇ
ਹਿਜਰ ਵਿੱਚ ਫਾਸਲੇ ਦਾ ਸੀਰ ਬਣਦੇ,
ਬਣੇ ਨਾ ਹਰਫ਼ ਵੀ ਹੋ ਕੇ ਮੁਕੰਮਲ
ਰਹੇ ਕਾਗ਼ਜ਼ 'ਤੇ ਸੁੰਨੀ ਲੀਕ ਹੋ ਕੇ।

ਏਹ ਕੀ ਹਾਲਾਤ ਸਾਜ਼ਿਸ਼ ਕਰ ਰਹੇ ਨੇ
ਕਿ ਚਾਅ ਉੱਡਣ ਦੇ ਵੀ ਹੁਣ ਮਰ ਰਹੇ ਨੇ,
ਤੇ ਬੰਨ੍ਹੀਐਂ ਝਾਂਜਰਾਂ ਬਾਜਾਂ ਨੇ ਪੈਰੀਂ
ਜੋ ਮੁੜਨੇ ਸਨ ਮਕਸਦ ਤੀਕ ਹੋ ਕੇ ।

# ਗ਼ਜ਼ਲ

ਸੁਰਾਂ ਜਿੰਨਾਂ ਦੀਆਂ ਕਰਕੇ ਸੀ ਵੱਸਣਾ ਸ਼ਹਿਰ ਖ਼ਾਬਾਂ ਦਾ ।
ਬੜਾ ਹੀ ਦਰਦ ਦਿੰਦਾ ਹੈ ਜ਼ਿਕਰ ਉਹਨਾਂ ਰਬਾਬਾਂ ਦਾ ।

ਦਫ਼ਨ ਇੱਕ ਵਿੱਚ ਹੈ ਮਿੱਟੀ ਤੇ ਇੱਕ ਵਿੱਚ ਖ਼ਾਬ ਮਿੱਟੀ ਦੇ ,
ਤਦੇ ਰੁਤਬਾ ਉਚੇਰਾ ਹੈ ਏਹ ਕਬਰਾਂ ਤੇ ਕਿਤਾਬਾਂ ਦਾ ।

ਜੁਦਾ ਹੋਵੇਂ ਤਾਂ ਇੰਜ ਤਰਸੀਂ ਕਿ ਸਭ ਕੁੱਝ ਯਾਦ ਰਹਿ ਜਾਵੇ,
ਤੇ ਰਿਸ਼ਤਾ ਵੀ ਰਹੇ ਬਣਿਆ ਹੈ ਜਿਉਂ ਦੋਹਾਂ ਪੰਜਾਬਾਂ ਦਾ ।

ਉਦੋਂ ਹੱਥੋਂ ਸ਼ਿਕਾਰੀ ਦੇ ਨੇ ਡਿੱਗਦੇ ਪਿੰਜਰੇ ਦਿਸਣੇ,
ਜਦੋਂ ਵੀ ਸਾਹਮਣਾ ਹੋਇਆ ਕਿਤੇ ਜ਼ਖ਼ਮੀਂ ਉਕਾਬਾਂ ਦਾ ।

ਨੇ ਜਿਸਦੇ ਕੱਪੜੇ ਮੈਲੇ ਤੇ ਜੰਮੀ ਧੂੜ ਵੀ ਉਸਦੇ ,
ਹੈ ਪੈਰੀਂ ਡਿੱਗਣਾ ਸ਼ਮਲਾ ਕਦੇ ਵੇਹਲੜ ਨਵਾਬਾਂ ਦਾ ।

ਮਿਟੇ ਨਾਂ ਪਿਆਸ ਵੀ ਇਸ ਤੋਂ ਨਾਂ ਲੋਕਾਂ ਦੀ ਨਾਂ ਖੇਤਾਂ ਦੀ,
ਰਿਹੈ ਬੱਸ ਖ਼ੂਨ ਹੀ ਧੋਂਦਾ ਏਹ ਪਾਣੀ ਪੰਜ-ਆਬਾਂ ਦਾ ।

ਕਵਿਤਾ

# 'ਨਾ-ਫ਼ਰਮਾਨੀ'

ਤੈਅ ਕਰੋਗੇ ਤੁਸੀਂ?
ਕਿ ਗਾਈਏ ਕਿਹੜਾ ਗੀਤ ਅਸੀਂ !!
ਤੈਅ ਕਰੋਗੇ ਤੁਸੀਂ ?
ਕਿ ਮੰਨੀਏ ਕਿਹੜੀ ਰੀਤ ਅਸੀਂ !!
ਤੈਅ ਕਰੋਗੇ ਤੁਸੀਂ ?
ਕਿ ਸੁੱਚੇ ਹਾਂ ਜਾਂ ਪਲੀਤ ਅਸੀਂ !!
ਹਰ ਵਾਰੀ ਗੱਲ ਝੂਠੀ ਥੋਡੀ ਚੜ੍ਹਣੀ ਪੂਰ ਨਹੀਂ ।
ਨਹੀਂ ਨਹੀਂ ਫ਼ੁਰਮਾਨ ਤੁਹਾਡੇ ਹੁਣ ਮਨਜ਼ੂਰ ਨਹੀਂ ।

ਤੈਅ ਕਰੋਗੇ ਤੁਸੀਂ ?
ਕਿ ਬੱਦਲ਼ ਵਰ੍ਹਨੇ ਨੇ ਕਿੱਥੇ !!
ਤੈਅ ਕਰੋਗੇ ਤੁਸੀਂ ?
ਕਿ ਡਿੱਗਣੇ ਝਰਨੇ ਨੇ ਕਿੱਥੇ !!
ਤੈਅ ਕਰੋਗੇ ਤੁਸੀਂ ?
ਕਿ ਤਾਰੇ ਚੜ੍ਹਣੇ ਨੇ ਕਿੱਥੇ !!
ਸ਼ਹਿਰ ਮੇਰੇ ਵਿੱਚ ਚੱਲਣੇ ਜੰਗਲ਼ ਦੇ ਦਸਤੂਰ ਨਹੀਂ ,
ਨਹੀਂ ਨਹੀਂ ਫ਼ੁਰਮਾਨ ਤੁਹਾਡੇ ਹੁਣ ਮਨਜ਼ੂਰ ਨਹੀਂ ।

ਤੈਅ ਕਰੋਗੇ ਤੁਸੀਂ ?
ਕਿ ਸਾਹ ਕਿੰਜ ਲੈਣਾਂ ਲੋਕਾਂ ਨੇ !!
ਤੈਅ ਕਰੋਗੇ ਤੁਸੀਂ ?
ਕਿ ਕੀ ਹੈ ਕਹਿਣਾਂ ਲੋਕਾਂ ਨੇ !!
ਤੈਅ ਕਰੋਗੇ ਤੁਸੀਂ ?
ਕਿ ਹੈ ਕਿੰਜ ਰਹਿਣਾਂ ਲੋਕਾਂ ਨੇ !!
ਭੁਗਤਣ ਸਜ਼ਾ ਉਹ ਜਿੰਨਾਂ ਦਾ ਕਿ ਕੋਈ ਕਸੂਰ ਨਹੀਂ ,
ਨਹੀਂ ਨਹੀਂ ਫ਼ੁਰਮਾਨ ਤੁਹਾਡੇ ਹੁਣ ਮਨਜ਼ੂਰ ਨਹੀਂ ।

ਤੈਅ ਕਰੋਗੇ ਤੁਸੀਂ ?
ਕਿ ਸਾਡੀ ਹਸਤੀ ਕੀ ਹੋਵੇ !!
ਤੈਅ ਕਰੋਗੇ ਤੁਸੀਂ ?
ਕਿ ਵਤਨ-ਪ੍ਰਸਤੀ ਕੀ ਹੋਵੇ !!
ਤੈਅ ਕਰੋਗੇ ਤੁਸੀਂ ?
ਕਿ ਦਿਲ ਦੀ ਮਸਤੀ ਕੀ ਹੋਵੇ !!
ਇਹ ਨਾ ਸਮਝਿਓ ਮਾਂਵਾਂ ਜੰਮਦੀਆਂ ਹੁਣ ਮਨਸੂਰ ਨਹੀਂ ,
ਨਹੀਂ ਨਹੀਂ ਫੁਰਮਾਨ ਤੁਹਾਡੇ ਹੁਣ ਮਨਜ਼ੂਰ ਨਹੀਂ ।

ਤੈਅ ਕਰੋਗੇ ਤੁਸੀਂ ?
ਕਿ ਸਾਡਾ ਚੁੱਲ੍ਹਾ ਬਲ਼ੇ ਕਦੋਂ!!
ਤੈਅ ਕਰੋਗੇ ਤੁਸੀਂ ?
ਕਿ ਚੜ੍ਹਕੇ ਸੂਰਜ ਢਲ਼ੇ ਕਦੋਂ !!
ਤੈਅ ਕਰੋਗੇ ਤੁਸੀਂ ?
ਕਿ ਖ਼ੁਸ਼ਬੋ ਹਵਾ 'ਚ ਰਲ਼ੇ ਕਦੋਂ !!
ਖ਼ਾਬ ਅਸਾਡੇ ਪਰ ਕੋਈ ਕਰ ਸਕਦਾ ਚੂਰ ਨਹੀਂ ,
ਨਹੀਂ ਨਹੀਂ ਫੁਰਮਾਨ ਤੁਹਾਡੇ ਹੁਣ ਮਨਜ਼ੂਰ ਨਹੀਂ ।

ਤੈਅ ਕਰੋਗੇ ਤੁਸੀਂ ?
ਕਿ ਹੱਸਣਾ ਕਦ ਹੈ ਬਾਲਾਂ ਨੇ !!
ਤੈਅ ਕਰੋਗੇ ਤੁਸੀਂ ?
ਕਿ ਉੱਠਣੈ ਕਦੋਂ ਸਵਾਲਾਂ ਨੇ !!
ਤੈਅ ਕਰੋਗੇ ਤੁਸੀਂ ?
ਕਿ ਮਘਣੈ ਕਦੋਂ ਖ਼ਿਆਲਾਂ ਨੇ !!
ਭਰਮ ਹੈ ਥੋਨੂੰ ਟੁੱਟਣਾ ਥੋਡਾ ਕਦੇ ਗ਼ਰੂਰ ਨਹੀਂ,
ਨਹੀਂ ਨਹੀਂ ਫੁਰਮਾਨ ਤੁਹਾਡੇ ਹੁਣ ਮਨਜ਼ੂਰ ਨਹੀਂ ।

ਤੈਅ ਕਰਾਂਗੇ ਅਸੀਂ,
ਕਿ ਜੀਵਨ-ਆਸ਼ਾ ਕੀ ਹੋਵੇ,
ਤੈਅ ਕਰਾਂਗੇ ਅਸੀਂ,
ਕਿ ਸਾਡੀ ਭਾਸ਼ਾ ਕੀ ਹੋਵੇ,
ਤੈਅ ਕਰਾਂਗੇ ਅਸੀਂ,
ਕਿ ਜਗਤ-ਤਮਾਸ਼ਾ ਕੀ ਹੋਵੇ,
ਚੱਲਦਾ ਰਹੇ 'ਅਜ਼ੀਮ' ਕਾਫਲਾ
ਮੰਜ਼ਲ ਦੂਰ ਨਹੀਂ ,
ਨਾਦਰਸ਼ਾਹੀ ਪਰ ਫੁਰਮਾਨ ਕਦੇ ਮਨਜ਼ੂਰ ਨਹੀਂ ।

# ਗੀਤ

ਡੂੰਘੇ ਖੂਹ ਦਿਆ ਮਿੱਠਿਆ ਪਾਣੀਆਂ ਵੇ ,
ਸਾਡੀ ਸੁੱਚੀ ਤੇਹ ਦਿਆ ਹਾਣੀਆਂ ਵੇ,
ਤੂੰ ਕਿੱਥੇ ਲੰਮੀਆਂ ਤਾਣੀਆਂ ਵੇ,
ਸਾਨੂੰ ਜਾਣ ਕੇ ਨਾ ਤੂੰ ਵਿਸਾਰ ਵੇ
ਤੈਨੂੰ ਕਿਉਂ ਨਹੀਂ ਸਾਡੀ ਸਾਰ ਵੇ...।

ਸਾਡੇ ਹੱਕ ਵਿੱਚ ਖੋਲ੍ਹ ਜ਼ੁਬਾਨ ਵੇ ,
ਕਰ ਸਾਨੂੰ ਕਦੇ ਹੈਰਾਨ ਵੇ ,
ਆਵੇ ਭੋਰਾ ਜਾਨ 'ਚ ਜਾਨ ਵੇ ,
ਕਦੀ ਦਿਲ ਤੋਂ ਕਰ ਇਜ਼ਹਾਰ ਵੇ ,
ਤੈਨੂੰ ਕਿਉਂ ਨਹੀਂ ਸਾਡੀ ਸਾਰ ਵੇ...।

ਸੁੰਨੇ ਘਰ ਨੂੰ ਲੱਗਿਆ ਤਾਲ਼ਿਆ ਵੇ ,
ਤੈਨੂੰ ਕੇਹੜੀ ਜ਼ੰਗ ਨੇ
ਖਾ ਲਿਆ ਵੇ ,
ਸੁਣ ਬੰਦ ਕਮਰੇ ਦੇ ਜਾਲ਼ਿਆ ਵੇ,
ਤੂੰ ਲੰਮੀ ਚੁੱਪ ਨਾ ਧਾਰ ਵੇ ,
ਤੈਨੂੰ ਕਿਉਂ ਨਹੀਂ ਸਾਡੀ ਸਾਰ ਵੇ...।

ਕਿਸ ਉਲਝਣ ਵਿੱਚ ਤੂੰ ਰੁੱਝਿਆ ਵੇ ,
ਭਰੇਂ ਕਿਸ ਦਾ ਹੁੰਗਾਰਾ ਗੁੱਝਿਆ ਵੇ,
ਤੈਨੂੰ ਇੱਕ ਵਾਰੀ ਨਈਂ ਸੁੱਝਿਆ ਵੇ,
ਅਸੀਂ ਫੁੱਲ ਤੋਂ ਬਣ ਗਏ ਖਾਰ ਵੇ ,
ਤੈਨੂੰ ਕਿਉਂ ਨਹੀਂ ਸਾਡੀ ਸਾਰ ਵੇ...।

ਕੂਲ਼ੇ ਖੰਬ ਤੋਂ ਤਿਲ੍ਹਕੇ ਤੁਪਕਿਆ ਵੇ ,
ਕੇਹੜੀ ਸੂਲ਼ 'ਤੇ ਜਾ ਕੇ ਅਟਕਿਆ ਵੇ ,
ਵਾਂਗੂੰ ਭਾਫ਼ ਜਦੋਂ ਤੂੰ ਭਟਕਿਆ ਵੇ ,
ਤੇਰਾ ਨਹੀਂ ਹੋਣਾ ਘਰ-ਬਾਰ ਵੇ ,
ਤੈਨੂੰ ਕਿਉਂ ਨਹੀਂ ਸਾਡੀ ਸਾਰ ਵੇ...।

ਹੰਢੀ ਚੁੰਨੀ ਤੋਂ ਲੱਥਿਆ ਗੋਟਿਆ ਵੇ ,
ਦਿਸੇਂ ਖ਼ਰਾ ਤੇ ਦਿਲ ਦਿਆ ਖੋਟਿਆ ਵੇ ,
ਸੀਨੇ ਚੁੱਭਦੈਂ ਚੰਨ ਦਿਆ ਟੋਟਿਆ ਵੇ
ਕਦੇ ਹੋਇਆ ਨਾ ਪਰ ਪਾਰ ਵੇ ,
ਤੈਨੂੰ ਕਿਉਂ ਨਹੀਂ ਸਾਡੀ ਸਾਰ ਵੇ...।

ਬੇ-ਅੱਖਰਾ ਭਿੱਜਿਆ ਵਰਕਿਆ ਵੇ ,
ਮੰਨ ਹਵਾ ਦੀ ਪੱਥਰਾ
ਨਾ ਸਰਕਿਆ ਵੇ ,
ਬਣ ਭਰਮ ਹੀ ਨੈਣੀਂ ਨਾ ਫਰਕਿਆ ਵੇ ,
ਇੱਕ ਛਿਣ ਮਿਲ
ਕੋਲ ਗੁਜ਼ਾਰ ਵੇ,
ਤੈਨੂੰ ਕਿਉਂ ਨਹੀਂ ਸਾਡੀ ਸਾਰ ਵੇ...।

ਆਪੇ ਡਿੱਗ ਕੇ ਬੁਝਿਆ ਦੀਵਿਆ ਵੇ ,
ਕੱਚੇ ਦਮ ਵਿੱਚ ਹਸਦਿਆ ਖ਼ੀਵਿਆ ਵੇ,
ਅਸੀਂ ਸਮਝਾਂਗੇ ਕੁੱਝ ਜੀਵਿਆ ਵੇ ,
ਕਦੇ ਮੋੜ ''ਅਜ਼ੀਮ '' ਮੁਹਾਰ ਵੇ ,
ਕਦੇ ਸਾਡੀ ਵੀ ਲੈ ਸਾਰ ਵੇ ।

# 59 ਗੁਰਭਜਨ ਗਿੱਲ



ਨਾਮ ਅਤੇ ਕਲਮੀ ਨਾਮ : ਗੁਰਭਜਨ ਸਿੰਘ ਗਿੱਲ

ਮੋਬਾਇਲ : **+91 98726-31199**

ਵਿੱਦਿਅਕ ਯੋਗਤਾ : **MA (Punjabi)**

ਕਾਰੋਬਾਰ : ਸੇਵਾ ਮੁਕਤ ਸੀਨੀਅਰ ਸੰਪਾਦਕ (ਪੰਜਾਬ ਖੇਤੀਬਾੜੀ ਯੂਨੀਵਰਸਿਟੀ)

## ਸਾਹਿਤਕ ਪ੍ਰਾਪਤੀਆਂ

ਸ਼ੀਸ਼ਾ ਝੂਠ ਬੋਲਦਾ ਹੈ (ਕਾਵਿ ਸੰਗ੍ਰਹਿ), ਹਰ ਧੁਖਦਾ ਪਿੰਡ ਮੇਰਾ ਹੈ (ਗਜ਼ਲਾਂ), ਸੁਰਖ਼ ਸਮੁੰਦਰ, ਦੋ ਹਰਫ਼ ਰਸੀਦੀ (ਗ਼ਜ਼ਲਾਂ), ਅਗਨ ਕਥਾ (ਕਾਵਿ ਸੰਗ੍ਰਹਿ), ਮਨ ਦੇ ਬੂਹੇ ਬਾਰੀਆਂ (ਗ਼ਜ਼ਲਾਂ), ਧਰਤੀ ਨਾਦ (ਕਾਵਿ ਸੰਗ੍ਰਹਿ), ਖ਼ੈਰ ਪੰਜਾਂ ਪਾਣੀਆਂ ਦੀ (ਹਿੰਦ ਪਾਕ ਰਿਸ਼ਤਿਆਂ ਬਾਰੇ ਕਵਿਤਾਵਾਂ), ਫੁੱਲਾਂ ਦੀ ਝਾਂਜਰ (ਗੀਤ ਸੰਗ੍ਰਹਿ), ਪਾਰਦਰਸ਼ੀ (ਕਾਵਿ ਸੰਗ੍ਰਹਿ), ਮੋਰਪੰਖ (ਗ਼ਜ਼ਲਾਂ), ਮਨ ਤੰਦੂਰ (ਕਾਵਿ ਸੰਗ੍ਰਹਿ), ਤਾਰਿਆਂ ਦੇ ਨਾਲ ਗੱਲਾਂ ਕਰਦਿਆਂ (ਸੁਲੱਖਣ ਸਿੰਘ ਸਰਹੱਦੀ ਵੱਲੋਂ ਸੰਪਾਦਿਤ ਗ਼ਜ਼ਲਾਂ), ਗੁਲਨਾਰ (ਗ਼ਜ਼ਲਾਂ), ਮਿਰਗਾਵਲੀ (ਗ਼ਜ਼ਲਾਂ), ਰਾਵੀ (ਗ਼ਜ਼ਲਾਂ), ਸੁਰਤਾਲ (ਗ਼ਜ਼ਲਾਂ), ਚਰਖ਼ੜੀ (ਕਵਿਤਾਵਾਂ), ਪਿੱਪਲ ਪੱਤੀਆਂ (ਗੀਤ ਸੰਗ੍ਰਹਿ), ਜਲ ਕਣ(ਰੁਬਾਈਆਂ), ਪੱਤੇ ਪੱਤੇ ਲਿਖੀ ਇਬਾਰਤ (ਕੁਦਰਤ ਬਾਰੇ 103 ਰੁਬਾਈਆਂ)

# ਗ਼ਜ਼ਲ

ਜੇਕਰ ਬਿਜਲੀ-ਘਰ ਦੇ ਨੇੜੇ ਰੌਸ਼ਨ ਚਾਰ ਚੁਫ਼ੇਰਾ ਹੈ।
ਇਹਦਾ ਮਤਲਬ ਇਹ ਤਾਂ ਨਹੀਂ ਕਿ ਹੋਇਆ ਸੋਨ-ਸਵੇਰਾ ਹੈ।

ਚੰਡੀਗੜ੍ਹ ਦੇ ਜੰਡ ਕਰੀਰਾਂ ਸੜਕਾਂ ਕੋਲ ਤਾਂ ਹੈ ਚਾਨਣ,
ਸਾਡੇ ਪਿੰਡ ਦੇ ਅੰਦਰ ਬਾਹਰ ਕਾਲਾ ਘੁੱਪ ਹਨੇਰਾ ਹੈ।

ਔੜ ਪਏ ਜਾਂ ਮਾਰ ਦਏ ਫ਼ਿਰ ਬੇਮੌਸਮ ਬਰਸਾਤ ਜਹੀ,
ਰੋਜ਼ ਦਿਹਾੜੀ ਮਰ ਮਰ ਜੀਣਾ ਸਾਡੇ ਪਿੰਡ ਦਾ ਜੇਰਾ ਹੈ।

ਜਿੱਤਿਆ ਸੀ ਜੋ ਕਦੇ ਪੁਰਖ਼ਿਆਂ ਅਪਣੇ ਬਾਹੂਬਲ ਦੇ ਨਾਲ,
ਓਸ ਕਿਲ੍ਹੇ ਵਿਚ ਅੱਜ ਕੱਲ੍ਹ ਲੱਗਿਆ ਵਿਸ਼-ਕੰਨਿਆ ਦਾ ਡੇਰਾ ਹੈ।

ਹੋਰ ਕਿਸੇ ਸੁਕਰਾਤ ਦੀ ਖ਼ਾਤਰ ਜ਼ਹਿਰ ਪਿਆਲਾ ਸਾਂਭ ਲਵੋ,
ਮੈਨੂੰ ਤਾਂ ਬੱਸ ਏਸੇ ਜੀਵਨ ਦਾ ਹੀ ਜ਼ਹਿਰ ਬਥੇਰਾ ਹੈ।

ਮੇਰੀ ਹੋਂਦ ਕਬੂਲ ਕਰੋਗੇ ਇਕ ਦਿਨ ਐਸਾ ਆਵੇਗਾ,
ਮੈਂ ਭਾਵੇਂ ਇਕ ਬਿੰਦੂ ਹਾਂ ਪਰ ਹਰ ਬਿੰਦੂ ਦਾ ਘੇਰਾ ਹੈ।

ਜਿੱਥੇ ਕਿਧਰੇ ਚੀਕਾਂ ਤੇ ਕੁਰਲਾਹਟਾਂ ਦੀ ਆਵਾਜ਼ ਸੁਣੇ,
ਹਰ ਬਸਤੀ ਘਰ ਸ਼ਹਿਰ ਦੇਸ਼ ਤੇ ਹਰ ਧੁਖਦਾ ਪਿੰਡ ਮੇਰਾ ਹੈ।

# ਗ਼ਜ਼ਲ

ਆਪਣੇ ਘਰ ਪਰਦੇਸੀਆਂ ਵਾਂਗੂੰ, ਪਰਤਣ ਦਾ ਅਹਿਸਾਸ ਕਿਉਂ ਹੈ?
ਮੈਂ ਸੰਤਾਲੀ ਮਗਰੋਂ ਜੰਮਿਆਂ, ਮੇਰੇ ਪਿੰਡੇ ਲਾਸ ਕਿਉਂ ਹੈ?

ਸ਼ਹਿਰ ਲਾਹੌਰ 'ਚ ਆ ਕੇ ਜੇ ਨਨਕਾਣੇ ਵੀ ਮੈਂ ਜਾ ਨਹੀਂ ਸਕਦਾ,
ਧਾਹ ਗਲਵੱਕੜੀ ਪਾ ਕੇ ਮਿਲਦਾ ਸਤਲੁਜ ਨਾਲ ਬਿਆਸ ਕਿਉਂ ਹੈ?

ਇੱਕੋ ਫਾਂਸੀ, ਇੱਕੋ ਗੋਲੀ, ਰਹਿਮਤ ਅਲੀ, ਸਰਾਭਾ, ਬਿਸਮਿਲ,
ਆਜ਼ਾਦੀ ਤੋਂ ਮਗਰੋਂ ਸਾਡਾ ਵੱਖੋ ਵੱਖ ਇਤਿਹਾਸ ਕਿਉਂ ਹੈ?

ਦਿੱਲੀ ਵਰਗੇ ਚੌਂਕ ਚੁਰਸਤੇ, ਕਾਰ ਵਿਹਾਰ, ਬਾਜ਼ਾਰ ਵੀ ਓਹੀ,
ਮਿਕਨਾਤੀਸੀ ਖਿੱਚ ਦੀ ਸ਼ਕਤੀ, ਸ਼ਹਿਰ ਲਾਹੌਰ 'ਚ ਖ਼ਾਸ ਕਿਉਂ ਹੈ?

ਬੁੱਲ੍ਹੇਸ਼ਾਹ ਦਾ ਪ੍ਰੇਮ ਪਿਆਲਾ, ਬਿਨਾਂ ਕਸੂਰੋਂ ਪੀ ਨਹੀਂ ਸਕਦਾ,
ਹਰ ਵਾਰੀ ਹੋਠਾਂ ਤੇ ਆਉਂਦੀ, ਅਜਬ ਤਰ੍ਹਾਂ ਦੀ ਪਿਆਸ ਕਿਉਂ ਹੈ?

ਵਾਰਸ ਦੇ ਜੰਡਿਆਲੇ ਬੈਠੇ, ਮਸਤ ਔਲੀਆ ਹੀਰ ਸੁਣਾਉਂਦੇ,
ਰਾਂਝਣ ਯਾਰ ਫ਼ਕੀਰਾਂ ਨੂੰ ਇਹ, ਪਿਰ ਮਿਲਣੇ ਦੀ ਆਸ ਕਿਉਂ ਹੈ?

ਸਾਡੇ ਪੰਜ ਦਰਿਆਈ ਘੋੜੇ, ਜਦ ਵੀ ਵੇਖਾਂ ਟਾਂਗੇ ਖਿੱਚਦੇ,
ਘੋੜ ਸਵਾਰ ਗੁਆਚਣ ਵਰਗਾ, ਡੰਗ ਰਿਹਾ ਅਹਿਸਾਸ ਕਿਉਂ ਹੈ?

ਸਾਡੇ ਪਿੰਡ ਦੀ ਸੰਤੀ ਵਰਗਾ, ਮੈਲਾ ਸੂਟ ਅਨਾਇਤਾਂ ਪਾਇਆ,
ਪੌਣੀ ਸਦੀ ਗੁਆਚਣ ਮਗਰੋਂ, ਰਾਵੀ ਪਾਰ ਲਿਬਾਸ ਕਿਉਂ ਹੈ?

# ਗ਼ਜ਼ਲ

ਦਾਸ ਕਬੀਰ ਦੀ ਝੁੱਗੀ ਹੈ ਕਿਉਂ ਗਲ ਕਟੀਅਨ ਦੇ ਪਾਸ ਅਜੇ ਵੀ ।
ਛੇ ਸਦੀਆਂ ਦਾ ਪਹੀਆ ਘੁੰਮਿਆ ਬਦਲਣ ਦੀ ਨਾ ਆਸ ਅਜੇ ਵੀ ।

ਏਕ ਨੂਰ ਤੇ ਸਭ ਜਗ ਉਪਜੇ, ਗਾਉਂਦੇ ਹਾਂ, ਪਰ ਮੰਨਦੇ ਨਹੀਂਉਂ,
ਲਿੱਸਿਆਂ ਨੂੰ ਤਾਂ ਲੈਣੇ ਪੈਂਦੇ, ਪੁੱਛ ਪੁੱਛ ਕੇ ਕਿਉਂ ਸਵਾਸ ਅਜੇ ਵੀ ।

ਰਾਜਭਾਗ ਦੀ ਅਰਦਲ ਅੰਦਰ ਗੁਣਵੰਤੇ ਕਿਉਂ ਚੌਰ ਝੁਲਾਉਂਦੇ,
ਹਰ ਅਰਜ਼ੀ ਤੇ ਕਿਉਂ ਲਿਖਦੇ ਨੇ, ਆਗਿਆਕਾਰੀ ਦਾਸ ਅਜੇ ਵੀ ।

ਬੰਧਨ ਮੁਕਤ ਬਣਾਇਆ ਸੀ ਤੂੰ, ਸੌ ਫੁੱਲਾਂ ਨੂੰ ਖਿੜਨ ਸਿਖਾਇਆ,
ਖ਼ੁਸ਼ਬੋਈਆਂ ਨੂੰ ਘਰ ਨਹੀਂ ਮਿਲਿਆ, ਭੋਗਦੀਆਂ ਬਨਵਾਸ ਅਜੇ ਵੀ ।

ਮੇਰੇ ਅੰਦਰ ਕੁਝ ਨਹੀਂ ਮੇਰਾ, ਸਭ ਕੁਝ ਤੇਰਾ, ਫਿਰ ਕਿਉਂ ਹੋਵੇ,
ਤੇਰੀ ਨਜ਼ਰ ਸਵੱਲੀ ਅੰਦਰ, ਧਨਵੰਤਾ ਹੀ ਖ਼ਾਸ ਅਜੇ ਵੀ ।

ਤਰਸ ਦਾ ਪਾਤਰ ਗਿਆਨਵੰਤੀਆ, ਲੁਕਦਾ ਫਿਰਦਾ ਚਾਨਣ ਕੋਲੋਂ,
ਕਾਲਖ਼ ਦੀ ਸਰਦਾਰੀ ਥੱਲੇ, ਤੜਫ਼ ਰਿਹਾ ਇਤਿਹਾਸ ਅਜੇ ਵੀ ।

ਤਾਣਾ ਤਣਿਆ ਸ਼ਬਦ ਸੁਨਹਿਰੀ, ਜਿਸਦੀ ਖ਼ਾਤਰ ਦਾਸ ਕਬੀਰਾ,
ਕਰਮਭੂਮ ਵਿੱਚ ਫਿਰੇ ਗਵਾਚਾ, ਤੇਰਾ ਬਚਨ ਬਿਲਾਸ ਅਜੇ ਵੀ।

# ਗ਼ਜ਼ਲ

ਆਪਣੀ  ਜਾਚੇ ਉਹ ਤਾਂ ਵੱਡੇ ਘਰ ਜਾਂਦਾ ਹੈ ।
ਵਿਚ ਸਮੁੰਦਰ ਜਾ ਕੇ ਦਰਿਆ ਮਰ ਜਾਂਦਾ ਹੈ ।
ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ,
ਬੇਸ਼ਰਮਾਂ ਦਾ ਨੀਵੀਂ ਪਾ ਕੇ ਸਰ ਜਾਂਦਾ ਹੈ ।
ਇਹ ਜੋ ਆਤਿਸ਼ਬਾਜ਼ੀ ਸਾਨੂੰ ਵੇਚ ਰਿਹਾ ਏ,
ਅਪਣੀ ਚੀਚੀ ਝੁਲਸ ਜਾਣ ਤੇ ਡਰ ਜਾਂਦਾ ਹੈ ।
''ਅੱਤ' ਨੂੰ 'ਅੰਤ' ਬਣਾਵੇ ਆਖ਼ਰ ਕਹਿਰ ਖ਼ੁਦਾਈ,
ਜਬਰ ਜਰਦਿਆਂ ਸਬਰ ਪਿਆਲਾ ਭਰ ਜਾਂਦਾ ਹੈ ।
ਮਾਂ ਬੋਲੀ, ਮਾਂ ਜਣਨੀ, ਧਰਤੀ ਮਾਤਾ ਕੋਲੋਂ,
ਟੁੱਟ ਕੇ ਬੰਦਾ, ਮਰਦਾ ਮਰਦਾ ਮਰ ਜਾਂਦਾ ਹੈ ।
ਬਹੁਤੀ ਵਾਰੀ ਜਾਗਦਿਆਂ ਨਹੀਂ ਹਿੰਮਤ ਪੈਂਦੀ,
ਸੁਪਨੇ ਅੰਦਰ ਜੋ ਕੁਝ ਬੰਦਾ ਕਰ ਜਾਂਦਾ ਹੈ ।
ਸੋਚ ਵਿਚਾਰਾਂ ਕਰਦਾ ਡੁੱਬਿਆਂ ਵੇਖ ਲਵੋ ਮੈਂ,
ਸੱਖਣਾ ਭਾਂਡਾ ਪਾਣੀ ਉੱਤੇ ਤਰ ਜਾਂਦਾ ਹੈ ।
ਉੱਚੀ ਉੱਚੀ ਬੋਲ ਰਿਹਾ ਏਂ, ਇਹ ਨਾ ਭੁੱਲੀਂ,
ਦਿਲ ਮਾਸੂਮ ਪਰਿੰਦਾ, ਏਦਾਂ ਡਰ ਜਾਂਦਾ ਹੈ ।
ਮਿਲ ਕੇ ਵੀ ਨਾ ਮਿਲਣਾ ਹੈ ਕੁਝ ਇਸ ਤਰ੍ਹਾਂ ਹੀ,
ਜਿਉਂ ਤਿੱਤਲੀ ਅੰਗਿਆਰ ਤੇ ਕੋਈ ਧਰ ਜਾਂਦਾ ਹੈ ।
ਰੱਬਾ ! ਰੱਬਾ ! ਕੂਕਦਿਆਂ ਪਿੰਡ ਮਰ ਚੱਲੇ ਨੇ,
ਕਾਲ਼ਾ ਬੱਦਲ ਸ਼ਹਿਰਾਂ ਉੱਤੇ ਵਰ੍ਹ ਜਾਂਦਾ ਹੈ ।
ਆਮ ਕਹਾਵਤ ਪਹਿਲਾਂ ਵਾਲੀ ਬਦਲ ਗਈ ਏ,
ਅਕਲ ਮਿਲੇ, ਲੱਕੜੀ ਬਿਨ ਲੋਹਾ ਤਰ ਜਾਂਦਾ ਹੈ ।
ਦਿਲ ਨੂੰ ਦੌਲਤ ਏਨੀ ਵੀ ਨਾ ਬਖਸ਼ ਦਿਆ ਕਰ,
ਛੋਟਾ ਬਰਤਨ, ਕੰਢਿਆਂ ਤੀਕਰ ਭਰ ਜਾਂਦਾ ਹੈ ।
ਤੀਰ ਅਤੇ ਤਲਵਾਰ ਜਿਸਮ ਨੂੰ ਕੁਝ ਨਹੀਂ ਕਹਿੰਦੇ,
ਅਪਣੀ ਨਜ਼ਰੋਂ ਗਿਰ ਕੇ ਬੰਦਾ ਮਰ ਜਾਂਦਾ ਹੈ ।
ਡੋਲ ਰਿਹਾ ਮਨ ਟਿਕ ਜਾਂਦੈ, ਮੈਂ ਕੀਕਣ ਦੱਸਾਂ,
ਤੇਰਾ ਇਕ ਧਰਵਾਸਾ ਕੀ ਕੁਝ ਕਰ ਜਾਂਦਾ ਹੈ।

# 60 ਜਗਦੀਸ਼ ਰਾਣਾ



ਨਾਮ ਅਤੇ ਕਲਮੀ ਨਾਮ : ਜਗਦੀਸ਼ ਰਾਣਾ
ਪਤਾ : ਸੋਫ਼ੀ ਪਿੰਡ, ਜਲੰਧਰ
ਮੋਬਾਇਲ : 98726-30635
ਈ-ਮੇਲ : **jagdishranasofi@gmail.com**
ਵਿੱਦਿਅਕ ਯੋਗਤਾ : +2
ਕਾਰੋਬਾਰ : ਸਮਾਜ-ਸੇਵਾ
ਸਾਹਿਤਕ ਪ੍ਰਾਪਤੀਆਂ
- ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ.
- ਜਨ-ਸਕੱਤਰ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਰਜਿ.
- ਜਨ-ਸਕੱਤਰ ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਪੰਜਾਬ
- ਬਹੁਜਨ ਸਮਾਜ ਪਾਰਟੀ ਜਲੰਧਰ ਦਾ ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਅਨੇਕਾਂ ਅਹੁਦਿਆਂ 'ਤੇ ਕੰਮ ਕੀਤਾ।

ਸਾਹਿਤਕ ਪ੍ਰਾਪਤੀਆਂ : ਯਾਦਾਂ ਦੇ ਗਲੋਟੇ (ਗੀਤ ਸੰਗ੍ਰਹਿ 2011)
ਅਧਖਿੜੇ ਗੁਲਾਬ (ਗ਼ਜ਼ਲ ਸੰਗ੍ਰਹਿ 2021)
ਸ਼ਬਦਾਂ ਦੀ ਲੋਅ (ਕਾਵਿ ਸੰਗ੍ਰਹਿ 2021)
ਹਰਫ਼ਾਂ ਦਾ ਚਾਨਣ (ਕਾਵਿ ਸੰਗ੍ਰਹਿ 2022)

# ਗ਼ਜ਼ਲ

ਜੋ ਹੋ ਰਿਹੈ, ਏਦਾਂ ਕਿਨ੍ਹੇ ਸੀ ਸੋਚਿਆ ?
ਹਰ ਇਕ ਬਸ਼ਿੰਦਾ ਸ਼ਹਿਰ ਦਾ ਹੈ ਕਹਿ ਰਿਹਾ।

ਅਰਬਾਂ ਚੁਰਾਏ ਜੇਸ ਉਹ ਨਾ ਚੋਰ, ਜਿਸ
ਰੋਟੀ ਚੁਰਾਈ ਚੋਰ ਉਸ ਨੂੰ ਆਖਿਆ।

ਕਾਨੂੰਨ ਤੇ ਉਂਗਲ ਉਠਾਵਾਂ ਕਿਉਂ ਨਾ ਮੈਂ ?
ਮਕਤੂਲ ਨੂੰ ਕਾਤਿਲ ਕਿਵੇਂ ਗਰਦਾਨਿਆ।

ਇਨਸਾਫ਼ ਦੀ ਨਾ ਆਸ ਰੱਖ ਇਸ ਦੌਰ ਵਿੱਚ,
ਇਨਸਾਫ਼ ਦਾ ਹਰ ਦੇਵਤਾ ਹੈ ਸਹਿਮਿਆ।

ਫ਼ਤਵੇ ਤੁਰੇ ਹਨ, 'ਸਿਰ ਕਲਮ ਉਸ ਦਾ ਕਰੋ ',
ਉਸ ਦਾ ਗੁਨਾਹ ਸੀ ਸੱਚ ਉਸ ਨੇ ਬੋਲਿਆ।

ਪੂੰਨਿਆ ਨਹੀਂ ਰਹਿੰਦੀ ਸਦਾ ਜੱਗ ਤੇ ਅਗਰ,
ਰਹਿਣੀ ਨਹੀਂ ਏਥੇ ਸਦਾ ਹੀ ਮੱਸਿਆ।

ਹਾਲਾਤ ਨਾਜ਼ੁਕ ਵਤਨ ਦੇ ਹਨ ਸੁਣਦਿਆਂ,
ਬੀਤੇ ਵਰ੍ਹੇ ਪੰਜਾਹ ਨਹੀਂ ਕੁਝ ਬਦਲਿਆ।

ਚਰਚਾ ਛਿੜੀ ਹਰ ਤਰਫ਼ ਹੀ ਇਸ ਗੱਲ ਦੀ,
ਅੱਜ ਸ਼ਿਕਰਿਆਂ ਨੂੰ ਘੁੱਗੀਆਂ ਲਲਕਾਰਿਆ।

ਖ਼ੁਦ ਨੂੰ ਜਲਾ ਕੇ ਰੌਸ਼ਨੀ ਕੀਤੀ ਜਿਨ੍ਹੇਂ,
ਰਾਣੇ ਉਨ੍ਹੇ ਹੀ ਨੇਰ੍ਹ ਅਪਣਾ ਮੇਟਿਆ।

# ਗ਼ਜ਼ਲ

ਪਿੰਜਰਾ ਇਹ ਤੋੜ ਸੁੱਟ, ਹੌਂਸਲਾ ਨਾ ਹਾਰ ਤੂੰ।
ਪੰਛੀਆ ਉਡਾਨ ਭਰ ,ਖੰਭ ਲੈ ਖਿਲਾਰ ਤੂੰ।

ਅਣਖ ਨਾਲ਼ ਜ਼ਿੰਦਗੀ ਹੈ ਗੁਜ਼ਾਰਨੀ ਅਗਰ,
ਜ਼ੁਲਮ ਰੋਕਣਾ ਅਗਰ,ਚੁੱਕ ਲੈ ਕਟਾਰ ਤੂੰ।

ਅੰਬਰਾਂ ਨੂੰ ਟਾਕੀਆਂ ਲਾਉਣੀਆਂ ਨਾ ਔਖੀਆਂ,
ਹਿੰਮਤਾਂ ਦੇ ਘੋੜੇ ਤੇ ਹੋ ਜ਼ਰਾ ਸਵਾਰ ਤੂੰ।

ਫ਼ਲਸਫ਼ੀ ਕਹੇ ਸਦਾ ਨਾ ਕਿਤੇ ਕੋਈ ਖ਼ੁਦਾ,
ਫ਼ਲਸਫ਼ੀ ਨੂੰ ਕਹਿ ਦਵੋ ਮਨ ਚ ਝਾਤ ਮਾਰ ਤੂੰ।

ਜਾਨ-ਜਾਨ ਕਹਿ ਕੇ ਜੋ,ਹੈ ਪਰਾਇਆ ਹੋ ਗਿਆ,
ਉਸ ਪਰਾਈ ਜਾਨ ਤੋਂ, ਜਾਨ ਹੁਣ ਨਾ ਵਾਰ ਤੂੰ।

ਆਪਣਾ ਕੋਈ ਨਹੀਂ,ਆਪਣੇ ਬਿਨਾਂ ਜਦੋਂ,
ਆਸ ਰੱਖ ਨਾ ਹੋਰ ਤੋਂ, ਜਿਉਂ ਸਰੇ ਲੈ ਸਾਰ ਤੂੰ।

ਪੌਣ ਪਾਣੀ ਗੰਧਲੇ ਕਰ ਰਿਹਾ ਏਂ ਆਪ ਹੀ,
ਆਪ ਹੀ ਮਿਟਾ ਰਿਹਾਂ ਆਪਣਾ ਸੰਸਾਰ ਤੂੰ।

ਹੋਸ਼ ਕਰ ਓ ਮਾਲੀਆ,ਖ਼ੌਫ਼ ਕੁਝ ਤਾਂ ਖਾ ਕਦੇ,
ਬਾਗ਼ ਸੁੱਕ ਗਿਆ ਮਗਰ ਆਖਦੈਂ ਬਹਾਰ ਤੂੰ।

ਰੁੱਖ ਹਵਾ ਦਾ ਦੇਖ ਕੇ,ਯਾਰ ਵੀ ਬਦਲ ਗਏ,
ਆਖਦੇ ਐ ਰਾਣਿਆ ਆਰ ਤੂੰ ਨਾ ਪਾਰ ਤੂੰ।

# ਮੇਰੀ ਜਾਨ ਮੇਰੇ ਚੰਨ

ਮੇਰੀ ਜਾਨ ਮੇਰੇ ਚੰਨ
ਤੇਰੀ ਰੋਟੀ ਦਿੱਤੀ ਬੰਨ੍ਹ
ਚੁੱਕ ਸਾਈਕਲ ਦਿਹਾੜੀ ਕਿਤੇ ਲਾ ਸੋਹਣਿਆਂ,
ਦੋ ਡੰਗ ਜੋਗਾ ਕੁਝ ਤਾਂ ਕਮਾ ਸੋਹਣਿਆਂ।

ਪੀਪਾ ਆਟੇ ਬਿਨਾਂ ਖਾਲੀ ਪਿਆ ਘੜੇ ਦਾ ਮੂੰਹ ਖੁੱਲ੍ਹਾ,
ਲੱਗੀ ਜੇ ਨਾ ਦਿਹਾੜੀ ਅੱਜ ਬਲਣਾ ਨਹੀਂ ਚੁੱਲ੍ਹਾ।
ਅੱਜ ਹੋਣਾ ਨਹੀਂ ਕੁੱਝ ਵੀ ਪਕਾ ਸੋਹਣਿਆਂ,
ਦੋ ਡੰਗ ਜੋਗਾ ਕੁਝ ਤਾਂ ਕਮਾ ਸੋਹਣਿਆਂ।

ਪੜ੍ਹ ਲਿਖ ਕੇ ਵੀ ਮਾਹੀਆ ਫਿਰੇਂ ਬੇਰੁਜ਼ਗਾਰ,
ਜਿਹੜੀ ਦੇ ਸਕੇ ਨਾ ਰੋਟੀ ਚੁੱਲ੍ਹੇ ਪਵੇ ਸਰਕਾਰ।
ਇਨ੍ਹਾਂ ਡਿਗਰੀਆਂ ਨੂੰ ਤੂੰ ਅੱਗ ਲਾ ਸੋਹਣਿਆਂ,
ਦੋ ਡੰਗ ਜੋਗਾ ਕੁਝ ਤਾਂ ਕਮਾ ਸੋਹਣਿਆਂ।

ਨਿੱਤ ਕੋਠੇ ਜਿੱਡੀ ਧੀ ਦਾ ਰਹੇ ਫ਼ਿਕਰ ਸਤਾਉਂਦਾ,
ਸਾਨੂੰ ਕਿਹੜੀ ਗੱਲੋਂ ਸਮਾਂ ਘੁੱਟ ਲਹੂ ਦੇ ਪਿਲਾਉਂਦਾ।
ਸਾਡੀ ਕਦੇ ਤਾਂ ਸੁਣੇਗਾ ਉਹ ਖ਼ੁਦਾ ਸੋਹਣਿਆਂ,
ਦੋ ਡੰਗ ਜੋਗਾ ਕੁਝ ਤਾਂ ਕਮਾ ਸੋਹਣਿਆਂ।

ਰਾਣੇ ਸੋਫ਼ੀ ਪਿੰਡੀਆ ਤੂੰ ਕਾਹਤੋਂ ਕਰੇਂ ਦਿਲ ਥੋੜ੍ਹਾ,
ਗਈਆਂ ਖੁਸ਼ੀਆਂ ਨੇ ਪਾਉਣਾ ਛੇਤੀਂ ਸਾਡੇ ਘਰ ਮੋੜਾ।
ਰੱਖ ਹੌਸਲਾ ਤੂੰ ਧੀਰਜ ਨਾ ਢਾ ਸੋਹਣਿਆਂ।
ਦੋ ਡੰਗ ਜੋਗਾ ਕੁਝ ਤਾਂ ਕਮਾ ਸੋਹਣਿਆਂ।

# ਚਿੰਤਾ ਰੁਜ਼ਗਾਰ ਦੀ

ਕੀ ਦੱਸਾਂ ਕੀ-ਕੀ ਦੁੱਖ ਜ਼ਿੰਦਗੀ ਸਹਾਰਦੀ,
ਕੱਚੀ ਉਮਰੇ ਹੀ ਪੈ ਗਈ ਚਿੰਤਾ ਰੁਜ਼ਗਾਰ ਦੀ।

ਭੁੱਖ ਨੇ ਸਤਾਇਆ ਜਦੋਂ ਸੋਚਾਂ ਸੰਘੀ ਨੱਪ ਲਈ,
ਖਾਹਿਸ਼ਾਂ ਤੇ ਚਾਵਾਂ ਦੀ ਮੈਂ ਆਪੇ ਖੁੰਭ ਠੱਪ ਲਈ,
ਭੁੱਲ ਗਿਆਂ ਸੁਪਨੇ ਦੇ ਵਾਂਗੂੰ ਗੱਲ ਪਿਆਰ ਦੀ,
ਕੱਚੀ ਉਮਰੇ ਹੀ ਪੈ ਗਈ ਚਿੰਤਾ ਰੁਜ਼ਗਾਰ ਦੀ।

ਗਲੀ ਚ ਫ਼ਕੀਰ ਗਾਉਂਦਾ ਚੰਗੇ ਦਿਨ ਆਣਗੇ,
ਕਿਰਤੀ ਦੇ ਬੱਚੇ ਕਦੋਂ ਭਰ ਪੇਟ ਖਾਣਗੇ,
ਬੇਬਸਾਂ ਤੇ ਹੋਣੀ ਕਦੋਂ ਮੇਹਰ ਕਰਤਾਰ ਦੀ,
ਕੱਚੀ ਉਮਰੇ ਹੀ ਪੈ ਗਈ ਚਿੰਤਾ ਰੁਜ਼ਗਾਰ ਦੀ।

ਲੰਘ ਗਈ ਜਵਾਨੀ ਤੇ ਬੁਢਾਪਾ ਨੇੜ੍ਹੇ ਆ ਗਿਆ,
ਭੁੱਖ ਨਾਲ਼ ਲੜਦਿਆਂ ਵਕ਼ਤ ਲੰਘਾ ਲਿਆ,
ਜ਼ਿੰਦਗੀ ਦੇ ਆਸ਼ਿਕਾਂ ਨੂੰ ਮੌਤ ਵਾਜਾਂ ਮਾਰਦੀ,
ਕੱਚੀ ਉਮਰੇ ਹੀ ਪੈ ਗਈ ਚਿੰਤਾ ਰੁਜ਼ਗਾਰ ਦੀ।

ਨੇਰ੍ਹਿਆਂ 'ਚ ਪਊਗਾ ਚਿਰਾਗ਼ ਰਾਣੇ ਬਾਲਣਾ,
ਆਉਣ ਵਾਲ਼ੀ ਪੀੜ੍ਹੀ ਲਈ ਘਾਲਣੀ ਪਊ ਘਾਲਣਾ,
ਬਦਲੂ ਨੁਹਾਰ ਤਾਂਹੀ ਏਸ ਸੰਸਾਰ ਦੀ,
ਕੱਚੀ ਉਮਰੇ ਹੀ ਪੈ ਗਈ ਚਿੰਤਾ ਰੁਜ਼ਗਾਰ ਦੀ।

# 61 ਪਿਆਰਾ ਸਿੰਘ ਕੁੱਦੋਵਾਲ



ਨਾਮ ਅਤੇ ਕਲਮੀ ਨਾਮ : ਪਿਆਰਾ ਸਿੰਘ ਕੁੱਦੋਵਾਲ
ਮੋਬਾਇਲ : +1 (647) 278-4477
ਈ-ਮੇਲ : **pskudowal@yahoo.com**
ਵਿੱਦਿਅਕ ਯੋਗਤਾ : ਡਬਲ ਐਮ ਏ :- ਪੰਜਾਬੀ ਤੇ ਹਿੰਦੀ
ਪੁਸਤਕਾਂ : ਸਮਿਆਂ ਤੋਂ ਪਾਰ (ਕਾਵਿ ਸੰਗ੍ਰਹਿ, 2009)
ਸੂਰਜ ਨਹੀਂ ਮੋਇਆ (ਕਾਵਿ ਸੰਗ੍ਰਹਿ, 2014)
ਬੰਦਾ ਬਹਾਦਰ (ਨਾਟਕ, 2015)

# ਤੇਰਾ ਘਰ

ਤੇਰੇ ਘਰ ਤੋਂ ਦੂਰ ਜਦੋਂ ਦਾ ਹੋਇਆ ਹੈ
ਲੋਕਾਂ ਲਈ ਜ਼ਿੰਦਾ ਪਰ ਮੋਇਆ ਹੈ

ਤੂੰ ਸੂਰਜ ਤਾਂ ਰੋਸ਼ਨ ਚਾਰ ਚੌਫੇਰਾ ਸੀ
ਬਿਨ ਤੇਰੇ ਤਾਂ ਬਸ ਹਨੇਰਾ ਢੋਇਆ ਹੈ

ਤੇਰੇ ਨਾਲ ਸੀ ਹਰ ਦੁੱਖ ਫੁੱਲ ਵਰਗਾ
ਬਿਨ ਤੇਰੇ ਤਾਂ ਸੁੱਖ ਵੀ ਤਪਦਾ ਲੋਹਿਆ ਹੈ

ਦਿਨ ਨੂੰ ਸੁਪਨੇ ਰਾਤੀਂ ਜੁਗਨੂੰ ਅੱਖਾਂ ਵਿੱਚ
ਇਕ ਅੱਗ ਨੂੰ ਜਿਸ ਦਿਨ ਦਾ ਛੋਹਿਆ ਹੈ

ਸਹਿਮ ਹੌਂਸਲਾ ਹਾਸਾ ਹੰਝੂ ਉਦਾਸੀ
ਇਸ਼ਕ ਦਾ ਸਰਮਾਇਆ ਕੱਠਾ ਹੋਇਆ ਹੈ

ਸਾਗਰ ਵਾਂਗੂੰ ਕੁੱਦੋਵਾਲ ਵੀ ਸ਼ਾਂਤ ਰਹੇ
ਵਾਂਗ ਸੁਨਾਮੀ ਕਦੇ ਹੀ ਪ੍ਰਗਟ ਹੋਇਆ ਹੈ

# ਕਵਿਤਾ

ਨਿਰਾ ਸੁਹਜ ਹੀ ਨਹੀਂ ਬੜੀ ਸਖ਼ਤ ਹੈ ਕਵਿਤਾ
ਆਪਣੀ ਤੋਰ ਤੁਰਦੀ ਹੈ ਜਿਵੇਂ ਵਕਤ ਹੈ ਕਵਿਤਾ

ਸ਼ਾਹਾਂ ਦਾ ਕੰਗਾਲਾਂ ਦਾ ਦਿਲ ਲਗਾਉਂਦੀ ਹੈ ਕਵਿਤਾ
ਸੇਜ ਫੁੱਲਾਂ ਦੀ ਹੈ ਤੇ ਸ਼ਾਹੀ ਤਖ਼ਤ ਹੈ ਕਵਿਤਾ

ਤੇਰੀ ਸੀਰਤ ਤੇਰੀ ਸੂਰਤ ਮੇਰੇ ਮਨ ਨੂੰ ਲੁਭਾਉਂਦੀ ਹੈ
ਮੇਰੀ ਨਸ ਨਸ ਵਿੱਚ ਦੌੜੇ ਜਿਵੇਂ ਰਕਤ ਹੈ ਕਵਿਤਾ

ਮੈਂ ਜੀਵਾਂ ਸੁਹਣਾ ਜੀਵਾਂ ਤੇਰੀ ਚਾਹਤ ਰਹੀ
ਮੈਂ ਚੰਗਾ ਜੀਵਿਆ ਹਾਂ ਮੇਰੀ ਰਖ਼ਸ਼ਕ ਹੈ ਕਵਿਤਾ

ਐਨਾ ਸੌਖਾ ਨਹੀਂ ਹੈ ਕਿ ਤੈਨੂੰ ਭੁੱਲ ਜਾਏ ਕੋਈ
ਜੋ ਮਿਲ ਕੇ ਵੀ ਨਾ ਮਿਲਿਆ ਐਸਾ ਵਕਤ ਹੈ ਕਵਿਤਾ ।

# ਰਮਤਾ ਸ਼ਾਇਰ

ਨਜ਼ਮ ਲਿਖਦਾ ਹੈ
ਨਜ਼ਮ ਜੀਊਂਦਾ ਹੈ
ਬੰਦਾ ਜਦੋਂ ਪਿਆਰ ਵਿੱਚ ਜੀਵੇ।
ਉੱਠਦਾ ਬਹਿੰਦਾ
ਤੁਰਦਾ ਫਿਰਦਾ
ਕੰਮ ਕਾਜ ਕਰਦਾ
ਮੁਹੱਬਤ ਵਿੱਚ
ਮਸਤ ਥੀਵੇ
ਨਜ਼ਮ ਲਿਖਦਾ ਹੈ
ਨਜ਼ਮ ਜੀਊਂਦਾ ਹੈ
ਬੰਦਾ ਜਦੋਂ ਪਿਆਰ ਵਿੱਚ ਜੀਵੇ!
ਸੌਣਾ ਨਹੀਂ
ਜਾਗਦੇ ਰਹਿਣਾ
ਆਪਣੇ ਇਸ਼ਕ 'ਤੇ
ਆਪਣੇ ਇਸ਼ਟ ਤੇ
ਪਹਿਰਾ ਦੇਣਾ !
ਨੀਂਦ ਦਾ
ਚੇਤੇ ਵਿੱਚੋਂ ਵਿੱਸਰ ਜਾਣਾ
ਸੋਚ ਦਾ ਇਕ ਬਿੰਦੂ ਤੇ
ਸਥਿਰ ਹੋ ਜਾਣਾ
ਤੜਪ ਦਾ ਅਹਿਸਾਸ ਗੁੰਮ ਜਾਣਾ
ਮਿਲਣ ਲਈ
ਲੰਮੀ ਉਡੀਕ ਵਿੱਚ ਖੋਹ ਜਾਣਾ
ਅੱਖਾਂ ਵਿੱਚ ਮੋਹ ਦਾ ਭਰ ਜਾਣਾ
ਹੰਝਾਂ ਨੇ ਮੁੱਖ ਧੋ ਜਾਣਾ
ਆਪਣੀ ਮੁਹੱਬਤ ਦਾ
ਮਿੱਠਾ ਰਸ ਭਿੰਨਾ ਗੀਤ
ਚੁੱਪ ਚਾਪ ਗਾਣਾ
" ਤੇਰੇ ਬਿਨ ਜੀਆ ਜਾਏ ਨਾ,
ਤੇਰੇ ਬਿਨ ਜੀਆ ਜਾਏ ਨਾ"

ਪਰ ਹੋਠ ਨਾ ਫਰਕਣ
ਬੇਅਵਾਜ਼ ਬੋਲ
ਹੰਝੂ ਡਲ੍ਹਕਣ !
ਕਸਤੂਰੀ ਵਾਂਗੂ ਗੁਪਤ ਹੀ ਰੱਖਣਾ
ਜ਼ਿੱਦ ਹੀ ਰੱਖਣਾ
ਕਿਸੇ ਨਾ ਦੱਸਣਾ
ਹਾਏ !
ਇਹ ਗੋਂਦਾਂ ਕਿਉਂ ਗੁੰਦਦਾ ਹੈ
ਝੱਲਾ ਮਨ ...
ਸੱਜਣ ਉਸਨੂੰ ਕੋਲ ਬਿਠਾਵੇ
ਸੱਜਣ ਉਸਨੂੰ ਗੱਲ ਨਾਲ ਲਾਵੇ
ਸੱਜਣ ਉਸ ਨਾਲ ਦੁੱਖ ਸੁੱਖ ਫੋਲੇ
ਆਪਣੇ ਸੀਨੇ ਨਾਲ ਲਗਾਵੇ ...
ਗੋਂਦਾਂ ਦਾ ਐਸਾ ਵਰਤਾਰਾ
ਯਾਰਾ ! ਕਦੇ ਨਾ ਘਟਦਾ
ਨਾ ਪਿੱਛਾ ਛੱਡਦਾ!
ਇਸੇ ਲਈ ਉਹ
ਖੁਦ ਹੀ ਹੱਸਦਾ
ਖੁਦ ਹੀ ਰੋਂਦਾ
ਮਿੱਠਾ ਰਸ ਭਿੰਨਾ ਗੀਤ
ਚੁੱਪ ਚੁੱਪ ਗਾਵੇ
ਪਰ ਕਸਤੂਰੀ ਮਹਿਕੀ ਜਾਵੇ !
ਦੂਰ ਦੂਰ ਤੱਕ
ਮਹਿਕ ਖਿਲਰਦੀ ਜਾਵੇ
ਕਲੀ ਫੁੱਲ ਬਣ ਖਿੜਦੀ ਜਾਵੇ
ਜਿਸਦੀ ਚਰਚਾ ਛਿੜਦੀ ਜਾਵੇ
ਬੇਮਤਲਬ ਵਿਥਿਆ
ਰਮਤਾ ਹੁਣ ਕੀ ਆਖੇ ?
ਰਮਤਾ ਬੱਸ ਲਿੱਖਦਾ ਜਾਵੇ
ਸ਼ਬਦਾਂ ਦਾ ਹਾਰ ਬਣਾਵੇ
ਦਿਲ ਦੀ ਵਿਥਿਆ ਲਿਖਦਾ ਜਾਵੇ

ਰਮਤਾ ਹੁਣ
ਨਜ਼ਮ ਲਿਖਦਾ ਹੈ
ਨਜ਼ਮ ਜੀਊਂਦਾ ਹੈ
ਨਾਲੇ ਆਪ ਮੁਹਾਰੇ
ਗੁਣਗੁਣਾਉਂਦਾ ਹੈ
ਬੰਦਾ ਜਦੋਂ ਪਿਆਰ ਵਿੱਚ ਜੀਵੇ।
ਰਮਤਾ ਹੁਣ ਨਜ਼ਮ ਲਿਖਦਾ ਹੈ
ਨਾਲੇ ਨਜ਼ਮ ਜੀਊਂਦਾ ਹੈ ।

*62*

# ਬਿੰਦੂ ਮਠਾਰੂ



ਨਾਮ ਅਤੇ ਕਲਮੀ ਨਾਮ : ਬਿੰਦੂ ਦਲਵੀਰ ਕੌਰ ਮਠਾਰੂ

ਪਤਾ : **7007 125A Street, Surrey**
**BC V3W 1N9**

ਮੋਬਾਇਲ : 604 825 4402

ਈ-ਮੇਲ : **bindoo@hotmail.com**

ਵਿੱਦਿਅਕ ਯੋਗਤਾ : ਬੀ.ਏ (ਫਾਈਨ ਆਰਟ), ਬੀ.ਐਡ, ਐਮ.ਏ

ਸਾਹਿਤਕ ਪ੍ਰਾਪਤੀਆਂ : ਵਾਰਤਕ “ਸਵੈ ਸੰਸਾਰ” (2014)
ਗ਼ਜ਼ਲ ਸੰਗ੍ਰਹਿ “ਸੁਰ ਇਲਾਹੀ” (2019)

# ਜੀਵਨ

ਜੀਵਨ ਦੇ ਵਿਚ ਕੁਝ ਜਿਤਾਂ, ਕੁਝ ਹਾਰਾਂ ਵੀ ਨੇ
ਚੁੱਪ ਚ ਹੁੰਦੀਆਂ ਸੈਆਂ ਸੋਚ, ਵਿਚਾਰਾਂ ਵੀ ਨੇ

ਪਿਆਰ, ਮੁਹੱਬਤ, ਖੁਸ਼ਬੂਆਂ ਤਾਂ ਭੁੱਲ ਗਏ ਹਾਂ
ਮਨ ਵਿਚ ਹੁਣ, ਸਾੜਾ,ਕੀਨਾਂ, ਖਾਰਾਂ ਵੀ ਨੇ

ਉਸਦੇ ਹੁਕਮਾਂ ਦੇ ਵਿਚ ਜਿਉਣਾ ਆ ਜਾਵੇ ਤਾਂ
ਮਿਹਰਾਂ ਵੀ, ਖੁਸ਼ੀਆਂ ਵੀ, ਮਸਤ ਬਹਾਰਾਂ ਵੀ ਨੇ

ਸਾਈਂ ਕੱਲਾ ਫਿਰਦਾ ਹੈ ,ਤਾਂ ਬਾਣੀ ਪੜ੍ਹਦਾ
ਹੇਕਾਂ ਲਾ ਕੇ ਗਾਈਆਂ ਉਸ ਵਾਰਾਂ ਵੀ ਨੇ

ਬੰਦਾ ਜੇ ਉਪਕਾਰ ਕਰੇ ਤਾਂ ਜਾਣੇ ਉਹ ਵੀ
ਕਰਦਾ ਉਸਦੇ ਨਾਲ ਕਦੇ ਤਕਰਾਰਾਂ ਵੀ ਨੇ

ਸਾਂਤ ਰਹੇ ਮਨ ਬੰਦੇ ਦਾ ਉਹ ਕਰਮ ਕਰੇ ਤਾਂ
ਬੋਲ ਕਬੋਲ, ਤਾਂ ਬਣਦੇ ਤੇਜ ਕਟਾਰਾਂ ਵੀ ਨੇ

# ਜ਼ਿੰਦਗੀ

ਭੋਗੇ ਭਟਕਣ ਜ਼ਿੰਦਗੀ, ਭਟਕਣ ਦਾ ਨਾ ਰੰਗ
ਹਰ ਪਲ ਦੋ ਚਿੱਤੀ ਰਹੇ,ਮਨ ਵਿਚ ਅੰਨੀ ਜੰਗ

ਲਹਿਰਾਂ ਉਠਣ ਸਾਗਰੋਂ, ਲਹਿਰਾਂ ਵਿੱਚ ਤਰੰਗ
ਅੰਬਰ ਦੇ ਵਿਚ ਉਡਣ ਦੀ, ਮਨ ਦੇ ਵਿਚ ਉਮੰਗ

ਕੀ ਆਲਮ ਦਾ ਫ਼ਲਸਫ਼ਾ, ਬੰਦਾ ਹਾਲੇ ਦੰਗ
ਜੀਵਨ ਨੂਰੀ ਖਾਬ ਹੈ, ਜੇ ਜਿਉਣੇ ਦਾ ਢੰਗ

ਰਤਨਾਂ ਦਾ ਕੀ ਮੁਲ ਹੈ, ਜਿਹੜਾ ਅਕਲੋਂ ਨੰਗ
ਸੋਚਾਂ ਦੀ ਪਰਵਾਜ਼ ਹੀ, ਚੱਲੇ ਸਾਹਾਂ ਸੰਗ

ਬੂੰਦ ਜੀਵਨ ਬੂੰਦ ਹੈ, ਸਾਹਾਂ ਦਾ ਹੈ ਸੰਗ
ਹਉਮੈਂ ਨਾਲ ਪਲੀਤ ਨਾ, ਰੂਹ ਕੁਦਰਤ ਦਾ ਅੰਗ

# ਵਕਤ

ਵਕ਼ਤ ਦੀ ਸਰਗਮ ਤੂੰ ਫ਼ੜਕੇ ਦੇਖ ਤਾਂ ਸਹੀ
ਰੰਗ ਕੁਝ ਕੁਦਰਤ ਦੇ ਪੜ੍ਹਕੇ ਦੇਖ ਤਾਂ ਸਹੀ

ਆਰਜ਼ੂ ਵਿੱਚੋਂ ਭਲਾ ਕੀ ਭਾਲਣਾ ਏ ,
ਮੌਲਦੀ ਇਹ ਧਰਤ ਖੜ੍ਹਕੇ ਦੇਖ ਤਾਂ ਸਹੀ

ਭਾਵਨਾਵਾਂ ਨਾਲ਼ ਜੋ ਬੱਝੀ ਜ਼ਿੰਦਗੀ ਇਹ
ਦਿਲ ਦੀ ਪੁਸਤਕ ਵੀ ਤੂੰ ਪੜ੍ਹਕੇ ਦੇਖ ਤਾਂ ਸਹੀ

ਕੈਨਵਸ ਤੇ ਹੈ ਉਲੀਕੀ ਮੂਰਤੀ ਜੋ
ਜ਼ਿੰਦਗੀ ਉਸ ਵਿੱਚ ਧੜਕਦੀ ਦੇਖ ਤਾਂ ਸਹੀ

ਚਲ ਰਹੀ ਹੈ ਤੇਜ਼ ਕਿੰਨੀ ਸੋਚ ਦੀ ਲੜੀ ,
ਮਨ ਦੀ ਲਹਿਰ ਚੁੱਪ ਖੜ੍ਹ ਕੇ ਦੇਖ ਤਾਂ ਸਹੀ

ਦਿਲ ਕਿਵੇਂ ਹੈ ਬੇਮੁਹਾਰਾ ਧੜ੍ਹਕਦਾ ਏ
ਜਾਂਚਣੈ ਜੇ ਨਬਜ਼ ਫੜਕੇ ਦੇਖ ਤਾਂ ਸਹੀ

# ਮੁਹੱਬਤ

ਮਹਿਫ਼ਲ ਹੀ ਫੁੱਲਾਂ ਦਾ ਇੱਕ ਹਾਰ ਹੋਵੇ
ਪਲਕਾਂ ਜੇ ਝਪਕਣ ਤਾਂ ਦੀਦਾਰ ਹੋਵੇ

ਖਜ਼ਾਨਾ ਹੈ ਸੋਚਾਂ ਦਾ ਅੰਦਰ ਬੜਾ ਹੀ
ਜੇ ਦਿਲ ਕੋਈ ਸਮਝੇ ਤਦੇ ਪਿਆਰ ਹੋਵੇ

ਹੁੰਦਾ ਨ ਸ਼ੌਕ ਨਿਭਾਉਣ ਦਾ ਮੁਲ ਕੋਈ
ਜਾਨ ਦੇਣ ਤੋਂ ਨ ਕਦੇ ਇਨਕਾਰ ਹੋਵੇ

ਮੰਨਣਾ ਨਾ ਮੰਨਣਾ ਤਾਂ ਮਰਜ਼ੀ ਕਿਸੇ ਦੀ
ਸੁਣਨ ਤੋਂ ਕਿਸੇ ਨਾ ਇਨਕਾਰ ਹੋਵੇ

ਬਣਨ ਹਮਸਫ਼ਰ ਦੋਨੋਂ ਇਕ ਰਸਤੇ ਦੇ
ਜੇ ਇੱਕ ਹੱਥ ਨੂੰ ਦੂਜਾ ਸਵੀਕਾਰ ਹੋਵੇ

ਜੁਬਾਂ ਵਿਚ ਹੋਵੇ ਤਰਕ ਜ਼ਿੰਦਗੀ ਦਾ
ਕਹੀ ਰਮਜ਼ ਵਿਚ ਕੋਈ ਇਕਰਾਰ ਹੋਵੇ

ਕਦਮ ਦਰ ਕਦਮ ਮੰਜ਼ਿਲਾਂ ਵਲ ਹੋਵੇ
ਤਦੇ ਤੁਰਦੇ ਪੈਰਾਂ ਦਾ ਸਤਿਕਾਰ ਹੋਵੇ

ਸ਼ਰਾਫ਼ਤ ਨਜ਼ਾਕਤ ਮੁਹਬੱਤ ਇਬਾਦਤ
ਇਵੇਂ ਮੇਰੇ ਜੀਵਨ ਦਾ ਵਿਸਥਾਰ ਹੋਵੇ

# ਹਰਸ਼ਰਨ ਕੌਰ



ਨਾਮ ਅਤੇ ਕਲਮੀ ਨਾਮ : ਹਰਸ਼ਰਨ ਕੌਰ

ਪਤਾ : ਪਿੰਡ ਨੈਣੋਵਾਲ ਵੈਦ, ਡਾਕਖ਼ਾਨਾ ਸੀਕਰੀ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ

ਮੋਬਾਇਲ : 97802-03299

ਵਿੱਦਿਅਕ ਯੋਗਤਾ : ਐਮ. ਏ.ਪੰਜਾਬੀ, ਬੀ. ਐਸ. ਸੀ . ਬੀ. ਐਡ.

ਕਾਰੋਬਾਰ : ਅਧਿਆਪਕ (ਰੀਟਾਇਰਡ)

## ਸਾਹਿਤਕ ਪ੍ਰਾਪਤੀਆਂ

ਬਦਲਦੇ ਰੰਗ (ਕਾਵਿ- ਸੰਗ੍ਰਹਿ,2013); ਆਬਸ਼ਾਰ (ਕਾਵਿ- ਸੰਗ੍ਰਹਿ, 2017); ਜੀਵਨ-ਪੰਧ (ਕਾਵਿ- ਸੰਗ੍ਰਹਿ, 2017); ਇਹ ਸ਼ਬਦ ਨੇ ਮੇਰੇ ਹਾਣੀ (ਕਾਵਿ-ਸੰਗ੍ਰਹਿ, 2018); ਤੁਮ ਨੇ ਸੋਚਾ ਨ ਹੋਗਾ (ਹਿੰਦੀ ਕਾਵਿ- ਸੰਗ੍ਰਹਿ, 2018); ਕਵਿਤਾਵਾਂ ("ਸਾਂਝਾ ਪਿਆਰ ਦੀਆਂ " ਕਾਵਿ-ਸੰਗ੍ਰਹਿ 2018 ਵਿੱਚ ਸ਼ਾਮਲ); ਹਾਇਕੂ ( "ਸੰਦਲੀ ਪੈੜਾਂ"-ਨਾਰੀ ਹਾਇਕੂ ਸੰਗ੍ਰਹਿ, 2019 ਵਿੱਚ ਸ਼ਾਮਲ); ਸ਼ੋਰ ਸਮਾਧੀ (ਮੇਰਾ ਕਾਵਿ- ਸੰਗ੍ਰਹਿ, 2019); ਮੇਰੇ ਹਾਇਕੂ (ਹਾਇਕੂ ਸੰਗ੍ਰਹਿ, 2020)

# ਮੇਰਾ ਕੁੱਝ ਵੀ ਨਹੀਂ

ਹਰ ਵਾਰ
ਨੀਂਦ ਖੁੱਲ੍ਹ ਜਾਂਦੀ ਹੈ
ਤੇ ਉਸ ਬਾਰੇ
ਉਸ ਦੇ ਸ਼ੌਕ ਬਾਰੇ
ਉਸ ਲਈ ਇਕੱਠੇ ਕੀਤੇ
ਯਾਦਾਂ ਦੇ ਸਾਮਾਨ
ਕੁਝ ਕੁ ਘੜੀਆਂ
ਉਸ ਨਾਲ ਬਿਤਾਉਣ ਬਾਰੇ
ਸੋਚਾਂ ਦੀਆਂ ਉਲਝਣਾਂ
ਵਿੱਚ ਘਿਰ ਕੇ
ਫਿਰ ਤਰਤੀਬ ਸੋਚਦੇ ਸੋਚਦੇ
ਕਰਵਟ ਕਰਵਟ ਬਦਲਣ ਹੁੰਦੀ।
ਜਦ ਖਿੜਕੀ ਚੋਂ
ਚਾਨਣ ਅੱਖਾਂ 'ਚ ਪੈਂਦਾ
ਅਣਚਾਹਿਆਂ ਵੀ
ਬਿਸਤਰ ਛੱਡ ਕੇ
ਕਮਰ ਆਪਣੀ ਨੂੰ ਕਸ ਕੇ
ਲੱਗ ਪੈਂਦੀ ਹਾਂ ਨਵੇਂ ਅੱਜ ਨੂੰ
ਸੋਚਣ ਤੇ ਸੰਵਾਰਨ ਲਈ
ਇਹ ਕੇਹਾ ਜੀਵਨ-ਗੇੜ ਹੈ ?
ਮੇਰਾ ਕੁਝ ਵੀ ਨਹੀਂ ?

# ਸਬਰ ਸ਼ਕਤੀ ਔਰਤ

ਕੰਮ ਦੀ ਭਾਲ ਵਿੱਚ
ਕੰਮ ਘਰ ਦਾ ਮੁਕਾ ਕੇ
ਥਾਂ ਥਾਂ ਭਟਕਦੀ
ਨਜ਼ਰਾਂ ਤੋਂ ਬਚਦੀ
ਹਵਸ ਤੋਂ ਬਚਦੀ ਬਚਾਂਦੀ
ਸ਼ਾਮ ਨੂੰ ਨਿਰਾਸ਼,
ਘਰ ਨੂੰ ਪਰਤਦੀ
ਅੱਖੀਆਂ 'ਚ ਹੰਝੂ,
ਮਜ਼ਦੂਰੀ ਦੇ ਕੁਝ ਕੁ ਸਿੱਕੇ
ਤੇ ਚੁੰਨੀ ਨਾਲ ਕੁਝ ਕੁ
ਭੁੱਖ ਦਾ ਇਲਾਜ ਬੰਨ੍ਹ
ਇਸ ਤਰ੍ਹਾਂ ਲੱਗਦੀ
ਜਿਵੇਂ ਉਹ ਕੋਈ ਗੱਠੜੀ ਬਣੀ
ਤੇ ਉਸ ਨੂੰ ਨਿੱਕੇ ਨਿੱਕੇ
ਥੱਕੇ ਥੱਕੇ ਪੈਰ ਲੱਗੇ
ਸੁੱਟਦੀ ਆਪਾ ਇਕ ਘਰ ਅੰਦਰ
ਮਿੱਟੀ 'ਚ ਲਿਬੜੇ ਪੈਰ
ਲੱਗਦਾ ਹੈ, ਇਸ ਔਰਤ ਨੂੰ
ਬਣਾਉਣ ਲਈ
ਜ਼ਰੂਰ ਘੜਨਹਾਰੇ ਦੇ ਮਨ ਵਿੱਚ
ਕੁਝ ਉਲਝਣ ਜਿਹੀ ਹੋਣੀ ਐ
ਤਾਂਹੀਓ ਸਭ ਕੁਝ
ਝੱਲਣ ਦੀ ਸ਼ਕਤੀ ਇਸ ਵਿੱਚ
ਭਰ ਦਿੱਤੀ ਉਸ ਨੇ!!

# ਕਵਿਤਾ ਜੰਗਲ ਵਿੱਚੋਂ ਲੰਘਦੀ ਹੈ

ਕਵਿਤਾ ਜੰਗਲ ਵਿੱਚੋਂ ਲੰਘਦੀ ਹੈ !
ਧੁੱਖਦੀ ਜਿਹੀ ਅੱਗ ਦਾ,
ਧੂੰਆਂ ਚੁਫੇਰੇ ਜਿਹਾ ਫੈਲਦਾ
ਅੱਖੀਆਂ ਨੂੰ ਮਿਲਦੀ,
ਕਵਿਤਾ ਦੀ ਆਵਾਜ਼
ਬਹੁਤ ਹੌਲੇ ਜਿਹੀ ਨਿਕਲਦੀ
ਜੰਗਲ ਦੇ ਬਾਹਰ ਲੋਕ
ਆਪਣੇ ਹੀ ਭੰਬਲ-ਭੂਸਿਆਂ ਦੇ
ਸ਼ੋਰ 'ਚ ਗੁੰਮ!
ਸ਼ੋਰ ਦੀ ਕੰਧ ਹੋਰ ਉੱਚੀ!
ਉਸ ਕੰਧ ਦੇ ਪਾਰ ਦੇ ਸ਼ਬਦ
ਕਵਿਤਾ ਨਹੀਂ ਬਣਦੇ!!
ਕਵਿਤਾ! ਕਿਧਰੇ ਸ਼ੋਰ 'ਚ
ਨਾ ਗੁੰਮ ਹੋ ਜਾਵੇ
ਉਸ ਨੂੰ ਆਵਾਜ਼ ਮਾਰੋ!
ਉਸ ਦੀ ਤਲਾਸ਼ ਕਰੋ!
ਕਿਧਰੇ ਜੰਗਲ ਵਿੱਚੋਂ ਹੀ ਲੰਘਦੀ,
ਕਿਸੇ ਦੀ ਭੁੱਖ ਦਾ
ਸ਼ਿਕਾਰ ਨਾ ਹੋ ਜਾਵੇ!!

## ਕਾਸ਼!

ਨਦੀ ਕਿਨਾਰੇ
ਨਦੀ ਵੱਲ ਵੇਖਦੀ
ਚੁੱਪ ਚਾਪ, ਚਸ਼ਮੇ ਚੋਂ ਨਿਕਲੀ
ਕੋਈ ਵੀ ਸੁਰੀਲਾ ਗੀਤ
ਨਾ ਅੱਜ ਗਾ ਰਹੀ
ਬਸ ਖਾਮੋਸ਼ ਹੋ
ਪਹਾੜ ਦੇ ਪੈਰਾਂ ਚੋਂ ਜਾ ਰਹੀ
ਕੋਈ ਲਹਿਰ ਨਾ ਉਠਦੀ
ਬਸ ਸ਼ਾਂਤ ਜਿਹੀ
ਵਗ ਰਹੀ ਜਾਂ
ਪੂਰੀ ਦੀ ਪੂਰੀ
ਬੈਠੀ ਹੋਈ
ਕੋਈ ਇਕੱਲ ਜਿਹੀ
ਭੋਗਦੀ ਹੋਈ!
ਕਾਸ਼!
ਜੀਵਨ ਵੀ ਕਦੀ
ਇੰਜ ਖਾਮੋਸ਼ ਵਹਿੰਦਾ!!

## 64 ਸੁਰਿੰਦਰ ਸੋਹਲ



ਨਾਮ ਅਤੇ ਕਲਮੀ ਨਾਮ : ਸੁਰਿੰਦਰ ਸੋਹਲ

ਪਤਾ : **15 Remsen Ave Valley Stream**
**NY 11580**

ਮੋਬਾਇਲ : 646 220 2586

ਈ-ਮੇਲ : **surindersohalny@gmail.com**

ਵਿੱਦਿਅਕ ਯੋਗਤਾ : ਐਮ. ਏ. (ਪੰਜਾਬੀ) ਐੱਮ. ਫਿਲ ਇਕਨਾਮਿਕਸ

ਸਾਹਿਤਕ ਪ੍ਰਾਪਤੀਆਂ ਪੁਸਤਕਾਂ : ਦੋ ਗ਼ਜ਼ਲ-ਸੰਗ੍ਰਹਿ, ਤਿੰਨ-ਕਾਵਿ-ਸੰਗ੍ਰਹਿ, ਦੋ ਨਾਵਲ, ਦੋ ਬਾਲ-ਨਾਵਲ, ਬਾਲ-ਕਹਾਣੀ, ਉਰਦੂ ਤੋਂ ਅਨੁਵਾਦ ਤੇ ਲਿੱਪੀਅੰਤਰ (ਦਸ ਪੁਸਤਕਾਂ), ਸੰਪਾਦਨਾ ਤੇ ਸਹਿ-ਸੰਪਾਦਨਾ (ਅੱਠ ਪੁਸਤਕਾਂ), ਲੇਖਕ ਦੀ ਰਚਨਾ ਸੰਬੰਧੀ ਐੱਮ. ਫਿਲ ਹੋ ਚੁੱਕੀ ਹੈ। ਤਿੰਨ ਪੁਸਤਕਾਂ (ਸ਼ੀਸ਼ੇ 'ਤੇ ਖਿੜ੍ਹਦੇ ਫੁੱਲ (ਗ਼ਜ਼ਲਾਂ) ਇਬਾਰਤ ਚੁੱਪ ਕਿਉਂ ਹੈ? (ਨਜ਼ਮਾਂ) ਸਿੰਘਾਸਣ (ਨਾਵਲ) ਸ਼ਾਹਪੁਰੀ 'ਚ ਲਹੌਰ 'ਚ ਛੱਪ ਚੁੱਕੀਆਂ ਨੇ।

# ਨਦੀ, ਅਕਾਸ਼, ਸਿਤਾਰੇ

ਨਦੀ, ਅਕਾਸ਼, ਸਿਤਾਰੇ, ਗੁਲਾਬ ਮੰਗਦਾ ਹੈ।
ਖਿਡੌਣਿਆਂ ਦੀ ਥਾਂ ਬੱਚਾ ਕਿਤਾਬ ਮੰਗਦਾ ਹੈ।

ਤੁਹਾਡੇ ਤਾਜ ਦੇ ਹੀਰੇ, ਮੇਰੇ ਹੀ ਫਟ ਤਾਂ ਨਹੀਂ?
ਲਹੂ-ਲੁਹਾਣ ਸਿਪਾਹੀ ਜਵਾਬ ਮੰਗਦਾ ਹੈ।

ਇਦ੍ਹਾ ਸਕੂਨ, ਸੁਰਾਂ, ਸਾਜ਼ ਗੁੰਮ ਗਏ ਸ਼ਾਇਦ,
ਜੋ ਰੋਜ਼ ਆਣ ਕੇ ਰੁੱਖ ਤੋਂ ਰਬਾਬ ਮੰਗਦਾ ਹੈ।

ਮਿਲੇ ਸਲੇਟ ਨਾ ਐਸੀ ਕਿ ਜਿਸ 'ਤੇ ਜੋੜ ਕਰਾਂ,
ਮੇਰਾ ਲਹੂ ਹੀ ਮੇਰੇ ਤੋਂ ਹਿਸਾਬ ਮੰਗਦਾ ਹੈ।

ਨਦੀ ਨੂੰ ਪੂਰ ਕੇ ਲਭਦਾ ਹੈ ਅਕਸ ਪਾਣੀ ਦਾ,
ਬਹੁਤ ਅਜੀਬ ਹੈ ਬੰਦਾ, ਸਰਾਬ* ਮੰਗਦਾ ਹੈ।

ਮੇਰਾ ਅਤੀਤ ਵੀ ਹੁਣ ਤਾਂ ਮੇਰੇ ਭਵਿਖ ਕੋਲੋਂ,
ਸ਼ਰੀਕ ਵਾਂਗਰਾਂ, ਹਿੱਸੇ ਦੇ ਖ਼ਾਬ ਮੰਗਦਾ ਹੈ।

# ਤਰਾਸ਼ਦੇ ਨੇ ਉਹ

ਤਰਾਸ਼ਦੇ ਨੇ ਉਹ ਨਕਸ਼ ਮੇਰੇ
ਨਿਖਾਰਦੇ ਨੇ ਵਜੂਦ ਮੇਰਾ।
ਖ਼ਿਲਾਫ਼ ਮੇਰੇ ਜੋ ਕਰਨ ਚਰਚਾ,
ਉਭਾਰਦੇ ਨੇ ਵਜੂਦ ਮੇਰਾ।

ਅਕਾਸ਼ ਗੰਗਾ ਨੂੰ ਤਨ ਮੇਰੇ ਤੋਂ
ਭਰੂਣ ਦੀ ਕਰ ਰਹੇ ਨੇ ਸਾਜ਼ਿਸ਼
ਖ਼ਲਾਅ ਤੇ ਨ੍ਹੇਰਾ ਜਦੋਂ ਵੀ ਮਿਲਦੇ,
ਵਿਚਾਰਦੇ ਨੇ ਵਜੂਦ ਮੇਰਾ।

ਬੜੇ ਹੀ ਪਾਗਲ ਨੇ, ਲੋਅ ਮੇਰੀ ਨੂੰ,
ਬਲੌਰ ਅੰਦਰ ਨੇ ਕੈਦ ਕਰਦੇ,
ਉਹ ਮੈਨੂੰ ਮੇਟਣ ਦੀ ਦੌੜ ਅੰਦਰ
ਉਸਾਰਦੇ ਨੇ ਵਜੂਦ ਮੇਰਾ।

ਉਹ ਅਕਸ ਮੇਰੇ ਦੇ ਕਰਨ ਟੁਕੜੇ
ਤੇ ਫਿਰ ਉਛਾਲਣ ਹਨ੍ਹੇਰੀਆਂ ਵਿਚ
ਸਗੋਂ ਮੈਂ ਜਿੱਥੇ ਗਿਆ ਨਾ ਓਥੇ,
ਪਸਾਰਦੇ ਨੇ ਵਜੂਦ ਮੇਰਾ।

ਕੁਰੂਕਸ਼ੇਤਰ ’ਚ ਦਾਅ ’ਤੇ ਲੱਗਦਾ,
ਵਕਾਰ, ਹਸਤੀ, ਲਹੂ ਉਨ੍ਹਾਂ ਦਾ
ਜੂਏ ’ਚ ਲੁੱਟਦੇ ਜੋ ਮੇਰੀ ਅਸਮਤ
ਜੋ ਹਾਰਦੇ ਨੇ ਵਜੂਦ ਮੇਰਾ।

ਸਮੇਂ ਨੇ ਬਖ਼ਸ਼ੇ ਨੇ ਜ਼ਖ਼ਮ ਏਨੇ,
ਜਿਵੇਂ ਬਹਾਰਾਂ ’ਚ ਫੁੱਲ ਖਿੜਦੇ,
ਕਿਸੇ ਅਜੂਬੇ ਦੇ ਵਾਂਗ ਲੋਕੀਂ,
ਨਿਹਾਰਦੇ ਨੇ ਵਜੂਦ ਮੇਰਾ।

# ਹਵਾ ਵਿੱਚ ਫੈਲਿਆ

ਹਵਾ 'ਚ ਫੈਲਿਆ ਗਰਦੋ-ਗ਼ੁਬਾਰ ਰੰਗਾਂ ਦਾ।
ਢਿਹਾ ਹੈ ਰੇਤ ਦੇ ਵਾਂਗੂੰ ਮਿਨਾਰ ਰੰਗਾਂ ਦਾ।

ਅਜੇ ਤਾਂ ਬੀਜ ਦੇ ਅੰਦਰ ਨੇ ਸੌਂ ਰਹੇ ਸੁਪਨੇ,
ਅਜੇ ਤਾਂ ਜਾਗਣਾ ਹੈ ਆਬਸ਼ਾਰ ਰੰਗਾਂ ਦਾ।

ਬਚਾ ਕੇ ਵਕਤ ਦੀ ਬਾਰਿਸ਼ ਤੋਂ ਰੱਖ ਜਲੌ ਅਪਣਾ,
ਤੇਰੇ ਤੋਂ ਝੱਲ ਨਾ ਹੋਣਾ ਉਤਾਰ ਰੰਗਾਂ ਦਾ।

ਜਦੋਂ ਦੇ ਰੰਗ ਸਿਆਸਤ 'ਚ ਹੋ ਗਏ ਸ਼ਾਮਿਲ,
ਉਦੋਂ ਦਾ ਵਧ ਗਿਆ ਕਿੰਨਾ ਵਪਾਰ ਰੰਗਾਂ ਦਾ!

ਹਵਾ ਵੀ ਕਿਰਮਚੀ ਤੇ ਰਾਤ ਵੀ ਦਿਸੇ ਸੰਦਲੀ,
ਜਦੋਂ ਦਾ ਹੋ ਗਿਆ ਹੈ ਦਿਲ ਸ਼ਿਕਾਰ ਰੰਗਾਂ ਦਾ।

ਉਨ੍ਹਾਂ ਦੇ ਮੂੰਹ 'ਤੇ ਸਿਆਹੀ* ਜਨੂੰਨ ਮਲ਼ਦਾ ਹੈ,
ਜਿਨ੍ਹਾਂ ਨੇ ਸਾਂਭ ਕੇ ਰੱਖਿਆ ਵਕਾਰ ਰੰਗਾਂ ਦਾ।

ਨਾ ਦਿਲਕਸ਼ੀ ਹੈ ਨਾ ਉਡਦੇ ਗੁਲਾਲ ਸ਼ਹਿਰ ਅੰਦਰ,
ਹਰੇਕ ਮੋੜ 'ਤੇ ਉਂਝ ਹੈ ਬਜ਼ਾਰ ਰੰਗਾਂ ਦਾ।

# ਮਸ਼ਾਲ ਵਾਂਗ ਸਲੀਬਾਂ

ਮਸ਼ਾਲ ਵਾਂਗ ਸਲੀਬਾਂ ਵੀ ਰੌਸ਼ਨਾਉਂਦਾ ਹੈ।
ਲਹੂ ਸ਼ਹੀਦ ਦਾ ਡੁੱਲ੍ਹਦਾ ਹੈ ਜਗਮਗਾਉਂਦਾ ਹੈ।

ਗੁਲਾਬ ਅਧਜਲੇ ਸਤਲੁਜ ’ਚ ਜਦ ਵੀ ਰੁੜ੍ਹਦੇ ਨੇ,
ਤਾਂ ਓਸ ਰੋੜ੍ਹ ’ਚੋ ਹੀ ਇਨਕਲਾਬ ਆਉਂਦਾ ਹੈ।

ਸਮੇਂ ਦੇ ਜਿਸਮ ’ਤੇ ਖਿੜਿਆ ਹੈ ਕਹਿਕਸ਼ਾਂ ਕੈਸਾ!
ਲਹੂ ਦਾ ਸੇਕ ਹੀ ਐਸੇ ਨਿਸ਼ਾਨ ਪਾਉਂਦਾ ਹੈ।

ਕਈ ਦਫ਼ਾ ਇਹ ਵੀ ਕੌਤਕ ਸਮੇਂ ਨੇ ਤਕਿਆ ਏ,
ਜਲੇ ਗੁਲਾਬ ਤਾਂ ਸੂਰਜ ਦੀ ਜੂਨ ਆਉਂਦਾ ਹੈ।

ਹਨ੍ਹੇਰ ਤਖ਼ਤ ’ਤੇ ਬਹਿ ਕੇ ਵੀ ਤੜਫਦਾ ਹੀ ਰਹੇ,
ਤੇ ਨੂਰ ਲੋਹਾਂ ’ਤੇ ਬਹਿ ਕੇ ਵੀ ਮੁਸਕੁਰਾਉਂਦਾ ਹੈ।

ਜਦੋਂ ਵੀ ਬਿਰਖ ਨੂੰ ਆਉਂਦਾ ਹੈ ਪਤਝੜਾਂ ਅੰਦਰ,
ਬਸੰਤੀ ਰੰਗ ਦੇ ਫੁੱਲਾਂ ਦਾ ਖ਼ਾਬ ਆਉਂਦਾ ਹੈ।

65

# ਹਰਵਿੰਦਰ ਸਿੰਘ



ਨਾਮ ਅਤੇ ਕਲਮੀ ਨਾਮ : ਹਰਵਿੰਦਰ ਸਿੰਘ

ਪਤਾ : #450, ਸੈਕਟਰ 61, ਚੰਡੀਗੜ੍ਹ

ਮੋਬਾਇਲ : +91 97790-89450

ਈ-ਮੇਲ : **jdesoharvinder63@gmail.com**

ਵਿੱਦਿਅਕ ਯੋਗਤਾ : ਐਮ. ਏ. ਇਕਨਾਮਿਕਸ

ਕਾਰੋਬਾਰ : ਸੰਯੁਕਤ ਡਾਇਰੈਕਟਰ, ਯੋਜਨਾਬੰਦੀ ਵਿਭਾਗ (ਪੰਜਾਬ ਸਰਕਾਰ)

ਪੁਸਤਕਾਂ : * ਗੁਲਾਬਾਸੀ
* ਪੰਜ ਨਦੀਆਂ ਦਾ ਗੀਤ
* ਵੱਸਦੇ ਰਹਿਣ ਪੰਜਾਬੀ

# ਕਵਿਤਾ

ਉਹ
ਹਰ ਰੋਜ਼ ਰਾਤ ਨੂੰ
ਆਪ ਹੀ ਆਪਣੀ ਕਬਰ ਬਣਾਉਂਦੀ ਹੈ
ਤੇ ਉਸ ਵਿੱਚ ਚੁੱਪ-ਚਾਪ ਸੌਂ ਜਾਂਦੀ ਹੈ

ਸਵੇਰੇ ਆਪ ਹੀ
ਉਸ 'ਤੇ ਕੁਝ ਫੁੱਲ ਚੜ੍ਹਾਉਂਦੀ ਹੈ
ਤੇ ਉਦਾਸ ਹੋ ਜਾਂਦੀ ਹੈ

ਹਰ ਮੁਮਤਾਜ ਦਾ
ਮਰਨ ਬਾਦ ਹੀ ਮਕਬਰਾ ਨਹੀਂ ਬਣਦਾ
ਕੁਝ ਜ਼ਿੰਦਾ ਬੇਗਮਾਂ ਦੇ ਵੀ
ਤਾਜ ਮਹਿਲ ਉਸਰਦੇ ਨੇ

# ਰਿਸ਼ਤਿਆਂ ਦੀਆਂ ਇਮਾਰਤਾਂ

ਤੂੰ
ਏਨਾ ਲੰਮਾ ਸਮਾ ਨਰਾਜ਼ ਨਾ ਰਿਹਾ ਕਰ
ਰਿਸ਼ਤੇ ਵੀ ਘਰਾਂ ਵਰਗੇ ਹੁੰਦੇ ਨੇ
ਜੋ ਬੇਆਬਾਦ ਹੋ ਜਾਂਦੇ ਨੇ
ਜ਼ਿਆਦਾ ਸਮਾਂ ਖਾਲੀ ਰੱਖਣ ਨਾਲ
ਉਹਨਾਂ ਅੰਦਰ ਘਾਹ-ਫੂਸ ਉੱਗ ਆਉਂਦਾ ਹੈ
ਜਾਲ਼ੇ ਲੱਗ ਜਾਂਦੇ ਨੇ
ਬੇਚਿਰਾਗ਼ ਪਿੰਡਾਂ ਵਾਂਗ
ਉਹ ਥੇਹ ਬਣਕੇ ਰਹਿ ਜਾਂਦੇ ਨੇ

ਤੂੰ
ਏਨਾ ਲੰਮਾ ਸਮਾਂ ਨਰਾਜ਼ ਨਾ ਰਿਹਾ ਕਰ
ਦੋ ਲਫਜ਼ਾਂ ਦੀ ਮਾਫੀ ਹੀ
ਕਾਫ਼ੀ ਹੁੰਦੀ ਹੈ
ਰਿਸ਼ਤਿਆਂ ਦੀਆਂ ਇਮਾਰਤਾਂ ਨੂੰ
ਆਬਾਦ ਰੱਖਣ ਲਈ

# ਨਾਰੀ ਪਰਵਾਜ਼– ਘਰ ਤੋਂ ਆਗਾਜ਼

ਔਰਤਾਂ ਦੀ ਬਰਾਬਰੀ ਦੀ ਜਦੋ–ਜਹਿਦ
ਸਿਰਫ ਔਰਤਾਂ ਦੀ ਹੀ ਨਹੀਂ ਹੈ
ਔਰਤਾਂ ਦੀ ਇਹ ਲੜਾਈ ਮਰਦਾਂ ਦੀ ਵੀ ਹੈ

ਬਲਕਿ ਮਰਦਾਂ ਦੀ ਜਿਆਦਾ ਹੈ –
ਆਪਣੇ ਆਪ ਨਾਲ
ਆਪਣੇ ਵੱਲੋਂ ਬਣਾਈਆਂ
ਗਲਤ ਧਾਰਨਾਂਵਾਂ ਰੀਤਾਂ ਰਵਾਇਤਾਂ ਨਾਲ
ਆਪਣੇ ਜ਼ਿਹਨ ਵਿੱਚ ਫਿੱਟ ਹੋਏ
ਨਾਰੀ ਵਿਰੋਧੀ ਗਲਤ ਸਾਫਟਵੇਅਰਾਂ ਨਾਲ ...

ਔਰਤਾਂ ਦੀ ਲੜਾਈ ਮਰਦਾਂ ਦੇ
ਖ਼ਿਲਾਫ਼ ਨਹੀਂ
ਸਗੋਂ ਉਹਨਾਂ ਦੇ ਹੱਕ ਵਿੱਚ ਹੈ
ਉਹਨਾਂ ਨੂੰ ਬਰਾਬਰ ਦੇ ਵਰ ਮੇਚ ਦੇਣ
ਦੇ ਮੌਕੇ ਦੇਣ ਲਈ
ਰੌਸ਼ਨ ਖਿਆਲ
ਮਾਂਵਾਂ
ਭੈਣਾਂ
ਧੀਆਂ
ਵਾਲਾ ਸਜੱਗ
ਮੈਹਿਣ ਪਰਿਵਾਰ ਦੇਣ ਲਈ

ਔਰਤਾਂ ਦੀ ਲੜਾਈ
ਐਸੀ ਅਲੋਕਾਰ ਲੜਾਈ ਹੈ
ਜਿਸ ਵਿੱਚ ਕੋਈ ਵੀ ਨਹੀਂ ਹਾਰੇਗਾ
ਸਭ  ਧਿਰਾਂ ਜੇਤੂ ਹੋਣਗੀਆਂ

ਔਰਤਾਂ ਦੀ ਲੜਾਈ
ਸਿਰਫ ਔਰਤਾਂ ਦੀ ਹੀ ਨਹੀਂ
ਸਭ ਇਨਸਾਨਾਂ ਦੀ ਹੈ
ਇਨਸਾਨੀ ਹੱਕਾਂ ਦੀ
ਲੜਾਈ ਹੈ

ਨਾਰੀ  ਦੀ ਆਜ਼ਾਦ ਪਰਵਾਜ਼
ਦਾ ਆਗਾਜ਼
ਸੈਮੀਨਾਰਾਂ ,ਸੜਕਾਂ , ਚੌਂਕਾਂ ਤੋਂ ਪਹਿਲਾਂ
ਘਰ ਤੋਂ ਕਰਨਾ ਬਣਦਾ ਹੈ
ਆਓ ਅੱਜ ਇਹ ਆਗਾਜ਼ ਕਰੀਏ
ਤੇ ਇਹ ਆਗਾਜ਼ ਔਰਤਾਂ ਨੂੰ
ਮਹਿਜ਼ ਔਰਤਾਂ ਨਹੀਂ
ਇਨਸਾਨ ਸਮਝਣ ਦਾ
ਅਹਿਦ ਕਰਕੇ  ਕਰੀਏ

# ਸਰਵਣ ਸਿੱਧੂ



ਨਾਮ ਅਤੇ ਕਲਮੀ ਨਾਮ : ਸਰਵਣ ਸਿੱਧੂ

ਪਤਾ : ਪਿੰਡ ਮੋਰਾਂਵਲੀ, ਜ਼ਿਲ੍ਹਾ ਹੁਸ਼ਿਆਰਪੁਰ

ਮੋਬਾਇਲ : +91 98158-73389

ਵਿੱਦਿਅਕ ਯੋਗਤਾ : ਮੈਟ੍ਰਿਕ, ਜੇ. ਬੀ. ਟੀ.

ਕਾਰੋਬਾਰ : ਬਲਾਕ ਸਿੱਖਿਆ ਅਫ਼ਸਰ (ਪ੍ਰਾਇਮਰੀ)
ਐਕਸ ਸਰਵਿਸਮੈਨ

ਸਾਹਿਤਕ ਪ੍ਰਾਪਤੀਆਂ : ਪ੍ਰਧਾਨ ਮਾਤਾ ਵਿਦਿਆਵਤੀ ਵੈਲਫੇਅਰ
ਸੁਸਾਇਟੀ

ਸਾਂਝੀਆਂ ਪੁਸਤਕਾਂ : * ਗ਼ਜ਼ਲ ਤੇ ਅਰੂਜ਼ ਸੰਪਾਦਕ
ਚਾਨਣ ਗੋਬਿੰਦਪੁਰੀ
* ਅੰਬ ਦੁਸਹਿਰੀ ਚੂਪਣ ਆਇਓ
ਸੰਪਾਦਕ : ਇਕਵਿੰਦਰ
* ਮੱਥੇ 'ਤੇ ਉੱਗਦਾ ਸੂਰਜ
ਸੰਪਾਦਕ ਸੰਧੂ ਵਰਿਆਣਵੀ (ਪ੍ਰੋ.) ਅਵਤਾਰ ਸੰਧੂ

# ਗ਼ਜ਼ਲ

ਦਰਦ ਆਪਣਾ ਸੁਣਾ ਕੇ ਬੈਠ ਗਏ।
ਪਿਆਰ ਨੂੰ ਆਜ਼ਮਾ ਕੇ ਬੈਠ ਗਏ।

ਖੱਤ ਉਸ ਦੇ ਬੜਾ ਸਤਾਉਂਦੇ ਸਨ,
ਖ਼ਤ ਉਸ ਦੇ ਜਲ਼ਾ ਕੇ ਬੈਠ ਗਏ।

ਮੇਰੀ ਦੁਨੀਆਂ ਜਿੰਨ੍ਹੇ ਤਬਾਹ ਕੀਤੀ,
ਗੀਤ ਉਸਦੇ ਹੀ ਗਾ ਕੇ ਬੈਠ ਗਏ।

ਹਾਲ ਪੁਛਦੇ ਨੇ ਲੋਕੀਂ ਜਦ ਮੇਰਾ,
ਝੱਟ ਹੰਝੂ ਵਹਾ ਕੇ ਬੈਠ ਗਏ।

ਗੱਲ ਹੋਵੇ ਤਾਂ ਕੋਈ ਮੈਂ ਦੱਸਾਂ,
ਗੱਲ ਨੂੰ ਐਵੇਂ ਵਧਾ ਕੇ ਬੈਠ ਗਏ।

ਦਿਲ ਕੰਬਾਉਣੀ ਬੜੀ ਹੈ ਉਹ ਘਟਨਾ,
ਚੋਟ ਆਪਾਂ ਜੋ ਖਾ ਕੇ ਬੈਠ ਗਏ।

ਰਾਤ ਯਾਰਾਂ ਦੇ ਸੰਗ ਪੀਦਿਆਂ ਬੀਤੀ,
ਰਾਜ਼ ਉਹ ਵੀ ਛੁਪਾ ਕੇ ਬੈਠ ਗਏ।

ਭਾਵੇਂ ਮਹਿਫ਼ਲ 'ਚ ਤੁਸਾਂ ਬੁਲਾਇਆ ਨਹੀਂ,
ਸ਼ੌਕ ਆਪਣਾ ਹੈ ਆ ਕੇ ਬੈਠ ਗਏ।

ਕੌਣ ਕਰਦਾ ਕਦਰ ਹੈ 'ਸਰਵਣ' ਦੀ,
ਹੁਣ ਤਾਂ ਖੁਦ ਨੂੰ ਭੁਲਾ ਕੇ ਬੈਠ ਗਏ।

# ਗ਼ਜ਼ਲ

ਵੇਖ ਲਏ ਹਾਲਾਤ ਤੇਰੇ ਸ਼ਹਿਰ ਦੇ।
ਹੁਣ ਪਰਿੰਦੇ ਵੀ ਨਹੀਂ ਏਥੇ ਠਹਿਰ ਦੇ।

ਨੇਕ ਮਨਸੂਬੇ ਨਜ਼ਰ ਆਉਂਦੇ ਨਹੀਂ,
ਹਰ ਸਮੇਂ ਜੋ ਚੜ੍ਹੀ ਰਹਿੰਦੀ ਗਹਿਰ ਦੇ।

ਨਿਮਰਤਾ ਤੇ ਸਾਦਗੀ ਮਿਲਦੀ ਨਹੀਂ,
ਖੋਟ ਡਿੱਠੇ ਮੈਂ ਦਿਲਾਂ ਵਿੱਚ ਕਹਿਰ ਦੇ।

ਸ਼ੂਕਦੇ ਹਨ ਵਾਂਗ ਸੱਪਾਂ ਦੇ ਬਸ਼ਰ,
ਸਾਹ ਇਨ ਾਂ ਦੇ ਵੀ ਭਰੇ ਹਨ, ਜ਼ਹਿਰ ਦੇ।

ਲਿਖਦਾ ਹਾਂ ਉਸ ਦੇ ਲਈ ਹਰ ਰੋਜ਼ ਹੀ,
ਗੀਤ, ਗ਼ਜ਼ਲਾਂ ਬੈਠ ਕੰਢੇ ਨਹਿਰ ਦੇ।

ਬਲਬਲੇ ਦਿਲ ਵਿੱਚ ਜਦੋਂ ਉੱਠਣ ਮੇਰੇ,
ਕਾਇਦੇ ਕਾਨੂੰਨ ਭੁੱਲ ਜਾਵਾਂ ਬਹਿਰ ਦੇ।

ਖ਼ੂਬਸੂਰਤ ਨਜ਼ਰ ਆਉਂਦੀ ਹੈ ਬਹੁਤ,
ਸਦਕੇ ਜਾਂ ਸਾਗਰ 'ਚ ਉੱਠਦੀ ਲਹਿਰ ਦੇ।

ਧੁੱਪ ਤਾਂ ਆਖਿਰ ਨੂੰ ਪੈਂਦੀ ਹੈ ਬਹੁਤ,
ਰੰਗ 'ਸਰਵਣ' ਵਖਰੇ ਸਿਖਰ ਦੁਪਿਹਰ ਦੇ।

# ਗ਼ਜ਼ਲ

ਹਨੇਰਾ ਬੜਾ ਹੈ, ਕੋਈ ਦੀਪਕ ਜਲਾਓ।
ਤੁਸੀਂ ਭਟਕੇ ਰਾਹੀ ਨੂੰ ਮੰਜ਼ਿਲ ਦਿਖਾਓ।

ਕਿਉਂ ਸ਼ੋਰ ਕਾਵਾਂ ਮਚਾਇਆ ਹੈ ਏਥੇ,
ਹੈ ਹੰਸਾਂ ਦੀ ਬਸਤੀ ਇਨ੍ਹਾਂ ਨੂੰ ਭਜਾਓ।

ਰਹੇ ਨਾ ਉਦਾਸੀ ਮਿਲੇ ਤਾਜ਼ਗੀ ਹੀ,
ਤੁਸੀਂ ਗੀਤ ਐਸਾ ਕੋਈ ਗੁਨਗੁਨਾਓ।

ਨਹੀਂ ਮਿਲਦੀ ਉੱਘ-ਸੁੱਘ ਕੋਈ ਸੱਜਣਾ ਦੀ,
ਕੁਈ ਤਾਂ ਸੁਨੇਹਾ ਦੇ ਜਾਵੋ ਹਵਾਓ।

ਨਾ ਉਸਰੇ ਦਿਲਾਂ ਵਿੱਚ ਦੀਵਾਰੇ-ਨਫ਼ਰਤ,
ਅਮਨ ਚੈਨ ਸਾਰੇ ਹੀ ਜੱਗ ਵਿੱਚ ਫੈਲਾਓ।

ਹੈ ਕਾਦਰ ਦੀ ਦੁਨੀਆ ਬੜੀ ਸ਼ਾਨਾਮੱਤੀ,
ਹਮੇਸ਼ਾ ਤੁਸੀਂ ਗੀਤ ਉਲਫ਼ਤ ਦੇ ਗਾਓ।

ਨਦੀਆਂ ਅਤੇ ਦਰਿਆ ਨੇ ਏਥੇ ਬਥੇਰੇ,
ਪਿਆਸੇ ਨੂੰ ਦੋ ਘੁੱਟ ਪਾਣੀ ਤਾਂ ਪਿਆਓ।

ਅਯਾਸ਼ੀ 'ਚ ਹਸ ਹਸ ਕੇ ਜੀਵਨ ਲੰਘਾਇਆ,
ਬੁਢਾਪਾ ਕਹੇ ਹੁਣ ਕੋਈ ਮੈਨੂੰ ਬਚਾਓ।

ਇਕੱਠੀ ਰਿਹ ਕਰਦਾ ਮਾਇਆ ਉਮਰ ਭਰ,
ਗਿਆ ਖਾਲੀ ਹੱਥ ਏਥੋਂ 'ਸਰਵਣ' ਭਰਾਓ।

# .ਗ਼ਜ਼ਲ

ਖ਼ੂਬਸੂਰਤ ਸ਼ਰਾਰਤ ਕੋਈ ਕਰ ਦਿਓ।
ਜ਼ਿੰਦਗੀ ਵਿੱਚ ਰੰਗੀਨੀਆਂ ਭਰ ਦਿਓ।

ਜਾਲ ਵਿੱਚ ਮੈਂ ਤੁਹਾਡੇ ਤਾਂ ਫਸ ਹਾਂ ਗਿਆ,
ਕੈਦ ਚਾਹੇ ਕਰੋ ਜਾਂ ਰਿਹਾ ਕਰ ਦਿਓ।

ਬੇ-ਸਹਾਰਾ ਭਟਕਦਾ ਹਾਂ ਫਿਰ ਰਿਹਾ,
ਸਿਰ ਛੁਪਾਣੇ ਨੂੰ ਕੋਈ ਤਾਂ ਦਰ ਦਿਓ।

ਪੀ ਕੇ ਵੇਖੀ ਬੜੀ, ਨੈਣਾਂ 'ਚੋਂ ਅੱਜ ਪਿਲਾ,
ਹੋਸ਼ ਆਏ ਨਾ ਐਸਾ ਅਸਰ ਕਰ ਦਿਓ।

ਗੀਤ ਗਾਈਏ ਤੇ ਮੁਸਕਾ ਕੇ ਝੂਮੀਏ,
ਦੋਸਤੋ! ਐਸਾ ਤਾਂ ਕੋਈ ਵਰ ਦਿਓ।

ਕੋਲ ਆਓ ਤਾਂ ਸਹੀ, ਨੈਣ 'ਚ ਨੈਣਾਂ ਪਾ,
ਏਸ ਪੰਛੀ ਨੂੰ ਉਡਣੇ ਲਈ ਪਰ ਦਿਓ।

ਹੁਸਨ ਅੱਲਾ ਨੇ ਹੈ ਬਖ਼ਸ਼ਿਆ ਆਪ ਨੂੰ,
ਰੋਅਬ ਸਰਵਣ 'ਤੇ, ਐਵੇਂ ਨਾ ਡਰ ਦਿਓ।

# ਸੱਤਪਾਲ ਸਾਹਲੋਂ




ਨਾਮ ਅਤੇ ਕਲਮੀ ਨਾਮ : ਸਤਪਾਲ ਸਾਹਲੋਂ

ਪਤਾ : ਪਿੰਡ ਅਤੇ ਡਾਕ. ਸਾਹਲੋਂ
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

ਮੋਬਾਇਲ : +91 98156–55071

ਈ–ਮੇਲ : **satpalsahlon2@gmail.com**


ਵਿੱਦਿਅਕ ਯੋਗਤਾ : ਮੈਟ੍ਰਿਕ, ਗਿਆਨੀ, ਜੇ. ਬੀ. ਟੀ.

ਕਾਰੋਬਾਰ : ਰਿਟਾਇਰਡ ਸੈਂਟਰ ਹੈੱਡ ਟੀਚਰ

ਸਾਹਿਤਕ ਪ੍ਰਾਪਤੀਆਂ : ਪ੍ਰਧਾਨ-ਸ੍ਰੀ ਗੁਰੂ ਰਵਿਦਾਸ ਸਾਹਿਤ ਸੰਸਥਾ ਰਜਿ. ਪੰਜਾਬ
: ਪ੍ਰਧਾਨ-ਨਵਜੋਤ ਸਾਹਿਤ ਸੰਸਥਾ ਰਜਿ. ਔੜ (ਸ.ਭ.ਸ. ਨਗਰ)
ਪ੍ਰਧਾਨ-ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਰਜਿ. (ਨਵਾਂ ਸ਼ਹਿਰ)
ਸੰਪਾਦਕ-ਅਦਬੀ ਮਹਿਕ-ਮਾਸਿਕ ਮੈਗਜ਼ੀਨ

ਪੁਸਤਕਾਂ : ਚੁੱਪ ਦੀ ਆਵਾਜ਼ (ਗ਼ਜ਼ਲ ਸੰਗ੍ਰਹਿ)
ਫੁੱਲਵਾੜੀ (ਬਾਲ ਗੀਤ ਸੰਗ੍ਰਹਿ)
ਛੋਟੀ ਲੀਕ ਤੋਂ ਪਰ੍ਹੇ (ਸੰਪਾਦਿਤ ਗੀਤ ਸੰਗ੍ਰਹਿ)
ਕ੍ਰਾਂਤੀਕਾਰੀ ਡਾ. ਅੰਬੇਡਕਰ (ਸੰਪਾਦਿਤ ਗੀਤ ਸੰਗ੍ਰਹਿ)
ਸ੍ਰੀ ਗੁਰੂ ਰਵਿਦਾਸ ਮਹਿਮਾ (ਸੰਪਾਦਿਤ ਪੁਸਤਕ)
ਸਮਾਜਿਕ ਚੇਤਨਾ ਚਿੰਤਨ (ਸੰਪਾਦਤ ਲੇਖ ਸੰਗ੍ਰਹਿ)

# ਵੇਖ ਲਿਆ

ਕਤਰਾ ਇੱਕ ਸਮੁੰਦਰ ਬਣਦਾ ਵੇਖ ਲਿਆ।
ਮੈਂ ਜ਼ਰੇ ਤੋਂ ਪੱਥਰ ਬਣਦਾ ਵੇਖ ਲਿਆ।

ਲੋੜ ਪਵੇਗੀ ਹੁਣ ਨਵਿਆਂ ਅਕਾਰਾਂ ਦੀ,
ਮੈਂ ਬਿੰਦੂ ਤੋਂ ਚੱਕਰ ਬਣਦਾ ਵੇਖ ਲਿਆ।

ਹਾਹੇ ਤੋਂ ਹੰਗਾਮੇ ਹੁੰਦੇ ਵੇਖ ਲਏ,
ਮੈਂ ਤਿਣਕੇ ਦਾ ਸੱਥਰ ਬਣਦਾ ਵੇਖ ਲਿਆ।

ਅਪਣੇ ਦਿਲ ਦੇ ਤਖ਼ਤ ਬਿਠਾਇਆ ਸੀ ਜਿਸ ਨੂੰ,
ਮੈਂ ਉਹ ਸੁੱਕਾ ਪੱਤਰ ਬਣਦਾ ਵੇਖ ਲਿਆ।

ਟਾਹਣੀ ਉੱਤੇ ਮਹਿਕੀ ਰੀਝ ਪਰਿੰਦੇ ਦੀ,
ਇਹਨਾਂ ਅੱਖਾਂ ਨੇ ਘਰ ਬਣਦਾ ਵੇਖ ਲਿਆ।

ਆਪਣੇ ਜਾਲ਼ 'ਚ ਫਸਦੇ ਤੱਕਿਆ ਹੈ ਉਸ ਨੂੰ,
ਮੈਂ ਉਸ ਨੂੰ ਨਿਰਉੱਤਰ ਬਣਦਾ ਵੇਖ ਲਿਆ।

'ਸਾਹਲੋਂ' ਧਰਤੀ ਵੇਖੀ ਸੁਰਖ ਦੁਪੱਟੇ ਵਿੱਚ,
ਸੂਹਾ ਸੂਹਾ ਅੰਬਰ ਬਣਦਾ ਵੇਖ ਲਿਆ।

# ਨਫ਼ਰਤ ਦੀ ਕੰਧ

ਨਫ਼ਰਤ ਦੀ ਕੰਧ ਤੂੰ ਜਿਹੜੀ ਬਣਵਾਈ ਹੈ।
ਇਸ ਦੇ ਉੱਤੇ ਲਾਸ਼ਾਂ ਦੀ ਪਰਛਾਈ ਹੈ।

ਕਿੱਦਾਂ ਸਾਡੇ ਪੈਰ ਦਿਸ਼ਾਵਾਂ ਲੱਭਣਗੇ,
ਜਦ ਮੰਜ਼ਿਲ ਦਾ ਹਰ ਇੱਕ ਰਾਹ ਹਰਜਾਈ ਹੈ।

ਮੈਂ ਤਾਂ ਸਾਰੀ ਉਮਰ ਬਿਤਾਈ ਏਦਾਂ ਹੀ,
ਤੇਰੇ ਉੱਤੇ ਤਾਂ ਮੁਸ਼ਕਿਲ ਹੁਣ ਆਈ ਹੈ।

ਮਜ਼ਦੂਰੀ ਕਰ ਕਰ ਕੇ ਪਾਲ਼ੇ ਪੁੱਤਾਂ ਨੂੰ
ਨਾ ਰੁਜ਼ਗਾਰ ਮਿਲੇ ਤੇ ਨਾ ਸੁਣਵਾਈ ਹੈ।

ਵਾਇਰਸ ਖਤਮ ਕਰਾਂਗੇ ਤੇਰੇ ਦਿਲ ਵਿੱਚੋਂ,
ਐਂਟੀ ਵਾਇਰਸ ਲੈ ਕੇ ਜੰਤਾ ਆਈ ਹੈ।

ਸੀਸ ਮਹਿਲ ਦੀ ਬੱਤੀ ਗੁਲ ਕਰਾਂਗੇ ਹੁਣ,
ਕੁੱਲੀਆਂ ਅੰਦਰ ਪਹੁੰਚ ਗਈ ਰੁਸ਼ਨਾਈ ਹੈ।

ਜੇ ਵੇਲੇ ਦਾ ਰਾਗ ਸੁਣਾਵੇਂਗਾ 'ਸਾਹਲੋਂ'
ਫਿਰ ਹੀ ਸਾਡੀ ਹੱਲ ਹੋਣੀ ਕਠਿਨਾਈ ਹੈ।

# ਪਰਦਾ ਹੈ

ਦੁਨੀਆਦਾਰੀ ਹੈ ਇਹ ਬਸ ਇੱਕ ਪਰਦਾ ਹੈ।
ਬਿਨ ਮਤਲਵ ਤੋਂ ਕੌਣ ਮੁਹੱਬਤ ਕਰਦਾ ਹੈ।

ਜੀਵਨ ਦੇ ਸਾਗਰ ਵਿੱਚ ਡੁੱਬੇ ਹਨ ਬਹੁਤੇ,
ਜਿਸ ਵਿੱਚ ਹਿੰਮਤ ਹੈ ਉਹ ਇਸ ਨੂੰ ਤਰਦਾ ਹੈ।

’ਨੇਰੇ ਰਸਤੇ ਉਹ ਬੰਦਾ ਰੁਸ਼ਨਾਏਗਾ,
ਜੋ ਆਪਣੇ ਹਿੱਸੇ ਦੀ ਧੁੰਧ ਨੂੰ ਵਰਦਾ ਹੈ।

ਉਹ ਆਵੇ ਤਾਂ ਚਾਨਣ ਚਾਨਣ ਹੋ ਜਾਵੇ,
ਮੇਰਾ ਤਪਦਾ ਹੋਇਆ ਸੀਨਾ ਠਰਦਾ ਹੈ।

ਮੋਹ ਮਾਇਆ ਨੇ ਸਾਰੇ ਜਕੜੇ ਹੋਏ ਹਨ,
ਬੇਗਾਨਾ ਹੈ, ਭਾਣੇ ਅਪਣੇ ਘਰ ਦਾ ਹੈ।

ਜਦ ਤੋਂ ਗੁੰਮੇ ਸੁਪਨੇ ਲੱਭੇ ਹਨ ਮੈਨੂੰ,
ਮੇਰਾ ਦਿਲ ਅੰਬਰ ਉੱਤੇ ਤਰਦਾ ਹੈ।

ਸਾਹਾਂ ਦੀ ਡੋਰੀ ਹੈ ਹੱਥ ਵਿੱਚ ਰਾਂਝਣ ਦੇ
ਐਵੇਂ ਸਾਹਲੋਂ ਮੇਰੀ ਮੇਰੀ ਕਰਦਾ ਹੈ।

# ਦੇਸ਼ ਪਿਆਰਾ

ਜਿੱਥੇ ਹਨ ਬੇ-ਦਰਦ ਸਰਾਵਾਂ, ਇਹ ਹੈ ਮੇਰਾ ਦੇਸ਼ ਪਿਆਰਾ।
ਜਿੱਥੇ ਜਾਨਾਂ ਲੈਣ ਹਵਾਵਾਂ, ਇਹ ਹੈ ਮੇਰਾ ਦੇਸ਼ ਪਿਆਰਾ।

ਮੈਨੂੰ ਗ਼ਮ ਖਾਣੇ ਨੂੰ ਦਿੰਦੈ ਤੇ ਪੀਣੇ ਨੂੰ ਹੰਝੂ ਦੇਵੇ,
ਜੇਸ ਲਈ ਮੈਂ ਮਰਦਾ ਜਾਵਾਂ, ਇਹ ਹੈ ਮੇਰਾ ਦੇਸ਼ ਪਿਆਰਾ।

ਖਤਰੇ ਵਿੱਚ ਚਿੜੀਆਂ ਦਾ ਚੰਬਾ, ਜਿੱਥੇ ਨੰਨੇ ਬੱਚੇ ਵਿਲਕਣ,
ਜਿੱਥੇ ਹੰਝੂ ਕੇਰਨ ਮਾਵਾਂ, ਇਹ ਹੈ ਮੇਰਾ ਦੇਸ਼ ਪਿਆਰਾ।

ਨੰਗੇ ਪਿੰਡੇ ਸੜਕਾਂ ਉੱਤੇ, ਸੁੱਤੇ ਨੇ ਕੁੱਝ ਮੋਏ ਸੁਪਨੇ,
ਰੌਸ਼ਨੀਆਂ ਵਿੱਚ ਰਹਿਣ ਬਲਾਵਾਂ, ਇਹ ਹੈ ਮੇਰਾ ਦੇਸ਼ ਪਿਆਰਾ।

ਜਿੱਥੇ ਲਾਸ਼ਾ ਉੱਗਦੀਆਂ ਹਨ ਤੇ ਨਫ਼ਰਤ ਦੀ ਹੋਵੇ ਖੇਤੀ,
ਮੈਂ ਅਪਣੇ ਦਿਲ ਨੂੰ ਸਮਝਾਵਾਂ, ਇਹ ਹੈ ਮੇਰਾ ਦੇਸ਼ ਪਿਆਰਾ।

ਜਾਤਾਂ-ਪਾਤਾਂ, ਊਚਾਂ-ਨੀਚਾਂ ਦੀ ਜਿੱਥੇ ਹੈ ਜਕੜਨ ਪੀਡੀ,
ਛੂਆ ਛਾਤ ਦੀਆਂ ਵਗਣ ਹਵਾਵਾਂ, ਇਹ ਹੈ ਮੇਰਾ ਦੇਸ਼ ਪਿਆਰਾ।

'ਸਾਹਲੋ' ਜਿਸ ਦਾ ਹਰ ਇੱਕ ਰਸਤਾ, ਤਲਵਾਰਾਂ ਦੀ ਛਾਂ ਹੇਠਾਂ ਹੈ,
ਹੈ ਜਿਸਦਾ ਸੂਹਾ ਪਰਛਾਵਾਂ, ਇਹ ਹੈ ਮੇਰਾ ਦੇਸ਼ ਪਿਆਰਾ।

# *68* ਮਨੋਜ ਫਗਵਾੜਵੀ



| | |
|---|---|
| ਨਾਮ | : ਮਨੋਜ ਕੁਮਾਰ |
| ਕਲਮੀ ਨਾਮ | : ਮਨੋਜ ਫਗਵਾੜਵੀ |
| ਪਤਾ | : 6/3 ਪ੍ਰੀਤ ਨਗਰ, ਫਗਵਾੜਾ-144 402 |
| ਮੋਬਾਇਲ | : 92178-89160 |
| ਈ-ਮੇਲ | : **manojphagwarvi@yahoo.in** |
| ਵਿੱਦਿਅਕ ਯੋਗਤਾ | : ਐਮ. ਏ. ਅਰਥ ਸ਼ਾਸਤਰ **Honrary Dr.** |
| ਕਾਰੋਬਾਰ | : ਰਿਟਾਇਰਡ ਬੈਂਕ ਅਧਿਕਾਰੀ |
| ਸਾਹਿਤਕ ਪ੍ਰਾਪਤੀਆਂ | : ਪ੍ਰਧਾਨ -ਕੋਮਲ ਕਲਾਵਾਂ ਸਾਹਿਤਕ ਅਤੇ ਸੱਭਿਆਚਾਰ ਸੰਸਥਾ (ਫਗਵਾੜਾ)<br>ਸੰਰਕਰਸ਼ਨ - ਸਕੇਪ ਸਾਹਿਤਕ ਸਭਾ (ਫਗਵਾੜਾ)<br>ਮੈਂਬਰ - ਕੇਂਦਰੀ ਲੇਖਕ ਸਭਾ, ਲੁਧਿਆਣਾ<br>ਨਿਮੰਤਰਿਤ ਮੈਂਬਰ - ਕੇਂਦਰੀ ਲੇਖਕ ਸਭਾ, (ਸੇਖੋਂ) ਰਜਿ.<br>ਮੈਂਬਰ - ਬਲੱਡ ਬੈਂਕ ਡੋਨਰ ਕਲੱਬ, ਫਗਵਾੜਾ |
| ਪੁਸਤਕਾਂ | : * ਕਲਮਾਂ ਦੇ ਯੋਧੇ<br>* ਸਪਤਰਿਸ਼ੀ, ਭਾਗ-1, ਸਪਤਰਿਸ਼ੀ, ਭਾਗ-2<br>* ਸੱਤ ਰੰਗ ਸ਼ਾਇਰੀ ਦੇ * ਸ਼ਬਦ ਸਿਰਨਹਾਰੇ<br>* ਸੋਚਾਂ ਦੇ ਪਰਿੰਦੇ * ਡਾਲ-ਡਾਲ ਦੇ ਪੰਛੀ<br>* ਦੋ ਰੰਗ (ਛਪਾਈ ਅਧੀਨ) |

# .ਗਜ਼ਲ

ਆਪਣਾ ਪਿਆਰਾ ਵੀ ਜਿਸਦੇ ਨਾਲ ਹੈ।
ਜ਼ਿੰਦਗੀ ਬੱਸ ਉਸ ਦੀ ਖੁਸ਼ਹਾਲ ਹੈ।

ਮਿਲ ਰਹੀ ਰੋਟੀ ਨਹੀਂ ਤੰਗ ਦਸਤ ਨੂੰ,
ਪਰ ਅਮੀਰੀ ਹੋਰ ਮਾਲਾਮਾਲ ਹੈ।

ਉਂਝ ਤਾਂ ਦੁਨੀਆਂ 'ਚ ਮਿਲਦੇ ਬਹੁਤ ਹੀ,
ਉਹ ਮਿਲੇ ਨਾ ਜਿਸਦੀ ਮੈਨੂੰ ਭਾਲ ਹੈ।

ਬੱਚ ਕੇ ਅਪਨਾ ਚੋਗ ਚੁਗ ਤੂੰ ਪੰਛੀਆ,
ਤੇਰੇ ਹਰ ਪਾਸੇ ਹੀ ਵਿਛਿਆ ਜਾਲ ਹੈ।

ਝੂਠ ਦੁਨੀਆ ਵਿੱਚ ਮਿਲੇ ਬਿਨ ਮੰਗਿਓਂ,
ਸਿਰਫ ਇੱਥੇ ਸੱਚ ਦਾ ਹੀ ਕਾਲ ਹੈ।

ਫਿਰ ਮਰੀਜ਼ਾਂ ਦੇ ਬਣੀ ਹੈ ਜਾਨ 'ਤੇ,
ਫੇਰ ਮੇਰੇ ਸ਼ਹਿਰ ਵਿੱਚ ਹੜਤਾਲ ਹੈ।

ਹੋ ਰਹੇ ਹਨ ਹਾਦਸੇ ਦਰ ਹਾਦਸੇ,
ਚੜ ਗਿਆ ਇਹ ਕਿਸ ਤਰ੍ਹਾਂ ਦਾ ਸਾਲ ਹੈ।

ਅਪਣੀ ਮਾਂ ਬੋਲੀ ਨੂੰ ਮਿਹਣਾ ਮਾਰਨਾ,
ਦੁਨੀਆਂ ਵਿੱਚ ਸਭ ਤੋਂ ਗੰਦੀ ਗਾਲ਼ ਹੈ।

ਸ਼ਾਇਰੀ ਬੱਚਿਆਂ ਦੀ ਕੋਈ ਖੇਡ ਨਾ,
ਇਹ ਸਫ਼ਰ ਔਖਾ ਹੈ, ਮੁਸ਼ਕਿਲ ਘਾਲ ਹੈ।

ਉਹ ਕਰੇ ਉਸਤਤ ਮੇਰੀ ਅੱਜ-ਕੱਲ ਬੜੀ,
ਜਾਪਦਾ ਹੈ ਇਸ ਵਿੱਚ ਚਾਲ ਹੈ।

ਉਸ ਕੋਲੋਂ ਵਿਛੜਕੇ "ਫਗਵਾੜਵੀ"
ਮੇਰੀਆਂ ਅੱਖਾਂ ਦਾ ਮੰਦਾ ਹਾਲ ਹੈ।

# ਗ਼ਜ਼ਲ

ਮੇਰਾ ਸਭ ਦੇ ਸੰਗ ਇੱਕ ਰਿਸ਼ਤਾ ਲੱਗਦਾ ਹੈ।
ਜਿਸ ਵੱਲ ਵੀ ਵੇਖਾਂ ਉਹ ਅਪਣਾ ਲੱਗਦਾ ਹੈ।

ਵੰਡ ਰਿਹਾ ਹੈ ਸਭ ਕੁੱਝ ਅਪਣਾ ਸਭਨਾਂ ਨੂੰ,
ਸਚਮੁੱਚ ਮੈਨੂੰ ਉਹ ਰੱਬ ਵਰਗਾ ਲੱਗਦਾ ਹੈ।

ਉਂਝ ਤਾਂ ਆਪਾਂ ਗ਼ਜ਼ਲਾਂ ਲਿਖਿਆਂ ਨੇ ਬੜੀਆਂ,
ਉਹੀ ਸ਼ੇਅਰ ਹੈ ਜੋ ਉਸ ਵਰਗਾ ਲੱਗਦਾ ਹੈ।

ਜੀਵਨ ਦੇ ਵਿੱਚ ਆਉਂਦਾ ਜਾਂਦਾ ਹਰ ਮੌਸਮ,
ਭੈਣ ਭਰਾਵਾਂ ਨਾਲ ਹੀ ਚੰਗਾ ਲੱਗਦਾ ਹੈ।

ਅੱਜ ਅਚਾਨਕ ਕੌਣ ਮੇਰੇ ਘਰ ਆਇਆ ਹੈ,
ਮੇਰਾ ਵਿਹੜਾ ਭਰਿਆ ਭਰਿਆ ਲੱਗਦਾ ਹੈ।

ਸਰਦੀ ਵਿੱਚ ਜਦ ਧੁੱਪ ਵਿੱਚ ਬਹਿੰਦੈ ਤਾਂ ਉਸ ਨੂੰ,
ਪੀਲਾ ਸੂਟ ਬੜਾ ਹੀ ਚੰਗਾ ਲੱਗਦਾ ਹੈ।

ਉਹ ਹੈ ਦੂਰ 'ਮਨੋਜ' ਕਰੇ ਕੀ ਹੁਣ ਤੂੰ,
ਜਿਉਂਦੇ ਜੀਅ ਉਹ ਮਰਿਆ ਮਰਿਆ ਲੱਗਦਾ ਹੈ।

# ਗ਼ਜ਼ਲ

ਜਿਸ ਥਾਂ ਤੇ ਯਾਰ ਮੇਰਾ ਉਹ ਕਾਮਿਲ ਨਹੀਂ ਹੁੰਦਾ।
ਉਸ ਥਾਂ ਤੇ ਖੁਸ਼ੀ ਦਾ ਰੰਗ ਕੋਈ ਸ਼ਾਮਿਲ ਨਹੀਂ ਹੁੰਦਾ।

ਕਿਸੇ ਦਾ ਦਰਦ ਦੇਖ ਕੇ ਜੋ ਨਾ ਪਸੀਜੇ,
ਪੱਥਰ ਤਾਂ ਹੋ ਸਕਦਾ ਮਗਰ ਉਹ ਦਿਲ ਨਹੀਂ ਹੁੰਦਾ।

ਧਰਤੀ ਪਤਾਲ ਅਰਸ਼ ਇੱਕ ਕਰ ਸਕਦੈ ਆਦਮੀ,
ਮਿਹਨਤ ਅੱਗੇ ਕੋਈ ਵੀ ਕੰਮ ਮੁਸ਼ਕਿਲ ਨਹੀਂ ਹੁੰਦਾ।

ਨਫ਼ਰਤ ਵਸਾ ਕੇ ਦਿਲ ਵਿੱਚ ਲੱਭਦਾ ਏਂ ਪਿਆਰ ਤੂੰ,
ਕਾਤਿਲ ਕਦੇ ਸਤਿਕਾਰ ਦੇ ਕਾਬਿਲ ਨਹੀਂ ਹੁੰਦਾ।

ਨਜ਼ਰਾਂ ਦੇ ਤਿੱਖੇ ਤੀਰਾਂ ਨਾਲ ਜੋ ਮਾਰੇ ਝੱਟ ਪੱਟ,
ਕੱਤਲ ਤਾਂ ਕਰਦਾ ਹੈ ਉਹ, ਪਰ ਕਾਤਿਲ ਨਹੀਂ ਹੁੰਦਾ।

ਤੂਫ਼ਾਨ ਨਾਲ ਲੜਨਾ ਸਾਡੀ ਫ਼ਿਤਰਤ ਵਿੱਚ ਲਿਖਿਆ ਏ,
ਪਰ ਅਸੀਂ ਉਹ ਸਮੁੰਦਰ ਹਾਂ ਜਿਸਦਾ ਸਾਹਿਲ ਨਹੀਂ ਹੁੰਦਾ।

ਕਰਦਾ ਫਿਰੇ 'ਮਨੋਜ' ਤੂੰ ਹਰ ਤਰਫ ਦਿਲ-ਲੱਗੀ,
ਮੰਨਿਆਂ ਦੀਵਾਨਾ ਦਿਲ ਮਗਰ ਪਾਗਲ ਨਹੀਂ ਹੁੰਦਾ।

# ਗ਼ਜ਼ਲ

ਅਮਨ ਦਾ ਇੱਕ ਪਰਿੰਦਾ, ਬੇਵੱਸ ਤੇ ਬੇਪਰ ਹੋਇਆ।
ਅੱਜ-ਕੱਲ ਹਰ ਇਨਸਾਨ ਦਾ ਦੇਖੋ, ਦਿਲ ਕਿੰਨਾ ਪੱਥਰ ਹੋਇਆ।

ਚੱਪਾ ਚੱਪਾ ਧਰਤੀ ਵੰਡ ਕੇ ਸਾਨੂੰ ਚੈਨ ਮਿਲੀ ਹੀ ਨਾ ਹਾਲੇ,
ਅੱਜ-ਕੱਲ ਸਾਡੇ ਸੁਫਨਿਆਂ ਦੇ ਵਿੱਚ ਟੁਕੜੇ ਟੁਕੜੇ ਅੰਬਰ ਹੋਇਆ।

ਫਿਰਕਾ ਪ੍ਰਸਤੀ ਮਿਟ ਜਾਂਦੀ ਹੈ, ਕੁਦਰਤ ਦੀ ਤਰਥੱਲੀ ਵਿੱਚ,
ਸਭ ਦਾ ਇੱਕੋ ਧਰਮ ਜੋ ਹੋਇਆ ਵਕਤ ਸਿਕੰਦਰ ਹੋਇਆ।

ਰੁੱਸਿਆ ਸੱਜਣ ਮੇਰੇ ਵਿਹੜੇ ਮੁੜ ਕੇ ਗੇੜਾ ਮਾਰ ਗਿਆ,
ਲੋਕਾਂ ਲਈ ਹੈ ਜੂਨ ਮਹੀਨਾ, ਸਾਡੇ ਲਈ ਦਿਸੰਬਰ ਹੋਇਆ।

ਇਹ ਨਾ ਦੇਖ ਕਿੰਨਾ ਖੁਸ਼ ਹਾਂ ਮੈਂ ਆਪਨੀ ਦੁਨੀਆਂ ਦੇ ਵਿੱਚ,
ਉਹ ਮਹਿਸੂਸ ਕਰਕੇ ਦੇਖੀਂ, ਜੋ ਮੇਰੇ ਦਿਲ ਅੰਦਰ ਹੋਇਆ।

ਮੰਦਰ ਮਸਜਿਦ ਨੂੰ ਨਾ ਢਾਓ, ਜੋੜੋ ਦਿਲ ਦੀਆਂ ਤਾਰਾਂ ਨੂੰ,
ਮਾਨਵਤਾ ਤੋਂ ਹੱਟ ਕੇ ਜੱਗ ਵਿੱਚ ਹਰ ਕੁਝ ਹੀ ਭਅੰਕਰ ਹੋਇਆ।

ਸ਼ੌਂਕ ਨਾਲ ਤੋੜੋ ਤਾਰੇ, ਭਾਵੇਂ ਚੰਨ ਜ਼ਮੀ 'ਤੇ ਲੈ ਆਵੋ,
ਹਾਲ ਬੁਰਾ ਹੋਵੇਗਾ ਜਦੋਂ ਇਨਸਾਨ ਕੋਈ ਪਤੰਦਰ ਹੋਇਆ।

ਰੱਬ ਦੀ ਪੂਜਾ ਹੁੰਦੀ ਹੈ ਇਨਸਾਨ ਦੀ ਇਬਾਦਤ ਯਾਰੋ,
ਮੇਰੇ ਲਈ ਹਰ ਇੱਕ ਗਿਰਜਾ, ਮਸਜਿਦ, ਮੰਦਰ ਹੋਇਆ।

# 69 ਗੁਰਦਿਆਲ ਰੌਸ਼ਨ



ਨਾਮ ਅਤੇ ਕਲਮੀ ਨਾਮ : ਗੁਰਦਿਆਲ ਰੌਸ਼ਨ

ਮੋਬਾਇਲ : +91 99884-44002

ਈ-ਮੇਲ : **gurdialraushan@gmail.com**

ਵਿੱਦਿਅਕ ਯੋਗਤਾ : ਬੀ.ਏ., ਡਿਪਲੋਮਾ ਆਰਟ ਐਂਡ ਕਰਾਫ਼ਟ ਟੀਚਰ

ਕਾਰੋਬਾਰ : ਸੇਵਾ ਮੁਕਤ ਅਧਿਆਪਕ

ਸਾਹਿਤਕ ਪ੍ਰਾਪਤੀਆਂ : ਜਾਨਸ਼ੀਨ 'ਦੀਪਕ ਗ਼ਜ਼ਲ ਸਕੂਲ', ਅਨੇਕਾਂ ਸਿਖਿਆਰਥੀ, ਦੇਸ਼-ਵਿਦੇਸ਼ ਵਿੱਚ ਅਨੇਕਾਂ ਮਾਣ ਸਨਮਾਨ।

# ਰੱਖੇ ਹੋਏ ਨੇ

ਉਹਨਾਂ ਸਾਡੇ ਹਾਸੇ ਰੱਖੇ ਹੋਏ ਨੇ।
ਆਪਾਂ ਵੀ ਗੀਡਾਸੇ ਰੱਖੇ ਹੋਏ ਨੇ।

ਓਧਰ ਸੱਤ ਪੁਸ਼ਤਾਂ ਦਾ ਦਿੱਤਾ ਹੋਇਆ ਹੈ,
ਏਧਰ ਖ਼ਾਲੀ ਕਾਸੇ ਰੌਖੇ ਹੋਏ ਨੇ।

ਦੁਸ਼ਮਣ ਨੇ ਇਕ ਹੱਥ 'ਚ ਖ਼ੰਜਰ ਸਾਂਭੀ ਹੈ,
ਦੂਜੇ ਹੱਥ ਪਤਾਸੇ ਰੌਖੇ ਹੋਏ ਨੇ।

ਕਿੱਦਾਂ ਦੀ ਤਸਵੀਰ ਬਣਾਈ ਹੈ ਤੂੰ ਇਹ,
ਸਾਰੇ ਰੰਗ ਉਦਾਸੇ ਰੌਖੇ ਹੋਏ ਨੇ।

ਮੈਂ ਨਾ ਸੀ ਜਦ ਉਸ ਨੇ ਸਭ ਕੁੱਝ ਡੱਫ ਲਿਆ,
ਮੇਰੇ ਲਈ ਦੋ ਮਾਸੇ ਰੱਖੇ ਹੋਏ।

ਰਾਜ਼ ਤੇਰੇ ਸਭ ਯੋਗ ਸਮੇਂ 'ਤੇ ਖੋਲ੍ਹਾਂਗਾ,
ਮੈਂ ਵੀ ਬਹੁਤ ਖ਼ੁਲਾਸੇ ਰੱਖੇ ਹੋਏ।

ਚਾਲ ਨਜ਼ਰ ਆਉਂਦੀ ਹੈ ਸਾਫ਼ ਹਕੂਮਤ ਦੀ,
ਮੋਹਰੇ ਆਸੇ-ਪਾਸੇ ਰੱਖੇ ਹੋਏ

ਕੁੜੀਆਂ ਦੇ ਪਰਸਾਂ ਵਿਚ ਜਿੱਤ ਦੇ ਮੌਤਰ ਹਨ,
ਤੂੰ ਕਹਿੰਨੈਂ ਦੰਦਾਸੇ ਰੱਖੇ ਹੋਏ

ਮੌਦਰ ਦਾ ਦੁੱਧ ਪਹੁੰਚ ਰਿਹਾ ਹੈ ਨਾਲੇ ਵਿਚ,
ਏਧਰ ਬਾਲ ਪਿਆਸੇ ਰੱਖੇ ਹੋਏ ਨੇ

ਸਾਡਾ ਡੇਰਾ ਡਾਂਗਾਂ ਉੱਤੇ ਹੈ ਅਜ-ਕਲ੍ਹ
ਸੂਲੀ ਉੱਪਰ ਵਾਸੇ ਰੱਖੇ ਹੋਏ

# ਠੀਕ ਨਹੀਂ

ਸਭ ਕੁਝ ਹੀ ਬੇਸੁਰ ਹੈ, ਕੁਝ ਵੀ ਠੀਕ ਨਹੀਂ।
ਅਜ ਕਲ੍ਹ ਕੋਈ ਮੰਜ਼ਰ ਵੀ ਰਮਣੀਕ ਨਹੀਂ।

ਹਿੰਸਾਵਾਦੀ, ਭਾਵੇਂ ਮੈਨੂੰ ਬਾਗ਼ੀ ਕਹਿ,
ਤੇਰੀ ਹਸਤੀ ਮੈਂ ਕਰਦਾ ਤਸਦੀਕ ਨਹੀਂ।

ਸਬਰ ਅਗਰ ਭੜਕੇ ਨਾ, ਫਿਰ ਕੀ ਹੋਰ ਕਰੇ,
ਅੰਬਰ ਨੂੰ ਫ਼ਸਲਾਂ ਦੀ ਸੁਣਦੀ ਚੀਕ ਨਹੀਂ।

ਤੂੰ ਜੋ ਬੋਲੀ ਬੋਲ ਰਿਹਾ ਏਂ ਭਾਸ਼ਨ ਵਿੱਚ
ਇਹ ਖੇਤਾਂ ਦੀ ਕਵਿਤਾ ਦੇ ਪ੍ਰਤੀਕ ਨਹੀਂ।

ਤੂੰ ਹੀ ਖੜ੍ਹੀਆਂ ਕਰ ਲਈਆਂ ਨੇ ਦੀਵਾਰਾਂ,
ਮੈਂ ਤਾਂ ਹਾਲੇ ਤੀਕਰ ਖਿੱਚੀ ਲੀਕ ਨਹੀਂ।

ਮੈਨੂੰ ਹੂੰਗ ਰਹੇ ਨੂੰ, ਦੇਖੇਂ ਹੀ ਨਾ ਤੂੰ,
ਐ ਰਾਜਨ, ਮੈਂ ਏਨਾ ਵੀ ਬਰਿਕ ਨਹੀਂ।

ਸ਼ਾਇਰ ਹਾਂ, ਸੂਲੀ 'ਤੇ ਵੀ ਸੌਚ ਬੋਲਾਂਗਾ,
ਮੈਂ ਤੇਰੇ ਸਿੰਘਾਸਨ ਦਾ ਭਜਨੀਕ ਨਹੀਂ।

ਅੱਧੀ ਬਾਰਿਸ਼ ਜਲਵਾਸ਼ਪ ਬਣ ਜਾਂਦੀ ਹੈ,
ਮਾਰੂਥਲ ਹੀ ਸਭ ਕੁਝ ਜਾਂਦਾ ਡੀਕ ਨਹੀਂ।

ਆਖ ਦਿਓ ਕਿ ਮੂੰਹ ਨੂੰ ਕੁਝ ਆਰਾਮ ਦਏ,
ਜੇਕਰ ਉਸ ਨੂੰ ਬੋਲਣ ਦੀ ਤੌਫ਼ੀਕ ਨਹੀਂ।

ਚੋਟੀ ਜਿਹੜੀ ਬਿਲਕੁਲ ਨੇੜੇ ਲਗਦੀ ਹੈ,
ਅਸਲੀਅਤ ਵਿਚ ਉੱਕਾ ਹੀ ਨਜ਼ਦੀਕ ਨਹੀਂ।

ਉਹ ਕੁਝ ਜਲਦੀ ਹੋਣੇ ਵਾਲਾ ਹੈ 'ਰੌਸ਼ਨ',
ਏਸ ਵਤਨ ਵਿਚ ਜੋ ਹੋਇਆ ਹੁਣ ਤੀਕ ਨਹੀਂ।

# ਰਹਿਣ ਦੇ

ਮੋਟ ਨਾ, ਇੰਦਰਧਨੁੱਖੀ ਰੰਗ ਸੋਤੇ ਰਹਿਣ ਦੇ।
ਕੁਝ ਕੁ ਦਿਨ ਤਾਂ ਛੱਲੀਆਂ ਦੇ ਸੂਤ ਕੱਤੇ ਰਹਿਣ ਦੇ।
ਹੁਕਮਰਾਨਾ ਸੋਚ, ਰਾਹੀ ਰੁਲਣਗੇ ਛਾਵਾਂ ਬਿਨ੍ਹਾਂ,
ਪਾੜ ਸੁੱਟ ਬੋਝਲ ਕਿਤਾਬਾਂ ਹੁਣ ਇਨ੍ਹਾਂ ਦੀ ਲੋੜ ਕੀ,
ਐਂਗ ਸੇਕਣ ਵਾਸਤੇ ਸਰਦੀ 'ਚ, ਗੇਤੇ ਰਹਿਣ ਦੇ।
ਕੱਲ੍ਹ ਨੂੰ ਘਮਸਾਣ ਪੈ ਸਕਦਾ ਹੈ ਸਾਂਝੀ ਕੰਧ ਦਾ,
ਆਪਣੇ ਟੱਬਰ 'ਚ ਇਕ ਦੋ ਜੀਅ ਕੁਪੌਤੇ ਰਹਿਣ ਦੇ।
ਹਮਸਫ਼ਰ, ਤੈਨੂੰ ਮੁਬਾਰਕ ਪੁਤਲਿਆਂ ਦੀ ਸ਼ਾਇਰੀ,
ਸ਼ਿਅਰ ਤੂੰ ਮੇਰੀ ਗ਼ਜ਼ਲ ਦੇ ਰੰਗ ਰੌਤੇ ਰਹਿਣ ਦੇ।
ਨਾ ਇਨ੍ਹਾਂ ਉੱਤੇ ਸਿਆਹੀ ਫੇਰ, ਥੋੜ੍ਹੀ ਹੋਸ਼ ਕਰ,
ਤੂੰ ਸਫ਼ੇ ਇਤਿਹਾਸ ਦੇ ਕੁਝ ਮਾਣਮੇਤੇ ਰਹਿਣ ਦੇ।
ਤੋਂ ਬਾਜ਼ ਆ ਗਧਿਆ, ਸ਼ਰਾਫ਼ਤ ਨਾਲ ਚੱਲ,
ਨਾ ਕਰਾ ਬੈਠੀਂ ਕਿਤੇ ਸੇਵਾ, ਦੁਲੱਤੇ ਰਹਿਣ ਦੇ।
ਖੋਹੁਣ ਹੁਨਰ ਸਾਡੇ ਕੋਲ ਹਨ,
ਆਪਣੀ ਬਖ਼ਸ਼ੀਸ਼ ਦੇ ਕਿੱਸੇ ਘਤੱਤੇ ਰਹਿਣ ਦੇ।
ਵਕਤ ਦੱਸੇਗਾ, ਅਸੀਂ ਕੀ ਕਰਨ ਵਾਲੇ ਹਾਂ ਅਗਾਂਹ,
ਖੋਲ੍ਹ ਨਾ 'ਰੌਸ਼ਨ', ਅਜੇ ਤੂੰ ਬੰਦ ਪੱਤੇ ਰਹਿਣ ਦੇ।

# ਕਰਜ਼ਾ ਉਤਾਰ ਦੇਣਾ

ਤੂੰ ਮਰਨ ਪਿੱਛੋਂ ਮੇਰਾ, ਕਰਜ਼ਾ ਉਤਾਰ ਦੇਣਾ।
ਖੇਤਾਂ ਚ ਮੇਰੇ ਤਨ ਦੀ, ਮਿੱਟੀ ਖ਼ਿਲਾਰ ਦੇਣਾ।
ਬੱਦਲ, ਨਦੀ,ਹਵਾ ਦੀ ਰਫ਼ਤਾਰ ਕਦ ਰੁਕੀ ਹੈ।
ਇਹਨਾਂ ਨੇ ਚਲਦਿਆ ਹੀ, ਜੀਵਨ ਗੁਜ਼ਾਰ ਦੇਣਾ।
ਔਖਾ ਬੜਾ ਹੈ ਕਹਿਣਾ, ਵਲਿਦ ਨੂੰ ਸੀਸ ਦੇ ਦੇ,
ਫਿਰ ਓਸ ਪਿੱਛੋਂ ਆਪਣਾ ਪਰਿਵਾਰ ਵਾਰ ਦੇਣਾ।
ਸਾਡੇ ਖ਼ਿਲਾਫ਼ ਤੇਰਾ, ਐਲਾਨ ਤੈਅਸ਼ੁਦਾ ਸੀ,
ਜਿੰਦਾਦਿਲੀ ਸੀ ਸਾਡੀ, ਇਸ ਨੂੰ ਨਕਾਰ ਦੇਣਾ।
ਜੀਵਨ ਕਿਸੇ ਨੂੰ ਦੇਣਾ, ਸਾਡੀ ਪਰੰਪਰਾ ਹੈ,
ਇਤਿਹਾਸ ਹੈ ਤੁਹਾਡਾ, ਚਿੜੀਆਂ ਨੂੰ ਮਰ ਦੇਣਾ।
ਦੀਵਾ ਕਹੇ, ਮੈਂ ਬਲਦਾ ਰਹਿਣੈ ਸਵੇਰ ਤੀਕਰ,
ਜਦ ਰਾਤ ਮੁਕ ਗਈ ਤਾਂ, ਮੈਨੂੰ ਵਿਸਾਰ ਦੇਣਾ।
ਦੁੱਲੇ ਲੁਹਾਰਾ ਕਰਦੇ, ਤੂੰ ਤੀਰ ਤਿੱਖੇ ਮੇਰੇ,
ਤਲਵਾਰ ਹੈ ਜੋ ਖੂੰਡੀ, ਇਸ ਨੂੰ ਵੀ ਧਾਰ ਦੇਣਾ।
ਨਾਜ਼ੁਕ ਬਦਨ ਹੈ, ਫੁੱਲ ਤੋਂ ਕੋਮਲ ਜ਼ੁਬਾਨਦਾਨੀ,
ਰੌਸ਼ਨ ਨਾ ਤੂੰ ਗ਼ਜ਼ਲ ਦੇ ਵਸਤਰ ਉਤਾਰ ਦੇਣਾ।

# ਰਜਨੀ ਸ਼ਰਮਾ



ਨਾਮ ਅਤੇ ਕਲਮੀ ਨਾਮ : ਰਜਨੀ ਸ਼ਰਮਾ
ਪਤਾ : ਸੁਪਤਨੀ ਵਿਨੈ ਕੁਮਾਰ ਸ਼ਰਮਾ
ਗੁਲਜ਼ਾਰ ਨਗਰ ਹਾਈਵੇ ਟਾਇਰ ਵਾਲੀ ਗਲੀ
ਬੰਗਾ ਰੋਡ, ਨਵਾਂ ਸ਼ਹਿਰ (ਸ.ਭ.ਸ ਨਗਰ)
ਮੋਬਾਇਲ : 94630-62326
ਈ-ਮੇਲ : **rajni.vinay30@gmail.com**
ਵਿੱਦਿਅਕ ਯੋਗਤਾ : ਐੱਮ. ਏ. (ਹਿੰਦੀ-ਅੰਗਰੇਜ਼ੀ), ਬੀ. ਐੱਡ
ਕਾਰੋਬਾਰ : ਅਧਿਆਪਨ
ਸਾਹਿਤਕ ਪ੍ਰਾਪਤੀਆਂ : ਪ੍ਰਧਾਨ ਨਵਜੋਤ ਸਾਹਿਤ ਸੰਸਥਾ (ਰਜ਼ਿ.) ਔੜ
ਪੁਸਤਕਾਂ : ਕਤਰਾ ਵੀ ਇੱਕ ਸਮੁੰਦਰ (ਕਾਵਿ-ਸੰਗ੍ਰਹਿ)

# ਗ਼ਜ਼ਲ

ਸੌਂ ਕੇ ਰਾਤ ਗੁਜ਼ਾਰੀ ਰੱਬਾ।
ਨੀਂਦ ਬਣੀ ਹਤਿਆਰੀ ਰੱਬਾ।

ਰੱਖਿਆ ਹੇਜ ਭਰਾਵਾਂ ਦਾ ਵੀ,
ਸਹਿਬਾਂ ਕਦ ਸੀ ਹਾਰੀ ਰੱਬਾ।

ਸਾਹਾਂ ਦੀ ਮੰਡੀ ਦੇ ਵਿੱਚ ਹੈ,
ਸਿਰ ਤੇ ਮੌਤ ਉਧਾਰੀ ਰੱਬਾ।

ਤਪਦੇ ਹਿਜਰਾਂ ਦੇ ਥੱਲ ਅੰਦਰ,
ਹਰ ਪਲ ਲੱਗਦਾ ਭਾਰੀ ਰੱਬਾ।

ਤੇਰੀ ਦੁਨੀਆ ਮੈਨੂੰ ਜਾਪੇ,
ਇਕ ਤਲਵਾਰ ਦੁ-ਧਾਰੀ ਰੱਬਾ।

ਪੀੜ ਮੇਰੇ ਨੈਣਾਂ ਦੀ ਅਕਸਰ,
ਟੱਪਦੀ ਚਾਰ ਦਿਵਾਰੀ ਰੱਬਾ।

ਮੇਰੇ ਪੱਲੇ ਰੱਖੀਂ ਬਸ ਤੂੰ,
ਯਾਰ ਮੇਰੇ ਦੀ ਯਾਰੀ ਰੱਬਾ।

ਸੌ ਮੱਕਿਆਂ ਦਾ ਹੱਜ ਕਰ ਕੇ ਮੈਂ,
ਇਸ਼ਕ ਦੀ ਨਜ਼ਰ ਉਤਾਰੀ ਰੱਬਾ।

ਆਲਮ ਫਾਜ਼ਿਲ ਹੋਇਆ ਚਾਹੇ,
'ਮੈਂ' ਨਾ ਆਪਣੀ ਮਾਰੀ ਰੱਬਾ।

ਪੌਣਾ ਦੇ ਬੁੱਲਾਂ ਦੇ ਉੱਤੇ,
ਰੱਖੀ ਕਿਸ ਚਿੰਗਾਰੀ ਰੱਬਾ।

ਬੰਦਾ ਹੀ ਬੰਦੇ ਦਾ ਇੱਥੇ,
ਹੋਇਆ ਦੇਖ ਸ਼ਿਕਾਰੀ ਰੱਬਾ।

ਜਿੰਦਾ ਰਹਿਣਾ ਵੀ ਬਣਿਆ ਹੈ,
ਬਹੁਤ ਬੜੀ ਫ਼ਨਕਾਰੀ ਰੱਬਾ।

ਸੁਖਨਵਰਾਂ ਦੇ ਘਰ ਵੀ ਹੁਣ,
ਰਾਗ ਛਿੜੇ ਦਰਬਾਰੀ ਰੱਬਾ।

ਚਾਹੇ ਅੱਜ ਹੈ ਉਸਦੀ 'ਰਜਨੀ',
ਕੱਲ੍ਹ ਨੂੰ ਮੇਰੀ ਬਾਰੀ ਰੱਬਾ।

# ਗ਼ਜ਼ਲ

ਮੰਜ਼ਿਲਾਂ ਤੇ ਨਿਸ਼ਾਨ ਰੱਖਦਾ ਹਾਂ,
ਹੌਂਸਲੇ ਦੀ ਉਡਾਨ ਰੱਖਦਾ ਹਾਂ।

ਖੇਤੀ ਕਰਦਾਂ ਹਾਂ ਰੋਜ਼ ਸ਼ਬਦਾਂ ਦੀ,
ਆਪਣੇ ਮਨ ਵਿੱਚ ਕਿਸਾਨ ਰੱਖਦਾ ਹਾਂ।

ਸੱਚ ਆਖਣ ਤੋਂ ਟਲ ਨਹੀਂ ਸਕਦਾ,
ਮੈਂ ਵੀ ਮੂੰਹ ਵਿਚ ਜ਼ੁਬਾਨ ਰੱਖਦਾ ਹਾਂ।

ਪੈੜ ਡਾਚੀ ਦੀ ਸਾਂਭ ਰੱਖੇ ਜੋ,
ਓਸ ਥਲਾਂ ਦਾ ਮੈਂ ਮਾਨ ਰੱਖਦਾ ਹਾਂ।

ਮਹਿਕੇ ਫੁੱਲਾਂ ਚ ਜਾਨ ਹੈ ਮੇਰੀ,
ਤਾਂ ਹੀ ਦਿਲ ਬਾਗਬਾਨ ਰੱਖਦਾ ਹਾਂ।

ਕੋਈ ਦੁਸ਼ਮਣ ਵੀ ਖ਼ਾਲੀ ਕਿਉਂ ਪਰਤੇ,
ਐਸਾ ਅਪਣਾ ਜਹਾਨ ਰੱਖਦਾ ਹਾਂ।

ਹਰ ਬੁਲੰਦੀ ਹੈ ਮੇਰੇ ਹਿੱਸੇ ਵਿੱਚ,
ਫਿਰ ਵੀ ਮਨ ਵਿੱਚ ਢਲਾਨ ਰੱਖਦਾ ਹਾਂ।

ਪਿਆਰ ਅਨਮੋਲ ਹੈ ਹਰਿਕ ਸੂਰਤ,
ਕਦ ਮੈਂ ਇਸਦੀ ਦੁਕਾਨ ਰੱਖਦਾ ਹਾਂ।

ਇਹ ਭੁਲੇਖਾ ਹੈ ਓਸ ਨੂੰ ਰਜਨੀ,
ਅਪਣਾਂ ਖਾਲੀ ਮਿਆਨ ਰੱਖਦਾ ਹਾਂ।

# ਗ਼ਜ਼ਲ

ਬਹਾਰ ਵਰਗਾ ਕਟਾਰ ਵਰਗਾ।
ਇਹ ਇਸ਼ਕ ਹੁੰਦਾ ਖ਼ੁਮਾਰ ਵਰਗਾ।

ਜਦੋਂ ਵੀ ਦਿਲ ਦੀ ਹੈ ਤਾਰ ਜੁੜਦੀ,
ਇਹ ਜਿਸਮ ਬਣਦਾ ਸਿਤਾਰ ਵਰਗਾ।

ਜੋ ਮਹਿਕ ਉੱਠੇ ਨੇ ਸ਼ਬਦ ਸਾਰੇ,
ਇਹ ਕੌਣ ਆਇਆ ਬਹਾਰ ਵਰਗਾ।

ਕਿ ਜਾਲ਼ ਕੇ ਅਪਣੀ 'ਮੈਂ' ਨੂੰ ਹੋਇਐ ,
ਬਸ਼ਰ ਵੀ ਪਰਵਰਦਿਗਾਰ ਵਰਗਾ।

ਪਿਲਾਵੇ ਨੈਣਾਂ ਤੋਂ ਜਦ ਵੀ ਸਾਕੀ,
ਕਰਾਰ ਆਵੇ ਖ਼ੁਮਾਰ ਵਰਗਾ।

ਇਹ ਗੀਤ ਦਰਦਾਂ ਦੇ ਗੁਣਗੁਣਾਵੇ,
ਕਿ ਹਾਲ ਦਿਲ ਦਾ ਮਜ਼ਾਰ ਵਰਗਾ।

ਕਿ ਹੂਕ ਸੱਸੀ ਦੀ ਸੁਣ ਕੇ ਲਗਦੈ,
ਇਹ ਇਸ਼ਕ ਨਈਂ ਇਖਤਿਆਰ ਵਰਗਾ।

ਮੈਂ ਰੰਗ ਹਿਜਰਾਂ ਦਾ ਭਰਿਆ ਅੰਦਰ,
ਤਾਂ ਹੁਸਨ ਹੋਇਆ ਨਿਗਾਰ ਵਰਗਾ।

ਪਿਘਲ ਪਿਘਲ ਕੇ ਬਰਸ ਰਿਹਾ ਹੈ,
ਕਿ ਇਸ਼ਕ ਹੈ ਆਬਸ਼ਾਰ ਵਰਗਾ।

ਸੁਖਨਵਰਾਂ ਦਾ ਇਹ ਸਾਥ ਰਜਨੀ,
ਹੈ ਜੁਗਨੂੰਆਂ ਦੀ ਕਤਾਰ ਵਰਗਾ।

# ਗ਼ਜ਼ਲ

ਇਹ ਰਹਿਨੁਮਾ ਬੇ ਹੁਨਰ ਰਹੇ ਨੇ।
ਕਿ ਵਾਅਦੇ' ਕਰ ਕੇ ਮੁਕਰ ਰਹੇ ਨੇ।

ਮਿਟਾ ਸਕੇ ਨ ਕਿਸੇ ਦੀ ਗੁਰਬਤ,
ਨਿਜ਼ਾਮ ਕਿਉਂ ਬੇ ਅਸਰ ਰਹੇ ਨੇ।

ਕਿ ਪੱਥਰਾਂ ਦਾ ਹੀ ਖੌਫ਼ ਰਹਿੰਦਾ,
ਸ਼ਜਰ ਤੇ ਜਦ ਵੀ ਸਮਰ ਰਹੇ ਨੇ।

ਉਡਾਨ ਮੇਰੀ ਉਹ ਦੇਖ ਅਕਸਰ,
ਪਰਾਂ ਨੂੰ ਮੇਰੇ ਕੁਤਰ ਰਹੇ ਨੇ।

ਇਲਾਜ ਮੇਰਾ ਕਿਵੇਂ ਉਹ ਕਰਦੇ,
ਕਿ ਚਾਰਾ'- ਗਰ ਫਿਤਨਾ'-ਗਰ ਰਹੇ ਨੇ।

ਜਮਾਲ ਆਇਆ ਉਨ੍ਹਾਂ ਦੇ ਦਿਲ ਤੇ,
ਉਹ ਇਸ਼ਕ ਕਰ ਹੁਣ ਮੁਕਰ ਰਹੇ ਨੇ।

ਹਵਾ ਦੀ ਸੁਹਬਤ ਰੱਖੀ ਅਸਾਂ ਜਦ,
ਚਿਰਾਗ ਬਣ ਤਦ ਨਿਡਰ ਰਹੇ ਨੇ।

ਉਤਾਰਿਆ ਜਦ ਸੁਖ਼ਨ 'ਚ ਖ਼ੁਦ ਨੂੰ,
ਗ਼ਜ਼ਲ ਦੇ ਮਿਲਦੇ ਗੁਹਰ ਰਹੇ ਨੇ।

ਬਗਾਵਤੀ ਜੋ ਕਲਮ ਹੈ 'ਰਜਨੀ',
ਉਹ ਏਸ ਕਰਕੇ ਹੀ ਡਰ ਰਹੇ ਨੇ।

# 71 ਅਮਰਜੀਤ ਕੌਰ


ਨਾਮ ਅਤੇ ਕਲਮੀ ਨਾਮ : ਅਮਰਜੀਤ ਕੌਰ ਮਹਿਰਮਪੁਰ (ਅਮਰ ਜਿੰਦ)

ਪਤਾ : ਪਿੰਡ ਮਹਿਰਮਪੁਰ, ਤਹਿ. ਨਵਾਂ ਸ਼ਹਿਰ
ਜ਼ਿਲ੍ਹਾ ਸ.ਭ.ਸ. ਨਗਰ

ਮੋਬਾਇਲ : 88472-27087, 98767-51351

ਈ-ਮੇਲ : amarjit_kaur81@yahoo.in


ਵਿੱਦਿਅਕ ਯੋਗਤਾ : ਬੀਏ, ਪੀ.ਜੀ.ਡੀ.ਸੀ.ਏ, ਪੀ.ਜੀ.ਡੀ.ਆਈ.ਟੀ,
ਵੈੱਬ ਡਿਜ਼ਾਈਨਿੰਗ, ਐਮ.ਐਸੀ. ਆਈਟੀ

ਕਾਰੋਬਾਰ : ਅਧਿਆਪਨ

ਸਾਹਿਤਕ ਪ੍ਰਾਪਤੀਆਂ : ਮੁੱਖ ਸਕੱਤਰ,
ਨਵਜੋਤ ਸਾਹਿਤ ਸੰਸਥਾ (ਰਜਿ.) ਔੜ

ਪੁਸਤਕਾਂ : ਹਰਫ਼ਾਂ ਦੇ ਰੰਗ (ਕਾਵਿ-ਸੰਗ੍ਰਹਿ)
ਆਈ.ਸੀ.ਟੀ. ਸੰਸਾਰ

# ਵੱਸਦਾ ਰਹੇ ਪੰਜਾਬ

ਪੰਜ-ਆਬ ਦੇ ਨਾਂ ਤੇ ਸਦਾ, ਵੱਸਦਾ ਰਹੇ ਪੰਜਾਬ।

ਵਾਹਗੇ ਦੀਏ ਸਰਹੱਦੇ, ਤੈਨੂੰ ਤੱਤੀ ਵਾ ਨਾ ਲੱਗੇ
ਮਾਵਾਂ ਦੇ ਪੁੱਤਾਂ ਨੂੰ ਬਖ਼ਸ਼ੀ, ਤੂੰ ਠੰਡੜੀ ਛਾਂ
ਪੰਜ-ਆਬ ਦੇ ਨਾਂ ਤੇ ਸਦਾ, ਵੱਸਦਾ ਰਹੇ ਪੰਜਾਬ।

ਕਦੇ ਨਾ ਖੇਡੀ, ਸੰਨਤਾਲੀ ਜਿਹੀ ਹੋਲੀ
ਭਾਵੇਂ ਲੱਖ ਚੱਲਣ, ਸਿਆਸੀ ਲੋਕੀ ਚਾਲ
ਪੰਜ-ਆਬ ਦੇ ਨਾਂ ਤੇ ਸਦਾ, ਵੱਸਦਾ ਰਹੇ ਪੰਜਾਬ।

ਦਿਲਾਂ ਦੇ ਰਿਸ਼ਤੇ ਕਦੇ ਨਾ ਮਿਟਦੇ
ਚੜ੍ਹਦਾ ਹੋਵੇ ਲਹਿੰਦਾ ਹੋਵੇ, ਦੋਹੀਂ ਪਾਸੇ ਵੱਸਣ ਭਰਾ
ਪੰਜ-ਆਬ ਦੇ ਨਾਂ ਤੇ ਸਦਾ, ਵੱਸਦਾ ਰਹੇ ਪੰਜਾਬ।

ਬਾਬੇ ਨਾਨਕ ਦੀ ਧਰਤੀ, ਇਹ ਸੀ ਕਰਮਾਂਵਾਲੀ
ਮਹਾਰਾਜੇ ਦਾ ਰਾਜ ਵੰਡ, ਕਿਸੇ ਲਾਤੀ ਕੰਡਿਆਲੀ ਤਾਰ
ਪੰਜ-ਆਬ ਦੇ ਨਾਂ ਤੇ ਸਦਾ, ਵੱਸਦਾ ਰਹੇ ਪੰਜਾਬ।

ਪੰਜ-ਆਬ ਦੇ ਨਾਂ ਤੇ ਸਦਾ, ਵੱਸਦਾ ਰਹੇ ਪੰਜਾਬ।

# ਭੀਖਾਰੀ ਕੌਣ?

ਏਧਰ ਓਧਰ ਵਿੱਚ ਬਜ਼ਾਰ ਦੇ ਤੁਰਿਆ ਫਿਰਦਾ
ਓਹਦਾ ਮਾਸੂਮ ਚਿਹਰਾ ਭੁਲਾਇਆ ਨਾ ਭੁਲਦਾ।

ਕੱਲੇ-ਕੱਲੇ ਕੋਲ ਜਾ ਜਾ ਕੇ ਹੱਥ ਰਿਹਾ ਸੀ ਫੈਲਾ
ਫਟਿਆ ਮੈਲਾ ਕੁਚੈਲਾ ਥੈਲਾ ਲਟਕਾਈ
ਭੀਖ ਦੀਆਂ ਦਰਖਾਸਾਂ ਲਾਈ ਫਿਰਦਾ।

ਮੈਂ ਪੁੱਛਿਆ ? ਤੇ ਮੂੰਹ ਝੁਕਾ ਕੇ ਦੱਸਦਾ
ਸਵੇਰੇ ਤੋਂ ਕੁਝ ਨਾ ਖਾਧਾ ਪਾਪੀ ਪੇਟ ਖ਼ਾਤਿਰ ਮੰਗਦਾ ।

ਦੇਖ ਓਹਦੇ ਚਿਹਰੇ ਦੀ ਮਾਸੂਮੀਅਤ ਨੂੰ
ਮੇਰਾ ਅੱਜ ਵੀ ਦਿਲ ਏ ਭਰਦਾ।

ਦੀਦੀ ਦੇ ਦੇ ਦਸ ਰੁਪਏ ਤੇਰੀਆਂ ਮਨੋਕਾਮਨਾਵਾਂ ਲਈ
ਰੱਬ ਕੋਲੇ ਅਰਜ਼ੋਈ ਹਾਂ ਕਰਦਾ।

ਮੈਂ ਵੀ ਮੁਹਤਾਜ਼ ਹੋਈ ਓਹਦੀਆਂ ਦੁਆਵਾਂ ਲੈਣ ਲਈ
ਓਹਦੇ ਹੱਥ ਦਸ ਦੀ ਬਜਾਏ ਵੀਹ ਦਾ ਨੋਟ ਧਰਤਾ।

ਸੋਚਾਂ ਵਿੱਚ ਗੁਆਚ ਕਰਾਂ ਵੀਚਾਰ ਕਿ
ਓਹਦੇ ਨਾਲੋਂ ਵੱਧ ਮੇਰੀ ਲਾਲਸਾ ਜਿਸ
ਦੁਆਵਾਂ ਖ਼ਾਤਿਰ ਮੈਨੂੰ ਭੀਖਾਰਣ ਕਰਤਾ ।

# ਧਰਤੀ ਦੀ ਬਰਕਤ

ਧਰਤੀ ਦੀ ਬਰਕਤ ਦੇਖੀ
ਇੱਕੋ ਬੀਜ ਸੀ ਮੇਰੇ ਕੋਲ
ਧਰਤੀ ਨੂੰ ਪਾਣੀ ਦੇ ਕੇ
ਉਹੋ ਬੀਜ ਈ ਬੋ ਦਿੱਤਾ
ਧਰਤੀ ਦੀ ਬਰਕਤ ਦੇਖੋ
ਉਸੇ ਬੀਜ ਨੂੰ ਉਗਾ ਦਿੱਤਾ
ਸੋਹਣੀ ਹਰੀ ਕਚੂਰ ਬੇਲ ਦਿੱਤੀ
ਜਿਹਨੇ ਕੁਦਰਤ ਨੂੰ ਰੁਸ਼ਨਾ ਦਿੱਤਾ
ਫੁੱਲ ਤੇ ਫਿਰ ਫ਼ਲ ਦਿੱਤੇ
ਜਿਨ੍ਹਾਂ ਚਾਰ ਚੁਫੇਰਾ ਮਹਿਕਾ ਦਿੱਤਾ
ਅਖੀਰ ਇੱਕ ਬੀਜ ਦੇ ਬਦਲੇ
ਕਿੰਨੇ ਹਜ਼ਾਰਾਂ ਬੀਜ ਮੈਨੂੰ ਦੇ ਦਿੱਤੇ
ਧਰਤੀ ਦੀ ਇਸ ਬਰਕਤ ਨੇ
ਮੈਨੂੰ ਜੀਣੇ ਦੇ ਗੁਰ ਦੇ ਦਿੱਤੇ।

# ਨਹਿਰ ਕਿਨਾਰੇ

ਨਹਿਰ ਕਿਨਾਰੇ ਪੰਛੀਆਂ ਦਾ ਇੱਕ ਪਿੰਡ ਵੱਸਦਾ
ਘੁੱਗ ਵੱਸਦਾ ਸੀ ਵਿੱਚ ਜਹਾਨ।

ਨਿੱਤ ਚਿੜੀਆਂ ਕਾਂਵਾਂ ਤੋਤੇ ਗੁਟਾਰਾਂ
ਚੀਂ ਚੀਂ ਕਾਂ ਕਾਂ ਟਰ ਟਰ ਘੂੰ ਘੂੰ ਲਾਈ ਰੱਖਣ ਆਣ।

ਚੋਗ ਚੁਗਣ ਗਏ ਸੁਣ ਆਏ ਹੁਕਮਰਾਨਾਂ ਦੀ ਜ਼ੁਬਾਨ
ਐਸਾ ਆਇਆ ਹੈ ਪੱਕੀ ਨਹਿਰ ਵਾਲਾ ਫੁਰਮਾਨ।

ਦਿਨਾਂ 'ਚ ਆਰਾਂ ਲੈ ਕਰ ਦਿੱਤੇ ਵਾਰ ਵਾਰੋ ਵਾਰ
ਉਜੜ ਗਏ ਆਲ੍ਹਣੇ ਤੇ ਤੀਲਾ ਤੀਲਾ ਹੋਏ ਅਰਮਾਨ।

ਕੌਣ ਏ ਦੋਸ਼ੀ ਕਿਹਦੇ ਸਿਰ ਮੜ੍ਹੇ ਕੋਈ ਇਲਜ਼ਾਮ
ਆਲ਼ੇ ਭੋਲੇ ਜੀਵਾਂ ਦੀ ਨ ਲਿਖਤ ਨਾ ਪੜ੍ਹਤ ਨਾ ਜ਼ੁਬਾਨ।

ਨਹਿਰ ਕਿਨਾਰੇ ਪੰਛੀਆਂ ਦਾ ਇੱਕ ਪਿੰਡ ਵੱਸਦਾ
ਘੁੱਗ ਵੱਸਦਾ ਸੀ ਵਿੱਚ ਜਹਾਨ।

# ਦਵਿੰਦਰ ਸਕੋਹਪੁਰੀ




ਨਾਮ ਅਤੇ ਕਲਮੀ ਨਾਮ : ਦਵਿੰਦਰ ਸਕੋਹਪੁਰੀ

ਪਤਾ : ਪਿੰਡ ਸਕੋਹਪੁਰ, ਡਾ. ਸਾਹਲੋਂ
ਤਹਿ. ਨਵਾਂ ਸ਼ਹਿਰ, ਸ਼ਹੀਦ ਭਗਤ ਸਿੰਘ ਨਗਰ

ਮੋਬਾਇਲ : +91 98784–99260


ਵਿੱਦਿਅਕ ਯੋਗਤਾ : ਐੱਮ. ਏ. (ਅੰਗਰੇਜ਼ੀ), ਬੀ. ਐੱਡ

ਕਾਰੋਬਾਰ : ਲੈਕਚਰਾਰ ਅੰਗਰੇਜ਼ੀ (ਸੇਵਾ–ਮੁਕਤ)

ਸਾਹਿਤਕ ਪ੍ਰਾਪਤੀਆਂ : ਮੀਤ–ਪ੍ਰਧਾਨ,
ਨਵਜੋਤ ਸਾਹਿਤ ਸੰਸਥਾ (ਰਜਿ.) ਔੜ

# ਪ੍ਰਦੇਸੀ ਵੀਰ ਨੂੰ ਨਿੱਕੀ ਭੈਣ ਦਾ ਫ਼ੋਨ

ਜਿੰਨੇ ਸਾਰੇ ਅੰਗ ਸਾਕ ਆ,
ਬਾਕੀ ਤਾਂ ਸਭ ਠੀਕ ਠੀਕ ਆ!
ਕੱਲ-ਮ-ਕੱਲੀ ਬੈਠੀ ਸੀ, ਮੈਂ ਦੇਖੀ ਅੰਦਰ ਵੜ ਕੇ
ਮਾਂ ਗੱਲਾਂ ਕਰਦੀ ਸੀ, ਤੇਰੀ ਤਸਵੀਰ ਹੱਥਾਂ ਵਿੱਚ ਫੜਕੇ। ਮਾਂ........

ਉਹ ਰੋਜ਼ ਸਵੇਰੇ ਉੱਠ ਕੇ ਵੇ! ਕਾਵਾਂ ਨੂੰ ਚੋਗਾ ਪਾਉਂਦੀ ਆ,
ਕੋਈ ਸੁੱਖ ਸੁਨੇਹਾ ਦੇਜੋ ਵੇ!, ਉਹ 'ਵਾਜਾਂ ਮਾਰ ਬੁਲਾਉਂਦੀ ਆ।
ਰਾਹਾਂ ਦੇ ਵੱਲ ਤੱਕਦੀ ਰਹਿੰਦੀ ਬੂਹੇ ਦੇ ਵਿੱਚ ਖੜ ਕੇ—
ਮਾਂ ਗੱਲਾਂ ਕਰਦੀ ਸੀ, ਤੇਰੀ ਤਸਵੀਰ ਹੱਥਾਂ ਵਿੱਚ ਫੜਕੇ। ਮਾਂ.......

ਤੇਰੇ ਜੋ ਸੂਟ ਪੁਰਾਣੇ ਨੇ, ਰੱਖਦੀ ਆ ਸਾਰੇ ਧੋ-ਧੋ ਕੇ,
ਸਾਰਾ ਦਿਨ ਹੱਸਦੀ ਰਹਿੰਦੀ ਆ, ਪਰ ਰਾਤ ਲੰਘਾਉਂਦੀ ਰੋ-ਰੋ ਕੇ,
ਚੁੰਨੀ ਦੇ ਨਾਲ ਸਾਫ਼ ਹੈ ਕਰਦੀ, ਤੇਰੀ ਕਿਤਾਬ ਦੇ ਵਰਕੇ-
ਮਾਂ ਗੱਲਾਂ ਕਰਦੀ ਸੀ, ਤੇਰੀ ਤਸਵੀਰ ਹੱਥਾਂ ਵਿੱਚ ਫੜਕੇ। ਮਾਂ.......

ਤੇਰੇ ਹੱਥੀਂ ਲਾਏ ਬੂਟੇ ਨੂੰ, ਤੇਰੇ ਨਾਂ ਦੇ ਨਾਲ ਬੁਲਾਉਂਦੀ ਆ,
ਗਰਮੀ ਸਰਦੀ ਨ ਲੱਗ ਜਾਵੇ, ਚਾਦਰ ਦੇ ਨਾਲ ਲੁਕਾਉਂਦੀ ਆ।
ਅੱਧੀ ਰਾਤ ਨੂੰ ਉੱਠਕੇ ਉਹਨੂੰ, ਚੁੰਮਦੀ ਕਲਾਵੇ ਭਰ ਕੇ—
ਮਾਂ ਗੱਲਾਂ ਕਰਦੀ ਸੀ, ਤੇਰੀ ਤਸਵੀਰ ਹੱਥਾਂ ਵਿੱਚ ਫੜਕੇ। ਮਾਂ .......

ਵਿਛੜੇ ਹੋਏ ਮਾਂ ਦੇ ਜਾਇਆਂ ਦਾ, ਦੁੱਖ ਹੁੰਦਾ ਭੈਣ ਭਰਾਵਾਂ ਨੂੰ,
ਮਾਵਾਂ ਦੇ ਦਿਲ ਦੇ ਦੁਖੜੇ ਦਾ, ਪਰ ਪਤਾ 'ਦਵਿੰਦਰ' ਮਾਵਾਂ ਨੂੰ।
ਯਾਦ ਪੁੱਤਾਂ ਦੀ ਸੌਣ ਨੀ ਦਿੰਦੀ, ਖੁੱਲ ਜਾਂਦੀ ਅੱਖ ਤੜਕੇ-
ਮਾਂ ਗੱਲਾਂ ਕਰਦੀ ਸੀ, ਤੇਰੀ ਤਸਵੀਰ ਹੱਥਾਂ ਵਿੱਚ ਫੜਕੇ। ਮਾਂ.......

# ਜ਼ਿੰਦਗੀ

ਜ਼ਿੰਦਗੀ ਨਾ ਕਦੇ ਇਕਸਾਰ ਹੁੰਦੀ ਆ।
ਕਦੇ ਹੁੰਦੀ ਜਿੱਤ ਕਦੇ ਹਾਰ ਹੁੰਦੀ ਆ।
ਸੁੱਟੀਏ ਨ ਕਦੇ ਹਥਿਆਰ ਨੀ ਜਿੰਦੜੀਏ.
ਡਿੱਗ-ਡਿੱਗ ਹੁੰਦੇ ਅਸਵਾਰ ਨੀ ਜਿੰਦੜੀਏ! ਡਿੱਗ-ਡਿੱਗ........

ਮਸਲੇ ਜੋ ਤੇਰੇ ਸਾਰੇ ਹੱਲ ਹੋਣਗੇ।
ਅੱਜ ਨੀ ਜੇ ਹੋਏ ਬੀਬਾ ਕੱਲ ਹੋਣਗੇ।
ਲੱਗ ਹੀ ਜਾਣਾ ਏ ਬੇੜਾ ਪਾਰ ਨੀ ਜਿੰਦੜੀਏ-
ਡਿੱਗ-ਡਿੱਗ ਹੁੰਦੇ ਅਸਵਾਰ ਨੀ ਜਿੰਦੜੀਏ! ਡਿੱਗ-ਡਿੱਗ.......

ਅੱਜ ਤੇਰਾ ਚੱਲਦਾ ਹੈ ਜ਼ੋਰ ਕੋਈ ਨਾ।
ਪਰ ਸਦਾ ਰਹਿੰਦਾ ਕਮਜ਼ੋਰ ਕੋਈ ਨਾ।
ਪੱਤਝੜ ਪਿੱਛੋਂ ਹੈ ਬਹਾਰ ਨੀ ਜਿੰਦੜੀਏ—
ਡਿੱਗ-ਡਿੱਗ ਹੁੰਦੇ ਅਸਵਾਰ ਨੀ ਜਿੰਦੜੀਏ! ਡਿੱਗ-ਡਿੱਗ.......

ਲੱਗਦਾ ਹੈ ਰਾਹ ਸਾਰੇ ਬੰਦ ਹੋ ਗਏ।
ਯਾਰ ਬੇਲੀ ਈਦ ਵਾਲੇ ਚੰਦ ਹੋ ਗਏ।
ਰੱਬ ਉੱਤੇ ਰੱਖ ਇਤਬਾਰ ਨੀ ਜਿੰਦੜੀਏ!-
ਡਿੱਗ-ਡਿੱਗ ਹੁੰਦੇ ਅਸਵਾਰ ਨੀ ਜਿੰਦੜੀਏ! ਡਿੱਗ-ਡਿੱਗ .......

ਆਉਣਗੇ ਸਵੇਰ ਚਾਹੇ ਦੇਰ ਆਉਣਗੇ।
ਲਾਜ਼ਮੀ ਹੈ ਚੰਗੇ ਦਿਨ ਫੇਰ ਆਉਣਗੇ।
'ਦਵਿੰਦਰ' ਨੇ ਕਿਹਾ ਵਾਰ-ਵਾਰ ਨੀ ਜਿੰਦੜੀਏ!-
ਡਿੱਗ-ਡਿੱਗ ਹੁੰਦੇ ਅਸਵਾਰ ਨੀ ਜਿੰਦੜੀਏ! ਡਿੱਗ-ਡਿੱਗ.......

# ਸੁਪਨੇ

ਸੁਪਨੇ ਦੇ ਵਿੱਚ ਬਚਪਨ ਵਾਲੀਆਂ ਥਾਵਾਂ ਪੁੱਛਦੀਆਂ।
ਕਦ ਪਾਵੇਂਗਾ ਫੇਰਾ, ਸੁੰਨੀਆਂ ਰ ਾਵਾਂ ਪੁੱਛਦੀਆਂ।
ਸੰਦਲੀ ਪੌਣਾਂ ਅੱਜ ਵੀ ਮੈਨੂੰ ਟੋਲ ਣ ਖੂਹਾਂ 'ਤੇ,
ਕਦ ਬੈਠੇਂਗਾ ਥੱਲੇ ਛਾਵਾਂ ਪੁੱਛਦੀਆਂ!

ਕੱਚੀਆਂ ਕੰਧਾਂ ਦੀਆਂ ਖ਼ੁਸ਼ਬੂਆਂ ਵਾਂਗ ਸ਼ੁਦਾਈਆਂ ਦੇ,
ਗਲੀਆਂ ਦੇ ਵਿੱਚ ਫਿਰਨ ਮੇਰਾ ਸਿਰਨਾਵਾਂ ਪੁੱਛਦੀਆਂ।
ਵਿਛੜ ਗਿਆਂ ਦੀਆਂ ਰੂਹਾਂ ਰਾਤੀਂ ਬਹਿ ਕੇ ਭੱਠੀ 'ਤੇ
ਦਸ ਫਿਰ ਤੈਨੂੰ ਕਿਹੜਾ ਸੁਣਾਵਾਂ ਪੁੱਛਦੀਆਂ।

ਤੇਰੇ ਨਾਲ ਗਿਆ ਸੀ ਖੇਡਣ ਆਇਆ ਨੀ ਹਾਲੇ,
ਮੈਨੂੰ ਮੇਰੇ ਮਿੱਤਰਾਂ ਦੀਆਂ ਮਾਵਾਂ ਪੁੱਛਦੀਆਂ?
ਛੱਤਰੀ ਲੈ ਕੇ ਲੰਘ ਜਾਨੈਂ, ਹੁਣ ਡਰਦਾ ਕਣੀਆਂ ਤੋਂ,
ਕੀ ਗੱਲ ਮੀਂਹ ਵਿੱਚ ਨਾਉਣਾ ਨਹੀਂ, ਘਟਾਵਾਂ ਪੁੱਛਦੀਆਂ।

ਤਾਰਿਆਂ ਵਾਲੀ ਲੋਅ ਨੂੰ ਰਾਤੀਂ ਚਿੱਟੀਆਂ ਚਾਨਣੀਆਂ,
ਕਿਸਦਾ ਪਿਆ ਗਵਾਚਾ ਇਹ ਪਰਛਾਵਾਂ ਪੁੱਛਦੀਆਂ।
ਕੰਨਾਂ ਦੇ ਵਿੱਚ ਚੀਕ-ਚਿਹਾੜਾ ਗੂੰਜ਼ਣ ਲੱਗ ਪੈਂਦਾ,
ਜਦੋਂ ਛੋਟੀਆਂ ਬੱਚੀਆਂ ਮੇਲੇ ਜਾਵਾਂ ਪੁੱਛਦੀਆਂ।

ਜਦ ਗਿੱਟੇ, ਗੋਡੇ ਛਿੱਲਿਆਂ ਦਾ ਵੀ ਫਿਕਰ ਨੀ ਹੁੰਦਾ ਸੀ,
ਉਹ ਯਾਦਾ ਬੂਹੇ ਖੜੀਆਂ ਅੰਦਰ ਆਵਾਂ ਪੁੱਛਦੀਆਂ!
ਚੱਲ 'ਦਵਿੰਦਰ' ਚਲੀਏ ਫੜਨ ਟਟੈਹਣੇ ਟੋਬੇ ਤੋਂ,
ਗਲ਼ ਮਿੱਤਰਾਂ ਦੀਆਂ ਪਾਈਆਂ ਹੋਈਆਂ ਬਾਹਵਾਂ ਪੁੱਛਦੀਆਂ।

# .ਗ਼ਜ਼ਲ

ਹੁਣ ਨਹੀਂ ਡਰ-ਡਰ ਕੇ ਜੀਣਾ, ਮਤਾ ਪਕਾਇਆ ਰੁੱਖਾਂ ਨੇ।
ਬੜਾ ਉਜਾੜਾ ਪਾਇਆ ਹੈ, ਨਿੱਤ ਬਦਲਦੀਆਂ ਰੁੱਤਾਂ ਨੇ।

ਕਾਲ਼ੀ-ਬੋਲ਼ੀ ਰਾਤ ਨਾ ਖਾ ਲਏ, ਵਿਹੜੇ ਉੱਗਦੇ ਸੂਰਜ ਨੂੰ,
ਹਵਾ ਦੇ ਕੋਲ ਅਸਾਰ ਨੇ ਭੇਜੇ, ਆਉਣੇ ਵਾਲੇ ਦੁੱਖਾਂ ਨੇ।

ਲੀਰਾਂ ਨੀ, ਹੁਣ ਫਾਹਾ ਬਣਨਾ, ਜ਼ਾਲਮ ਦੇ ਗਲ਼ ਚੁੰਨੀ ਨੇ,
ਸੂਹੇ ਲਾਲ ਪਰਾਂਦੇ ਬੰਨ ਕੇ, ਸਹੁੰ ਖਾਧੀ ਹੈ ਗੁੱਤਾਂ ਨੇ।

ਨਿੱਤ ਦੇ ਮਰਨੇ ਨਾਲੋਂ ਚੰਗਾ ਹੈ ਚੱਜ ਦੀ ਮੌਤੇ ਮਰ ਜਾਣਾ,
ਇਹੀ ਇੱਕ ਸੁਨੇਹਾ ਦਿੱਤਾ, ਚੌਂਕ 'ਚ ਲੱਗੇ ਬੁੱਤਾਂ ਨੇ।

ਸਦੀਆਂ ਤੋਂ ਜੀਭਾਂ ਉੱਤੇ ਜੰਦਰੇ ਲੱਗੇ ਹੋਏ ਨੇ,
ਕੰਧਾਂ ਦੇ ਵੀ ਕੰਨ ਪਾਟਣਗੇ, ਜਦ ਮੂੰਹ ਖੋਲੇ ਚੁੱਪਾਂ ਨੇ।

ਹੱਕ-ਸੱਚ ਲਈ ਲੜਦੇ-ਲੜਦੇ ਜਾਨ ਗਵਾਈ ਕਈਆਂ ਨੇ,
ਲੋਕਾਂ ਲਈ ਸਿਰ ਧੜ ਦੀ ਬਾਜ਼ੀ, ਹਾਕਮ ਕਹੇ ਕਪੁੱਤਾਂ ਨੇ।

ਮਾਂ ਛੱਡੀ, ਮਾਂ ਬੋਲੀ ਛੱਡੀ, ਮਾਂ ਧਰਤੀ ਵੀ ਛੱਡ ਦਿੱਤੀ,
ਕਿਹੜੇ-ਕਿਹੜੇ ਚੰਦ ਚੜ੍ਹਾਏ, ਦੇਖੋ ਮਾਂ ਦਿਆਂ ਪੁੱਤਾਂ ਨੇ।

ਅੰਨਦਾਤੇ ਦੇ ਘਰ ਨੀ ਆਏ, ਖਾਣ ਜੋਗੇ ਵੀ ਦਾਣੇ,
ਪੁੱਛ 'ਦਵਿੰਦਰ' ਡਾਢੇ ਕੋਲੋਂ ਇਹ ਕੀ ਕੀਤਾ ਧੁੱਪਾਂ ਨੇਂ

# 73 ਨੀਲੂ ਜਰਮਨੀ




ਨਾਮ ਅਤੇ ਕਲਮੀ ਨਾਮ : ਨੀਲੂ ਜਰਮਨੀ

ਪਤਾ : ਪਿੰਡ ਹਸਨਪੁਰ, ਜ਼ਿਲ੍ਹਾ ਲੁਧਿਆਣਾ

ਵਿਦੇਸ਼ ਦਾ ਪਤਾ : **Raabe St. 749377 Vechta, Germany**

ਮੋਬਾਇਲ : 004915205434798

ਈ-ਮੇਲ : **sandeepneelu@icloud.com**


ਵਿੱਦਿਅਕ ਯੋਗਤਾ : ਗ੍ਰੈਜੂਏਟ (ਗੁਰੂ ਤੇਗ਼ ਬਹਾਦਰ ਨੈਸ਼ਨਲ ਕਾਲਜ, ਦਾਖਾ), ਡੀ. ਸੀ. ਏ. ਡਿਪਲੋਮਾ (ਗੁਰੂ ਤੇਗ਼ ਬਹਾਦਰ ਨੈਸ਼ਨਲ ਕਾਲਜ, ਦਾਖਾ)

ਪੁਸਤਕਾਂ

ਬੈਰਾਗ ਕਾਵਿ ਸੰਗ੍ਰਹਿ (2021)

ਕਿਸਾਨੀ ਇਬਾਰਤ ਸਾਂਝਾ ਕਾਵਿ ਸੰਗ੍ਰਹਿ (2021)

ਸੁੰਨੀ ਅੱਖ ਦਾ ਸੁਫਨਾ ਸਾਂਝਾ ਗਜ਼ਲ ਸੰਗ੍ਰਹਿ (2020)

ਜ਼ਿੰਦਗੀ ਦਾ ਦਰਪਣ ਚੋਣਵੇਂ ਸ਼ਿਅਰ (2020)

# ਗ਼ਜ਼ਲ

ਸਿਦਕ ਸੁਨੱਖਾ ਸੁੱਚੜਾ ਚੋਲਾ
ਰੂਹਾਂ ਦਾ ਸਤਿਕਾਰ ਨਾਨਕ
ਅੰਦਰ ਵੱਸੇਂ ਬਾਹਰ ਵੱਸੇਂ
ਮੈਂ ਤੈਥੋਂ ਬਲਿਹਾਰ ਨਾਨਕ।

ਅੱਜ ਫ਼ਜ਼ਾਵਾਂ ਗੀਤ ਨੇ ਛੇੜੇ
ਅੰਬਰਾਂ ਹੱਥ ਸਾਰੰਗੀਆਂ
ਚੰਦ ਤੇ ਤਾਰੇ ਦਰਸ ਤੇਰੇ ਲਈ
ਆ ਗਏ ਬੰਨ ਕਤਾਰ ਨਾਨਕ
ਮੈਂ ਤੈਥੋਂ ਬਲਿਹਾਰ ਨਾਨਕ।

ਛਮ ਛਮ ਕਰਦੀਆਂ ਟੱਪ ਕੇ
ਧੁੱਪਾਂ ਸਭ ਦੇ ਵਿਹੜੇ ਚੜੀਆਂ
ਸਿਰ ਤੇ ਛੱਜ ਵਧਾਈਆਂ ਦੇ ਰੱਖ
ਕਰਦੀਆਂ ਮਾਰੋ ਮਾਰ ਨਾਨਕ
ਮੈਂ ਤੈਥੋਂ ਬਲਿਹਾਰ ਨਾਨਕ।

ਕੁਦਰਤ ਨੇ ਤਨ ਮੱਲਿਆ ਵਟਣਾ
ਹੋਂਦ ਤੇਰੀ ਨੂੰ ਤੱਕ ਕੇ
ਸਭ ਦਿਸ਼ਾਵਾਂ ਤੇਰੇ ਚਾਅ ਵਿੱਚ
ਗਾ ਰਹੀਆਂ ਮਲਹਾਰ ਨਾਨਕ
ਮੈਂ ਤੈਥੋਂ ਬਲਿਹਾਰ ਨਾਨਕ।

ਗੋਦ ਧਰਤ ਦੀ ਹੋਈ ਸੁਲੱਖਣੀ
ਸੁਣ ਤੇਰੀ ਕਿਲਕਾਰੀ
ਹੱਥਾਂ ਦੇ ਵਿੱਚ ਪੈ ਗਈ ਬਰਕਤ
ਹੋ ਗਏ ਸੁੱਚੇ ਕਾਰ ਨਾਨਕ
ਮੈਂ ਤੈਥੋਂ ਬਲਿਹਾਰ ਨਾਨਕ।

ਰੁੱਸੀਆਂ ਅਕਲਾਂ ਮੁੜੀਆਂ
ਘਰ ਨੂੰ ਰੂਹਾਂ ਖੋਲੇ ਬੂਹੇ
ਸਬਕ ਸਹਿਜ ਦੇ ਪੜ੍ਹ ਲਏ ਚਿੱਤ ਨੇ
ਬਹਿ ਤੇਰੇ ਦਰਬਾਰ ਨਾਨਕ
ਮੈਂ ਤੈਥੋਂ ਬਲਿਹਾਰ ਨਾਨਕ।

# ਗ਼ਜ਼ਲ

ਧੀਆਂ ਕਦ ਚੰਨ ਸੂਰਜ , ਤਾਰੇ ਮੰਗ ਦੀਆਂ ,
ਇਹ ਤਾਂ ਤੱਕ ਤੱਕ ਸ਼ੀਸ਼ੇ ਨੂੰ ਵੀ ਸੰਗ ਦੀਆਂ ।

ਪਾ ਕੇ ਗਲ ਵਿੱਚ ਚੁੰਨੀ ਖੇਡਣ ਮਾਂਵਾਂ ਦੀ ,
ਰੀਝਾਂ ਦਿਲ ਵਿੱਚ ਪਾਲਣ ਸੂਹੀ ਵੰਗ ਦੀਆਂ ।

ਬਾਬਲ ਲੱਭੇ ਧੀਆਂ ਦੇ ਲਈ ਜਦ ਰਾਂਝਾ ,
ਸਮਝਣ ਖੁਦ ਨੂੰ ਝੱਲੀਆਂ ਹੀਰਾਂ ਝੰਗ ਦੀਆਂ ।

ਢਕ ਕੇ ਸਿਰ ਹੱਥ ਅੱਡ ਕੇ ਵਿੱਚ ਅਰਦਾਸਾਂ ਦੇ ,
ਘੁੱਗ ਵੱਸੇ ਬਾਬਲ ਦਾ ਵਿਹੜਾ ਮੰਗ ਦੀਆਂ ।

ਲੱਪ ਲੱਪ ਸੁਰਮੇ ਪਾ ਕੇ ਅੱਖੀਂ ਸ਼ਰਮਾਂ ਦੇ ,
ਰੰਗ ਫੁੱਲਾਂ ਤੋਂ ਲੈ ਕੇ ਸੁਪਨੇ ਰੰਗ ਦੀਆਂ ।

ਕੁੜੀਆਂ ਮਿੱਠੀਆਂ ਡਲੀਆਂ ਜੇਕਰ ਮਿਸ਼ਰੀ ਨੇ ,
ਅਣਖਾਂ ਖਾਤਿਰ ਤਲਵਾਰਾਂ ਵੀ ਜੰਗ ਦੀਆਂ ।

# .ਗ਼ਜ਼ਲ

ਸਾਨੂੰ ਵੀ ਅੱਜ ਈਦ ਮੁਬਾਰਕ ਹੋਵੇ ਜੀ
ਜੇ ਸੱਜਣ ਦੀ ਦੀਦ ਮੁਬਾਰਕ ਹੋਵੇ ਜੀ ।

ਪਾਕ ਦਿਲਾਂ ਦੇ ਸੌਦੇ ਕਰ ਮਨਸੂਰ ਮੀਆਂ
ਝੂਠੀ ਕਿੰਝ ਖਰੀਦ ਮੁਬਾਰਕ ਹੋਵੇ ਜੀ ?

ਰਹਿਣ ਮੁਬਾਰਕ ਬੁੱਲ੍ਹੇ ਵਾਰਿਸ ਯਾਰ ਸਦਾ
ਦਿਲਬਰ ਸ਼ੇਖ ਫ਼ਰੀਦ ਮੁਬਾਰਕ ਹੋਵੇ ਜੀ ।

ਸੁਫਨੇ ਦੇ ਵਿੱਚ ਆ ਕੇ ਅੱਜ ਉਹ ਠਹਿਰ ਗਏ
ਇਸ਼ਕ ਦਾ ਰੰਗ ਸ਼ਦੀਦ ਮੁਬਾਰਕ ਹੋਵੇ ਜੀ ।

ਚਿਰ ਪਿੱਛੋਂ ਅੱਜ ਖ਼ਤ ਦੀ ਥਾਂ ਖ਼ੁਦ ਉਹ ਆਏ
ਮੰਨ ਲਈ  ਤਾਕੀਦ ਮੁਬਾਰਕ ਹੋਵੇ ਜੀ ।

ਘਰ ਘਰ ਅੰਦਰ ਬਰਕਤ ਦੇ ਹਾਸੇ ਹੋਣੇ
ਦਿਲ ਨੂੰ ਫੇਰ ਉਮੀਦ ਮੁਬਾਰਕ ਹੋਵੇ ਜੀ ।

# ਗ਼ਜ਼ਲ

ਮਾਏ ਨੀ ਤੇਰੀ ਦੇਹਲ਼ੀ ਵੱਸੇ
ਚੁਲ਼ੇ ਰਿਝੇ ਖੀਰ
ਵੀਰੇ ਦੇ ਨਾਲ ਭਾਬੋ ਵੱਸੇ
ਹੱਸੇ ਖੇਡੇ ਹੀਰ
ਬਾਬਲ ਦੇ ਸਿਰ ਸ਼ਮਲਾ ਵੱਸੇ
ਛੱਤ ਦੇ ਵੱਸਣ ਛਤੀਰ
ਧੀ ਲਈ ਗਾਈ ਲੋਰੀ ਵੱਸੇ
ਖੜ੍ਹ ਖੜ੍ਹ ਸੁਣਨ ਫ਼ਕੀਰ
ਮਾਂ ਬੋਲੀ ਪੰਜਾਬੀ ਤੇਰੀ
ਹੋਵੇ ਹੋਰ ਅਮੀਰ

ਘਰ ਘਰ ਅੰਦਰ ਬਰਕਤ ਵੱਸੇ
ਖੇਤੀਂ ਵੱਸਣ ਫਸਲਾਂ
ਸੂਖਮ ਸੋਚ ਦਿਲਾਂ ਵਿੱਚ ਵੱਸੇ
ਵੱਸਣ ਸੁੱਚੀਆਂ ਅਕਲਾਂ
ਹਾਸੇ ਵੱਸਣ ਬੁੱਲਾਂ ਉੱਪਰ
ਅੱਖੀਆਂ ਭੁੱਲਣ ਨੀਰ
ਮਾਂ ਬੋਲੀ ਪੰਜਾਬੀ ਤੇਰੀ
ਹੋਵੇ ਹੋਰ ਅਮੀਰ

ਕੁੜੀਆਂ ਵੱਸਣ ਗਿੱਧੇ ਵੱਸਣ
ਵੱਸਣ ਢੋਲ ਧਮੱਕੇ
ਕੁੱਲੀਆਂ ਵੱਸਣ ਢਾਰੇ ਵੱਸਣ
ਘਰ ਸਭ ਕੱਚੇ ਪੱਕੇ
ਹਰ ਮਨ ਤੀਕਰ ਅੱਪੜੇ ਚਾਨਣ
ਘੋਰ ਹਨੇਰਾ ਚੀਰ
ਮਾਂ ਬੋਲੀ ਪੰਜਾਬੀ ਤੇਰੀ
ਹੋਵੇ ਹੋਰ ਅਮੀਰ

ਪੋਟੇ ਪੋਟੇ ਰਹਿਮਤ ਵੱਸੇ
ਰਗ ਰਗ ਵਿੱਚ ਤੰਦਰੁਸਤੀ
ਗੀਤ ਸ਼ਗਨ ਦੇ ਘਰ ਘਰ ਗੂੰਜਣ
ਤੇ ਰੂਹਾਂ ਵਿੱਚ ਫੁਰਤੀ
ਹਰ ਮਨ ਖਾ ਕੇ ਸਬਰ ਦਾ ਟੁਕੜਾ
ਹੋਵੇ ਸਹਿਜ ਗੰਭੀਰ
ਮਾਂ ਬੋਲੀ ਪੰਜਾਬੀ ਤੇਰੀ
ਹੋਵੇ ਹੋਰ ਅਮੀਰ

# 74 ਸੰਤੋਖ ਸਿੰਘ 'ਵੀਰ ਜੀ'



ਨਾਮ ਅਤੇ ਕਲਮੀ ਨਾਮ : ਸੰਤੋਖ ਸਿੰਘ 'ਵੀਰ ਜੀ'

ਪਤਾ : ਪਿੰਡ ਗੋਲੀਆਂ, ਡਾਕ. ਮੌਲਾ ਵਾਹਿਦਪੁਰ,
ਜ਼ਿਲ੍ਹਾ ਹੁਸ਼ਿਆਰਪੁਰ

ਮੋਬਾਇਲ : +91 98724-85862

ਵਿੱਦਿਅਕ ਯੋਗਤਾ : ਹਾਇਰ ਸੈਕੰਡਰੀ

ਸਾਹਿਤ ਪ੍ਰਾਪਤੀਆਂ : 'ਗੁਰਸਿੱਖੀ ਦੀ ਏਹ ਨੀਸਾਣੀ' ਅਧੀਨ
ਚਲ ਰਹੀ ਬਾਲ ਪੁਸਤਕ ਲੜੀ ਨੰ. 1-24 ਛੱਪ
ਚੁੱਕੀਆਂ ਹਨ ਅਤੇ ਬਾਕੀ ਪ੍ਰੈੱਸ ਵਿੱਚ।

# ਇਕਰਾਰ

ਮੇਰੀ ਜਾਨ ਮੈਂ ਤੇਰਾ ਪੱਕ ਕਰ ਲਵੀਂ ਮਨ ਵਿੱਚ।
ਪੱਕ ਕਰਕੇ ਚੰਗੀ ਤਰ੍ਹਾਂ ਜੰਦਰਾ ਜੜ ਲਵੀਂ ਮਨ ਵਿੱਚ।

ਮੈਂ ਗੁਜ਼ਰਿਆ ਸਮਾਂ ਨਹੀਂ ਕਿ ਮੁੜਕੇ ਆਵਾਂ ਹੀ ਨਾ,
ਹੁਣ ਮੁੜ ਕੇ ਨਾ ਜਾਵਾਂ, ਗੱਠ ਦੇ ਲਵੀਂ ਮਨ ਵਿੱਚ।

ਉਦੋਂ ਤੂੰ ਚੰਚਲ ਸੀ ਅਤੇ ਸ਼ੈਤਾਨ ਸੀ ਮਨ ਮੇਰਾ,
ਦੋਨੋਂ ਮੁਜ਼ਰਮ ਸਾਂ, ਹੁਣ ਅਪੀਲ ਕਰ ਲਵੀਂ ਮਨ ਵਿੱਚ।

ਰਾਹੀਂ ਨਾ ਬਣੀਏ ਫਿਰ ਤੋਂ ਇਨ੍ਹਾਂ ਬਖ਼ੋਦ ਰਾਹਾਂ ਦੇ,
ਮੁੜਕੇ ਨਾ ਭਟਕੀਏ ਇਕਰਾਰ ਕਰ ਲਵੀਂ ਮਨ ਵਿੱਚ।

ਗੁਜ਼ਰ ਚੁਕਿਆ ਸਮਾਂ ਕਦੇ ਮੁੜਦਾ ਨਹੀਂ,
ਹੁਣ ਜਾਣ ਨਾ ਦਈਂ, ਜਾਲ਼ ਪਾ ਲਵੀਂ ਮਨ ਵਿੱਚ।

ਰੋਜ਼ੇ ਲੰਘ ਚੱਲੇ ਈਦ ਵੀ ਆਊ ਭਲ਼ਕੇ,
ਖੈਰ ਬਕਰੀਦ ਦੀ ਮਨਾ ਲਵੀਂ ਮਨ ਵਿੱਚ।

ਕਰ ਕੇ ਚਿਰਾਗ਼ ਰੌਸ਼ਨ ਵਿਹੜੇ ‘ਵੀਰ ਜੀ’ ਦੇ,
ਵਿਸਰੀ ਯਾਦ ਫਿਰ ਤੋਂ ਜਗਾ ਲਵੀਂ ਮਨ ਵਿੱਚ।

# ਸ਼ੁਕਰ ਹੈ-ਸ਼ੁਕਰ ਹੈ

ਮੁੱਦਤਾਂ ਲੰਘੀਆਂ ਪਰ ਸਾਡੀ ਯਾਦ ਰੱਖੀ, ਉਸ ਦਾ ਸ਼ੁਕਰ ਹੈ- ਸ਼ੁਕਰ ਹੈ।
ਅਸੀਂ ਵਿਸਰੇ ਨਹੀਂ ਖਿਆਲੋਂ, ਉਸ ਦਾ ਸ਼ੁਕਰ ਹੈ- ਸ਼ੁਕਰ ਹੈ।

ਭਟਕ ਗਏ ਸੀ ਜ਼ਿੰਦਗੀ ਦੀਆਂ ਅਣਜਾਣ ਰਾਹਾਂ 'ਤੇ,
ਚਿਣਗ ਯਾਦ ਦੀ ਕਿਤੇ ਰਹਿ ਗਈ, ਉਸ ਦਾ ਸ਼ੁਕਰ ਹੈ- ਸ਼ੁਕਰ ਹੈ।

ਹੁਸੀਨ ਪਲਾਂ ਦਾ ਅਕਸ ਰਹਿ ਗਿਆ ਕਿਸੇ ਨੁੱਕਰੇ,
ਉਨ੍ਹਾਂ ਫਿਰ ਯਾਦ ਕਰਵਾਏ, ਉਸ ਦਾ ਸ਼ੁਕਰ ਹੈ- ਸ਼ੁਕਰ ਹੈ।

ਸਾਗਰ ਸੀ ਮੁਹੱਬਤਾਂ ਦੇ ਅਥਾਹ ਛੱਲਾਂ ਮਾਰਦੇ,
ਸ਼ਾਂਤ ਹੋਇਆਂ ਨੂੰ ਫਿਰ ਛਲਕਾਇਆ, ਉਸ ਦਾ ਸ਼ੁਕਰ ਹੈ- ਸ਼ੁਕਰ ਹੈ।

ਪਿੰਜਰ ਸੁੱਕ ਕੇ ਰਹਿ ਗਿਆ, ਮੁੱਠ ਇੱਕ ਹੱਡੀਆਂ ਦਾ,
ਚਲੋ ਦੇਰ ਆਏ ਦਰੁੱਸਤ ਆਏ, ਉਸ ਦਾ ਸ਼ੁਕਰ ਹੈ- ਸ਼ੁਕਰ ਹੈ।

ਸਹਿਕਦੀਆਂ ਸੁਰਾਂ ਵਿੱਚ ਕੂਲ਼ੇ ਪੋਟਿਆਂ ਜਦੋਂ ਜਾਨ ਪਾਈ,
ਛਿੜੀ ਝਰਨਾਹਟ ਨੇ ਸਾਡੀ ਅੱਖ ਖੋਲ੍ਹੀ, ਉਸ ਦਾ ਸ਼ੁਕਰ ਹੈ- ਸ਼ੁਕਰ ਹੈ।

ਕੰਡਿਆਲ਼ੇ ਰਾਹਾਂ ਨੇ ਸਰੀਰ ਲੀਰੋ ਲੀਰ ਕੀਤਾ,
ਫੈਹੇ ਲਾਉਣ ਰਫ਼ੀਕ ਆਇਆ, ਉਸ ਦਾ ਸ਼ੁਕਰ ਹੈ- ਸ਼ੁਕਰ ਹੈ।

ਭਾੜਾ ਲੱਪ ਕੁ ਲੈ ਕੇ ਦਿੱਤੀਆਂ ਸਿਸਕੀਆਂ ਦਾ,
ਪਰਾਗਾ ਪੀੜਾਂ ਦਾ ਭੁੰਨ ਗਿਆ, ਉਸ ਦਾ ਸ਼ੁਕਰ ਹੈ- ਸ਼ੁਕਰ ਹੈ।

ਕਿਹੜਿਆਂ ਜਨਮਾਂ ਦਾ 'ਵੀਰ ਜੀ' ਤੋਂ ਲਿਆ ਬਦਲਾ,
ਟੁੱਟੀ ਗੰਢ ਕੇ ਫਿਰ ਤੋਂ ਜਾਨ ਪਾਈ, ਉਸ ਦਾ ਸ਼ੁਕਰ ਹੈ-ਸ਼ੁਕਰ ਹੈ।

ਗੀਤ

# ਵਿਛੋੜੇ ਦਾ ਸੱਲ

ਰਾਤ ਹਨ੍ਹੇਰੀ ਵਾਟ ਲੰਮੇਰੀ, ਕੀਂਕਣ ਪੰਧ ਮੁਕਾਵਾਂ,
ਮਾਹੀ ਮੇਰਿਆ-ਮਾਹੀ ਮੇਰਿਆ!
ਆਵਾ ਗਉਣ ਭਟਕਦੇ ਮਨ ਨੂੰ ਕੀ ਕਹਿ ਕੇ ਸਮਝਾਵਾਂ
ਮਾਹੀ ਮੇਰਿਆ-ਮਾਹੀ ਮੇਰਿਆ!

ਤਲ਼ੀਏ ਛਾਲੇ ਰਾਹੀਂ ਸੂਲ਼ਾਂ, ਸੰਭਲ਼ ਸੰਭਲ਼ ਪੱਬ ਧਰਦੀ,
ਜੰਗਲ ਬੇਲੇ ਬੜੇ ਭਿਆਨਕ, ਲੰਘਾਂ ਵਿਚਾਰਾਂ ਕਰਦੀ,
ਆ ਡੰਗੋਰੀ ਬਣ ਜਾ ਮੇਰੀ, ਕੂੰਜ ਵਾਂਗ ਕੁਰਲਾਵਾਂ
ਮਾਹੀ ਮੇਰਿਆ-ਮਾਹੀ ਮੇਰਿਆ!

ਫਨੀਅਰ ਬਣੇ ਮੇਰੇ ਪਰਛਾਵੇਂ, ਕੌਣ ਸਪੇਰਾ ਕੀਲੇ,
ਵਿੜਕ ਪੈਰਾਂ ਦੀ ਦੁਸ਼ਮਣ ਹੋਈ, ਸਾਰੇ ਕਰ ਲਏ ਹੀਲੇ,
ਇੱਕ ਵਾਰੀ ਤਾਂ ਦੱਸ ਜਾ ਮੈਨੂੰ, ਰਾਤਾਂ ਕਿਵੇਂ ਲੰਘਾਵਾਂ
ਮਾਹੀ ਮੇਰਿਆ-ਮਾਹੀ ਮੇਰਿਆ!

ਰਾਹਾਂ ਮੇਰੀਆਂ ਬਣੀਆਂ ਦੁਸ਼ਮਣ, ਪੱਲੇ ਹਉਕੇ ਹਾਵੇ,
ਸਉਣ ਦੀ ਲੱਗੀ ਤੇ ਪੈਣ ਛਰਾਟੇ, ਪੋਹ ਦੀ ਕੌਣ ਬੁਝਾਵੇ,
ਹੁਣ ਵਿਛੋੜਾ ਝੱਲਣਾ ਔਖਾ, ਕਿਸ ਨੂੰ ਆਖ ਸੁਣਾਂਵਾਂ
ਮਾਹੀ ਮੇਰਿਆ-ਮਾਹੀ ਮੇਰਿਆ!

ਇੱਕ ਵਾਰੀ ਤਾਂ ਦੱਸ ਦੇ ਮੈਨੂੰ, ਕਿਸ ਗੱਡੀ ਦੀਆਂ ਟਿਕਟਾਂ,,
ਖੜ੍ਹਕ ਜਿਹੀ ਜਦ ਹੁੰਦੀ ਦਰ 'ਤੇ, ਉੱਠ ਉੱਠ ਲੈਂਦੀ ਵਿੜਕਾਂ,
ਤੇਰੇ ਬਾਝੋਂ ਦੱਸ ਦੇ 'ਵੀਰ ਜੀ' ਕਿਸ ਨੂੰ ਨਬਜ਼ ਦਿਖਾਵਾਂ
ਮਾਹੀ ਮੇਰਿਆ-ਮਾਹੀ ਮੇਰਿਆ!

# ਨਿਹੋਰਾ

ਤੂੰ ਮਿੱਤਰ ਹੈਂ ਤੂੰ ਪਿਆਰਾ ਹੈਂ, ਤੂੰ ਹਰ ਪਲ ਮੇਰਾ ਸਹਾਰਾ ਹੈਂ।
ਤੂੰ ਹਰ ਦਮ ਮੇਰੇ ਨਾਲ਼ ਰਹੇਂ, ਫਿਰ ਵੀ ਲੱਗਦਾ ਨਿਆਰਾ ਹੈਂ।

ਧਰਵਾਸ ਤੇਰੀ ਪਰਵਾਜ਼ ਮੇਰੀ, ਬਣ ਜਾਂਦੀ ਇਕ ਆਸ ਮੇਰੀ,
ਝੱਟਕੇ ਵਿੱਚ ਲਾਹ ਸੁੱਟਦਾਂ ਹੈ, ਕਿਉਂ ਲਾਉਂਨਾ ਐਸਾ ਲਾਰਾ ਹੈਂ।

ਕਦੇ ਪੁੱਛਣ ਲਈ ਕਦੀ ਦੱਸਣ ਲਈ, ਕਦੀ ਪੁੱਛਣ ਦੱਸਣ ਹੱਸਣ ਲਈ,
ਤੂੰ ਰੂੰ ਦਾ ਗੁਹੜਾ ਬਣ ਜਾਨੈਂ, ਪਰ ਫਿਰ ਵੀ ਲੱਗਦਾ ਭਾਰਾ ਹੈਂ।

ਤੇਰੇ ਹਾਸਿਆਂ ਵਿੱਚ ਕਲੋਲਾਂ ਵਿੱਚ, ਕਿਉਂ ਜ਼ਹਿਰ ਘੁਲ਼ ਗਿਆ ਬੋਲਾਂ ਵਿੱਚ,
ਤੂੰ ਕੂਜਾ ਮਿਸ਼ਰੀ ਬਣਦਾ ਸੈਂ, ਅੱਜ ਪਾਣੀ ਰਹਿ ਗਿਆ ਖ਼ਾਰਾ ਹੈ।

ਅੱਜ ਆਉਂਦਾ ਸੀ ਕੱਲ੍ਹ ਜਾਂਦਾ ਸੀ, ਬਹਿ ਕੇ ਮਨ ਪਰਚਾਉਂਦਾ ਸੀ,
ਕੀ ਹੋ ਗਿਆ ਤੇਰਿਆਂ ਹਾਸਿਆਂ ਨੂੰ, ਅੱਜ ਲੱਗਦਾ ਬੜਾ ਕਰਾਰਾ ਹੈਂ।

ਤੇਰਾ ਹੱਸਣਾ ਵੀ ਤੇਰਾ ਤੱਕਣਾ ਵੀ, ਤੇਰਾ ਮਸਤ ਜਿਹਾ ਉਹ ਚੱਲਣਾ ਵੀ,
ਅੰਬਰਾਂ ਵਿੱਚ ਤੇਰੀਆਂ ਪ੍ਰਵਾਸਾਂ, ਅੱਜ ਭਾਲ਼ਦਾ ਕਿਉਂ ਸਹਾਰਾ ਹੈ।

ਮੈਂ ਸੱਥਾਂ ਵਿੱਚ ਤੇਰੇ ਹੱਥਾਂ ਵਿੱਚ, ਤੱਕ ਰਹਿ ਗਿਆ ਅੱਜ ਮੈਂ ਕੱਖਾਂ ਵਿੱਚ.
ਤੂੰ ਧਾੜਾਂ ਮਾਰ ਕੇ ਹੱਸਦਾ ਏਂ, ਭਲਿਆ ਤੂੰ ਅਸਮਾਨੋਂ ਟੁੱਟਿਆ ਤਾਰਾਂ ਹੈ।

ਤੱਕ 'ਵੀਰ ਵੀ' ਸਭ ਕੁੱਝ ਜਰਦਾ ਰਿਹਾ, ਰਾਹਦਾਰੀ ਸਭ ਦੀ ਭਰਦਾ ਰਿਹਾ,
ਜਦ ਵਾਰੀ ਇਸ ਦੀ ਆਈ ਏ, ਕਿਉਂ ਭਰਦਾ ਨਹੀਂ ਹੁੰਗਾਰਾ ਹੈਂ।

# 75 ਗੁਰਨੇਕ ਸਿੰਘ ‘ਲਾਲੀ’



ਨਾਮ ਅਤੇ ਕਲਮੀ ਨਾਮ : ਗੁਰਨੇਕ ਸਿੰਘ ‘ਲਾਲੀ’

ਪਤਾ : (ਭਾਰਤ) ਪਿੰਡ ਤੱਖਰ, ਤਹਿ. ਫਿਲੌਰ,
ਜ਼ਿਲ੍ਹਾ ਜਲੰਧਰ

: (ਅਮਰੀਕਾ) **965-West Macarthur Blvd**
**Emeryville, CA 94608**

ਮੋਬਾਇਲ : 510 860 0198

ਪੁਸਤਕਾਂ : ਅਮਰੀਕਾ ਦਾ ਸਫ਼ਰ
ਰਿਸ਼ਤਿਆਂ ਦਾ ਜੋੜ
ਮੇਰੇ ਚੋਣਵੇਂ ਗੀਤ
ਸੱਬੀ ਬ੍ਰੀਰਾ
ਸੁਰਖ਼ ਰੁੱਤ ਦੇ ਗੀਤ
ਮਾਂ-ਪਿਓ ਦੀ ਸੰਗਤ
ਜ਼ਿੰਦਗੀ ਦਾ ਸਫ਼ਰ

# ਗੁਰਾਂ ਆਣ ਬਚਾਇਆ

ਹਿੰਦੂ ਉੱਤੇ ਮੁਸਲਮਾਨੀ ਨੇ ਜ਼ੋਰ ਸੀ ਪਾਇਆ,
ਲਾਹ ਜਨੇਊ ਵੈਰੀਆਂ ਨੇ, ਵੱਡਾ ਢੇਰ ਸੀ ਲਾਇਆ।
ਧਰਮ ਹਿੰਦੂ ਡੁੱਬ ਸੀ ਚੱਲਿਆ, ਗੁਰਾਂ ਆਣ ਬਚਾਇਆ।

ਬਾਈ ਧਾਰ ਦੇ ਰਾਜਿਆਂ ਸੀ ਕੀਤੀ ਅੱਤਿਆਚਾਰੀ,
ਸੀਸ ਦੇ ਉੱਤੇ ਹਿੰਦੂਆਂ ਦੇ ਚੱਲ ਗਈ ਸੀ ਆਰੀ।
ਬਾਜਾਂ ਵਾਲੇ ਗੁਰਾਂ ਦੇ ਸੀ ਜਦ ਫੇਰਾ ਪਾਇਆ,
ਧਰਮ ਹਿੰਦੂ ਡੁੱਬ ਸੀ ਚੱਲਿਆ, ਗੁਰਾਂ ਆਣ ਬਚਾਇਆ।

ਮਾਵਾਂ ਨੂੰ ਪੁੱਤਰ ਛੱਡ ਗਏ, ਇੱਜ਼ਤ ਰਹੀ ਨਾ ਪੱਲੇ।
ਵੈਰੀਆਂ ਨੇ ਪਾਈਆਂ ਭਾਜੜਾਂ, ਹੋ ਗਏ ਕੱਲੇ-ਕੱਲੇ।
ਭੁੱਬਾਂ ਮਾਰ ਕੇ ਰੋਂਦੀਆਂ, ਅੱਖੀਓ ਨੀਰ ਬਹਾਇਆ।
ਧਰਮ ਹਿੰਦੂ ਡੁੱਬ ਸੀ ਚੱਲਿਆ, ਗੁਰਾਂ ਆਣ ਬਚਾਇਆ।

ਤੱਤੀਆਂ ਰੇਤਾ ਜਿਨ੍ਹਾਂ ਨੇ, ਸਿਰਾਂ ਵਿੱਚ ਪਵਾਈਆਂ।
ਵਾਹਿਗੁਰੂ ਦੇ ਨਾਲ ਜਿਨ੍ਹਾਂ ਨੇ, ਪਰੀ ਹੀਆਂ ਲਾਈਆਂ।
ਸਤਿਨਾਮ ਵਾਹਿਗੁਰੂ ਦਾ, ਜਿਹਨਾਂ ਲੜ ਫੜਾਇਆ।
ਧਰਮ ਹਿੰਦੂ ਡੁੱਬ ਸੀ ਚੱਲਿਆ, ਗੁਰਾਂ ਆਣ ਬਚਾਇਆ।

ਸਵਾ ਲੱਖ ਵੈਰੀ ਨਾਲ ਸੀ, ਇੱਕ-ਇੱਕ ਸਿੰਘ ਲੜਾਇਆ।
ਚਮਤਕਾਰ ਵੇਖਿਆ, ਚਿੜੀਆਂ ਤੋਂ ਬਾਜ ਤੁੜਵਾਇਆ।
ਉਨ੍ਹਾਂ ਆਹੂ ਲਾਹੇ ਵੈਰੀਆਂ ਦੇ, ਘਮਸਾਣ ਸੀ ਐਸਾ ਪਾਇਆ।
ਧਰਮ ਹਿੰਦੂ ਡੁੱਬ ਸੀ ਚੱਲਿਆ, ਗੁਰਾਂ ਆਣ ਬਚਾਇਆ।

ਹੁੰਦਾ ਅੱਤਿਆਚਾਰ ਵੀ ਵੇਖ ਕੇ, ਸੀ ਅੰਬਰ ਵੀ ਰੋਇਆ।
ਦਸ਼ਮੇਸ਼ ਪਿਤਾ ਨੂੰ ਵੇਖਿਆ, ਵਿੱਚ ਆਣ ਖਲੋਇਆ।
ਉਨ੍ਹਾਂ ਧੂਹ ਮਿਆਨੋਂ ਕੱਢ ਕੇ, ਖੰਡਾ ਖੜਕਾਇਆ।
ਧਰਮ ਹਿੰਦੂ ਡੁੱਬ ਸੀ ਚੱਲਿਆ, ਗੁਰਾਂ ਆਣ ਬਚਾਇਆ।

ਵਾਹਿਗੁਰੂ ਜੀ ਦਾ ਖਾਲਸਾ, ਉਨ੍ਹਾਂ ਜੈ ਕਾਰਾ ਲਾਇਆ,
ਵੈਰੀਓ ਜ਼ਰਾ ਖਲੋ ਜਾਵੋ, ਖ਼ਾਲਸਾ ਪੰਥ ਹੈ ਆਇਆ।
(ਦੇਵ) ਵੀ ਤੱਖਰ ਆਖਦਾ, ਗੁਰਾਂ ਨੇ ਫੇਰਾ ਪਾਇਆ।
ਧਰਮ ਹਿੰਦੂ ਡੁੱਬ ਸੀ ਚੱਲਿਆ, ਗੁਰਾਂ ਆਣ ਬਚਾਇਆ।

---

## ਕਲਗੀਆਂ ਵਾਲੇ ਪਾਤਸ਼ਾਹ

ਸੂਲਾਂ ਦੀਆਂ ਸੇਜਾਂ 'ਤੇ ਜਿਨ੍ਹਾਂ ਬਿਸਤਰ ਕੀਤੇ,
ਵਿੱਚ ਦੁੱਖਾਂ ਦੇ ਆਣ ਕੇ ਜਾਮ ਸ਼ਹਾਦਤ ਪੀਤੇ।
ਬਾਜਾਂ ਵਾਲੇ ਪਿਤਾ ਸਿਰ ਚਮਕਣ ਸਿਤਾਰੇ,
ਕਲਗੀਆਂ ਵਾਲੇ ਪਾਤਸ਼ਾਹ ਤੇਰੇ ਚੋਜ ਨਿਆਰੇ।

ਹਿੰਦ ਦੀ ਚਾਦਰ ਸਾਂਭ ਕੇ, ਇੱਕ ਧਰਮ ਬਣਾਇਆ।
ਸਵਾ ਲੱਖ ਨਾਲ ਵੇਖਿਆ, ਇੱਕ ਸਿੰਘ ਲੜਾਇਆ।
ਵੈਰੀ ਤਾਈਂ ਭਾਜੜਾਂ ਪਈਆਂ, ਜਦ ਵੇਖੇ ਹੱਥ ਕਰਾਰੇ।
ਕਲਗੀਆਂ ਵਾਲੇ ਪਾਤਸ਼ਾਹ ਤੇਰੇ ਚੋਜ ਨਿਆਰੇ!

ਚਮਕੌਰ ਸਾਹਿਬ ਦੀ ਜੰਗ ਦਾ ਇੱਕ ਇਤਿਹਾਸ ਬਣਾਇਆ!
ਗਿਆਰਾਂ ਸਾਲਾਂ ਦਾ ਸਾਹਿਬਜ਼ਾਦਾ,ਜੰਗ ਵਿੱਚ ਲੜਾਇਆ!
ਕਰ ਵਿਖਾਏ ਯੋਧਿਆਂ ਨੇ ਉੱਥੇ ਘੱਲੂਘਾਰੇ,
ਕਲਗੀਆਂ ਵਾਲੇ ਪਾਤਸ਼ਾਹ ਤੇਰੇ ਚੋਜ ਨਿਆਰੇ!

ਜ਼ਾਲਮਾਂ ਦੇ ਝੰਡੇ ਨੂੰ, ਪੁੱਟ ਜੜ੍ਹੋਂ ਹਿਲਾਇਆ।
ਦਿੱਲੀ ਅੰਦਰ ਪਿਤਾ ਨੂੰ ਵੀ, ਹੈ ਸ਼ਹੀਦ ਕਰਵਾਇਆ।
(ਦੇਵ) ਤੱਖਰਾਂ ਵਾਲਿਆ ਸਿਰ, ਸਜਾ ਲਵੋ ਦਸਤਾਰੇ।
ਕਲਗੀਆਂ ਵਾਲੇ ਪਾਤਸ਼ਾਹ ਤੇਰੇ ਚੋਜ ਨਿਆਰੇ,

---

# ਧਾਰਮਿਕ ਗੀਤ

ਅੱਤ ਕੀਤੀ ਇੱਥੇ ਰਾਜਿਆਂ ਨੇ,
ਇਨ੍ਹਾਂ ਸਿੱਖੀ ਨੂੰ ਮੁਕਾਉਣਾ ਚਾਹਿਆ ਸੀ।
ਸਮਝਾਇਆਂ 'ਤੇ ਇਹ ਨਾ ਸਮਝੇ,
ਇਨ੍ਹਾਂ ਵੈਰ ਹੀ ਹੋਰ ਵਧਾਇਆ ।

ਵੈਰੀ ਨੂੰ ਅੱਗੇ ਵੱਧਿਆ ਵੇਖ,
ਸਿੱਖ ਇਨ੍ਹਾਂ ਦੀਆਂ ਧੌਣਾਂ ਭੰਨਣਗੇ।
ਅਸੀਂ ਬਦਲਾ ਲੈਣਾ ਧਰਮ ਲਈ,
ਹੱਥੀਂ ਸ਼ਗਨਾਂ ਦੇ ਗਾਨੇ ਬੱਝਣਗੇ।

ਜੋ ਸਿੱਖਾਂ ਨਾਲ ਅੜੀਆਂ ਕਰਦਾ ਰਿਹਾ,
ਉਹ ਜੱਗ 'ਤੇ ਰਹਿੰਦਾ ਵੇਖਿਆ ਨਾ।
ਇੱਕ ਵਾਰ ਕਸੂਤੀ ਸੱਟ ਵੱਜੀ,
ਉਹ ਕਿਸੇ ਨਾਲ ਖਹਿੰਦਾ ਵੇਖਿਆ ਨਾ।

ਹੱਥ ਵੇਖ ਕਰਾਰੇ ਸਿੱਖਾਂ ਦੇ,
ਉਹ ਕਦੇ ਨਾ ਅੱਗਿਓਂ ਖੰਘਣਗੇ।
ਅਸੀਂ ਬਦਲਾ ਲੈਣਾ ਧਰਮ ਲਈ,
ਹੱਥੀਂ ਸ਼ਗਨਾਂ ਦੇ ਗਾਨੇ ਬੱਝਣਗੇ।

ਜਿਸ ਮਾਂ ਨੇ ਇਨ੍ਹਾਂ ਨੂੰ ਜਨਮ ਦਿੱਤਾ,
ਉਸ ਮਾਂ ਦੇ ਭਾਗ ਨਿਆਰੇ ਨੇ।
ਹੱਥੀਂ ਅੰਮ੍ਰਿਤ ਤਿਆਰ ਕਰਕੇ ਤੇ,
ਜਿਨ੍ਹਾਂ ਸਾਜੇ ਪੰਜ ਪਿਆਰੇ ਨੇ।

ਇਨ੍ਹਾਂ ਜਾਤ-ਪਾਤ ਗੁਆ ਦਿੱਤਾ,
ਸਭ ਅਕਾਲ ਪੁਰਖ ਨੂੰ ਮੰਨਣਗੇ।
ਅਸੀਂ ਬਦਲਾ ਲੈਣਾ ਧਰਮ ਲਈ,
ਹੱਥੀਂ ਸ਼ਗਨਾਂ ਦੇ ਗਾਨੇ ਬੱਝਣਗੇ।

(ਦੇਵ ਤੱਖਰਾਂ) ਵਾਲਾ ਲਿਖ ਚੱਲਿਆ,
ਸੁੱਖ ਪਾਵੇ ਗੁਰਾਂ ਨੂੰ ਮੰਨਣਗੇ।
ਅਸੀਂ ਬਦਲਾ ਲੈਣਾ ਧਰਮ ਲਈ,
ਹੱਥੀਂ ਸ਼ਗਨਾਂ ਦੇ ਗਾਨੇ ਬੰਨ੍ਹਣਗੇ।

# ਸੁਖਵਿੰਦਰ ਕੰਬੋਜ



ਨਾਮ ਅਤੇ ਕਲਮੀ ਨਾਮ : ਸੁਖਵਿੰਦਰ ਕੰਬੋਜ

ਪਤਾ : **1007 Meadow Brook Drive**
**Brentwood California 94513 U.S.A.**

ਮੋਬਾਇਲ : 925-308-3000

ਈ-ਮੇਲ : **sukhamboj15@yahoo.com**

ਪੁਸਤਕਾਂ : ਨਵੇਂ ਸੂਰਜ, ਜਾਗਦੇ ਅੱਖਰ, ਇੱਕੋ ਜਿਹਾ ਦੁੱਖ
ਉਮਰ ਦੇ ਇਸ ਮੋੜ ਤੀਕ, ਜੰਗ, ਜਸ਼ਨ ਤੇ ਜੁਗਨੂੰ,
ਸ਼ਬਦੋਂ ਕੀ ਧੂਪ, ਤਲਖ ਮੌਸਮੋ ਕਾ ਹਿਸਾਬ

# ਸੁੰਨੇ ਗੀਤ

ਤੇਰੇ ਲਈ ਕੀ ਨਜ਼ਮ ਲਿਖਾ, ਇਹ ਸੁੰਨੇ ਗੀਤ ਮੇਰੇ ਨੇ,
ਘਰ ਦਾ ਕੀ ਹਾਲ ਪੁੱਛਦੇ ਹੋ? ਇਹ ਰੁੰਨੇ ਗੀਤ ਤੇਰੇ ਨੇ।

ਚਮਕਦਾ ਜੋ ਆਕਾਸ਼ ਵਾਂਗੂ ਸਾਫ਼, ਦਿਲ ਹੈ ਮੇਰਾ ਸ਼ਾਇਦ,
ਇਹ ਝੱਖੜ ਨ੍ਹੇਰੀਆਂ ਬੁੱਲੇ, ਤੇਰੇ ਦਿਲ ਦੇ ਹਨੇਰੇ ਨੇ।

ਜੋ ਕਰਦੇ ਤਿਤਲੀਆਂ ਨੇ ਕੈਦ, ਤੇ ਪੰਛੀ ਪਿੰਜਰੇ ਪਾਉਂਦੇ,
ਉਹ ਘਰ ਮੇਰੇ ਹੋ ਨਹੀਂ ਸਕਦੇ, ਸ਼ਾਇਦ ਤੇਰੇ ਬਨੇਰੇ ਨੇ।

ਹਰ ਵਾਰ ਧੋਖਾ ਖਾ ਕੇ ਵੀ, ਤੇਰੇ ਦਰ ਤੇ ਹੀ ਆਉਂਦਾ ਹਾਂ,
ਬੇਵਫ਼ਾਈਆਂ ਤੇਰੀਆਂ ਗਿਣੀਏ, ਤਾਂ ਫਿਰ ਡਰਦੇ ਹਨੇਰੇ ਨੇ।

ਕਦੀ ਇਹ ਲੜਖੜਾਉਂਦਾ, ਕੰਬਦਾ, ਫਿਰ ਸੰਭਲ ਜਾਂਦਾ ਹੈ,
ਇਹ ਹਾਰਾਂ ਮੇਰੀਆਂ, ਸਮੁੰਦਰ ਦਿਲ ਅਤੇ ਪਤਵਾਰ ਮੇਰੇ ਨੇ।

ਕਦੇ ਮੁਖਬਰ, ਕਦੇ ਗੋਲੀ, ਕਦੇ ਸ਼ਿਕਵੇ ਅਤੇ ਕਦੇ ਰੋਸੇ,
ਕੌਮ ਲਈ ਲੜਨ ਦੇ ਚੱਕਰ, ਅਸਲ ਸੱਤਾ ਦੇ ਡੇਰੇ ਨੇ।

ਇਹ ਡੁਲ੍ਹਿਆ ਖ਼ੂਨ ਕਿਸ ਦਾ ਹੈ, ਤੇ ਜ਼ਖ਼ਮੀ ਕੌਣ ਹੋਇਆ ਹੈ?
ਕਦੇ ਮਾਵਾਂ ਤੋਂ ਪੁੱਛ ਕੇ ਵੇਖੋ ਜਿਨ੍ਹਾਂ ਦੇ ਵਿਛੜੇ ਸਵੇਰੇ ਨੇ।

# ਚੱਕਰ

ਇਕ ਰਿਸ਼ਤਾ ਸੀ
ਜੋ ਸਦੀ ਦੇ ਪਹਿਲੇ ਸਵੇਰੇ
ਹੱਥੋਂ ਕਿਰ ਗਿਆ ਸੀ
ਦੂਰ ਜਗਮਗਾਉਂਦੀਆਂ ਬੱਤੀਆਂ ਦਾ ਸ਼ਹਿਰ
ਸਿਰਫ਼ ਮ੍ਰਿਗ ਤ੍ਰਿਸ਼ਨਾ ਹੈ।

ਸੜਕ ਤੇ ਆਦਮੀ ਨਹੀਂ
ਆਵਾਰਾ ਪਲਾਂ ਦੇ ਦਮ ਦੌੜਦੇ ਹਨ
ਨਿੱਘ ਨਾ ਜਿਸਮਾਂ ’ਚ ਹੈ
ਨਾ ਰੂਹਾਂ ਵਿਚ
ਚਾਨਣ ਨਾ ਘਰਾਂ ਵਿਚ ਹੈ
ਨਾ ਮਸਤਕ ਦੇ ਜੰਗਲਾਂ ਥੋਹਾਂ ਵਿਚ।

ਸੁਵਿਧਾਵਾਂ, ਵਸਤੂ ਦੀ ਹਕੂਮਤ ’ਚ ਕੈਦ
ਮਨੁੱਖ ਇਕ ਚੱਕਰ ’ਚ ਘੁੰਮਦਾ ਹੈ
ਸਿਰਫ਼ ਰਸੋਈ ਤੇ ਦੁਕਾਨਾਂ ਤੋਂ ਵਾਕਫ਼
ਰਾਤ ’ਚ ਨਿਤਰੀ ਝੀਲ ਦੀਆਂ ਲਹਿਰਾਂ ਫ਼ੜਦਾ
ਮੁਕ ਜਾਂਦਾ ਹੈ ਰਾਤ ਵਾਂਗ ਹੀ।

# ਮੁਹੱਬਤ ਦਾ ਸਿਰਨਾਵਾਂ

ਮੈਂ ਲੱਭਦਾ ਰਹਿੰਦਾ ਹਾਂ ਉਹ ਸ਼ਬਦ
ਜੋ ਤੇਰੀ ਮੁਹੱਬਤ ਦੇ ਅਰਥਾਂ ਦੇ ਮੇਚ ਹੋਣ
ਮੈਂ ਢੂੰਡਦਾ ਰਹਿੰਦਾ ਹਾਂ ਉਹ ਸਵੇਰੇ
ਜੋ ਤੇਰੇ ਬੁੱਲ੍ਹਾਂ ਦੀ ਮੁਸਕਾਨ ਵਰਗੇ ਹੋਣ।

ਚੜ੍ਹੀ ਰਹਿੰਦੀ ਹੈ ਗਹਿਰ, ਤੇਰੀਆਂ ਯਾਦਾਂ ਦੀ
ਮੇਰੀ ਰੂਹ ਦੇ ਟਿੱਬਿਆਂ ਦੇ ਸਬਜ਼ੇ 'ਤੇ
ਉਹ ਪਲ ਜੋ ਅਸੀਂ ਮੁਹੱਬਤ ਨਾਲ ਜੀਵੇ
ਸਾਡੇ ਲਈ ਜ਼ਿਦਗੀ ਬਣ ਗਏ
ਬਾਕੀ ਤਾਂ ਬੱਸ
ਰੀਂਘਦੀ ਹੋਈ ਉਮਰ ਦੀ ਸਧਾਰਨਤਾ ਹੈ।

ਮੇਰੇ ਮੱਥੇ 'ਚ ਬਲਦਾ ਰਹਿੰਦਾ ਹੈ
ਚੁਭੇ ਦੀ ਅੱਗ ਵਾਂਗ ਤੇਰਾ ਚੇਤਾ
ਮੈਂ ਸ਼ਾਇਦ ਕਦੇ ਵਾ ਦਸ ਨਾ ਸਕਾਂ
ਕਿ ਕਿੰਨੇ ਸਵੇਰੇ ਮੈਂ ਤੈਨੂੰ ਅਰਪਣ ਕੀਤੇ
ਤੇ ਕਿੰਨੀਆਂ ਹੀ ਚਾਨਣੀ 'ਚ ਭਿੱਜੀਆਂ ਰਾਤਾਂ
ਮੈਂ ਸਾਂਭ ਸਾਂਭ ਤੇਰੇ ਲਈ ਰੱਖਦਾ ਰਿਹਾ।

ਅਤੇ ਪਰੂੰ ਜੋ ਕੱਤੇ ਦੇ ਬੱਦਲ ਵਰ੍ਹੇ ਸਨ
ਮੈਂ ਕਿੰਜ ਦੱਸਾਂ?
ਮੇਰੀਆਂ ਕਿੰਨੀਆਂ ਜਾਗੀਆਂ ਰਾਤਾਂ ਦਾ ਸਮੁੰਦਰ ਸਨ।

ਤੇ ਅੱਜ ਵੀ ਮੈਂ ਲੋਚਦਾ ਹਾਂ ਉਹ ਸ਼ਬਦ
ਜੋ ਤੇਰੀ ਮੁਹੱਬਤ ਦੇ ਮੇਚ ਆ ਸਕਣ
"ਤੇਰੀਆਂ ਬਾਹਵਾਂ ਵਿਚ ਸਵਰਗ ਹੈ ਮੇਰੀ ਚੰਨੋ!"
ਕੀ ਇਸਤੋਂ ਪਰੇ ਵੀ ਕਵਿਤਾ ਹੈ?

# ਪਿਛਲੇ ਸਾਲ

ਪਿਛਲੇ ਸਾਲ ਜੋ ਸਾਵਣ ਜੋ ਵਿਰਵੇ ਰਹਿ ਗਏ
ਉਹ ਮੇਰੇ
ਜਾਂ ਟਰੇਸਾ ਵਰਗੇ ਬਾਂਸ ਸਨ
ਜੋ ਮੰਜੇ ਤਾਂ ਬਣ ਸਕਦੇ ਹਨ
ਪਰ ਝੰਡੇ ਦਾ ਗੀਤ ਨਹੀਂ।

ਜਿਨ੍ਹਾਂ ਲਈ ਇਕੱਲਤਾ ਦੇ ਸੱਪਾਂ ਬਿਨਾ
ਕੋਈ ਘਰ ਜਾਂ ਸਾਥੀ ਨਹੀਂ
ਉਂਜ ਮੈਂ ਜਦ ਵੀ ਇਕੱਲਤਾ ਨਾਲ ਲੜਿਆ ਹਾਂ
ਤਾਂ ਕਿਤਾਬਾਂ ਮੇਰਾ ਬੋਝਾ ਫਰੋਲਦੀਆਂ ਹਨ
ਦੇਸ਼ ਦੇ ਰਿਸਾਲੇ ਨਾਸ਼ਤਾ ਮੰਗਦੇ ਹਨ
ਦੁਪਹਿਰ ਸਮਤਾਂ ਦੀ ਉਡੀਕ ਵਿੱਚ
ਰੋਹਲੇ ਬਾਣ ਹੋ ਜਾਂਦੀ ਹੈ।

ਅਤੇ ਪਿਛਲੇ ਸਾਲ
ਮੈਂ ਖਾਣ ਤੋਂ ਸਿਵਾ
ਜੀਉਣ ਲਈ ਕੁਝ ਵਾ ਨਹੀਂ ਕੀਤਾ।

# 77 ਮਨਦੀਪ ਕੌਰ ਭੰਮਰਾ




ਨਾਮ ਅਤੇ ਕਲਮੀ ਨਾਮ : ਮਨਦੀਪ ਕੌਰ ਭੰਮਰਾ

ਪਤਾ : 104/ਡੀ, ਨਿਊ ਰਾਜਗੁਰੂ ਨਗਰ, ਲੁਧਿਆਣਾ

ਮੋਬਾਇਲ : +91 98156-93443

ਈ-ਮੇਲ : **mkbassociation@yahoo.com**


ਵਿੱਦਿਅਕ ਯੋਗਤਾ : ਗਿਆਨੀ,ਐੱਮ ਏ ਪੰਜਾਬੀ.

ਐਡੀਟਰ : ਪਰਹਿਤ ਮੈਗ਼ਜ਼ੀਨ

ਪੁਸਤਕਾਂ : ਸ਼ਿਵਚਰਨ ਜੱਗੀ ਕੁੱਸਾ ਦੇ ਨਾਵਲਾਂ
ਵਿੱਚ ਯਥਾਰਥ-ਆਲੋਚਨਾ,
ਰੰਗਾਂ ਦੀ ਰੌਸ਼ਨੀ-ਕਾਵਿ ਸੰਗ੍ਰਹਿ,
"ਨਿਆਜ਼ਬੋ"-ਕਾਵਿ ਸੰਗ੍ਰਹਿ,
"ਕਲਾਵਾ"-ਕਾਵਿ-ਸੰਗ੍ਰਹ,
" ਵਿਗਾਸ"-ਕਾਵਿ ਸੰਗ੍ਰਹਿ
ਅਤੇ ਹੋਰ ਕਈ ਕੁੱਝ ਛਪਾਈ ਅਧੀਨ ਹੈ।

# ਮੁਨਾਸਿਬ ਰੰਗ

ਸਾਗਰ ਦੀ ਗਹਿਰਾਈ ਅਤੇ
ਅੰਬਰ ਦੀ ਅਸੀਮ ਵਿਸ਼ਾਲਤਾ
ਦੇ ਵਿਚਕਾਰ
ਬੰਦ ਸਿੱਪੀ ਵਿਚਲੇ ਮੋਤੀ
ਜਾਂ ਕਿਸੇ ਰੌਸ਼ਨ ਤਾਰੇ ਵਾਂਗ
ਇਹ ਧੜਕਦਾ ਹੋਇਆ ਦਿਲ
ਵੀ ਕੁਦਰਤ ਦਾ ਹੀ ਇੱਕ
ਹਿੱਸਾ ਹੈ ਜੋ ਨਿਰਜਿੰਦ ਨਹੀਂ ਹੈ...
ਪਰ ਜਾਨਣਾ ਚਾਹੁੰਦੈ ਕਿ
ਜਿਉਣਾ ਕਿਵੇਂ ਹੈ...?
ਮੁਨਾਸਿਬ ਰੰਗਾਂ ਦੀ ਤਲਾਸ਼
ਵੀਰਾਨੇ ਪਸਾਰ ਵਿੱਚ ਖੁਸ਼ਬੂ ਦਾ ਅਹਿਸਾਸ
ਉਗਮਦੇ ਸੂਰਜ ਵਿਚਲੀ ਰੌਸ਼ਨੀ ਦਾ ਨਜ਼ਾਰਾ
ਹੁਸੀਨ ਰਾਤਾਂ ਵਿੱਚ ਟਹਿਕਦੇ
ਸੁਪਨਿਆਂ ਦੇ ਫੁੱਲ
ਜਗਦੀ ਹੋਈ ਮੋਮਬੱਤੀ ਦੀ ਲੋਅ
ਮੋਮ ਵਾਂਗ ਪੰਘਰਦੇ ਹੋਏ ਹੰਝੂ
ਸਭ ਯਾਦਾਂ ਦਾ ਤਾਣਾ-ਬਾਣਾ ਹੈ!

# ਮੱਥੇ ਦਾ ਤਿਲਕ

ਮੈਨੂੰ ਮੇਰੇ ਤੋਂ ਚੁਰਾ ਨਾ
ਗ਼ਮ ਦੇ ਸਾਗਰਾਂ 'ਚ ਮੈਨੂੰ ਡੁਬਾ ਨਾ
ਮੈਂ ਅਜ਼ਲਾਂ ਤੋਂ ਗ਼ਮਾਂ ਦੀ ਪੀੜ ਸਹੀ ਹੈ
ਮੇਰੇ ਜੁੜ ਚੁੱਕੇ ਮਨ ਨੂੰ ਮੁੜ ਤੋਂ ਹਿਲਾ ਨਾ
ਤੇਰੀ ਰਹਿਬਰੀ ਦਾ ਸਾਇਆ
ਬੜੀ ਤਕਦੀਰ ਸੰਗ ਹੈ ਪਾਇਆ
ਬਣ ਕੇ ਬਿਜੜਾ ਆਲ੍ਹਣਾ ਬਣਾਇਆ
ਵਿੱਚ ਮੰਦਿਰ ਬਣਾ ਕੇ ਤੈਨੂੰ ਹੈ ਬਿਠਾਇਆ
ਗ਼ਮਾਂ ਦੀ ਰਾਤ ਮੁੱਕ ਜਾਣ ਦੇ
ਮਨ ਮੇਰਾ ਤੇਰੀ ਹੀ ਸ਼ਰਨ ਆਇਆ
ਕਿੰਨੇ ਹੀ ਦੁਆਰ ਪਾਰ ਕੀਤੇ
ਤਾਂ ਤੇਰਾ ਦੁਆਰ ਆਇਆ
ਮੱਥੇ ਮੁਕਟ ਹੋਠਾਂ 'ਤੇ ਬਾਸੁੰਰੀ
ਕ੍ਰਿਸ਼ਨ ਰਾਧਾ ਦੇ ਦੁਆਰ ਆਇਆ
ਇਹ ਮੋਹ ਦੀਆਂ ਤੰਦਾਂ ਨੇ
ਜਾਂ ਧੁਰੋਂ ਵਰੋਸਾਈ ਸਾਂਝ ਦਾ ਸਦਕਾ
ਤੇਰੇ ਮੱਥੇ ਦਾ ਤਿਲਕ
ਸਾਨੂੰ ਵੀ ਰਾਸ ਆਇਆ

# ਸੱਚੀ ਸਾਧਨਾ

ਤਲਾਸ਼ ਵਿੱਚ ਭਟਕਣ ਨਹੀਂ
ਸੁੱਚੀ ਸਾਧਨਾ ਹੋਵੇ
ਆਸ ਵਿੱਚ ਤੜਪਣ ਨਹੀਂ
ਸੱਚੀ ਅਰਾਧਨਾ ਹੋਵੇ
ਮਿਲ ਜਾਂਦੀ ਹੈ ਮੰਜ਼ਿਲ
ਜੇ ਘਾਲਣਾ ਹੋਵੇ
ਰੂਹ ਦੀ ਤਲਾਸ਼ ਵਿੱਚ
ਪਿਆਸ ਅਤੇ ਚਾਹਨਾ ਹੋਵੇ
ਜਨਮਾਂ ਦੀ ਮੈਲ਼ ਉੱਤਰ ਜਾਂਦੀ
ਇਸ ਜਨਮ ਜੇ ਸਾਮ੍ਹਣਾ ਹੋਵੇ
ਸੁੱਚੇ ਪਾਣੀਆਂ 'ਚ ਤੈਰ ਕੇ ਤੇ
ਜੇ ਸਾਗਰ ਖੰਗਾਲ੍ਹਣਾ ਹੋਵੇ
ਅੰਮ੍ਰਿਤ ਬੂੰਦ ਨੂੰ ਪਾ ਲੈਣਾ
ਜੇ ਰੂਹ ਨੇ ਮਾਨਣਾ ਹੋਵੇ
ਸੱਚੇ ਇਸ਼ਕ ਦਾ ਮੇਲ ਹੋਵੇ
ਰੂਹ ਦੇ ਵਿੱਚ ਜੇ ਚਾਨਣਾ ਹੋਜੇ
ਭੇਦ ਮੁੱਕ ਜਾਵਣ ਸਾਰੇ ਦਿਲਾਂ ਦੇ
ਕੋਈ ਦਿਲ ਜੇ ਤੇਰਾ ਆਲ੍ਹਣਾ ਹੋਜੇ
ਰੂਪ ਰੂਹ ਦਾ ਅੰਦਰ ਉਤਾਰ ਸਕੇਂ
ਰੂਹ ਦੇ ਸੰਗ ਜੇ ਜਾਨਣਾ ਹੋਜੇ
ਰੱਬਾ ਖ਼ੈਰ ਹੋਵੇ ਤੇਰੀ ਮਿਹਰ ਹੋਵੇ
ਸਿਰ ਉੱਤੇ ਗੁਰੂ ਦੀ ਪਾਲਣਾ ਹੋਵੇ
ਗੁਰੂ ਮਿਹਰ ਦੇ ਘਰ ਆਜੇ
ਔਗੁਣ ਸਾਡੇ ਤੇ ਉਹਦਾ ਛਾਨਣਾ ਹੋਵੇ।

# ਸੁਰਤ ਵਿੱਚ ਹੀਰੇ

ਸੋਹਣੇ ਸੁਪਨਿਆਂ ਨੂੰ ਕੈਦ ਨਾ ਕਰ
ਅਹਿਸਾਸਾਂ ਨੂੰ ਸਵੈ ਸੰਗ ਜੋੜ
ਆਪਣੀ ਖ਼ੁਸ਼ੀ ਵੀ ਦੇਖ
ਆਪਣਾ ਨਿੱਜ
ਨਿੱਜ ਦੇ ਜਜ਼ਬਾਤ ਆਪੇ ਸੰਗ ਜੋੜ
ਕੁਦਰਤ ਨੇ ਕਮਾਲ ਬਖਸ਼ੀ ਹੈ
ਬਖਸ਼ੀ ਬੇਮਿਸਾਲ ਸ਼ਕਤੀ ਹੈ
ਅਹਿਮੀਅਤ ਨੂੰ ਜਾਣ ਉਸਦੀ
ਸੰਵਾਰ ਆਪਣਾ ਅੱਗਾ
ਆਪਣਾ ਜੀਵਨ ਸੰਵਾਰ
ਸਿਰਜਨਾ ਦੀ ਕਰਤਾਰੀ ਸ਼ਕਤੀ
ਲਿਖੀ ਜੋ ਉਸਨੇ ਤੇਰੇ ਭਾਗੀਂ
ਉਸ ਨਾਲ਼ ਵੀ ਜੇ ਤੇਰੀ
ਕਿਸਮਤ ਨਾ ਜਾਗੀ
ਫ਼ੇਰ ਤੂੰ ਕਾਹਦੀ ਜਾਗੀ
ਇਹ ਤੇਰੀ ਕਿਹੀ ਆਜ਼ਾਦੀ
ਤੂੰ ਤਾਂ ਬੱਸ ਜਜ਼ਬਿਆਂ ਦੀ ਕੈਦ ਭੋਗੀ
ਸੁਣ!
ਵੇਲ਼ਾ ਹੁਣ ਮੁਕਤ ਹੋਣ ਦਾ ਏ
ਇਸ ਕੈਦ ਵਿੱਚੋਂ ਛੁੱਟਣ ਦਾ ਏ
ਆਪਣੀ ਆਜ਼ਾਦੀ ਨੂੰ ਮਾਨਣ ਦਾ ਏ
ਕਲਮ ਨੂੰ ਗਹਿਣਾ ਬਣਾ
ਸੁਰਤ ਵਿੱਚ ਹੀਰੇ ਜੜ
ਤੇ ਆਪਣੇ ਰਾਹ ਰੁਸ਼ਨਾਅ
ਆਪੇ ਨੂੰ ਮੁਕਤੀ ਦਾ ਨਵਾਂ ਮਾਰਗ ਦਿਖਾ ਜਾਂ ਬੱਸ ਹੁਣ
ਇਸ ਜੀਵਨ ਨੂੰ ਸਹਿਜ ਪ੍ਰੇਮ ਦੇ ਲੇਖੇ ਲਾ
ਇਹੋ ਤਾਂ ਜਨਮ ਨਕਦ ਮਿਲਿਐ
ਦੇਣ ਵਾਲ਼ੇ ਨੂੰ ਦਿਲੋਂ ਧਿਆ...!

# ਨਿਆਣਾ ਹਰਜਿੰਦਰ




ਨਾਮ ਅਤੇ ਕਲਮੀ ਨਾਮ : ਨਿਆਣਾ ਹਰਜਿੰਦਰ

ਪਤਾ : 329, ਗਲੀ ਨੰ. 5, ਗੁਰੂ ਨਾਨਕ ਪੁਰਾ, ਫਗਵਾੜਾ

ਮੋਬਾਇਲ : +91 88376-00306

ਈ-ਮੇਲ : **jaiswindersingh@gmail.com**


ਵਿੱਦਿਅਕ ਯੋਗਤਾ : ਐੱਮ ਐੱਸ ਸੀ. ਮੈਥ, ਬੀ. ਐੱਡ

ਪੁਸਤਕਾਂ : ਮੈਂ ਉਹ ਤੇ ਮੁਹੱਬਤ (2019)
ਮੁਹੱਬਤ... ਸੱਚੀ ਮੁੱਚੀ! (ਛਪਾਈ ਅਧੀਨ)

# ਮਾਇਨੇ

ਇਹ ਮਾਇਨੇ ਨਹੀਂ ਰੱਖਦਾ
ਕਿ ਮੈਂ ਤੈਨੂੰ ਚਾਹੁੰਦਾ ਹਾਂ,
ਬਲਕਿ ਇਹ ਮਾਇਨੇ ਰੱਖਦਾ ਹੈ
ਕੀ ਤੂੰ ਮੈਨੂੰ ਚਾਹੁੰਦੀ ਹੈ ਕਿ ਨਹੀਂ?

ਇਹ ਮਾਇਨੇ ਨਹੀਂ ਰੱਖਦਾ
ਕਿ ਤੂੰ ਮੇਰੀ ਹੋ ਪਾਵੇਂਗੀ ਕਿ ਨਹੀਂ,
ਬਲਕਿ ਇਹ ਮਾਇਨੇ ਰੱਖਦਾ ਹੈ
ਮੈਂ ਤੇਰਾ ਹੋ ਪਾਵਾਂਗਾ ਕਿ ਨਹੀਂ?

ਇਹ ਮਾਇਨੇ ਨਹੀਂ ਰਖਦਾ
ਕਿ ਤੂੰ ਮੇਰੀਆਂ ਯਾਦਾਂ ਚ ਰਹਿੰਦੀ ਹੈ,
ਬਲਕਿ ਇਹ ਮਾਇਨੇ ਰੱਖਦਾ ਹੈ
ਕੀ ਮੈਂ ਤੁਹਾਡੇ ਚੇਤਿਆਂ 'ਚ
ਸ਼ਾਮਿਲ ਹਾਂ ਕਿ ਨਹੀਂ?

ਇਹ ਮਾਇਨੇ ਨਹੀਂ ਰੱਖਦਾ
ਕਿ ਤੂੰ ਸਮੁੰਦਰ ਦੀ ਉੱਚੀ ਉੱਠਦੀ ਛੱਲ ਹੈ,
ਬਲਕਿ ਇਹ ਮਾਇਨੇ ਰੱਖਦਾ ਹੈ
ਕੀ ਤੂੰ ਕੰਢੇ 'ਤੇ ਟਕਰਾ ਕੇ ਮੇਰੇ ਕੋਲ
ਵਾਪਿਸ ਆਵੇਗੀ ਕਿ ਨਹੀਂ?

ਇਹ ਮਾਇਨੇ ਨਹੀਂ ਰੱਖਦਾ
ਕਿ ਮੈਂ ਕਿੰਨੀ ਸ਼ਿੱਦਤ ਨਾਲ
ਤੇਰੀ ਉਡੀਕ ਕਰਦਾ ਹਾਂ,
ਬਲਕਿ ਇਹ ਮਾਇਨੇ ਰੱਖਦਾ ਹੈ
ਕੀ ਤੂੰ ਅੱਡੀਆਂ ਚੱਕ ਚੱਕ
ਮੇਰਾ ਰਾਹ ਤੱਕਦੀ ਹੈ ਕਿ ਨਹੀਂ?

ਇਹ ਮਾਇਨੇ ਨਹੀਂ ਰੱਖਦਾ
ਕਿ ਮੈਂ ਕਰੋੜਾਂ ਪ੍ਰਕਾਸ਼ ਸਾਲਾਂ ਦੀ
ਦੂਰੀ ਤੈਅ ਕਰਕੇ ਤੇਰੇ ਤੋਂ
ਦੋ ਕਦਮ ਤੇ ਆਇਆ ਹਾਂ,
ਬਲਕਿ ਇਹ ਮਾਇਨੇ ਇਹ ਰੱਖਦਾ ਹੈ
ਕੀ ਤੂੰ ਉਹ ਦੋ ਕਦਮ
ਅੱਗੇ ਰੱਖਦੀ ਹੈ ਕਿ ਨਹੀਂ?

ਇਹ ਮਾਇਨੇ ਨਹੀਂ ਰੱਖਦਾ
ਕਿ ਮੇਰਾ ਵਜੂਦ ਤੇਰੇ ਕਬਜ਼ੇ 'ਚ ਹੈ,
ਬਲਕਿ ਇਹ ਮਾਇਨੇ ਰਖਦਾ ਹੈ
ਕੀ ਤੇਰੀ ਰੂਹ ਮੇਰੇ ਵਜੂਦ ਨੂੰ
ਗ੍ਰਿਫ਼ਤ 'ਚ ਕਰ ਕੇ ਤ੍ਰਿਪਤ ਹੈ ਕਿ ਨਹੀਂ?

ਇਹ ਮਾਇਨੇ ਨਹੀਂ ਰੱਖਦਾ
ਕਿ ਮੈਨੂੰ ਕੀ ਖਿੱਚ ਲਿਆਉਂਦਾ ਹੈ ਤੇਰੇ ਵੱਲ,
ਬਲਕਿ ਮਾਇਨੇ ਇਹ ਰੱਖਦਾ ਹੈ
ਕੀ ਤੂੰ ਮੇਰੇ ਵੱਲ ਖਿੱਚ
ਮਹਿਸੂਸ ਕਰੇਗੀ ਕੀ ਨਹੀਂ?

ਇਹ ਮਾਇਨੇ ਨਹੀਂ ਰੱਖਦਾ
ਕਿ ਮੈਂ ਤੇਰੇ ਘਾਹ ਰੂਪੀ ਮਨ 'ਤੇ
ਤਰੇਲ ਰੂਪੀ ਤੁਪਕਾ ਬਣ ਕੇ ਬੈਠਾ ਹਾਂ,
ਬਲਕਿ ਇਹ ਮਾਇਨੇ ਰੱਖਦਾ ਹੈ
ਕੀ ਤੂੰ ਉਸ ਤੁਪਕੇ ਨੂੰ
ਜ਼ਜ਼ਬ ਕੀਤਾ ਹੈ ਕਿ ਨਹੀ?

ਇਹ ਮਾਇਨੇ ਨਹੀਂ ਰੱਖਦਾ
ਕਿ ਮੇਰੀਆਂ ਲੋੜਾਂ ਤੇ ਇੱਛਾਵਾਂ ਕੀ ਹਨ,
ਬਲਕਿ ਇਹ ਮਾਇਨੇ ਇਹ ਰੱਖਦਾ ਹੈ
ਕੀ ਤੂੰ ਮੇਰੀ ਚੋਣ ਕਰਦੀ ਹੈ ਕਿ ਨਹੀਂ?
ਇਹ ਮਾਇਨੇ ਨਹੀਂ ਰੱਖਦਾ......

# ਕੀ ਤੋਂ ਕੀ ਹੋ ਗਿਆ ਹਾਂ ਮੈਂ...?

ਠਾਠਾਂ ਮਾਰਦਾ ਸੀ ਸਮੁੰਦਰ ਵਿਸ਼ਾਲ,
ਚੁੱਪ ਚਾਪ ਝੀਲ ਹੋ ਗਿਆ ਹਾਂ....ਮੈਂ
ਰੇਸ਼ਮ ਦਾ ਸੀ ਰੰਗੀਨ ਪੱਟ,
ਸੂਤੀ ਰੀਲ ਹੋ ਗਿਆ ਹਾਂ...ਮੈਂ
ਰੜਕ ਮੜਕ ਦਾ ਸੀ ਨਾਮ ਦੂਜਾ ,
ਸਰਲ ਸੀਲ ਹੋ ਗਿਆ ਹਾਂ...ਮੈਂ
ਉਬਲਦਾ ਕਟੋਰਾ ਸੀ ਭਾਵਨਾ ਭਰਪੂਰ,
ਸੂਖਮ ਫੀਲ਼ ਹੋ ਗਿਆ ਹਾਂ...ਮੈਂ
ਚਟਕ ਚਟਪਟਾ ਸੀ ਘੋਲ ਅਨੂਠਾ,
ਸ਼ਰਬਤ ਛਬੀਲ ਹੋ ਗਿਆ ਹਾਂ...ਮੈਂ
ਖਤਰਿਆਂ ਨਾਲ ਸੀ ਖੇਡਦਾ ਹੱਸ ਹੱਸ,
ਭਰੋਸੇਯੋਗ ਡੀਲ ਹੋ ਗਿਆ ਹਾਂ...ਮੈਂ
ਜੱਜ ਨੂੰ ਸੀ ਜੱਜ ਕਰਦਾ ,
ਅਪਣਾ ਵਕੀਲ ਹੋ ਗਿਆ ਹਾਂ...ਮੈਂ
ਉਡਾਰੀ ਅੰਬਰੀ ਸੀ ਸੂਰਜ ਮਾਪਦਾ ,
ਗੈਰ_ਜ਼ਮਾਨਤੀ ਅਪੀਲ ਹੋ ਗਿਆ ਹਾ..ਮੈਂ
ਇੱਜ਼ਤਾਂ ਦੀਆਂ ਸੀ ਧੱਜੀਆਂ ਉਡਾਉਂਦਾ,
ਆਪਣੇ ਅੰਦਰ ਜ਼ਲੀਲ ਹੋ ਗਿਆ ਹਾਂ..ਮੈਂ,
ਥੋੜੇ ਸ਼ਬਦਾਂ ਚ ਸੀ ਰਚਨਾ ਲਿਖਦਾ ,
ਵਿਸਤਾਰੀ ਤਫ਼ਸੀਲ ਹੋ ਗਿਆ ਹਾਂ,,,,ਮੈਂ,
ਬੇਪਰਵਾਹ ਬੇਪਨਾਹ ਸੀ ਨਿਆਣਾ ਹਮੇਸ਼ਾ,
ਯਾਦਾਂ ਦਾ ਮਖੀਲ ਹੋ ਗਿਆ ਹਾਂ...ਮੈਂ,
ਗੱਲ ਹਰ ਤੇ ਸੁੱਟਦਾ ਸੀ ਚੰਗਿਆੜੇ,
ਧਰਤੀ ਜਿਹਾ ਸਹਿਣਸ਼ੀਲ ਹੋ ਗਿਆ ਹਾਂ...ਮੈਂ,
ਸ਼ਰਧਾ ਰੱਖਦਾ ਸੀ ਵਿਸ਼ਵਾਸ਼ਾਂ ਤੇ,
ਬੇਮਤਲਬ ਤਰਕਸ਼ੀਲ ਹੋ ਗਿਆ ਹਾਂ...ਮੈ,
ਇਸ਼ਕ ਜਨੂੰਨ ਸੀ ਸਿਰ ਚੜਵਾਂ,
ਠੁਕਰਾਈ ਮੋਹੱਬਤ ਦਲੀਲ ਹੋ ਗਿਆ ਹਾਂ..ਮੈਂ।

# ਖੁੱਲ੍ਹੀ ਕਵਿਤਾ

ਮੈਂ ਖੁੱਲ੍ਹੀ ਕਵਿਤਾ ਹਾਂ,
ਕੋਈ ਤੁਕ ਨਹੀਂ ਕੋਈ ਰਲਾਅ ਨਹੀਂ,
ਕੋਈ ਨਿਯਮ ਤੇ ਬੰਦਿਸ਼ਾ ਨਹੀਂ,
ਕਦੇ ਕਦੇ ਮੈਂ ਬੇਮੁਹਾਰੀ ਵੀ ਹੋ ਜਾਂਦੀ ਹਾਂ,
ਕਦੇ ਕਦੇ ਇੰਝ ਚਲਦੀ ਹਾਂ
ਜਿਵੇਂ ਸੂਈ ਨਾਲ ਮਾਪੀ ਹੋਵੇ,
ਮੈਂ ਖੁੱਲ੍ਹੀ ਕਵਿਤਾ ਹਾਂ,
ਕਦੇ-ਕਦੇ ਮੈਂ
ਸਮਝਣਯੋਗ ਨਹੀਂ ਰਹਿੰਦੀ,
ਕਦੇ ਕਦੇ ਸਰਲ ਹੋ ਜਾਂਦੀ ਹਾਂ,
ਮੇਰੇ 'ਚ ਅਹਿਸਾਸ ਹੀ ਹੁੰਦੇ ਹਨ,
ਅਹਿਸਾਸ ਹੀ ਮੈਨੂੰ
ਵਿਲੱਖਣ ਬਣਾਉਂਦੇ ਹਨ,
ਕਦੇ-ਕਦੇ ਮੈਂ ਚਾਹੁੰਦੀ ਹਾਂ,
ਹਰ ਕੋਈ ਮੈਨੂੰ ਦੇਖੇ ਤੇ ਪੜ੍ਹੇ,
ਕਦੇ-ਕਦੇ ਬੱਸ ਏਨਾ
ਬੱਸ ਤੂੰ ਹੀ ਮੈਨੂੰ ਪੜ੍ਹੇ,
ਬਸ ਮੈਂ ਤੇਰੀ ਹੀ ਬਣ ਜਾਵਾ,
ਪ੍ਰੇਮਿਕਾ ਜਾਂ ਗੁਲਾਮ ਤੇਰੀ ਮਰਜ਼ੀ,

ਮੈਂ ਖੁੱਲ੍ਹੀ ਕਵਿਤਾ ਹਾਂ,
ਕਦੇ ਕਦੇ ਦਿਖਾਉਣਾ ਚਾਹੁੰਦੀ ਆਂ
ਸਾਰਾ ਵਜੂਦ ਆਪਣਾ,
ਪਰ ਫੇਰ ਲਕੋ ਲੈਂਦੀ ਹਾਂ
ਕੁੱਝ ਹਿੱਸੇ ਨੂੰ ਤੇਰੀ ਕਲਪਨਾ ਲਈ,
ਫੇਰ ਹੌਲੀ-ਹੌਲੀ ਲੁਕਿਆ
ਪ੍ਰਗਟ ਕਰਦੀ ਆ,
ਤੇਰੀ ਕਲਪਨਾ ਦਾ ਚੋਲਾ ਪਾ ਕੇ
ਮੈਂ ਬੇਪਰਦਾ ਹੋ ਜਾਂਦੀ ਹਾਂ,
ਬਿਲਕੁਲ ਪਾਰਦਰਸ਼ੀ ਤੇ ਮਹੀਨ,
ਹਵਾ ਵੀ ਨਹੀਂ ਰਹਿੰਦੀ ਤੇਰੇ ਮੇਰੇ ਦਰਮਿਆਨ,

ਮੈਂ ਖੁੱਲ੍ਹੀ ਕਵਿਤਾ ਹਾਂ,
ਮੈਂ ਅਚਾਨਕ ਹੀ ਤਿਲਕ ਆਉਂਦੀ ਹਾਂ,
ਨਿਆਣੇ ਦੀ ਕਲਮ ਦੀ ਨੋਕ ਤੇ,
ਫੇਰ ਕੋਰੇ ਕਾਗਜਾਂ ਉੱਤੇ ਕਿਰ ਜਾਂਦੀ ਹਾਂ,
ਮੈਂ ਡੋਲਦੀ ਹਾਂ ਹਰ ਧੜਕਣ ਨਾਲ
ਮੈਂ ਪਾਰੇ ਤੋਂ ਵੀ ਚੰਚਲ ਹਾਂ,

ਮੈਂ ਖੁੱਲ੍ਹੀ ਕਵਿਤਾ ਹਾਂ,
ਜਿਸਨੂੰ ਪੜ੍ਹਦੇ ਹੀ ਅੱਖਾਂ ਦੇ
ਜੁਗਨੂੰ ਟਿਮਟਿਮਾਉਦੇ ਹਨ,
ਤੇ ਦਿਲ ਦੇ ਮੋਰ ਪੈਲਾ ਪਾਉਂਦੇ ਹਨ,
ਯਾਦਾਂ ਦੀ ਸਤਰੰਗੀ ਪੀਂਘ ਖੁਸ਼ੀ ਦੇ
ਗ਼ਮ ਦੇ ਝੂਟੇ ਦੇਣ ਲਗਦੀ ਹੈ,
ਹਰ ਸਤਰ ਬੁੱਲਾਂ ਦੀ
ਹਰਕਤ ਨਾਲ ਟੁਣਕਾਰ ਭਰਦੀ ਹੈ,
ਯਾਦਾਂ ਦੀ ਖੁਸ਼ਬੋ ਨਾਲ
ਕਮਰਾ ਮਹਿਕਣ ਲਗਦਾ ਹੈ,
ਖੁਸ਼ਬੂ ਜੋ ਜਾਣੀ ਪਹਿਚਾਣੀ ਲਗਦੀ ਹੈ,
ਬਿਲਕੁਲ ਉਸ ਵਾਲੇ
ਇੱਤਰ ਫੁਲੇਲ ਦੀ ਤਰ੍ਹਾਂ,
ਮੈਂ ਸਾਹਾਂ ਨਾਲ ਅੰਦਰ ਉੱਤਰ ਜਾਂਦੀ ਹਾਂ,
ਮੈਂ ਖੁੱਲ੍ਹੀ ਕਵਿਤਾ ਹਾਂ
ਮੈਂ ਖੁੱਲ੍ਹੀ ਕਵਿਤਾ ਹਾਂ।

# ਜ਼ਰੂਰੀ ਨਹੀਂ

ਸਿਰਫ ਕੈਮਰੇ ਦੇ ਅੱਗੇ ਖੜ੍ਹ ਕੇ
ਤਸਵੀਰਾਂ ਲਈ ਦਿੱਤੀਆਂ ਮੁਸਕਰਾਹਟਾਂ,
ਜ਼ਰੂਰੀ ਨਹੀਂ...ਅੰਦਰੂਨੀ ਖੁਸ਼ੀ ਦੇ ਸਕਣ,

ਆਪਣਾ ਹੱਥ ਹਵਾ ਵਿੱਚ ਚੁੱਕ ਕੇ
ਬੱਤਖ ਵਾਂਗ ਬੁੱਲ ਕੱਢ ਕੇ
ਖਿੱਚੀਆਂ ਸੈਲਫੀਆਂ,
ਜ਼ਰੂਰੀ ਨਹੀਂ...ਸੈਲਫ ਨੂੰ ਦਿਖਾ ਸਕਣ,

ਐਫਬੀ 'ਤੇ ਪੋਸਟ ਕੀਤੀਆਂ ਤਸਵੀਰਾਂ ਵਿਚ
ਗਲਵਕੜੀ ਪਾ ਕੇ ਮਿਲਦੇ ਲੋਕ,
ਜ਼ਰੂਰੀ ਨਹੀਂ...ਦਿਲ ਵੀ ਮਿਲਾ ਸਕਣ,

ਦੂਰ ਦੁਰਾਡੇ ਰਮਣੀਕ ਸਥਾਨ 'ਚ
ਖਿੱਚੀਆਂ ਫੀਲਿੰਗ ਹੈਪੀ ਦੀਆਂ ਪੋਸਟਾਂ,
ਜ਼ਰੂਰੀ ਨਹੀਂ...ਤੁਹਾਡੇ ਦਿਲ ਦੀਆ
ਉਦਾਸੀਆਂ ਦੂਰ ਕਰ ਸਕਣ,

ਵਟਸਐਪ 'ਤੇ ਕੀਤੀਆਂ
ਲੰਬੀਆਂ-ਲੰਬੀਆਂ ਗੱਲਾਂ,
ਜ਼ਰੂਰੀ ਨਹੀਂ...ਤੁਹਾਨੂੰ
ਸਦੀਵੀਂ ਸਕੂਨ ਦੇ ਸਕਣ,

ਚਾਬੀ ਫੱਟੇ 'ਤੇ ਟਾਈਪ
ਜਾਂ ਕਾਪੀ ਕੀਤੇ ਸੰਦੇਸ਼,
ਜ਼ਰੂਰੀ ਨਹੀਂ...ਤੁਹਾਡੀਆਂ ਭਾਵਨਾਵਾਂ ਨੂੰ
ਬਿਲਕੁਲ ਤੁਹਾਡੀ ਸੋਚ ਦੇ
ਅਨੁਸਾਰ ਪੇਸ਼ ਕਰ ਸਕਣ,

ਆਈ ਲਵ ਯੂ ਦੇ ਬਿਜਲੀ ਦੀ ਤੇਜ਼ੀ ਨਾਲ
ਆਏ ਭਾਵਨਾ ਵਿਹੂਣੇ ਟੈਕਸਟ ਸੰਦੇਸ਼,
ਜ਼ਰੂਰੀ ਨਹੀਂ...ਤੁਹਾਡੇ ਦਿਲ ਦੀ ਤਹਿ ਫਰੋਲ ਸਕਣ

ਯੂ ਟਿਊਬ ਤੇ ਦੇਖੀਆਂ
ਫਿੱਟ ਰਹਿਣ ਦੀਆਂ ਵੀਡੀਓ,
ਜ਼ਰੂਰੀ ਨਹੀਂ...ਤੁਹਾਨੂੰ
ਬੈਠੇ-ਬੈਠੇ ਫਿੱਟ ਬਣਾ ਸਕਣ,

ਮੋਬਾਈਲ ਮਿੱਤਰਾਂ ਦੀ ਸੂਚੀ
ਕਿੰਨੀ ਵੀ ਲੰਬੀ ਹੋਵੇ ਤੁਹਾਡੀ,
ਜ਼ਰੂਰੀ ਨਹੀਂ... ਉਹ
ਪਰਿਵਾਰਿਕ ਬਣ ਸਕਣ,

ਜਿਊਣ ਲਈ ਜ਼ਰੂਰੀ ਹੈ
ਹਵਾ, ਪਾਣੀ, ਰੋਟੀ,
ਜ਼ਰੂਰੀ ਨਹੀਂ...ਇਹ ਸਭ ਤੁਹਾਨੂੰ
ਡਿਜੀਟਲ ਕ੍ਰਾਂਤੀ ਦੇ ਸਾਧਨ ਦੇ ਸਕਣ,

ਜੋ ਪਿਆਰ ਤੁਹਾਨੂੰ ਤੁਹਾਡੇ
ਰਿਸ਼ਤੇ ਦੇ ਸਕਦੇ ਹਨ,
ਜ਼ਰੂਰੀ ਨਹੀਂ...ਇਹ ਸੰਚਾਰਕ ਦੇ ਸਕਣ,

ਸੋ ਸੋਸ਼ਲ ਮੀਡੀਆ ਦੇ ਨਾਲ ਨਾਲ
ਬਾਕੀ ਜ਼ਿੰਦਗੀ ਦੇ ਹਿੱਸੇ ਵੀ ਅਣਗੌਲੇ ਨਾ ਕਰੋ,
ਸਭ ਕੁੱਝ ਮਿਲ ਜਾਵੇ ਇਸ ਮੋਬਾਈਲ ਤੋਂ,
ਇਹ ਵੀ ਜ਼ਰੂਰੀ ਨਹੀ,

ਕੁੱਝ ਜ਼ਰੂਰੀ ਨੂੰ ਵੀ ਜ਼ਰੂਰੀ ਦਾ
ਦਰਜਾ ਦੇ ਕੇ ਜ਼ਰੂਰੀ ਬਣਾ ਲਵੋ।
ਕੁੱਝ ''ਜ਼ਰੂਰੀ ਨਹੀਂ'' ਨੂੰ ਵੀ
ਜ਼ਰੂਰੀ ਦੀ ਸੂਚੀ ਵਿਚੋਂ
ਕੁੱਝ ਦੇਰ ਲਈ ਵਿਦਾ ਕਰ ਦੇਵੋ।

79

# ਸਿਮਰਜੀਤ ਕੌਰ




ਨਾਮ ਅਤੇ ਕਲਮੀ ਨਾਮ : ਸਿਮਰਜੀਤ ਕੌਰ

ਪਤਾ : ਸਰਕਾਰੀ ਪ੍ਰਾਇਮਰੀ ਸਕੂਲ, ਗੁਰਦਾਸਪੁਰ

ਈ-ਮੇਲ : kaurjashan8150@gmail.com

ਵਿੱਦਿਅਕ ਯੋਗਤਾ : ਐੱਮ. ਏ. ਪੰਜਾਬੀ

# ਮਤਲਬੀ

ਚਾਹੇ ਮੈਨੂੰ ਮਤਲਬੀ ਵੀ ਕਹਿ ਸਕਦੇ ਹੋ..
ਇੰਝ ਕਹਿ ਕੇ ਸਕੂਨ ਮਿਲਦਾ ਤਾਂ ਲੈ ਸਕਦੇ ਹੋ,

ਇਹਨਾ ਗੱਲਾਂ ਤੇ ਤਰਕ ਕੁਤਰਕ ਵੀ ਤਾਂ ਹੋ ਸਕਦਾ
ਤੇਰੀ ਮੇਰੀ ਸੋਚ ਵਿਚ ਫ਼ਰਕ ਵੀ ਤਾਂ ਹੋ ਸਕਦਾ,
ਮੈਂ ਟੁੱਟ ਨਾ ਜਾਵਾਂ ਇਸ ਲਈ ਸਕੂਨ ਵਿਚ ਰਹਿੰਦੀ ਹਾਂ
ਕੋਈ ਕਹੇ ਚਾਹੇ ਨਾ ਖੁਦ ਨੂੰ ਸ਼ਾਬਾਸ਼ ਕਹਿੰਦੀ ਹਾਂ,
ਤੰਗੀਆਂ ਨਾਕਾਮੀਆਂ ਨੂੰ ਬਾਹਰ ਦਾ ਰਾਹ ਦਿੰਦੀ ਹਾਂ
ਸਹਿਕਦੇ ਅਹਿਸਾਸਾਂ ਨੂੰ ਮਹਿਕਦੇ ਸਾਹ ਦਿੰਦੀ ਹਾਂ,
ਇੰਝ ਨਕਾਰਤਮਕਤਾ ਨੂੰ ਕੋਹਾਂ ਦੂਰ ਭਜਾਉਂਦੀ ਹਾਂ
ਦੁੱਖ ਦਰਦ ਦੱਬ ਕੇ ਬੁਲਾਂ ਤੇ ਹਾਸਾ ਸਜਾਉਂਦੀ ਹਾਂ,
ਆਪਣੇ ਬਾਰੇ ਇੰਨਾ ਕੁ ਹੁਣ ਜਾਣਦੀ ਹਾਂ
ਆਪਣੇ ਹਾਸਿਆਂ ਨੂੰ ਵੀ ਖੁੱਲ ਕੇ ਮਾਣਦੀ ਹਾਂ,
ਤੁਸੀ ਸਿਮਰ ਦੀ ਤਰ੍ਹਾ ਇੰਝ ਵੀ ਵਹਿ ਸਕਦੇ ਹੋ
ਚਾਹੇ ਤੁਸੀ ਮੈਨੂੰ ਮਤਲਬੀ ਵੀ ਕਹਿ ਸਕਦੇ ਹੋ..

ਅੱਖੀਆਂ ਦਾ ਪਾਣੀ ਸਿਰੋਂ ਵਾਰ ਪੀ ਲੈਂਦੀ ਹਾਂ
ਤੁਪਕਾ-ਤੁਪਕਾ ਜ਼ਿੰਦਗੀ ਇੰਝ ਜੀ ਲੈਂਦੀ ਹਾਂ,
ਲੋਕ ਕਹਿੰਦੇ ਬਹੁਤ ਅੰਤਰਮੁੱਖੀ ਹੋ ਗਈ ਹਾਂ
ਦਿਲ ਤੋ ਸੱਚੀ ਕਹਾਂ ਬਹੁਤ ਸੁੱਖੀ ਹੋ ਗਈ ਹਾਂ,
ਦਿਲ ਕੇਂਦਰ ਰੂਹ ਅਰਧ ਵਿਆਸ ਹੋਈ ਜਾ ਰਹੀ ਹੈ
ਚੁੱਪ ਬੈਠੀ ਹਾਂ ਕਮਲੀ ਅੱਖ ਰੋਈ ਜਾ ਰਹੀ ਹੈ,
ਪਰ ਦੂਜਿਆਂ ਬਾਰੇ ਸੋਚਣਾ ਛੱਡ ਦਿੱਤਾ ਹੈ
ਤੀਰ ਸੀਨੇ ਗੱਡਿਆ ਪੁੱਟ ਕੱਢ ਦਿੱਤਾ ਹੈ,
ਇਦਾ ਦੀ ਨਹੀਂ ਸਿਮਰ ਦੁਨੀਆ ਬਣਾ ਦਿੱਤਾ ਹੈ
ਕੌੜਾ ਸਬਕ ਜ਼ਿੰਦਗੀ ਦਾ ਸਿਖਾ ਦਿੱਤਾ ਹੈ,
ਜੇ ਤੁਸੀ ਗੁੱਸੇ ਰਹਿਣਾ ਤਾਂ ਵੀ ਰਹਿ ਸਕਦੇ ਹੋ
ਚਾਹੇ ਤੁਸੀਂ ਮੈਨੂੰ ਮਤਲਬੀ ਵੀ ਕਹਿ ਸਕਦੇ ਹੋ...

# ਪਰਮ ਮਿੱਤਰ

ਬੈਸਟੀ ਕਹਿ ਲਵੋ ਸਖਾ ਕਹਿ ਲਓ
ਜਾਂ ਕਹਿ ਲਵੋ ਮਿੱਤਰ ਪੱਕਾ...
ਹੁੰਦਾ ਇੰਝ ਜਿਵੇਂ ਜ਼ਿੰਦਗੀ
ਦੀ ਕਾਰ ਦਾ ਪੰਜਵਾਂ ਚੱਕਾ...
ਜਦੋਂ ਕੋਈ ਵਿਚ ਰਾਹ ਸਾਥ ਛੱਡ ਜਾਵੇ
ਜਾਂ ਮਾਰ ਦੇਵੇ ਪਿੱਛੋਂ ਧੱਕਾ..
ਕੰਮ ਆਉਂਦਾ ਔਖੇ ਵੇਲੇ,
ਜਿਵੇਂ ਆਉਂਦਾ ਤਾਸ਼ 'ਚ ਯੱਕਾ...
ਬੈਸਟੀ ਕਹਿ ਲਵੋ ਸਖਾ ਕਹਿ ਲਓ...

ਜਦ ਰੋਵੇ ਸਿਮਰ.. ਇਹ ਹਸਾਉਂਦਾ ਮੈਨੂੰ
ਜਦ ਹੱਸੇ ਸਿਮਰ..ਇਹ ਸਤਾਉਂਦਾ ਮੈਨੂੰ,
ਸਤਾਉਂਦਾ ਆਪ ਪਰ
ਕਿਸੇ ਨੂੰ ਸਤਾਉਣ ਨਹੀਂ ਦਿੰਦਾ...
ਖੁਦ ਰੋਂਦਾ ਪਰ ਮੇਰੀ ਅੱਖ 'ਚ
ਹੰਝੂ ਆਉਣ ਨਹੀਂ ਦਿੰਦਾ..
ਰੌਲਾ ਤਾਂ ਇੰਝ ਪਾਉਂਦਾ
ਜਿਵੇਂ ਹੁੰਦਾ ਢੋਲ ਧਮੱਕਾ..

ਬੈਸਟੀ ਕਹਿ ਲਵੋ....
ਮਨ ਉਸਦਾ ਇੰਨਾ ਸਾਫ਼,
ਜਿਵੇਂ ਚਮਕਦਾ ਕੱਚ...
ਹਰ ਗੱਲ ਇੰਝ ਸਮਝ ਨਾਲ ਆਖੇ,
ਅਸਲੀ ਖਰਾ ਸੱਚ..
ਦਿਲ ਦੇ ਮਾਰੂਥਲ 'ਚ,
ਬਣ ਮੀਂਹ ਇਹ ਵਰਦਾ...
ਸੱਧਰਾਂ ਦੇ ਤਲਾਅ ਚ,
ਬਣ ਨੀਲ ਕਮਲ ਤਰਦਾ...
ਰਿਸ਼ਤਾ ਸਾਡਾ ਪਾਕ ਸਾਫ਼,
ਜਿਵੇਂ ਚਾਰ ਧਾਮ ਅਤੇ ਮੱਕਾ..
ਬੈਸਟੀ ਕਹਿ ਲਵੋ...

# ਕਿਉਂ ਆਖਿਰ ਕਿਉਂ?

ਕਿਉਂ ਯਾਦ ਉਸਦੀ 'ਚ ਦਿਲ ਉਦਾਸ ਰਹਿੰਦਾ ਹੈ?
ਕਿਉਂ ਹਰ ਵੇਲੇ ਉਹ ਬਣਿਆ ਖ਼ਾਸ ਰਹਿੰਦਾ ਹੈ?

ਕਿਉਂ ਬਣ ਨਮੀ ਅੱਖੀਆਂ 'ਚ ਤਰਦਾ ਰਹਿੰਦਾ ਹੈ?
ਕਿਉਂ ਹੰਝੂ ਬਣ ਬੇਮੌਸਮੀ ਵਰਦਾ ਰਹਿੰਦਾ ਹੈ?

ਕਿਉਂ ਸਭ ਜਾਣਦੇ ਵੀ ਬੇਰਹਿਮ ਬਣਿਆ ਰਹਿੰਦਾ ਹੈ?
ਕਿਉਂ ਸਿਮਲ ਦੇ ਰੁੱਖ ਵਾਂਗ ਤਣਿਆ ਰਹਿੰਦਾ ਹੈ?

ਕਿਉਂ ਤਲਾਸ਼ 'ਚ ਦਿਲ ਭੁੱਬਾਂ ਮਾਰਦਾ ਰਹਿੰਦਾ ਹੈ?
ਕਿਉਂ ਹੰਝੂਆਂ ਨਾਲ ਦਿਲ ਨੂੰ ਠਾਰਦਾ ਰਹਿੰਦਾ ਹੈ?

ਕਿਉਂ ਖੇੜਿਆਂ 'ਚ ਵੀ ਦਿਲ ਡੁੱਬਿਆ ਰਹਿੰਦਾ ਹੈ?
ਕਿਉਂ ਯਾਦਾਂ ਦੇ ਦਲ-ਦਲ 'ਚ ਖੁੱਭਿਆ ਰਹਿੰਦਾ ਹੈ?

ਕਿਉਂ ਬਣ ਮੋਤੀ ਖਿਆਲਮਾਲਾ 'ਚ ਪਿਰੋਇਆ ਰਹਿੰਦਾ ਹੈ?
ਕਿਉਂ ਸਾਹ ਸਹਿਕਦਾ ਤੇ ਅਰਮਾਨ ਮੋਇਆ ਰਹਿੰਦਾ ਹੈ?

ਕਿਉਂ ਮੇਰੇ ਤੋਂ ਬੇਮੁੱਖ ਬੇਰੁੱਖ ਬੇਪਰਵਾਹ ਰਹਿੰਦਾ ਹੈ?
ਕਿਉਂ ਮੇਰਾ ਪਿਆਰ ਬੇਅੰਤ ਬੇਦਾਗ਼ ਬੇਪਨਾਹ ਰਹਿੰਦਾ ਹੈ?

ਕਿਉਂ ਹਰ ਹੂਕ ਕੂਕ 'ਚ ਵੱਸਿਆ ਰਹਿੰਦਾ ਹੈ?
ਕਿਉਂ ਉਸਦਾ ਤਾਣੇ ਮਿਹਣੇ ਵਾਲਾ ਬਾਣ ਕੱਸਿਆ ਰਹਿੰਦਾ ਹੈ?

ਕਿਉਂ ਸਿਮਰ ਰੁਆ ਕੇ ਉਹ ਹੱਸਦਾ ਰਹਿੰਦਾ ਹੈ?
ਕਿਉਂ ਪਲ ਨਿਮਖ ਜ਼ੁਲਮ ਦੀ ਵਾਂਗ ਕੱਸਦਾ ਰਹਿੰਦਾ ਹੈ?

ਕਿਉਂ ਉਸ ਲਈ ਜ਼ਿੰਦਗੀ ਅਰਕ ਮੈਂ ਗਾਲਦੀ ਰਹਿੰਦੀ ਹਾਂ?
ਕਿਉਂ ....ਨਿੱਤ ਆਪਣੀ ਚਿਤਾ ਆਪੇ ਜਾਲਦੀ ਰਹਿੰਦੀ ਹਾਂ?

ਕਿਉਂ ਆਖਿਰ ਕਿਉਂ?

# ਰੋਗ ਇਸ਼ਕ ਦਾ

ਜਿੰਦ ਨਿਮਾਣੀ ਮੇਰੀ
ਉਤੋਂ ਰੋਗ ਇਸ਼ਕ ਦਾ ਵੇ..
ਦਰਦ ਮੇਰੀਆਂ ਲਾਲ ਅੱਖੀਆਂ ਤੋਂ ਛਲਕਦਾ ਵੇ...!

ਕੀਤਾ ਮੈਂ ਕੀ ਕਸੂਰ ਹੈ
ਤੂੰ ਇੰਨਾ ਕਿਉਂ ਦੂਰ ਹੈ...
ਜਾਣਦੀ ਹਾਂ ਤੂੰ ਬੇਵਫਾ ਹੈ
ਮੇਰਾ ਤੂੰ ਹੀਂ ਹਰ ਸਫ਼ਾ ਹੈ...
ਜਿਸ ਪਾਸੇ ਦੇਖਾਂ
ਤੇਰਾ ਰੂਪ ਲਿਸ਼ਕਦਾ ਵੇ..
ਜਿੰਦ ਨਿਮਾਣੀ ਮੇਰੀ
ਉਤੋਂ ਰੋਗ ਇਸ਼ਕ ਦਾ ਵੇ..!

ਆਪਾ ਗੁਆ ਤੈਨੂੰ ਪਾਉਣਾ ਹੈ
ਤੈਨੂੰ ਧੁਰ ਅੰਦਰ ਵਸਾਉਣਾ ਹੈ...
ਜਾਣਦੀ ਇਕਤਰਫਾ ਮੋਹ ਹੈ
ਦਿਲ ਨੂੰ ਪਰ ਪੈਂਦੀ ਖੋਹ ਹੈ...
ਕਮਲਾ ਦਿਲ ਮੇਰਾ
ਫੇਰ ਬੇਮਤਲਬ ਸਿਸਕਦਾ ਵੇ..
ਜਿੰਦ ਨਿਮਾਣੀ ਮੇਰੀ ਰੋਗ ਇਸ਼ਕ ਦਾ ਵੇ...!

ਚੋਣ ਹਾਂ ਪਹਿਲ ਨਹੀਂ ਮੈਂ
ਤੇਰੇ ਖ਼ਾਬਾਂ ਦੇ ਮਹਿਲ ਨਹੀਂ ਮੈਂ ..
ਇੱਕ ਦਿਨ ਤੂੰ ਜਾਣ ਜਾਏਗਾ
'ਸਿਮਰ' ਨੂੰ ਪਹਿਚਾਣ ਜਾਏਗਾ
ਯਖ਼ ਸਰਦ ਪਹਾੜ
ਤੇਰਾ ਜਦ ਖਿਸਕਦਾ ਵੇ..
ਜਿੰਦ ਨਿਮਾਣੀ ਮੇਰੀ
ਉਤੋਂ ਰੋਗ ਇਸ਼ਕ ਦਾ ਵੇ...!

# ਆਸ਼ਾ ਅਰਮਾਨ



ਨਾਮ ਅਤੇ ਕਲਮੀ ਨਾਮ : ਆਸ਼ਾ ਅਰਮਾਨ
ਪਤਾ : ਪਿੰਡ ਨੈਨੋਵਾਲ ਵੈਦ, ਡਾਕ. ਸੀਕਰੀ,
ਜ਼ਿਲ੍ਹਾ ਹੁਸ਼ਿਆਰਪੁਰ
ਈ-ਮੇਲ : ashudeep5410@gmail.com
ਕਾਰੋਬਾਰ : ਹਿੰਦੀ ਅਧਿਆਪਕ
ਵਿੱਦਿਅਕ ਯੋਗਤਾ : ਐਮ. ਏ. ਹਿੰਦੀ, ਬੀ. ਐਡ.

# ਮੇਰੀ ਚੀਸ

ਲੱਪ ਕੁ ਚੀਸ ਸੀਨੇ ਚ ਦੱਬੀ,
ਸਾਹਾਂ ਚ ਹੈ ਉਫਾਨ ਜਿਹਾ।
ਨੈਣੀਂ ਨੀਰ ਇੰਜ ਉਬਲੇ,
ਤਪਦੇ ਪਾਣੀ ਦੇ ਤੂਫ਼ਾਨ ਜਿਹਾ।
ਸਮੇਂ ਨੇ ਆ ਠੋਕਰ ਮਾਰੀ,
ਪੈਰੀਂ ਪਿਆ ਸੂਹਾ ਨਿਸ਼ਾਨ ਜਿਹਾ।
ਲੜਖੜਾਈ ਪੈਰਾਂ ਦੀ ਹਲਚਲ,
ਰਾਹਾਂ ਚ ਹੈ ਸ਼ਮਸ਼ਾਨ  ਜਿਹਾ।
ਚੱਲਿਆ ਕੋਈ ਅਣਚਾਹੀ ਰਾਹ ਵੱਲ,
ਪਰਵਾਨੇ ਦਿਲ ਦਾ ਧਿਆਨ ਜਿਹਾ।
ਸੋਚਾਂ ਵਿਚ ਹਵਾ ਦੇ ਉੱਡੀਆਂ,
ਹੈ ਬਿਨ ਜ਼ਮੀਨੇ  ਅਸਮਾਨ ਜਿਹਾ।
ਕੋਈ ਕਿੰਜ ਰੋਕੇ ਵਾ ਦੇ ਬੁੱਲੇ,
ਬਣ ਗਿਆ ਸ਼ੈਤਾਨ ਜਿਹਾ।
ਬਿਨ ਸਿਰ ਪੈਰ ਆਦਰਸ਼ਾਂ ਖਾਤਿਰ,
ਹੋਇਆ ਫਿਰ ਕੁਰਬਾਨ ਜਿਹਾ।
ਜਜ਼ਬਾਤ ਵਿਹੂਣਾ ਖੰਜਰ ਕੋਈ,
ਨਜ਼ਰ ਆਵੇ ਉਹ ਇਨਸਾਨ ਜਿਹਾ।
ਭੇਸ ਵਟਾ ਵਿਚ  ਗਰਦਿਸ਼ ਘੁੰਮੇ,
ਬਿਨ ਮੰਜ਼ਿਲ ਦੀ ਦੁਕਾਨ ਜਿਹਾ।
ਪੀਵੇ ਖ਼ੂਨ ਬੋਟੀਆਂ ਚੱਬੇ ,
ਮਾਸਖੋਰੇ ਦੇ ਅਰਮਾਨ ਜਿਹਾ।
ਲੋਕਾਂ ਦੀਆਂ ਨਿਗਾਹਾਂ ਚ ਲੁਕੇ,
ਦਿਲ ਢਾਹੂ ਵਿਦਵਾਨ ਜਿਹਾ।
ਲੱਪ ਕੁ ਚੀਸ ਸੀਨੇ ਚ ਦੱਬੀ,
ਸਾਹਾਂ ਚ ਹੈ ਉਫਾਨ ਜਿਹਾ।

# ਆਖਿਰ ਕਦ

ਕਦ ਤੁਰੀ ਸੀ ਕੰਡਿਆਂ ਤੇ,
ਕਦ ਫੁੱਲਾਂ ਦਾ ਸਾਥ ਸੀ,
ਲਹੂ ਲੁਹਾਣ ਪੈਰੀਂ ਤੈਅ ਕੀਤੀ ਜ਼ਿੰਦਗੀ ਦੀ ਤਾਬ ਮੈਂ...

ਉਲਝਿਆ ਰਿਹਾ ਸਦਾ ਇਹ ਦਿਲ,
ਆਪਣੇ ਹੀ ਸਵਾਲਾਂ ਵਿੱਚ,
ਪਤਾ ਨਹੀਂ ਕਦ ਬਣ ਗਈ ਖੁਦ ਸਵਾਲਾਂ ਚੋਂ ਲਿਸ਼ਕਦਾ ਜਵਾਬ ਮੈਂ...

ਮੇਰਾ ਹਰ ਚਲਨ ਸੀ ਨਿਰਾਲਾ,
ਹਰ ਰੰਗ ਖ਼ੂਬ ਸੀ,
ਪਤਾ ਨਹੀਂ ਕਦ ਬਣ ਗਈ ਟੁੱਟਿਆ ਹੋਇਆ ਖ਼ਾਬ ਮੈਂ...

ਅਨਮੋਲ ਅਹਿਸਾਸ ਸਨ,
ਪੱਲੇ ਸਾਹਾਂ ਚ ਮਹਿਕ ਵੀ ਸੀ,
ਪਤਾ ਨਹੀਂ ਕਦ ਬਣ ਗਈ ਬੇਨੂਰ ਜਜ਼ਬਿਆਂ ਦੀ ਨਕਾਬ ਮੈਂ...

ਮਾਂ ਬਾਪ ਦੀਆਂ ਸੱਧਰਾਂ ਦਾ ਸੁਪਨਾ,
ਆਗਾਜ਼ ਤੇ ਅੰਜਾਮ ਸੀ,
ਪਤਾ ਨਹੀਂ ਕਦ ਬਣ ਗਈ ਉਨ੍ਹਾਂ ਦੀ ਮੌਤ ਦਾ ਹਿਸਾਬ ਮੈਂ...

ਹਾਦਸਿਆਂ ਨੇ ਪਾਲਿਆ ਮੈਨੂੰ,
ਜ਼ਿੰਦਾਦਿਲੀ ਦੀ ਮਿਸਾਲ ਸੀ,
ਪਤਾ ਨਹੀਂ ਕਦ ਬਣ ਗਈ ਅੰਬਰੀਂ ਝੂਲਦਾ ਉਕਾਬ ਮੈਂ...

ਕਦ ਤੁਰੀ ਸੀ ਕੰਡਿਆਂ ਤੇ,
ਕਦ ਫੁੱਲਾਂ ਦਾ ਸਾਥ ਸੀ,
ਲਹੂ ਲੁਹਾਣ ਪੈਰੀਂ ਤੈਅ ਕੀਤੀ ਜ਼ਿੰਦਗੀ ਦੀ ਤਾਬ ਮੈਂ...

# ਕਾਸ਼! ਉਹ ਸੁਪਨਾ ਹੁੰਦਾ

ਕਾਸ਼! ਉਹ ਸੁਪਨਾ ਹੁੰਦਾ, ਸੱਚ ਨਾ ਹੁੰਦਾ
ਉਹ ਤਾਂ ਮੇਰੀ ਰੂਹ ਤੇ ਰੱਖ ਅੰਗਾਰ ਗਿਆ,
ਉਹ ਹੈਵਾਨ ਆਪਣਾ ਨਾ ਹੁੰਦਾ ਕਾਸ਼,
ਮੇਰੇ ਅਰਮਾਨ ਦਾ ਖ਼ੂਨ ਕਰ ਮੈਨੂੰ ਮਾਰ ਗਿਆ,
ਕੋਈ ਫਰਿਸ਼ਤਾ ਤਾਂ ਰੋਕ ਲੈਂਦਾ ਉਸ ਨੂੰ,
ਜੋ ਤਿੱਖੀ ਕਟਾਰੀ ਸੀਨੇ ਵਿਚ ਉਤਾਰ ਗਿਆ,
ਕਾਸ਼! ਉਹ ਸੁਪਨਾ ਹੁੰਦਾ ਸੱਚ ਨਾ ਹੁੰਦਾ...

ਹਾਦਸੇ ਤੋਂ ਪਹਿਲਾਂ ਸੋਹਣੀ ਦੁਨੀਆਂ ਸੀ ਮੇਰੀ,
ਸੂਹੇ ਲਿਬਾਸ ਦਾ ਕਫ਼ਨ ਬਣ ਹਥਿਆਰ ਗਿਆ,
ਮੇਰੇ ਸੁਪਨਿਆਂ ਦੀ ਅਰਥੀ ਚੁੱਕੀ,
ਮੁਰਦਾ ਸਰੀਰ ਤੇ ਕਰੀ ਵਾਰ ਤੇ ਵਾਰ ਗਿਆ,
ਨਾਜ਼ੁਕ ਮੇਰੇ ਸਰੀਰ ਉੱਤੇ ਬੇਵਫ਼ਾਈ ਦੇ ਚਾਬੁਕ,
ਮਾਨਵਤਾ ਦੀ ਰੀਤ ਉਹ ਦਿਲੋਂ ਵਿਸਾਰ ਗਿਆ,
ਕਾਸ਼! ਉਹ ਸੁਪਨਾ ਹੁੰਦਾ ਸੱਚ ਨਾ ਹੁੰਦਾ...

ਹੱਡੀਆਂ ਦਾ ਬਾਲਣ ਰੱਤ ਦੀ ਕਟੋਰੀ,
ਮੇਰੇ ਕੱਲੇ-ਕੱਲੇ ਸਾਹ ਨੂੰ ਨਿਤਾਰ ਗਿਆ,
ਕਦੇ ਫਰੇਬ ਕਦੇ ਧੋਖਾ ਕਦੇ ਹੇਰਾਫੇਰੀ,
ਜਿਸਮਾਨੀ ਭੁੱਖ ਤੇ ਹੁੰਦਾ ਅਸਵਾਰ ਗਿਆ,
ਜਿਸਮਾਂ ਦੀ ਮੰਡੀ  ਪਿਆਰ ਦੀ ਬੋਲੀ,
ਨਾ ਕੋਈ ਹਕੀਕੀ ਇਸ਼ਕ ਦਾ ਖਰੀਦਦਾਰ  ਗਿਆ,
ਕਾਸ਼! ਸੁਪਨਾ ਹੁੰਦਾ ਸੱਚ ਨਾ ਹੁੰਦਾ...

ਪਹਿਲਾਂ ਦਿਲ ਟੁੱਟਿਆ ਫੇਰ ਮੈਂ ਟੁੱਟੀ ,
ਆਖਰ ਟੁੱਟ ਇਤਬਾਰ ਗਿਆ,
ਕੱਚੇ ਵਾਅਦੇ ਹਵਸ ਦੀਆਂ ਗਲੀਆਂ,
ਮੇਰਾ ਪਿਆਰ ਤਾਂ ਹੋ ਸ਼ਰਮਸਾਰ ਗਿਆ,
ਰਹਿੰਦਾ ਹੈ ਨਾਲ ਹਮੇਸ਼ਾਂ ਹਮੇਸ਼ਾਂ ਅੱਜ ਵੀ,
ਪਰ ਹੁਣ ਨਾ ਪਹਿਲਾਂ ਵਰਗਾ ਪਿਆਰ ਰਿਹਾ,
ਨਾ ਪਹਿਲਾਂ ਵਰਗਾ ਪਿਆਰ ਰਿਹਾ...
ਕਾਸ਼! ਸੁਪਨਾ ਹੁੰਦਾ ਸੱਚ ਨਾ ਹੁੰਦਾ...

ਐ ਕਾਸ਼!

# ਮੈਂ ਕੌਣ ਹਾਂ...ਪਹਿਚਾਣ ਮੈਨੂੰ

ਮੈਂ ਕੌਣ ਹਾਂ...ਪਹਿਚਾਣ ਮੈਨੂੰ

ਤੇਰੇ ਲਈ ਮੈਂ ਇੱਕ ਅਣਕਿਹਾ ਸਵਾਲ ਹਾਂ,
ਤੇਰੇ ਲਈ ਮੈਂ ਇੱਕ ਅੱਥਰਾ ਖਿਆਲ ਹਾਂ,
ਤੇਰੇ ਲਈ ਮੈਂ ਇੱਕ ਅਧੂਰਾ ਖ਼ਾਬ ਹਾਂ,
ਤੇਰੇ ਲਈ ਮੈਂ ਇੱਕ ਸਪੱਸ਼ਟ ਜਵਾਬ ਹਾਂ,
ਤੇਰੇ ਲਈ ਮੈਂ ਇੱਕ ਟੁੱਟੀ ਆਸ ਹਾਂ,
ਤੇਰੇ ਲਈ ਮੈਂ ਇਕ ਅਣਬੁੱਝੀ ਪਿਆਸ ਹਾਂ,
ਤੇਰੇ ਲਈ ਮੈਂ ਇੱਕ ਇਸ਼ਕ ਕਹਾਣੀ ਹਾਂ,
ਤੇਰੇ ਲਈ ਮੈਂ ਇੱਕ ਪੱਕੀ ਹਾਣੀ ਹਾਂ,
ਤੇਰੇ ਲਈ ਮੈਂ ਇੱਕ ਦੂਰ ਅਨੰਤ ਹਾਂ,
ਤੇਰੇ ਲਈ ਮੈਂ ਇੱਕ ਨੇੜੇ ਅੰਤ ਹਾਂ,
ਤੇਰੇ ਲਈ ਮੈਂ ਅਚਾਨਕ ਮੁਲਾਕਾਤ ਹਾਂ,
ਤੇਰੇ ਲਈ ਮੈਂ ਇੱਕ ਮਿੱਥੀ ਸ਼ੁਰੂਆਤ ਹਾਂ,
ਤੇਰੇ ਲਈ ਮੈਂ ਇੱਕ ਮਿੱਧੀ ਜੜ੍ਹ ਹਾਂ,
ਤੇਰੇ ਲਈ ਮੈਂ ਇੱਕ ਬੇਮੁਹਾਰਾ ਹੜ੍ਹ ਹਾਂ,
ਤੇਰੇ ਲਈ ਮੈਂ ਇੱਕ ਟਹਿਕਦਾ ਫੁੱਲ ਹਾਂ,
ਤੇਰੇ ਲਈ ਮੈਂ ਇੱਕ ਅਭੁੱਲ ਭੁੱਲ ਹਾਂ,
ਤੇਰੇ ਲਈ ਮੈਂ ਸੁੱਚਾ ਅਰਕ ਹਾਂ,
ਤੇਰੇ ਲਈ ਮੈਂ ਦਗਦਾ ਨਰਕ ਹਾਂ,
ਤੇਰੇ ਲਈ ਮੈਂ ਤੇਰੇ ਅੰਦਰ ਹਾਂ,
ਤੇਰੇ ਲਈ ਮੈਂ ਤਿੱਖਾ ਖੰਜਰ ਹਾਂ,
ਤੇਰੇ ਲਈ ਮੈਂ ਮਹਿਕਦੀ ਪੌਣ ਹਾਂ,
ਜ਼ਰਾ ਪਹਿਚਾਣ ਦੱਸ.. ਮੈਂ ਕੌਣ ਹਾਂ?

ਤੇਰੇ ਬਿਨਾ ਮੈਂ ਕਿਤੇ ਮੌਜੂਦ ਨਹੀਂ...
ਮੇਰੇ ਬਗੈਰ ਤੇਰਾ ਕੋਈ ਵਜੂਦ ਨਹੀਂ...

ਮੈਂ ਤੇਰੀ ਹੀ ਆਪਣੀ ਜ਼ਿੰਦਗੀ ਹਾਂ,
ਮੈਂ ਤੇਰੀ ਹੀ ਆਪਣੀ ਜ਼ਿੰਦਗੀ ਹਾਂ।

# 81 ਰਾਜ ਸੰਧੂ



| | |
|---|---|
| ਨਾਮ ਅਤੇ ਕਲਮੀ ਨਾਮ : | ਰਾਜ ਸੰਧੂ |
| ਪਤਾ : | ਮਕਾਨ ਨੰ. 49, ਗਰੀਨ ਐਵਨੀਊ, ਪਲਾਹੀ ਰੋਡ, ਫਗਵਾੜਾ, ਜ਼ਿਲ੍ਹਾ ਕਪੂਰਥਲਾ |
| ਮੋਬਾਇਲ : | +91 98721-20620 |
| ਵਿੱਦਿਅਕ ਯੋਗਤਾ : | ਬੀ. ਏ., ਡਿਪਲੋਮਾ (ਇਲੈਕਟ੍ਰੌਨਿਕ) |
| ਕਾਰੋਬਾਰ : | ਐਡੀਸ਼ਨਲ ਏ. ਈ (ਬਿਜਲੀ ਬੋਰਡ) |
| ਸਾਹਿਤਕ ਪ੍ਰਾਪਤੀਆਂ : | ਸੰਪਾਦਕੀ ਮੰਡਲ ਮੈਂਬਰ ਗੁਰਮੁਖੀ ਹਫ਼ਤਾਵਰੀ ਅਖ਼ਬਾਰ<br>ਮਹਿਮਾਨ ਸੰਪਾਦਕ ਕਾਵਿ-ਸ਼ਾਸਤਰ<br>ਪ੍ਰੈੱਸ ਸਕੱਤਰ ਦੋਆਬਾ ਸਾਹਿਤ ਸਮਾਜਿਕ ਕੇਂਦਰ<br>ਸਲਾਹਕਾਰ ਤਨੀਸ਼ਾ ਤ੍ਰੈ-ਮਾਸਿਕ ਪੁਸਤਕ ਲੜੀ |
| ਪੁਸਤਕਾਂ : | ਪ੍ਰੀਤ (ਨਾਵਲ)<br>ਵਾਵਰੋਲੇ (ਕਾਵਿ-ਸੰਗ੍ਰਹਿ) |

# ਗੀਤ

ਆਪਣੇ ਰੁਲਦੇ ਵਿਰਸ਼ੇ ਨੂੰ ਹੁਣ ਕਿੰਝ ਬਚਾਵਾਂ ਮੈਂ
ਸੁਣ ਧੀਏ ਪੰਜਾਬ ਦੀ ਏ ਤੈਨੂੰ ਸਮਝਾਵਾਂ ਮੈਂ।

ਚੁੰਨੀ ਤੇਰੇ ਸਿਰ ਤੋ ਕੁੜੀਏ,ਹੌਲੀ-ਹੌਲੀ ਲਹਿ ਗਈ ਏ
ਕਿੱਥੇ ਤੇਰਾਂ ਸੂਟ ਪੰਜਾਬੀ ,ਜੀਨ ਕਿਉ ਪੱਲੇ ਪੈ ਗਈ ਏ
ਦੁਪੱਟੇ ਨਾਲ ਪਰਾਂਦਾ ਘੁੰਮੇ, ਗਿੱਧੇ ਵਿੱਚ ਚਾਹਵਾਂ ਮੈਂ,
ਸੁਣ ਧੀਏ ਪੰਜਾਬ ਦੀ ਏ ਤੈਨੂੰ ਸਮਝਾਵਾਂ ਮੈਂ।

ਸੁਹਾਗ, ਘੋੜੀਆਂ, ਸਿੱਠਣੀਆਂ, ਨਾ ਕੋਈ ਖੇਡ ਪੁਰਾਣੀ
ਨਾ ਕੋਈ ਫੁਲਕਾਰੀ ਕੱਢੇ, ਨਾ ਚਾਟੀ ਵਿੱਚ ਮਧਾਈ
ਰੰਗਲੀ, ਪੀੜ੍ਹੀ ਤੇ ਚਰਖੀ ਨੂੰ ਕਿੱਥੇ, ਡਾਹਵਾਂ ਮੈ,
ਸੁਣ ਧੀਏ ਪੰਜਾਬ ਦੀ ਏ ਤੈਨੂੰ ਸਮਝਾਵਾਂ ਮੈਂ।

ਪਿੱਪਲੀ, ਉੱਤੇ ਪੀਘਾਂ ਹੈ ਨੀ,ਨਾ ਅੱਖਾਂ ਦੀਆ ਸ਼ਰਮਾਂ
ਕਿੰਨੀ ਹੋਰ ਬੇਸ਼ਰਮੀ ਤੱਕਣੀ, ਬੁੱਢੇ ਬਾਪ ਦਿਆ ਕਰਮਾਂ
ਆਪਣੀ ਅਣਖ 'ਤੇ ਵਿਰਸ਼ੇ ਨੂੰ ਕਿਹਦੀ ਝੋਲੀ ਪਾਵਾਂ ਮੈ,
ਸੁਣ ਧੀਏ ਪੰਜਾਬ ਦੀ ਏ ਤੈਨੂੰ ਸਮਝਾਵਾਂ ਮੈਂ।

ਮੌਜ-ਮਸਤੀ ਦੇ ਨਾ ਤੇ ਹੁਣ,ਸਬ ਕੁਝ ਲੁੱਟਦਾ ਜਾਦਾ ਏ,
ਅੰਦਰੋ-ਅੰਦਰੀ "ਰਾਜ ਸੰਧੂ, ਹੁਣ ਟੁੱਟਦਾਂ ਜਾਦਾਂ ਏ
ਆਪਣੀ ਮਾਂ-ਬੋਲੀ ਦਾ ਨੰਗਾਂ, ਕਿੰਝ ਗੀਤ ਬਣਾਵਾਂ ਮੈ,
ਸੁਣ ਧੀਏ ਪੰਜਾਬ ਦੀ ਏ ਤੈਨੂੰ ਸਮਝਾਵਾਂ ਮੈਂ।

# ਗੀਤ

ਨਾ ਤ੍ਰਿੰਝਣ ਲੱਭਦੇ ਨੇ, ਨਾ ਹੀ ਕਿੱਕਲੀ ਤੇ ਫੁਲਕਾਰੀ
ਸਭ ਰਲਕੇ ਸਾਂਭ ਲਵੋ ਨਹੀਂ ਤੇ ਰੁਲ ਜਾਣੀ ਸਰਦਾਰੀ।

ਨਾ ਰੇਸ਼ਮੀ ਘੱਗਰਾਂ ਏ, ਸੱਗੀ ਫੁੱਲ ਦਾ ਤਾਜ ਨਹੀਂ
ਸਿਰੋ ਚੁੰਨੀ ਲੱਥ ਗਈ ਏ, ਹੁਣ ਅੱਖ ਦੀ ਲਾਜ਼ ਨਹੀਂ
ਵਿਰਸੇ ਦੇ ਬੂਟੇ, ਨੂੰ ਕਿੰਨੇ ਫੇਰ ਦਿੱਤੀ ਏ ਆਰੀ
ਸਭ ਰਲਕੇ ਸਾਂਭ ਲਵੋ ਨਹੀਂ ਤੇ ਰੁਲ ਜਾਣੀ ਸਰਦਾਰੀ।

ਜਿਸ ਸਿੱਖੀ ਖਾਤਰ ਸੀ ਸ਼ੀਸ ਪਿਤਾਂ ਪੁੱਤਰ ਵਾਰੇ ਚਾਰੇ
ਹੁਣ ਉਸੇ ਪੱਗੜੀ ਦੇ, ਸਾਨੂੰ ਲਗਦੇ ਕਿਉ, ਲੜ੍ਹ ਭਾਰੇ
ਜੋ ਆਸਰਾਂ ਦਿੰਦਾਂ ਸੀ ਬਣਿਆ ਫਿਰਦਾ ਕਿਉ ਲਚਾਰੀ
ਸਭ ਰਲਕੇ ਸਾਂਭ ਲਵੋ ਨਹੀਂ ਤੇ ਰੁਲ ਜਾਣੀ ਸਰਦਾਰੀ।

ਮਰ ਗਈਆਂ ਜਮੀਰਾਂ ਨੇ ਨਹੀ ਇੱਜ਼ਤਾਂ ਦੇ ਭਾਈ ਵਾਲ
ਭੈੜੇ ਨਸ਼ਿਆਂ ਨੇ ਇੱਥੇ ਕਰਤੇ ਗਭਰੂ ਅੱਜ ਕੰਗਾਲ
ਕੋਈ ਨਾ ਰੋਕੇ "ਰਾਜ ਸੰਧੂ" ਖੇਡੀ ਜਾਵੇ ਖੇਡ ਸ਼ਿਕਾਰੀ
ਸਭ ਰਲਕੇ ਸਾਂਭ ਲਵੋ ਨਹੀਂ ਤੇ ਰੁਲ ਜਾਣੀ ਸਰਦਾਰੀ।

# ਪੰਜਾਬ ਦੀਆਂ ਗੱਲਾਂ

ਖਿਲਰੀਆਂ ਮੀਢੀਆਂ ਗੁੰਦੀਏ ਰਲ ਪੰਜਾਬ ਦੀਆਂ
ਕਰੀਏ ਗੱਲਾਂ ਫਿਰ ਤੋਂ ਸੁਨਿਹਰੀ ਖੁਆਬ ਦੀਆਂ
ਮਰ ਗਏ ਇਥੇ ਲੱਖਾਂ ਪੁੱਤ, ਸਰੂ ਵਰਗੇ ਮਾਵਾਂ ਦੇ
ਲੁੱਟੀਆਂ ਗਈਆਂ ਪੱਤਾਂ ਸਦਾ ਪੰਜ ਆਬ ਦੀਆਂ
ਵੈਰ ਵਿਰੋਧ ਨੂੰ ਭੁੱਲਕੇ ਆਉ ਬੈਠੀਏ ਸੱਥਾਂ ਵਿੱਚ
ਕਰੀਏ ਗੱਲਾ ਫਿਰ ਰਾਵੀ, ਬਿਆਸ, ਝਨਾਬ ਦੀਆਂ
ਹੋਰ ਵੰਡਣ ਨਾ ਦੇਣੀ ਅਸਾ ਹੁਣ ਹਿੱਕ ਆਪਣੀ
ਪਹਿਲਾ ਹੀ ਖਾਧੀਆ ਨੇ ਸੱਟਾਂ ਬੇ-ਹਿਸਾਬ ਦੀਆਂ
ਅਸ਼ਲੀ ਚਿਹਰੇ ਨੂੰ ਅਸੀ ਹੁਣ ਨਾ ਕੱਜਣ ਦੇਵਾਂਗੇ
ਲਾਹਵਾਂਗੇ ਪਰਤਾਂ ਤੇਰੇ ਚਿਹਰੇ ਦੇ ਨਕਾਬ ਦੀਆਂ
ਉਜੜੇ ਚਮਨ ਨੂੰ ਫੁੱਲਾਂ ਨਾਲ ਫਿਰ ਭਰ ਦੇਈਏ
ਜੱਗ 'ਚੋਂ ਹੋਣ, ਤਰੀਫ਼ਾਂ ਸੰਧੂ ਇਸਦੇ ਸ਼ਬਾਬ ਦੀਆਂ

# ਕਵਿਤਾ

ਮੈ ਕਿਹਾ,
ਮੈ ਸੱਚ ਬੋਲਦਾ,
ਮੇਰਾ ਯਕੀਨ ਕਰ
ਉਸ ਕਿਹਾ,
ਕੋਈ ਸਬੂਤ ਦੇਹ,
ਉਸਦੇ ਯਕੀਨ ਲਈ ਮੈਨੂੰ
ਸੁਕਰਾਂਤ ਬਨਣਾਂ ਪਿਆ

----0----

ਮੈਂ, ਬੰਸਰੀਆਂ ਦੇ ਸ਼ਹਿਰ ਗਿਆ
ਬੰਸਰੀਆਂ ਦੇ ਸੁਰ ਵੱਜ ਰਹੇ ਸਨ।
ਪਰ ਵੱਖਰੇ-ਵੱਖਰੇ
ਹਰ ਸੁਰ ਮੈਨੂੰ
ਮੋਹਣ ਦੀ ਕੋਸ਼ਿਸ
ਕਰ ਰਿਹਾ ਸੀ
ਮੈਨੂੰ ਆਪਣੇ ਵੱਲ
ਕਰ ਰਿਹਾ ਸੀ
ਮੇਰੀ ਰੂਹ
ਬੰਸਰੀਆਂ ਦਾ ਸੁਰ
ਸੁਣ ਕੰਬ ਉੱਠੀ
ਕਿਉਂ ਕਿ ਮੈਨੂੰ
ਕ੍ਰਿਸ਼ਨ ਕਿਧਰੇ ਨਜ਼ਰ
ਨਹੀਂ ਆ ਰਿਹਾ ਸੀ
ਮੈਨੂੰ ਬੰਸਰੀ ਦਾ ਸੁਰ
ਨਹੀ ਭਾਅ ਰਿਹਾ ਸੀ।

# ਸ਼ੰਮੀ ਜਲੰਧਰੀ




ਨਾਮ ਅਤੇ ਕਲਮੀ ਨਾਮ : ਸ਼ੰਮੀ ਜਲੰਧਰੀ

ਪਤਾ : **49 Pine Ave, Warradale,**
**SA 5046, Australia**

ਮੋਬਾਇਲ : +61 401-909-498

ਈ-ਮੇਲ : **@gmail.com**


ਪੁਸਤਕਾਂ : ਇਸ਼ਕ ਮੇਰਾ ਸੁਲਤਾਨ (2019)
ਪਹਿਲੀ ਬਾਰਿਸ਼ (2021)
ਵਤਨੋਂ ਦੂਰ (2009)

ਕਵਿਤਾ ਆਡੀਓ ਐਲਬਮਾਂ : ਇਸ਼ਕ ਮੇਰਾ ਸੁਲਤਾਨ
ਫਕੀਰੀਆਂ
ਦਸਤਕ

ਫ਼ਿਲਮਾਂ : ਕੱਚੇ ਧਾਗੇ
ਇਸ਼ਕ-ਮਾਈ ਰਿਲੀਜ਼ਨ
ਵੋਹ (ਹਿੰਦੀ ਫਿਲਮ)
ਰਾਜਾ ਅਬਰੋਡੀਆ (ਹਿੰਦੀ ਫਿਲਮ)

# ਧੁਰ ਤੋਂ

ਇਹ ਸਰਘੀ ਦੀ ਕੁੱਖੋਂ ਜੋ ਜੰਮੀਆਂ ਤ੍ਰੇਲ਼ਾਂ
ਇਹ ਬੂੰਦਾਂ ਦੇ ਅੰਦਰ ਖੁਦਾਈ ਹੈ ਧੁਰ ਤੋਂ ।

ਜੋ ਦਿਸਦੇ ਨੇ ਕੋਹਰੇ ਦੀ ਚਾਦਰ 'ਤੇ ਤੋਪੇ
ਉਹ ਚਾਨਣ ਨੇ ਕੀਤੀ ਕਢਾਈ ਹੈ ਧੁਰ ਤੋਂ ।

ਇਹ ਧੁੱਪਾਂ ਦੀ ਮਖ਼ਮਲ ਦਾ ਪਾ ਕੇ ਦੁਪੱਟਾ
ਉਹ ਸੂਰਜ ਨੇ ਧਰਤੀ ਨਚਾਈ ਹੈ ਧੁਰ ਤੋਂ ।

ਇਹ ਕਣਕਾਂ ਦੇ ਚੇਹਰੇ ਦੀ ਲਾਲੀ ਹੈ ਦੱਸਦੀ
ਕਿ ਮਿੱਟੀ ਦੇ ਅੰਦਰ ਵਫ਼ਾਈ ਹੈ ਧੁਰ ਤੋਂ ।

ਜੋ ਪਾਣੀ ਦੀ ਕ਼ਲ ਕ਼ਲ ਚੋਂ ਉੱਠੀਆਂ ਤਰੰਗਾਂ
ਇਹ ਨਦੀਆਂ ਨੇ ਸਰਗਮ ਸੁਣਾਈ ਹੈ ਧੁਰ ਤੋਂ

ਚਮੇਲੀ ਗੁਲਾਬਾਂ ਦਾ ਮਲ਼ ਮਲ਼ ਕੇ ਵਟਣਾ
ਇਹ ਚੇਤਰ ਨੇ ਖੁਸ਼ਬੋ ਉਡਾਈ ਹੈ ਧੁਰ ਤੋਂ ।

ਹਵਾਵਾਂ ਦੇ ਅੰਦਰ ਹੈ ਸਾਹਵਾਂ ਦੀ ਦੌਲਤ
ਜੋ ਕੁਦਰਤ ਨੇ ਸਭ ਨੂੰ ਲੁਟਾਈ ਹੈ ਧੁਰ ਤੋਂ ।

# ਲੰਮੀ ਕਹਾਣੀ

ਇਹ ਜ਼ੁਲਫ਼ਾਂ ਦੇ ਬੱਦਲ਼ ਤੇ ਨੈਣਾਂ ਦੇ ਪਾਣੀ
ਇਹ ਪਾਣੀ 'ਚ ਹੁਸਨਾਂ ਦੀ ਲੰਮੀ ਕਹਾਣੀ

ਕਹਾਣੀ 'ਚ ਖ਼ੁਰ ਗਏ ਉਹ ਘੜਿਆਂ ਦੀ ਮਿੱਟੀ
ਇਹ ਮਿੱਟੀ ਜੋ ਅੱਲੜਾਂ ਨੇ ਜੁੱਸਿਆਂ 'ਤੇ ਲਿੱਪੀ

ਇਹ ਜੁੱਸੇ ਨੇ ਤਾਹੀਂ ਕਪਾਹਾਂ ਤੋਂ ਕੂਲ਼ੇ
ਉਹ ਕੂਲ਼ੇ ਜੋ ਬੁੱਲੀਆਂ ਦੇ ਨੇ ਰੰਗ ਸੂਹੇ

ਉਹ ਬੁੱਲਾਂ ਨੂੰ ਚੁੰਮ-ਚੁੰਮ ਕੇ ਲੰਘੀਆਂ ਹਵਾਵਾਂ
ਹਵਾਵਾਂ ਦੇ ਅੰਦਰ ਨੇ ਸੰਦਲੀ ਫ਼ਿਜ਼ਾਵਾਂ

ਫ਼ਿਜ਼ਾਵਾਂ 'ਚ ਸੁੱਚੀ ਮੁਹੱਬਤ ਦੀ ਲਰਜ਼ਿਸ਼
ਇਹ ਲਰਜ਼ਿਸ਼ 'ਚੋਂ ਉੱਠੀ ਹੈ ਇਸ਼ਕੇ ਦੀ ਆਤਿਸ਼

ਇਹ ਆਤਿਸ਼ 'ਚ ਤਪ ਤਪ ਜੋ ਹੋਏ ਨੇ ਕੁੰਦਨ
ਉਹ ਰੂਹਾਂ ਦੀ ਮਿੱਟੀ 'ਚੋਂ ਉੱਗਿਆ ਹੈ ਚੰਦਨ

ਇਹ ਚੰਦਨ ਦੇ ਮੈਨੂੰ ਵੀ ਫੁੱਲ ਉਸ ਨੇ ਘੱਲੇ
ਖਿਲਾਰੇ ਨੇ ਮੇਰੇ 'ਤੇ ਜ਼ੁਲਫ਼ਾਂ ਦੇ ਛੱਲੇ

ਇਹ ਜ਼ੁਲਫ਼ਾਂ ਦੇ ਬੱਦਲ਼ ਤੇ ਨੈਣਾਂ ਦੇ ਪਾਣੀ
ਇਹ ਪਾਣੀ 'ਚ ਹੁਸਨਾਂ ਦੀ ਲੰਮੀ ਕਹਾਣੀ....

# ਸੁਫ਼ਨੇ

ਸੁਫ਼ਨੇ ਮੇਰੇ ਰੰਗ ਬਿਰੰਗੇ
ਨੈਣਾਂ ਦੀ ਬੈਠਕ ਦੇ ਅੰਦਰ
ਰਹਿੰਦੇ ਕੀਲੀ ਉੱਤੇ ਟੰਗੇ ......!!

ਕੁਝ ਸੁਫ਼ਨੇ ਮੇਰੇ ਬਚਪਨ ਦੇ ਜੋ ..
ਰੂਹ ਦੇ ਵਿਹੜੇ ਨੱਚਣ
ਸੌਣ ਮਹੀਨੇ ਕਿਣਮਿਣ ਦੇ ਵਿੱਚ
ਮਾਰ ਛੜੱਪੇ ਟੱਪਣ
ਮਸਤੀ ਦੇ ਵਿੱਚ ਝੱਲਮ ਝੱਲੇ
ਫਿਰਦੇ ਹੋ ਕੇ ਨੰਗ ਧੜੰਗੇ
ਸੁਫ਼ਨੇ ਮੇਰੇ ਰੰਗ ਬਿਰੰਗੇ !!

ਕੁਝ ਸੁਫ਼ਨੇ ਫੱਗਣ ਦੇ ਵਰਗੇ
ਕੁੱਝ ਲੱਗਦੇ ਨੇ ਚੇਤਰ
ਮਹਿਕਾਂ ਦੇ ਵਿੱਚ ਭਰ ਜਾਂਦੇ ਨੇ
ਖਾਲ਼ੀ ਮੇਰੇ ਨੇਤਰ
ਚਾਰੇ ਪਾਸੇ ਅੰਦਰ ਬਾਹਰ
ਜਿਓ ਘੁੰਮਦੇ ਨੇ ਸ਼ੌਖ਼ ਪਤੰਗੇ
ਸੁਫ਼ਨੇ ਮੇਰੇ ਰੰਗ ਬਿਰੰਗੇ !!

ਕੁਝ ਸੁਫ਼ਨੇ ਨੇ ਹਾਣੀ ਮੇਰੇ
ਹੱਥ ਵਿੱਚ ਫੱਟੀ ਬਸਤੇ
ਨਿੱਕੇ ਨਿੱਕੇ ਪੈਰਾਂ ਹੇਠਾਂ
ਖੱਬਲ਼ ਉੱਗੇ ਰਸਤੇ
ਰੂਹ ਦੇ ਫ਼ੱਕਰ ਦਿਲ ਦੇ ਰਾਜੇ
ਬਣ ਕੇ ਰਹਿੰਦੇ ਮਲੰਗੇ
ਸੁਫ਼ਨੇ ਮੇਰੇ ਰੰਗ ਬਿਰੰਗੇ !!

ਕੁਝ ਸੁਫ਼ਨੇ ਅੱਖੀਆਂ ਦੇ ਖੂੰਜੇ
ਬੈਠੇ ਚੁੱਪ ਚੁਪੀਤੇ
ਵੜ ਕੇ ਜਿਹਨਾਂ ਨੇ ਕਿਸੇ ਦੇ ਨੈਣੀ
ਜਾਮ ਇਸ਼ਕ ਦੇ ਪੀਤੇ
ਜੱਗ ਦੇ ਸ਼ੋਰ ਸ਼ਰਾਬੇ ਅੰਦਰ
ਲੱਗਦੇ ਨੇ ਬੜੇ ਹੀ ਚੰਗੇ
ਸੁਫ਼ਨੇ ਮੇਰੇ ਰੰਗ ਬਿਰੰਗੇ !!

ਕੁਝ ਸੁਫ਼ਨੇ ਮੇਰੇ ਗ਼ਮ ਦੇ ਮਾਰੇ
ਰਹਿੰਦੇ ਫਿਕਰਾਂ ਅੰਦਰ
ਸੀਨੇ ਵਿੱਚ ਜਿਹਨਾ ਦੇ ਖੁੱਭੇ
ਸੋਚਾਂ ਦੇ ਕਈ ਖ਼ੰਜਰ
ਦੁੱਖਾਂ ਦੀ ਤਿੱਖੀ ਧੁੱਪ ਅੰਦਰ
ਸਿਰ ਜਿਹਨਾਂ ਦੇ ਬਿਲਕੁਲ ਨੰਗੇ
ਸੁਫ਼ਨੇ ਮੇਰੇ ਰੰਗ ਬਿਰੰਗੇ !!

ਕੁਝ ਸੁਫ਼ਨੇ ਰੱਬ ਵਰਗੇ ਲੱਗਣ
ਜੀਅ ਕਰਦਾ ਪੂਜੀ ਜਾਵਾਂ
ਜਿਸ ਵਿੱਚ ਮੇਰੇ ਵੱਡ-ਵਢੇਰੇ
ਆ ਕੇ ਦੇਣ ਦੁਆਵਾਂ
ਰਾਤਾਂ ਤੋਂ ਮੈ ਐਸੇ ਸੁਫ਼ਨੇ
ਕਈ ਕਈ ਵਾਰੀ ਨੇ ਮੰਗੇ
ਸੁਫ਼ਨੇ ਮੇਰੇ ਰੰਗ ਬਿਰੰਗੇ !!

# ਤਨਹਾਈ

ਮੇਰੀ ਤਨਹਾਈ ਮੈਨੂੰ ਹਰ ਘੜੀ ਆਵਾਜ ਦੇਂਦੀ ਹੈ
ਜਿਵੇਂ ਬਾਰਿਸ਼ ਨੂੰ ਇਕ ਸੁੱਕੀ ਨਦੀ ਆਵਾਜ਼ ਦੇਂਦੀ ਹੈ

ਚਲੋ ਪਰਦੇ ਉਠਾਈਏ ਜੋ ਪਏ ਹੋਏ ਨੇ ਅਕਲਾਂ ਤੇ
ਕਰੋ ਵਿਦਿਆ ਹਨੇਰਾ ਰੋਸ਼ਨੀ ਆਵਾਜ਼ ਦੇਂਦੀ ਹੈ

ਤਬਾਹੀ ਹੋ ਰਹੀ ਨਿਤ ਹੀ ਸਿਆਸਤ ਦੇ ਇਸ਼ਾਰੇ ਤੇ
ਬਚਾ ਲਓ ਜ਼ਿੰਦਗੀ ਨੂੰ ਜ਼ਿੰਦਗੀ ਆਵਾਜ਼ ਦੇਂਦੀ ਹੈ

ਮੋਹਬੱਤ ਚੀਜ਼ ਹੈ ਐਸੀ ਹਵਾ ਦੇ ਵਾਂਗ ਜੋ ਚਲਦੀ
ਕਦੇ ਚੁੱਪ ਚਾਪ ਹੁੰਦੀ ਹੈ ਕਦੀ ਆਵਾਜ਼ ਦੇਂਦੀ ਏ

ਗਿਲੇ ਸ਼ਿਕਵੇ ਭੁਲਾ ਕੇ ਸਭ ਗਲ਼ੇ ਉਸ ਨੂੰ ਲਗਾ ਲੈ ਤੂੰ
ਮੇਰੇ ਦਿਲ ਨੂੰ ਤੇਰੀ ਨਾਰਾਜ਼ਗੀ ਆਵਾਜ਼ ਦੇਂਦੀ ਹੈ

# 83 ਹਰਭਜਨ ਕੌਰ ਗਿੱਲ

ਨਾਮ ਅਤੇ ਕਲਮੀ ਨਾਮ : ਹਰਭਜਨ ਕੌਰ ਗਿੱਲ

ਪਤਾ : **5 Howland crescent.1 416 732 1812.**

**JBT, Gyani,**

# ਤਖ਼ਤ ਤਾਊਸ

ਸਾਹਾਂ ਦੀ ਸਰਦਲ ਦੇ ਉੱਤੇ,
ਨਾਮ ਤੇਰਾ ਜਦ ਆਵੇ।
ਚਾਰ ਚੁਫੇਰੇ ਚਾਨਣ ਚਾਨਣ,
ਹਨੇਰਾ ਦੂਰ ਭਜਾਵੇ।

ਦਿਸਦਾ ਤੇਰਾ ਤਖ਼ਤ ਤਾਊਸ ਵੀ,
ਵਿੱਚ ਹਵਾ ਦੇ ਝੂਲੇ।
ਸੋਹਣਾ ਸੁੰਦਰ ਮੁੱਖੜਾ ਤੇਰਾ,
ਹੱਥ ਸੀ ਕੂਲੇ-ਕੂਲੇ।

ਬੜਾ ਸਾਂਤ ਸੀ,ਬਹੁਤ ਸਾਂਤ ਸੀ,
ਦਾਤਾ ਤੇਰਾ ਚਿਹਰਾ।
ਨਿਰਾ ਨੂਰ ਤੂੰ ਨਜ਼ਰੀ ਆਇਆ,
ਨਜ਼ਰ ਟਿਕਾਵੇ ਕਿਹੜਾ।

ਤਖ਼ਤ-ਤਾਊਸ ਇਉਂ ਝੂਲ ਰਿਹਾ ਸੀ,
ਝੂਲੇ ਜਿਉਂ ਪੰਘੂੜਾ।
ਉਪਰੋ ਸੱਭ ਕੁੱਝ ਦੇਖ ਰਿਹਾ ਤੂੰ,
ਸੰਗ ਸਾਡੇ ਨਾਤਾ ਗੂੜ੍ਹਾ।

ਦੇਖ ਕੇ ਆਪਣੀ ਕੁਦਰਤ ਕਾਦਰ,
ਖਿੜ-ਖਿੜ ਕਦੇ ਤੂੰ ਹੱਸਦਾ।
ਇਨਸਾਨੋ ਹੋਏ ਹੈਵਾਨ ਦੇਖਕੇ,
ਛੱਮ-ਛੱਮ ਅੱਥਰੂ ਵੱਗਦਾ।

ਤੇਰਾ ਛੱਮ-ਛੱਮ ਅੱਥਰੂ ਵਗਦਾ,
ਦਾਤਾ ਤੇਰਾ ਛੱਮ-ਛੱਮ..........।
ਇਨਸਾਨੋ ਹੋਏ ਹੈਵਾਨ ਵੇਖ ਕੇ,
ਤੇਰਾ.........................।

# ਕਿਹੜੀ ਗੱਲ ਦਾ ਮਾਣ

ਕਿਹੜੀ ਗੱਲ ਦਾ ਕਰੇ ਗੁਮਾਨ ਕੋਈ,
ਕੀ ਲੈ ਆਇਆ, ਤੇ ਕੀ ਲੈ ਜਾਵਣਾ ਹੈ।
ਲੰਬੀ ਸੋਚ ਤੇ ਸੋਚ ਵਿਚਾਰ ਕਰ ਲੈ,
ਇੱਕ ਦਿਨ ਤੂੰ ਵੀ ਇੱਥੋਂ ਤੁਰ ਜਾਵਣਾ ਹੈ।

ਮਾਣ ਕਰੇ ਕਿਉਂ ਦੌਲਤਾਂ ਜੋੜੀਆਂ ਤੇ,
ਇੱਕ ਦਿਨ ਇਨ੍ਹਾਂ ਪਰਾਈਆਂ ਹੋਵਣਾ ਹੈ।
ਖ਼ਾਲੀ ਹੱਥ ਆਇਉਂ ਤੇ ਖ਼ਾਲੀ ਹੱਥ ਜਾਣਾ,
ਘੜੀ ਪਲ ਹੀ ਜ਼ਾਇਆ ਨੇ ਰੋਵਣਾ ਹੈ,

ਵੱਡੇ ਵੱਡੇ ਨੇ ਸ਼ਾਹ ਅਸਵਾਰ ਤੁਰ ਗਏ,
ਮਹਿਲ ਮਾੜੀਆਂ, ਕਿਲ੍ਹੇ, ਸਰਾਂ, ਤੁਰ ਗਏ।
ਚਾਵਾਂ ਸੱਧਰਾਂ ਨਾਲ ਉਸਾਰੇ ਸੀ ਜੋ,
ਹੋ ਗਏ ਢੇਰੀ, ਤੇ ਮਿੱਟੀ ਦੇ ਵਾਂਗ ਖੁਰ ਗਏ।

ਤੂੰ ਤਾਂ ਆਦਮੀ ਹੈ, ਬੱਸ ਇੱਕ ਦਮੀ,
ਮੈਨੂੰ ਜਾਪਦੀ, ਇੱਕ ਹੀ ਹੈ ਕਮੀ।

ਸਾਰਾ ਸਮਝ ਕੇ ਬਾਪ ਦਾ ਮਾਲ ਤੂੰ ਤੇ,
ਪੈਰ ਪੱਕੇ ਹੀ ਏਥੇ ਪਸਾਰ ਲੈਨੇ ।
ਛੱਡ ਜਾਣੇ ਨੇ ਵਾਂਗ ਮੁਸਾਫ਼ਰਾਂ ਤੂੰ,
ਵੱਡੇ ਵੱਡੇ ਖ਼ਲਾਰੇ ਖ਼ਲਾਰ ਲੈਨੇ।

ਨਾਮ ਰੱਬ ਦਾ ਓ ਤੂੰ ਜਪ ਬੰਦੇ,
ਛੱਡ ਜਾਣੇ ਨੇ ਇੱਕ ਦਿਨ ਸੱਭ ਧੰਦੇ।
ਉਹਦੇ ਰੰਗ ਵਿੱਚ ਮੁੱਖ ਜੋ ਜਾਣ ਰੰਗੇ,
ਉਹੋ ਮੁੱਖ ਸੁਹਾਵਣੇ ਅਤੇ ਬਹੁਤ ਚੰਗੇ।

ਖ਼ਾਲਕ ਠੀਕ ਹੀ ਖ਼ਲਕ ਦੇ ਵਿੱਚ ਹੁੰਦੈ,
ਸੇਵਾ ਖ਼ਲਕ ਦੀ ਰਜ ਕਮਾ ਲਈਏ।
ਨਾਲ ਮਾਇਆ ਦੇ ਨਹੀਂ ਪਿਆਰ ਚੰਗਾ,
ਪ੍ਰੀਤ ਲੋਕਾਂ ਦੇ ਨਾਲ ਹੀ ਪਾ ਲਈਏ।

ਨਾਲ ਸੱਚ ਦੇ ਕਰੋ ਪਿਆਰ ਪੂਰਾ,
ਕੂੜ ਕੱਢਣਾ ਤੇ ਸੱਚ ਸਮੋਵਣਾ ਹੈ।
ਸੱਚੀ ਖ਼ੁਸ਼ੀ ਹੀ ਭਜਨ ਪ੍ਰਾਪਤੀ ਹੈ,
ਨੂਰ ਏਸੇ ਹੀ ਮੁੱਖ 'ਤੇ ਚੋਵਣਾ ਹੈ।

# ਸਾਦਗੀ

ਦੁੱਧ-ਘਿਉ ਦੀਆਂ ਲਹਿਰਾਂ-ਬਹਿਰਾਂ,
ਖਾਂਦੇ ਸ਼ਕਰਾਂ ਪਾ ਮਲਾਈ।
ਚੌਲਾਂ 'ਤੇ ਘਿਉ ਦੀ ਕੜਛੀ,
ਨਹੀਂ ਸੀ ਬਹੁਤੀ ਖੱਪ-ਖਪਾਈ।

ਪਰੌਂਠੇ ਉੱਤੇ ਆਚਾਰ ਅੰਬ ਦਾ,
ਪੀਜ਼ੇ-ਬਰਗਰ ਪਿੱਛੇ ਛੱਡਦਾ।
ਖਾ-ਕੇ ਬੰਦਾ ਦੇਸੀ ਖਾਣੇ,
ਬੈਠਕਾਂ ਸੀ ਉਹ ਸੌ-ਸੌ ਕੱਢਦਾ।

ਸਾਦਾ ਜੀਵਨ ਜੀਅ ਗਏ ਨੇ ਜੋ,
ਕੀ ਕਦੇ ਉਹ ਜੀਂਦੇ ਨਹੀਂ ਸੀ?
ਸੋਹਣਾ ਜਿਸਮ, ਤੇ ਮੁੱਖ 'ਤੇ ਲਾਲੀ,
ਸ਼ਰਮਾ ਜਾਏ ਜਿਉਂ ਧੁੱਪ ਸਿਆਲੀ।

ਦੁੱਧ ਮੱਖਣਾ ਦੇ ਗੁੰਦੇ ਚਿਹਰੇ,
ਦੂਰ ਸੀ ਰੱਖਦੇ ਮਦ-ਪਿਆਲੀ।
ਬੈਠਕਾਂ ਕੱਢਦੇ, ਮੁੱਗਦਰ ਫੇਰਨ,
ਜਾਨ ਸੀ ਉਹਨਾਂ ਵਿੱਚ ਤੂਫ਼ਾਨੀ।

ਝੁੱਕ ਜਾਂਦੇ ਸੀ ਉਹਨਾਂ ਅੱਗੇ,
ਜਹਾਨ ਖਾਂ ਤੇ ਸ਼ਾਹ ਅਬਦਾਲੀ।
ਕੈਸਾ ਇਹ ਵਕਤ ਹੈ ਆਇਆ,
ਹਰ ਪਾਸੇ ਅੰਧੇਰ ਫੈਲਾਇਆ।

ਸੁੱਕੇ ਜਿਸਮ 'ਤੇ ਧਸੀਆਂ ਅੱਖੀਆਂ,
ਫਿਰਦੇ ਜਿੱਦਾ ਹੋਣ ਕੰਗਾਲੀ।
ਸਰੂ ਜਿਹੇ ਉਹ ਕੱਦ ਨਹੀਂ ਰਹਿ ਗਏ,
ਨਾ ਚਿਹਰੇ 'ਤੇ ਹੈ ਚਮਕਾਰ।

ਚੱਤੇ ਪਹਿਰ ਫ਼ੋਨ ਕੰਨ 'ਤੇ,
ਲੈਪ-ਟੋਪ, ਟੀ-ਵੀ ਨੇ ਯਾਰ।
ਕਹਿੰਦੇ ਹਨ ਵਿਗਿਆਨ ਤਰੱਕੀ,
ਪਰ ਮੁੱਕ ਗਿਆ ਹੈ ਪਿਆਰ।

ਬੰਦਿਆਂ ਵਾਲੀ ਗੱਲ ਨਹੀਂ ਰਹਿ ਗਈ
ਨਸ਼ਿਆਂ ਕੀਤੀ ਜੰਤਾਂ ਮੋਈ।
ਸਾਧਨ ਬਹੁਤ ਭਜਾਈ ਫਿਰਦੇ,
ਪਹੁੰਚ ਜਾਣਗੇ ਯਕੀਨ ਨਹੀਂ ਕੋਈ।

ਪੈਸੇ ਨੇ ਕੀਤਾ ਪਸਾਰ,
ਬੰਦਾ ਦਿਸਦਾ ਪਿਆ ਬੀਮਾਰ।

ਰਿਕਸ਼ੇ ’ਤੇ ਬੈਠਣ ਦੇ ਵੇਲੇ,
ਪਹਿਲਾਂ ਚਿਹਰਾ ਪੜ੍ਹਨਾ ਪੈਂਦਾ।
ਜਵਾਨ ਪੀੜ੍ਹੀ ਇਤਬਾਰ ਨਾ ਕੋਈ,
ਬਾਬੇ ਨਾਲ ਹੀ ਚੜ੍ਹਨਾ ਪੈਂਦਾ ।

ਬਾਬੇ ਉਮਰ ਆਰਾਮ ਦੀ ਸੀ ਹੁਣ,
ਪਰ ਬੱਚਿਆਂ ਨੇ ਮਾਰ-ਮੁਕਾਈ।
ਨਸ਼ਈ-ਨਿਰਲੱਜ ਪੁੱਤ ਨਾ ਜੰਮੈ,
ਬਾਬੇ ਦੇਂਦੇ ਫ਼ਿਰਨ ਦੁਹਾਈ।
ਬਾਬੇ ਦੇਂਦੇ ਫ਼ਿਰਨ........।

# ਵਹਿ ਨਦੀਏ

ਵਹਿ ਨਦੀਏ! ਤੂੰ ਖੁੱਲ੍ਹ ਕੇ ਵਹਿ ਨੀ,
ਵਹਿ ਨਦੀਏ! ਤੂੰ ਖੁੱਲ੍ਹ ਕੇ ਵਹਿ।
ਕਵਿਤਾ ਨਦੀਏ ਖੁੱਲ੍ਹ ਕੇ ਵਹਿ,
ਕਵਿਤਾ ਨਦੀਏ...............।

ਰੋਕਣ ਲਈ ਤੈਨੂੰ ਬੰਨ੍ਹ ਬਥੇਰੇ।
ਵਹਿ ਨਦੀਏ ਕਰ ਵੱਡੇ ਜ਼ੇਰੇ।
ਜੋ ਨੇ ਗੰਦ ਤੇਰੇ ਵਿੱਚ ਸੁੱਟਦੇ,
ਨੇ ਉਹ ਗੰਦੀ ਸੋਚ ਦੇ ਮਾਲਕ।

ਨਿਰਾ ਕੂੜਾ-ਕਚਰਾ ਨਹੀਂ ਹੁੰਦਾ,
ਸ਼ਬਦਾ ਦਾ ਵੀ ਕਚਰਾ ਹੁੰਦਾ।
ਸੋਹਣੀ ਲਿਖਤ ਹੈ ਹੀਰਾ ਮੋਤੀ,
ਬੁਰਾ ਲਿਖੂ, ਜਿਸਦੀ ਮੱਤ ਖੋਟੀ।

ਕੂੜਾ-ਕਚਰਾ ਸ਼ਬਦੀ ਕੂੜਾ,
ਸੱਭ ਹੀ ਜ਼ੋਰੀ ਦੇ ਵਹਾਅ।
ਬਦ-ਰੂਹਾਂ ਤੋਂ ਮੁੱਖ ਮੋੜ ਲੈ,
ਨਾ ਕਰ ਤੂੰ ਇਸਦੀ ਪਰਵਾਹ।

ਪੁੱਠੇ-ਸਿੱਧੇ ਸ਼ਬਦ ਵਰਤ ਕੇ,
ਮਾਰ ਦੇਣ ਕਿਉਂ ਤੇਰੇ ਚਾਅ।
ਤੂੰ ਤਾਂ ਸੱਭ ਵਹਾ ਕੇ ਲੈ ਜੇ,
ਜੇ ਆਪਣੀ ਆਈ ਤੇ ਆ ਜੇ।

ਬਣ ਆਫ਼ਤ ਫਿਰ ਜਗ 'ਤੇ ਛਾਂ ਜੇ,
ਟਿੱਕ ਨਹੀਂ ਸਕਦੇ ਤੇਰੇ ਅੱਗੇ,
ਵੱਡੇ-ਵੱਡੇ ਜੋ ਨਾਢੂੰ ਖਾਂ।
ਅੜੀਏ ਤੂੰ ਹੱਸੇ, ਤਾਂ ਧਰਤੀ ਹੱਸੇ,
ਰੋਵੇ ਤਾਂ, ਫਿਰ ਰੋਵੇ ਧਰਤੀ।

ਦਿਨ-ਰਾਤ ਤੂੰ ਮਹਿਕਾਂ ਵੰਡਦੀ,
ਹਵਾ ਵੀ ਦੇਂਦੀ ਏ ਮਹਿਕਾਂ।
ਸਾਂਤ ਸਹਿਜ ਸੁਭਾਅ ਹੈ ਤੇਰਾ,
ਚਾਨਣ ਨੂੰ ਨਾ ਕਰੇ ਹਨ੍ਹੇਰਾ।

ਤੇਰਾ ਠੰਡਾ ਨੀਰ ਹੈ ਨਿਰਮਲ,
ਵਗਦਾ ਹੈ ਜੋ ਝਿਲਮਲ-ਝਿਲਮਲ।
ਵਗਦੀ ਜਾਹ ਤੂੰ ਵਗਦੀ ਜਾਹ,
ਨੀਰ ਤੂੰ ਆਪਣਾ ਲੈ ਚਮਕਾ।

ਅੰਬਰ ਤੇਰਾ ਪਾਣੀ ਭਰਦਾ,
ਨਾਲੇ ਤੈਨੂੰ ਸਿਜਦੇ ਕਰਦਾ।
ਉਹ ਹੋਣਾ ਕੋਈ ਊਣਾ-ਊਣਾ,
ਜੋ ਨਹੀਂ ਤੇਰੀ ਸ਼ਕਤੀ ਜ਼ਰਦਾ।

ਜ਼ਕੜੇ ਨਾਲ ਜਜ਼ੀਰਾਂ ਤੈਨੂੰ,
ਲਾਹ ਸੁੱਟ ਇਸਨੂੰ ਪਰੇ ਵਗਾਹ।
ਵਹਿ ਨਦੀਏ! ਤੂੰ ਖੁੱਲ੍ਹ ਕੇ ਵਹਿ ਨੀ,
ਕਵਿਤਾ ਨਦੀਏ! ਖੁੱਲ੍ਹ ਕੇ ਵਹਿ।
ਵਹਿ ਨਦੀਏ! ਤੂੰ..................।



ਹਰਮਿੰਦਰ ਸਿੰਘ ਵਿਰਦੀ

ਸ਼ਬਦ ਕੁੱਲ ਕਾਇਨਾਤ ਦੇ ਵਿਵਹਾਰ ਨੂੰ ਆਪਣੀ ਬੁੱਕਲ ਵਿੱਚ ਸਮੇਟਣ ਦੀ ਸਮਰੱਥ ਹਨ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਬਾਣੀ ਦੇ ਸ਼ਬਦ ਵਿੱਚ:-

ਧੰਨੁ ਸੁ ਕਾਗਦੁ ਕਲਮ ਧੰਨੁ ਭਾਂਡਾ ਧਨੁ ਮਸੁ॥
ਧੰਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥

ਉਪਰੋਕਤ ਸਤਰਾਂ ਦਰਜ ਕਰਕੇ ਸਤਿਗੁਰੂ ਜੀ ਨੇ ਸੱਚ ਲਿਖਣ ਵਾਲੀਆਂ ਸਖਸ਼ੀਅਤਾਂ ਪ੍ਰਤੀ ਆਪਣੇ ਦ੍ਰਿਸ਼ਟੀਕੋਣ ਨੂੰ ਸਮੁੱਚੀ ਲੋਕਾਈ ਅੱਗੇ ਪ੍ਰਗਟ ਕੀਤਾ ਹੈ। ਕੁੱਲ ਦੁਨੀਆਂ ਦੇ ਵਿੱਚ ਪ੍ਰਾਪਤ ਕੀਤੇ ਗਿਆਨ, ਅਨੁਭਵ, ਸਮਾਜਿਕ, ਅਧਿਆਤਮ, ਰਾਜਨੀਤਿਕ ਅਤੇ ਹਰ ਕਿਸਮ ਦੇ ਪ੍ਰਗਟਾਵੇ ਲਈ ਸ਼ਬਦਾਂ ਦਾ ਓਟ-ਆਸਰਾ ਲਿਆ ਜਾਂਦਾ ਹੈ। ਇਹ ਵਰਤਾਰਾ ਨਿਰੰਤਰ ਵਰਤਦਾ ਰਹਿੰਦਾ ਹੈ।

ਜਿਉਂ ਜੀਵਨ ਦਾ ਹਰ ਦਿਨ ਇਤਿਹਾਸ ਬਣਦਾ


Mktd. by:
**Basant - Suhail Publications**
Satnampura, Phagwara (Pb.)
Cell.: +91 98885-56801
e-mail: harmindersvirdi@gmail.com

9 788194 838555
Gracious Patiala